ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

2012

ਸਤਿਜੁਗ

ਬਿ. 2068 **ਬਸੰਤ ਅੰਕ** ਈ. 2012

ਮੁੱਖ ਦੁਆਰ-ਰਾਮਸਰ, ਸ੍ਰੀ ਭੈਣੀ ਸਾਹਿਬ

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਮਿਨੀਏਚਰ ਪਾਰਕ, ਸ੍ਰੀ ਭੈਣੀ ਸਾਹਿਬ

ਸ੍ਰੀ ਸਤਿਗੁਰੂ ਜੀ ਵਲੋਂ ਸਤਿਗੁਰੂ ਰਾਮ ਸਿੰਘ ਮਿਨੀਏਚਰ ਪਾਰਕ ਦਾ ਉਦਘਾਟਨ ਕਰਨ ਦੀ ਕਿਰਪਾ।



ਪੁਰਾਤਨ ਸ੍ਰੀ ਭੈਣੀ ਸਾਹਿਬ

ਲੁਧਿਆਣਾ ਰੇਲਵੇ ਸਟੇਸ਼ਨ

Namdhari Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ॥

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਬਿਕ੍ਰਮੀ ੧੯੭੭ (੧੯੨੦ ਈ:) ਤੋਂ ਸਥਾਪਿਤ

ਸਤਿਜੁਗ

ਕਲਿਜੁਗ ਮੇਂ ਸਤਿਜੁਗ ਵਰਤਾਊਂ॥ [redacted] ਤਬੀ ਬਾਰਵਾਂ ਬਪੁ ਕਹਾਊਂ॥

ਬਸੰਤ ਅੰਕ
2012 ਈ. (2068 ਬਿ.)

ਰਾਮ ਮ੍ਰਿਗਿੰਦ ਗੁਰੂ

ਵਾਹਿ ਸੁ ਰਾਮ ਮ੍ਰਿਗਿੰਦ ਗੁਰੂ
ਜਸ ਚੰਦ ਜੋ ਤਾਤ ਅਨੰਦਹ ਮੂਰਤ॥
ਮੁਸਕਾਵਤ ਮੰਦ ਮੁਕੰਦ ਜਬੈ
ਸੁਖ ਕੰਦ ਮਨੋ ਹਰਿ ਭਾਵਨ ਪੂਰਤ॥
ਪੂਜਤ ਇੰਦ ਨਰਿੰਦ ਫਨਿੰਦ ਜਪੈ
ਜਨ ਬ੍ਰਿੰਦ ਸੁ ਗੋਬਿੰਦ ਸੂਰਤ॥
ਪਗ ਕੰਜ ਮਨਿੰਦ ਸੋ ਬੰਦਤ ਹੈ
ਜਨ ਧਿਆਨ ਮ੍ਰਿਗਿੰਦ ਸਦਾ ਦੁਖ ਦੂਰਤ॥

-ਸੰਤ ਧਿਆਨ ਸਿੰਘ ਕਾਦਰਾਬਾਦੀ

ਭਾਵ- ਉਸ ਸਤਿਗੁਰੂ ਰਾਮ ਸਿੰਘ ਨੂੰ ਵਾਹਿ ਵਾਹਿ ਕਹੀਏ ਜਿਹੜਾ ਚੰਦ ਵਰਗਾ ਸੀਤਲ ਤੇ ਪਿਆਰਾ ਹੈ। ਜਦੋਂ ਮੁਸਕਰਾਉਂਦਾ ਹੈ ਤਾਂ ਇਹ ਮੁਕਤੀਦਾਤਾ ਹਿਰਦੇ ਨੂੰ ਹਰਿਆ ਭਰਿਆ ਕਰ ਦਿੰਦਾ ਹੈ। ਇਸਨੂੰ ਹੀ ਇੰਦ੍ਰ, ਮਨਿੰਦ੍ਰ, ਸ਼ੇਸ਼ਨਾਗ ਅਕਾਲ ਪੁਰਖ ਦੀ ਮੂਰਤ ਜਾਣ ਕੇ ਜਪਦੇ ਹਨ। ਉਹਨਾਂ ਦੇ ਚਰਨਾਂ ਵਿੱਚ ਮੇਰੀ ਬੰਦਨਾ ਹੈ ਜੋ ਸਦਾ ਮੇਰੇ ਦੁੱਖ ਦੂਰ ਕਰਦਾ ਹੈ।

Namdhari Elibrary NamdhariElibrary@gmail.com

ਹੁਕਮਾਨਾਮਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਹੋਰੁ ਭਾਈ ਏਥੇ ਦਾ ਹਵਾਲ ਏਹੁ ਹੈ ਏਥੇ ਨੈਣਾ ਸਿੰਘ ਹੁਰੀ ਆਏ। ਓਨਾ ਨੂ ਅਸੀ ਇਕੁ ਹਰਿਦਾਸ ਦਿਤੀ। ਹਰਿਦਾਸ ਉਤੋ ਉਤਾਰ ਕਰਕੇ ਨੈਣਾ ਸਿੰਘ ਨੇ ਬਹੁਤੇ ਲੋਕਾ ਨੂ ਦਿਤੀ। ਸਾਰੇ ਲੋਕਾ ਮੈ ਡੰਡ ਪਾਇ ਦਿਤੀ। ਓ ਸਾਰੀ ਬਾਤ ਫਰੰਗੀਆ ਨੇ ਸੁਣ ਲਈ। ਫੇਰ ਅੰਮ੍ਰਿਤਸਰ ਵਾਲੇ ਗੋਰੇ ਨੇ ਲਾਟ ਨੂ ਲਿਖਿਆ। ਲਾਟ ਨੇ ਐਥੇ ਵਾਲਿਆ ਨੂ ਲਿਖਿਆ ਤੁਸੀ ਕਿਆ ਖਵਰਦਾਰੀ ਰਖਦੇ ਹੋ ਰਾਮ ਸਿੰਘ ਤੇ? ਨੈਣਾ ਸਿੰਘ ਅਰਦਾਸ ਲੈ ਗਿਆ ਹੈ। ਦੇਸ ਮੈ ਜਾ ਕੇ ਸਭ ਕੂਕਿਓ ਕੋ ਨਕਲ ਉਤਾਰਿ ਉਤਾਰਿ ਦਿੰਦਾ ਹੈ।

ਏਥੇ ਸਾਡੇ ਪਾਸ ਇਕ ਬਡਾ ਗੋਰਾ ਆ ਕੇ ਪੁਛਣ ਲਗਾ ਤੁਮਾਰੇ ਪਾਸ ਨੈਣਾ ਸਿੰਘ ਆਇਆ? ਤੁਮਨੇ ਚਿਠੀ ਦਈ? ਅਸੀ ਕਹਾ ਨਹੀ ਦੇਖਾ ਨੈਣਾ ਸਿੰਘ। ਫੇਰ ਉਹ ਬੋਲਾ ਲਾਟ ਨੇ ਲਿਖਾ ਹੈ ਅਰ ਤੁਮਕੋ ਕਿਤੇ ਦੂਸਰੇ ਟਾਪੂ ਮੈ ਜਾਣਾ ਹੋਗਾ। ਅਕੇ ਤਾ ਜੇਲਖਾਨੇ ਮੈ ਜਾਣਾ ਹੋਊ। ਮੈ ਕਹਾ ਜਿਥੇ ਮਰਜੀ ਹੈ ਓਥੇ ਲੈ ਜਾਓ, ਤੁਸੀ ਆਪਣੇ ਬਚਣ ਦੀ ਬਾਤ ਕਰ ਲਓ। ਜਿਸ ਤਰ੍ਹਾ ਤੁਸੀ ਬਚੋ ਸੋ ਤੁਸੀ ਕਰੋ। ਬੋਲਤਾ ਗਿਆ ਹੈ ... ਨਾਲ ਠਹਿਰੇ ਹੋਏ ਹੈਨ। ਅਗੇ ਸੋ ਹੋਊ ਜੋ ਗੁਰੂ ਸਾਹਿਬ ਨੇ ਕਰਨੀ ਹੈ।

ਲਾਟ ਨੇ ਏਨਾ ਨੂ ਬਡੀ ਸ੍ਰਿਮਿੰਦਗੀ ਦਿਤੀ ਹੈ ਏਥੇ ਬਾਲਿਆ ਨੂ। ਏਨਾ ਦੇ ਹਥ ਕੋਈ ਬਾਤ ਆਈ ਨਹੀ, ਹੁਣ ਬਡਾ ਬੰਦੋਬਸਤ ਕਰਨ ਲਗੇ ਹੈ ਸਾਡੇ ਆਦਮੀ ਦੀ ਸਾਡੀ ਚਿਠੀ ਫਕੜਨ ਨੂ। ਗੁਰੂ ਸਾਹਿਬ ਈ ਪੜਦੇ ਕਜੇ ਹੈ। ਜੇ ਸਾਡੀ ਚਿਠੀ ਫਕੜ ਲੈਣ ਤਾ ਏ ਸਾਡੇ ਆਦਮੀ ਨੂ ਕੈਦ ਕਰ ਦੇਣਗੇ, ਸਾਨੂ ਕਿ ਜਾਣੇ ਕੇਹੜੇ ਟਾਪੂ ਲੈ ਜਾਣਗੇ। ਏਨਾ ਨੂ ਮੇਰੇ ਸਰੀਰ ਦਾ ਵਡਾ ਡਰ ਹੈ। ਮੈ ਤਾ ਕਿਸੇ ਨੂ ਕੁਛ ਨਹੀ ਕੀਤਾ। ਪਿਛੋ ਤਾ ਲਿਆਏ ਹੈ ਜੋ ਏਥੇ ਰਹਾ ਤਾ ਚੌਧੇ ਬਰਗਾ ਕੰਮ ਕਰਾਇ ਦੇਊਗਾ। ਅਰੁ ਹੁਣ ਏਹ ਡਰ ਹੈ ਭਾਈ ਚਿਠੀ ਭੇਜਕੇ ਪਿਛੇ ਸੂੜ ਕਰਾ ਦੇਊ, ਏਹੁ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂ, ਏਸ ਕਰਕੇ ਮੇਰੇ ਪਾਸ ਕਿਸੇ ਨੂ ਆਉਣ ਨਹੀ ਦਿੰਦੇ।

Namdhari Elibrary NamdhariElibrary@gmail.com

ਪ੍ਰਵਚਨ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

ਜਿਹਨਾਂ ਦੇ ਵੱਡੇ ਵਡੇਰੇ ਤੜਕੇ ਉੱਠਦੇ, ਇਸ਼ਨਾਨ ਕਰਦੇ ਸਣੇ ਕੇਸੀਂ, ਨਾਮ ਜਪਦੇ, ਬਾਣੀ ਪੜ੍ਹਦੇ-ਉਹਨਾਂ ਦੇ ਪੋਤਰਿਆਂ ਨੇ ਅੱਗੇ ਧੂਪ ਦੀਪ ਤਾਂ ਕੀ ਦੇਣਾ ਸੀ, ਉਹਨਾਂ ਨੇ ਝਾਤੀਆਂ ਨਾ ਪਾਈਆਂ, ਗ੍ਰੰਥ ਸਾਹਿਬ ਜੀ ਦੀਆਂ ਜਿਲਦਾਂ ਚੂਹੇ ਖਾ ਗਏ। ਉਸ ਵੇਲੇ ਅਲਮਾਰੀਆਂ ਨਹੀਂ ਸਨ। ਉਸ ਵੇਲੇ ਆਲੇ ਹੁੰਦੇ ਸਨ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜਿਸ ਵੇਲੇ ਪ੍ਰਕਾਸ਼ ਕੀਤਾ, ਲਾਇਆ ਪੰਜਾਬ ਦਾ ਚੱਕਰ, ਦੇਖਿਆ-ਕਿ ਬਈ, ਤੁਹਾਡੀ ਧਰਮਸ਼ਾਲਾ ਦਾ ਕੀ ਹਾਲ ਹੈ? ਧਰਮਸ਼ਾਲਾ 'ਚ ਜਾ ਕੇ ਕੀ ਦੇਖਿਆ-ਜਾਂ ਹੁੱਕਿਆਂ ਦੇ ਗੁੱਲ ਤੇ ਜਾਂ ਬੱਕਰੀਆਂ ਦੀਆਂ ਮੇਂਗਣਾਂ, ਜਿਹੜੇ ਸਾਨ੍ਹ, ਬੱਕਰੇ ਜਾ ਕੇ ਬਹਿੰਦੇ। ਕਿਉਂਕਿ ਧਰਮਸ਼ਾਲਾ 'ਚ ਕੋਈ ਭਜਨ ਬਾਣੀ ਕਰੇ ਤੇ ਜਾਵੇ। ਪਤਾ ਕੀਤਾ-ਬਈ, ਮਹਾਰਾਜ ਦੀ ਬੀੜ? ਕਿਸੇ ਘਰੋਂ, ਤਾਂ ਮੰਜੀ ਸਾਹਿਬ ਧੁਆਂਖਿਆ ਲੱਭਿਆ, ਕਿਤੇ ਰੁਮਾਲ ਚੂਹਿਆਂ ਨੇ ਖਾਧੇ ਹੋਏ, ਜਿਲਦਾਂ ਖਾਧੀਆਂ ਹੋਈਆਂ। ਧੋਤੇ ਰੁਮਾਲ, ਮੰਜੀ ਸਾਹਿਬ ਸਾਫ ਕਰੇ, ਪੋਚਾ ਦਵਾਇਆ ਧਰਮਸ਼ਾਲਾ 'ਚ, ਪ੍ਰਕਾਸ਼ ਕਰਕੇ ਆਖਿਆ- ਪਾਠ ਕਰਿਆ ਕਰੋ ਗੁਰਬਾਣੀ ਦਾ। ਕਿਉਂ- ਗੁਰੂ ਨਾਨਕ ਨੇ ਕਿਹਾ ਸੀ-

ਬਚਨ ਪਾਲ ਨਹੀਂ ਸਕਣਗੇ ਬਹੁਤ ਖਾਣਗੇ ਗਮ। (ਮੈਂ), ਫੇਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ।

ਦੂਜੀ ਵੇਰ, ਮੈਂ ਮੁੜਕੇ ਫੇਰ ਉਹਨੂੰ ਪ੍ਰਗਟ ਕਰਾਂਗਾ-ਖਾਲਸੇ ਨੂੰ। ਸਤਿਗੁਰੂ ਕਹਿੰਦੇ ਸੀ, "ਪੰਜਾਬ ਵਿਚੋਂ ਗੁਰੂ ਗੋਬਿੰਦ ਸਿੰਘ ਜੀ ਦੇ ਬਣੇ ਬਣਾਏ ਸਾਨੂੰ ਢਾਈ ਸਿੱਖ ਲੱਭੇ ਹਨ। ਇਹ ਸਿੱਖੀ ਦੀ ਹਾਲਤ ਸੀ। ਉਹ ਕਹਿੰਦੇ ਕਿ-

ਗੁਰੂ ਗ੍ਰੰਥ ਬਿਨ ਹੇਰੇ, ਅੰਨ ਜਲ ਪਾਨ ਨ ਕਰੈ।
ਉਹਨਾਂ ਦੇ ਪੋਤਰੇ ਕੀ ਕਰਦੇ ਨੇ-ਮੂਸ-ਚੂਹੇ ਖਾ ਗਏ। ਅਖੇ-
ਜਪੁਜੀ ਨ ਰਹਿਰਾਸਿ ਪਢੈ ਸੁਨੈ ਕਬੀ ਖਾਸ,

-ਜਪੁ ਸਾਹਿਬ ਨਹੀਂ ਪੜ੍ਹਨਾ, ਰਹਿਰਾਸ ਨਹੀਂ ਪੜ੍ਹਨੀ, ਜੇ ਕੋਈ ਪੜ੍ਹਦਾ ਹੋਵੇ-
ਔਰ ਜੋ ਪੜ੍ਹਤ ਪਾਸ, ਹਾਸ ਤਿਨ ਯੌ ਰਰੈਂ।
ਉਏ ! ਰੱਬ ਬੋਲਾ ਹੈ?

ਕਹਾਂ ਰਬ ਬਹਿਰਾ ਹੈ ਗਹਿਰਾ ਪੁਕਾਰੈ ਜੌ ਤੂੰ, ਸ਼ਹਿਰਾਂ ਮੈਂ ਜਾਇ ਲੁਕਮੇ ਰਿਝਾਇ ਲੈ ਤਰੈਂ। -ਪੰਥ ਪ੍ਰਕਾਸ਼

ਤੂੰ ਜਾ ਕੇ ਲੁਕਮੇ ਖਾਣ ਦਾ ਮਾਰਾ ਬਾਣੀ ਉੱਚੀ ਉੱਚੀ ਪੜ੍ਹਦੈਂ- ਬਈ, ਮੈਨੰ ਮਿਲੇ। ਉਹ ਰੱਬ ਬੋਲਾ ਹੈ। ਇਹ ਹਾਲਤ ਹੋਈ। ਉਸ ਹਾਲਤ ਵਿੱਚ ਜਿਹੜਾ ਗੁਰੂ ਨਾਨਕ ਨੇ ਕਿਹਾ ਸੀ-

ਮੈਂ ਫੇਰ ਕਰੂੰਗਾ ਖਾਲਸਾ ਵਸੇ ਵਿੱਚ ਪੰਜਾਬ।

ਜਿਹੜਾ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਸੀ-

ਬੇਰ ਗਿਆਰ੍ਹਵੀ ਹਮ ਚਲ ਆਵਹਿ। ਤਿਸ ਤੇ ਕੋ ਇਕੁ ਹਮ ਲਖ ਪਾਵਹਿ।
ਪੰਥ ਖਾਲਸਾ ਖੇਤੀ ਮੇਰੀ ਕਰਹੁ ਸੰਭਾਲਣ ਮੈਂ ਤਿਸ ਬੇਰੀ। -ਸੂਰਜ ਪ੍ਰਕਾਸ਼, ਪੰਨਾ 5642
- ਠੇਡੇ ਖਾਵੈ ਖਾਲਸਾ ਮੋਹਿ ਸੰਮਾਲੇ ਸਾਸਿ। -ਸੌ ਸਾਖੀ

ਉਹ ਸਤਿਗੁਰੂ ਰਾਮ ਸਿੰਘ ਸੱਚਾ ਪਾਤਸ਼ਾਹ ਅਕਾਲ ਪੁਰਖ ਪ੍ਰਗਟ ਹੋਏ। ਉਹਨਾਂ ਕਿਰਪਾ ਕੀਤੀ- ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਐ ਕਿ-

ਕਲਿਜੁਗ ਤੇ ਸਤਿਜੁਗ ਕਰ ਠਾਨੌ। ਤਬ ਹੀ ਬਾਰ੍ਹਵਾਂ ਬੱਪ ਪਹਿਚਾਨੌ। -ਗੁਰਿੰਡ ਨਾਮਾ

ਕਲਿਜੁਗ ਤੋਂ ਜੇ ਸਤਿਜੁਗ ਹੋ ਜਾਵੇਗਾ...। ਕੀ ਕਲਿਜੁਗ ਸੀ? ਦੋ ਇਲਾਕੇ ਖਾਸ ਸਨ ਪੰਜਾਬ ਦੇ-ਇਕ ਲੁਧਿਆਣੇ ਦੇ ਨਜ਼ਦੀਕ ਗਰੇਵਾਲ ਸਰਦਾਰ ਆਪਣੇ ਆਪ ਨੂੰ ਕਹਾਉਣ ਵਾਲੇ, ਬਾਰ੍ਹਾਂ, ਚੋਦਾਂ, ਪੰਦਰਾਂ ਵੀਹ ਪਿੰਡ ਉਹਨਾਂ ਦੇ ਸਨ, ਜਿਨ੍ਹਾਂ 'ਚੋਂ ਇੱਕ ਕੁੜੀ ਨਹੀਂ ਸੀ ਉਹ ਰਹਿਣ ਦਿੰਦੇ। ਏਸੇ ਤਰ੍ਹਾਂ ਇਕ ਇਲਾਕਾ ਤਰਨ ਤਾਰਨ ਦੇ ਨਜ਼ਦੀਕ ਸੰਧੂਆਂ ਦਾ। ਸੰਧੂ ਇੱਕ ਲੜਕੀ ਸਰਹਾਲੀ ਵਾਲੇ ਨਹੀਂ ਸਨ ਰਹਿਣ ਦਿੰਦੇ। ਸਤਿਗੁਰੂ ਰਾਮ ਸਿੰਘ ਆਇਆ। ਸਤਿਗੁਰੂ ਨੇ ਆ ਕੇ ਮਾਈਆਂ ਬੀਬੀਆਂ ਤੇ ਤਾਂ ਜੋ ਸਤਿਗੁਰੂ ਰਾਮ ਸਿੰਘ ਨੇ ਉਪਕਾਰ ਕੀਤੇ- ਅਗਰ ਏਹ ਦੇਖਣ ਤਾਂ ਇਹਨਾਂ ਨੂੰ ਕਿਸੇ ਯੁੱਗ 'ਚ ਇਹ ਚੀਜ਼ ਨਹੀਂ ਪ੍ਰਾਪਤ ਹੋਈ ਜੋ ਸਤਿਗੁਰੂ ਨੇ ਇਹਨਾਂ ਨੂੰ ਦਿੱਤੀ। ਪਹਿਲੇ ਤਾਂ ਲੜਕੀਆਂ ਮਾਰਨ ਵਾਲਿਆਂ ਨੂੰ ਹਟਾਇਆ। ਦੇਖੋ ਹੁਕਮਨਾਮੇ 'ਚ ਲਿਖਿਐ - ਲੜਕੀ ਮਾਰੇ, ਬੇਚੇ ਵੱਟਾ ਕਰੇ ਉਹਦੇ ਘਰ ਦਾ, ਹੱਥ ਦਾ ਅੰਨ ਜਲ ਨਹੀਂ ਵਰਤਣਾ। ਭਾਈ ਗਿਆਨ ਸਿੰਘ ਜੀ ਗਿਆਨੀ ਕਹਿੰਦੇ ਹਨ - ਕਿ ਗੁਰੂ ਬਾਲਕ ਸਿੰਘ ਜੀ ਨੂੰ-

ਐਪੈ ਗੁਰੁ ਦਸਮ ਦਰਸ ਦੈ ਜੋ ਕਹਿਓ ਤਾਂਹਿ, ਮੇਰੋ ਅਵਤਾਰਾ ਅੰਸ ਰਾਮ ਸਿੰਘ ਹਵੈ ਭਰੇ।
ਯਾਹਿ ਹਿਤ ਤਾਂਹਿ ਨਾਹਿ ਔਰ ਕਾਂਹਿ ਮਾਂਹਿ ਨਿਜ, ਸ਼ਕਤਿ ਰਖਾਈ ਗੁਰੁ ਵਾਕ ਦਿਢ ਥੇ ਧਰੇ। -ਪੰਥ ਪ੍ਰਕਾਸ਼

Namdhari Elibrary NamdhariElibrary@gmail.com

ਪ੍ਰਵਚਨ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਸਾਨੂੰ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਦਾਸ ਕਰਨੀ ਚਾਹੀਦੀ ਹੈ ਕਿ ਸਾਡੇ ਤੇ ਕਿਰਪਾ ਹੋਵੇ ਤੇ ਸਾਨੂੰ ਆਪ ਜੀ ਦੇ ਦਰਸ਼ਨ ਹੋਣ, ਤੇ ਸਾਰੇ ਸੰਸਾਰ ਤੇ ਸ਼ਾਂਤੀ ਹੋਵੇ।

ਮੈਨੂੰ ਇਕ ਗੱਲ ਯਾਦ ਆ ਗਈ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਰੀਰ ਸ਼ਾਂਤ ਹੋਣ ਤੋਂ ਬਾਦ ਪਹਿਲੀ ਵੇਰ ਮੈਂ ਜਦੋਂ ਸਿਆਮ (ਥਾਈਲੈਂਡ) ਵਿਚ ਗਿਆ, ਸੰਨ 1960-61 ਦੇ ਨੇੜੇ ਦੀ ਗੱਲ ਹੋਵੇਗੀ। ਓਥੇ ਇਕ ਸਾਧੂ ਸੀ। ਉਹਦੀ ਉਸ ਵੇਲੇ 32 ਕੁ ਸਾਲ ਦੀ ਉਮਰ ਸੀ। ਉਸ ਦੇ ਬਿਆਨ ਬਾਰੇ ਬਹੁਤ ਸਾਰੇ ਸਿੱਖਾਂ ਨੇ ਮੈਨੂੰ ਦੱਸਿਆ ਕਿ ਅਖਬਾਰਾਂ ਵਿਚ ਇਕ ਗੱਲ ਆਈ ਹੈ ਕਿ - ਸਾਰੀ ਦੁਨੀਆਂ ਵਿਚ ਅਸ਼ਾਂਤੀ ਫੈਲੇਗੀ ਤੇ ਕੁਦਰਤੀ ਬਿਮਾਰੀਆਂ ਵਧਣਗੀਆਂ। ਸਮੁੰਦਰ ਵਿਚ ਤੂਫ਼ਾਨ ਆਉਣਗੇ। ਐਹੋ ਜਿਹੀਆਂ ਚੀਜ਼ਾਂ ਹੋਣਗੀਆਂ। ਕੁਦਰਤੀ ਆਫਤਾਂ ਆਉਣਗੀਆਂ। ਆਪਸ ਵਿਚ ਲੜਾਈ ਝਗੜੇ ਫਸਾਦ ਹੋਣਗੇ। ਸੋ ਉਹਨਾਂ ਨੇ ਆਖਿਆ ਬੋਧੀਆਂ ਦੇ ਸੰਮਤ 2500 (ਦੋ ਹਜ਼ਾਰ ਪੰਜ ਸੌ) ਤੋਂ ਬਾਦ ਬਰਮਾ ਦੀਆਂ ਪਹਾੜੀਆਂ ਵਿਚੋਂ ਇਕ ਅਵਤਾਰ ਪ੍ਰਗਟ ਹੋਵੇਗਾ। ਉਹਨਾਂ ਦਾ ਸਫੈਦ ਦਾੜ੍ਹਾ, ਸਫੈਦ ਘੋੜਾ ਤੇ ਸਫੈਦ ਬਸਤਰ ਹੋਣਗੇ। ਉਹਨਾਂ ਦੇ ਆਉਣ ਨਾਲ ਕੁਲ ਸੰਸਾਰ ਤੇ ਸ਼ਾਂਤੀ ਹੋਵੇਗੀ। ਸੋ ਇਹ ਉਸਨੇ (ਸਾਧੂ ਨੇ) ਰੇਡੀਓ ਤੇ ਬਿਆਨ ਦਿੱਤਾ ਅਤੇ ਅਖਬਾਰਾਂ ਵਿਚ ਆਇਆ। ਮੈਂ ਉਹਨਾਂ ਨੂੰ ਲਮਪੋਂਗ ਸ਼ਹਿਰ, ਚੰਗਮਈ ਸ਼ਹਿਰ ਦੇ ਕੋਲ, ਜਾ ਕੇ ਮਿਲਿਆ। ਉਹਨਾਂ ਨੇ ਆਖਿਆ ਇਹ ਸਾਡੀਆਂ ਪੁਰਾਣੀਆਂ ਪੁਸਤਕਾਂ ਵਿਚ ਲਿਖਿਆ ਹੈ, ਤਾੜ ਪੱਤਰਾਂ ਤੇ। ਅਸਾਂ ਉਹ ਕੱਢ ਕੇ ਪੁਰਾਣੀਆਂ ਕਿਤਾਬਾਂ ਛਾਪੀਆਂ ਨੇ। ਉਹਨਾਂ ਵਿਚ ਜ਼ਿਕਰ ਆਇਆ ਹੈ। ਅਸੀਂ ਇਸ ਨੂੰ ਸੱਚਾ ਮੰਨਦੇ ਹਾਂ।

ਕੰਜਲਕ ਨੈਨ ਕੰਬੁ ਗ੍ਰਿਵਹਿ ਕਟਿ ਕੇਹਰ ਕੁੰਜਨ ਗਵਨ।।
ਕਦਲੀ ਕੁਰੰਕ ਕਰਪੂਰ ਗਤ ਬਿਨ ਅਕਾਲ ਦੂੱਜੋ ਕਵਨ।।

ਸਤਿਗੁਰੂ ਰਾਮ ਸਿੰਘ ਜੀ ਤੋਂ ਬਿਨਾਂ ਐਸਾ ਕੌਣ ਹੋ ਸਕਦਾ ਹੈ? ਇਸ ਲਈ ਸਤਿਗੁਰਾਂ ਦੇ ਦਰਸ਼ਨਾਂ ਵਾਸਤੇ ਅਰਦਾਸ ਕਰਿਆ ਕਰੋ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬੜੀ ਕਿਰਪਾ ਕੀਤੀ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਢਾਈ ਲੱਖ ਪਾਠ, ਸਵਾ ਸਵਾ ਲੱਖ ਦੋ ਵੇਰਾਂ ਕਰਵਾਏ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ ਕਰਵਾਏ ਹਨ। ਕੋਈ ਪੁੱਤਰ ਪੋਤਰਿਆਂ ਵਾਸਤੇ ਨਹੀਂ ਕਰਵਾਏ। ਇਹ ਪਾਠ ਜ਼ਮੀਨਾਂ ਖਰੀਦਣ ਵਾਸਤੇ ਨਹੀਂ ਕਰਵਾਏ ਸਿਰਫ ਇਸ ਲਈ ਕਰਵਾਏ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣ ਅਤੇ ਸਾਰੇ ਸੰਸਾਰ ਉਤੇ ਸ਼ਾਂਤੀ ਹੋਵੇ।

ਇਨ੍ਹਾਂ ਪਾਠਾਂ ਦੀ ਬੜੀ ਮੁਖਾਲਫਤ ਹੋਈ। ਗਿਆਨੀ ਮੇਹਰ ਸਿੰਘ ਹੋਰੀਂ ਜਾਣਦੇ ਨੇ ਕਿ ਪੱਤਰਾ ਪਾਠ ਦੀ ਮੁਖਾਲਫਤ ਇਹ ਆਖ ਕੇ ਕੀਤੀ ਗਈ ਕਿ ਦੇਹ ਦਾ ਅੰਗ ਅੰਗ ਕਰ ਦਿੱਤਾ ਹੈ। ਉਹਨਾਂ ਨੂੰ ਬੜਾ ਸਮਝਾਇਆ ਕਿ ਗੁਟਕੇ, ਪੰਜ ਗ੍ਰੰਥੀਆਂ ਬੜੇ ਛਪੇ ਨੇ, ਓਦੋਂ ਅੰਗ ਅੰਗ ਨਹੀਂ ਹੋਇਆ ਤਾਂ ਹੁਣ ਕਿਵੇਂ ਹੋ ਗਿਆ ? ਨਾਮਧਾਰੀ ਸਿੰਘ ਹਰ ਇਕ ਪੱਤਰੇ ਦਾ ਓਨਾ ਹੀ ਅਦਬ ਕਰਦਾ ਹੈ ਜਿੰਨਾ ਕਿ ਸ੍ਰੀ ਗ੍ਰੰਥ ਸਾਹਿਬ ਦਾ ਅਦਬ ਕਰਦਾ ਹੈ। ਸਾਰੇ ਸ੍ਰੀ ਗ੍ਰੰਥ ਸਾਹਿਬ ਦਾ ਪਾਠ ਕਰਨ ਲਗਦਾ ਹੈ ਤਾਂ ਸਣੇਕੇਸੀਂ ਇਸ਼ਨਾਨ ਕਰਕੇ, ਪਵਿੱਤਰ ਹੋ ਕੇ ਕਰਦਾ ਹੈ। ਜੰਗਲ ਜਾਂਦਾ ਹੈ ਤਾਂ ਬਸਤਰ ਧੋਂਦਾ ਹੈ। ਇਕ ਪੱਤਰੇ ਦਾ ਵੀ ਪਾਠ ਕਰਦਾ ਹੈ ਤਾਂ ਏਸੇ ਮਰਯਾਦਾ ਨਾਲ ਕਰਦਾ ਹੈ ਜਿਥੇ ਮਿਟੀ ਦੇ ਤੇਲ ਦੀਆਂ ਬੱਤੀਆਂ ਜਗਾ ਕੇ, ਬੂਟਾਂ ਵਾਲੇ ਪੈਰਾਂ ਨਾਲ ਜਾ ਕੇ ਪਾਠ ਕਰਨ ਲਗ ਪੈਣ, ਕੀ ਉਹ ਅਦਬ ਹੈ? ਬਾਅਦ ਵਿਚ ਉਹਨਾਂ ਦੱਸਿਆ ਕਿ ਗੱਲ ਅਸਲ ਵਿਚ ਇਹ ਸੀ ਕਿ ਕੂਕਿਆਂ ਨੂੰ ਚਾਰ ਗਾਲ੍ਹਾਂ ਕੱਢਣੀਆਂ ਸਨ। ਹੋਰ ਪਾਠ ਦੀ ਤੇ ਕੋਈ ਗੱਲ ਹੀ ਨਹੀਂ ਸੀ। ਸੋ ਕੋਈ ਗਾਲ੍ਹਾਂ ਕੱਢੇ ਕੁਝ ਕਰੇ -

ਅਬ ਹਮ ਚਲੀ ਠਾਕੁਰ ਪਹਿ ਹਾਰਿ।। ਜਬ ਹਮ ਸਰਣਿ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ।।
ਲੋਕਨ ਕੀ ਚਤੁਰਾਈ ਉਪਮਾ ਤੇ ਬੈਸੰਤਰ ਜਾਰਿ।। ਕੋਈ ਭਲਾ ਕਹਉ ਭਾਵੈ ਬੁਰਾ ਕਹਉ ਹਮ ਤਨੁ ਦੀਓ ਹੈ ਢਾਰਿ।।

ਇਸ ਵਾਸਤੇ ਤਕੜੇ ਹੋਵੋ, ਹਿੰਮਤ ਕਰੋ, ਹਿੰਮਤ ਨ ਹਾਰੋ। ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਣੇ ਨੇ। ਉਹਨਾਂ ਦੇ ਦਰਸ਼ਨਾਂ ਨਮਿਤ ਵੱਧ ਤੋਂ ਵੱਧ ਭਜਨ, ਪਾਠ, ਅਖੰਡ ਪਾਠ, ਤੇ ਵਰਨੀਆਂ, ਹਵਨ ਆਦਿ ਕੀਤੇ ਜਾਣ।

ਸਤਿਜੁਗ

ਬਸੰਤ ਅੰਕ

18 ਫੱਗਣ ਤੋਂ 8 ਚੇਤਰ—2068-69
(15 - 21 ਮਾਰਚ) 2012
ਸੰਮਤ ਸ੍ਰੀ ਸਤਿਗੁਰੂ ਰਾਮ ਸਿੰਘ ਜੀ 197
ਜਿਲਦ 20
ਨੰਬਰ 5, 6, 7

ਸਤਿਜੁਗ
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ
ਨਵੀਂ ਦਿੱਲੀ-110015
ਫ਼ੋਨ : 25156625, 41425686
E : mail : satjugweekly@gmail.com
satjugweekly@hotmail.com

ਐਡੀਟਰ, ਛਾਪਕ ਤੇ ਪ੍ਰਕਾਸ਼ਕ :
ਹਰਵਿੰਦਰ ਸਿੰਘ ਹੰਸਪਾਲ ਦੇ ਪ੍ਰਬੰਧ ਨਾਲ,
ਰਾਜੇਸ਼ ਪ੍ਰਿੰਟਿੰਗ ਪ੍ਰੈਸ, ਪਹਾੜ ਗੰਜ
ਨਵੀਂ ਦਿੱਲੀ ਵਿੱਚ ਛਪਿਆ,
ਦਫ਼ਤਰ ਸਤਿਜੁਗ,
ਨਾਮਧਾਰੀ ਗੁਰਦੁਆਰਾ, ਰਮੇਸ਼ ਨਗਰ,
ਨਵੀਂ ਦਿੱਲੀ-110015
ਤੋਂ ਪ੍ਰਕਾਸ਼ਤ ਹੋਇਆ।
(ਨਾਮਧਾਰੀ ਦਰਬਾਰ ਵਾਸਤੇ)

SATJUG WEEKLY
Namdhari Gurdwara
Ramesh Nagar, New Delhi-15
RNI No. 55658/93
Postal Regd. No. DL (W) 01/2055/12-14
Licence No. U(C)-169/2012-14
to post without pre-payment at
IPMBC/1

ਇਕ ਸਾਲ	ਦੇਸ - 200 ਰੁ.	ਪ੍ਰਦੇਸ - 30 ਪੌਂਡ
ਪੰਜ ਸਾਲ	ਦੇਸ - 800 ਰੁ.	ਪ੍ਰਦੇਸ - 120 ਪੌਂਡ

Designed and Typeset at
CADCON INC. New Delhi
singhharkeerat@yahoo.com
Ph : 9871278465

ਪੱਤਰ ਵਿਹਾਰ ਦਾ ਪਤਾ :
ਮੈਨੇਜਰ, ਸਤਿਜੁਗ
ਨਾਮਧਾਰੀ ਗੁਰਦੁਆਰਾ ਰਮੇਸ਼ ਨਗਰ,
ਨਵੀਂ ਦਿੱਲੀ-110015

ਤਤਕਰਾ

ਸਫ਼ਾ	ਲਿਖਤ	...	ਲੇਖਕ
7	ਨਾਮਧਾਰੀ ਲਹਿਰ : ਅੰਗਰੇਜ਼ੀ ਰਾਜ ਦੇ ਵਿਰੁੱਧ ਪਹਿਲਾ ਵਿਦਰੋਹ ਸੀ	...	ਡਾ. ਮਹੀਪ ਸਿੰਘ
10	ਪੰਥ ਨ ਚਲੇ ਬਾਝ ਗੁਣ ਸ਼ਕਤੀ	...	ਸੀ. ਆਰ. ਮੌਦਗਿਲ
13	ਮੈਂ ਬਸੰਤ ਹਾਂ (ਕਵਿਤਾ)	...	ਸਾਧੂ ਸਿੰਘ ਕਿਸਾਨ
13	ਉਡੀਕ (ਕਵਿਤਾ)	...	ਸੁਰਮੁਖ ਸਿੰਘ ਸ਼ਾਇਰ
14	ਕੂਕਾ ਲਹਿਰ ਦਾ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ	...	ਜਗਦੀਸ਼ ਸਿੰਘ ਵਰਿਆਮ
20	ਯਾਦ ਚੀਨੀ ਵਾਲੇ ਦੀ (ਕਵਿਤਾ)	...	ਚੰਨਣ ਸਿੰਘ 'ਚਮਨ ਹਰਗੋਬਿੰਦਪੁਰੀ'
21	ਨਾਮਧਾਰੀ ਸਾਹਿਤ ਬਾਰੇ ਉਪਾਧੀਮੂਲਕ ਖੋਜ	...	ਡਾ. ਧਰਮ ਸਿੰਘ
24	ਸਤਿਗੁਰੂ ਰਾਮ ਸਿੰਘ ਨੇ (ਕਵਿਤਾ)	...	ਬਲਬੀਰ ਸਿੰਘ ਢਿਲੋਂ
25	ਨਾਮਧਾਰੀ ਪੰਜਾਬੀ ਸਾਹਿਤ ਦੇ ਪ੍ਰਮਾਣਿਕ ਹਸਤਾਖ਼ਰ	...	ਡਾ. ਸੁਖਦੇਵ ਸਿੰਘ
37	ਗੁਰੂ ਰਾਮ ਸਿੰਘ ਅਤੇ ਕੂਕਾ ਅੰਦੋਲਨ-ਕੁਛ ਵਿਸ਼ੇਸ਼ ਤੱਥ	...	ਜਸਵਿੰਦਰ ਸਿੰਘ
49	ਸਤਿਗੁਰੂ ਰਾਮ ਸਿੰਘ ਜੀ ਦੇ ਸੂਬਿਆਂ ਦਾ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ	...	ਸੁਵਰਨ ਸਿੰਘ ਵਿਰਕ
69	ਸਤਿਜੁਗ : 1929 (22 ਮਾਘ 1986) ਬਸੰਤ ਅੰਕ ਦੀ ਇਤਿਹਾਸਕ ਮਹੱਤਤਾ	...	ਡਾ. ਕੁਲਦੀਪ ਸਿੰਘ
74	ਸਤਿਜੁਗ : ਕੁਰੀਤੀ ਨਿਵਾਰਕ (ਗਊ ਵਿਸ਼ੇਸ਼ ਅੰਕ 1968 ਈ. ਦੇ ਸੰਦਰਭ ਵਿਚ)	...	ਡਾ. ਪ੍ਰਭਜੀਤ ਕੌਰ
80	ਚਰਿਤ੍ਰੋਪਾਖਿਆਨ - ਰਚਨਾ ਮੰਤਵ	...	ਡਾ. ਜੋਧ ਸਿੰਘ
84	ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਗੁਜ਼ਰਨ ਬਾਰੇ ਗਲਤ ਬਿਆਨੀ	...	ਦੇਵਿੰਦਰ ਸਿੰਘ ਗਿੱਲ ਜੀਆ ਨੱਥਾ
88	ਸਤਿਗੁਰੂ ਰਾਮ ਸਿੰਘ ਆਪੇ ਹੀ ਬਸੰਤ ਐ (ਕਵਿਤਾ)	...	ਹਰਿੰਦਰ ਪਤੰਗਾ
89	ਨਾਮਧਾਰੀ ਪੰਥ ਅਤੇ ਰਹਿਤ ਮਰਯਾਦਾ ਦਾ ਮੁਢਲਾ ਸਰੋਤ - ਪੰਥ ਪ੍ਰਕਾਸ਼	...	ਤਾਰਾ ਸਿੰਘ ਅਨਜਾਣ
104	नामधारी गुरु प्रम्परा का वैशिष्ट और समाज पर उसका प्रभाव	...	डा. रेणु द्विवेदी
108	Yes, Kuka Martyrs are Freedom Fighters	...	M.S. Waraich
111	ਅਵਤਾਰ ਸਤਿਗੁਰੂ ਰਾਮ ਸਿੰਘ ਜੀ (ਕਵਿਤਾ)	...	ਲਖਵਿੰਦਰ ਸਿੰਘ ਬਾਜਵਾ
112	Satguru Ram Singh in 1000 Years 1000 People	...	H. S. Hanspal
115	From The Times, London	...	Inderjit Singh
116	The Namdhari Movement : An Introductory Note	...	Himadri Banerjee
119	Namdhari Guru's detention in British Burma	...	Prof. Joginder Singh
122	ਬਸੰਤ (ਕਵਿਤਾ)	...	ਸਵਰਨ ਸਿੰਘ ਚੀਮਾ
123	The Indian Public Opinion and Punjab Times, September 1, 1871 and March 22, 1872	...	Jaswinder Singh

Namdhari Elibrary NamdhariElibrary@gmail.com

ਮੇਰੇ ਸਾਹਿਬ ਗੁਣੀ ਨਿਧਾਨਾ

ਮਨੁੱਖ ਕੋਸ਼ਿਸ਼ ਤਾਂ ਬੜੀ ਕਰਦਾ ਹੈ ਕਿ ਆਪਣੀ ਬੁੱਧੀ ਦਾ ਕਮਾਲ ਵਿਖਾ ਸਕੇ ਪਰ ਆਪਣੀ ਬੁੱਧੀ ਦੀ ਸੀਮਾ ਕਾਰਨ ਬਹੁਤ ਕੁਝ ਉਸ ਦੀ ਪਹੁੰਚ ਤੋਂ ਬਾਹਰ ਰਹਿੰਦਾ ਹੈ। ਹੋਰ ਤਾਂ ਹੋਰ ਬਦਲੇ ਮੌਸਮ ਦਾ ਹੀ ਪਤਾ ਨਹੀਂ ਲਗਦਾ। ਪਤਾ ਹੀ ਨਹੀਂ ਲਗਦਾ ਕਿ ਕਦੋਂ ਕਿਥੇ ਕੀ ਵਾਪਰ ਜਾਂਦਾ ਹੈ। ਸੁਹਾਵਣਾ ਮੌਸਮ ਬਸੰਤ ਕਦੀ ਨੇੜੇ ਆ ਜਾਂਦੀ ਹੈ ਕਦੀ ਦੂਰ ਚਲੀ ਜਾਂਦੀ ਹੈ।

ਬਸੰਤ ਦੇ ਮੌਸਮ ਵਿਚ ਆਮ ਤੌਰ ਤੇ ਫੁੱਲ ਖਿੜਦੇ ਹਨ, ਗੁੰਚੇ ਮਹਿਕਦੇ ਹਨ, ਭੌਰੇ ਗੁਣਗੁਣਾਉਂਦੇ ਹਨ ਅਤੇ ਬਾਗਾਂ ਵਿਚ ਬਹਾਰ ਆਉਂਦੀ ਹੀ ਹੈ। ਦਿੱਲੀ ਦੇ ਰਾਸ਼ਟਰਪਤੀ ਭਵਨ ਦਾ ਮੁਗਲ ਗਾਰਡਨ ਦਰਸ਼ਕਾਂ ਦੀ ਖਿੱਚ ਦਾ ਕਾਰਨ ਬਣਿਆ ਰਹਿੰਦਾ ਹੈ। ਫਿਰ ਵੀ ਕਈਆਂ ਦੇ ਮਨ ਦੀ ਅਵਸਥਾ ਹੁੰਦੀ ਹੈ ਕਿ ਬਸੰਤ ਉਹਨਾਂ ਨੂੰ ਚੰਗੀ ਨਹੀਂ ਲਗਦੀ ਤੇ ਉਹ ਕਹਿੰਦੇ ਹਨ, 'ਬਸੰਤ ਸਾਨੂੰ ਭਾਵੇ ਨਾ'।

ਬਸੰਤ ਭਾਵੇ ਕਿਵੇਂ? ਜਿਸ ਨੇ ਦੇਸ਼ ਦੀ ਗੁਲਾਮੀ ਭਰੀ ਪਤਝੜ ਦੇ ਪੱਤੇ ਹਰੇ ਕਰਨ ਲਈ ਪਹਿਲ ਕਦਮੀ ਕੀਤੀ ਉਸ ਨੂੰ ਯਾਦ ਕਰਦਿਆਂ ਬਸੰਤ ਫਿੱਕੀ ਪੈ ਜਾਂਦੀ ਹੈ।

ਉਸ ਦੁਆਦਸ ਪੁਰਖ ਨੇ ਆਪਣੀਆਂ ਨਜ਼ਰਾਂ ਨਾਲ ਤੱਕਿਆ ਕਿ ਸਿੱਖ ਰਾਜ ਦਾ ਸਿਖਰ ਦੁਪਹਿਰੇ ਚਮਕਦਾ ਸੂਰਜ ਡੁੱਬ ਗਿਆ। ਇੰਝ ਲੱਗੇ ਕਿਸੇ ਨੇ ਸੂਰਜ ਹੀ ਮੂੰਹ ਵਿਚ ਪਾ ਲਿਆ ਹੋਵੇ। ਜੇ ਕਿਸੇ ਮਹਾਰਾਜ ਸਿੰਘ, ਦਿਵਾਨ ਮੂਲ ਰਾਜ ਵਰਗੇ ਨੇ ਮੋਢੇ ਛੰਡੇ ਤਾਂ ਕਾਲ ਕੋਠੜੀ ਬੰਦ। ਜਦ 1857 ਵਿਚ ਨਵਾਬ, ਰਜਵਾੜੇ, ਫੌਜੀ ਉਸ ਵਿਦੇਸ਼ੀ ਹਾਕਮ ਖਿਲਾਫ ਲਾਮਬੰਦ ਹੋ ਕੇ ਉਠ ਖੜ੍ਹੇ ਹੋਏ ਤਾਂ ਸਾਲ ਡੇਢ ਸਾਲ ਵਿਚ ਜਾਨ ਮਾਲ ਲੁਟਾ ਬੈਠੇ। ਜੋ ਸ਼ਹਿਨਸ਼ਾਹ ਅਖਵਾਇਆ, ਬਹਾਦਰਸ਼ਾਹ ਜ਼ਫਰ ਉਹ ਰੰਗੂਨ (ਬਰਮਾ) ਦੇ ਬੰਗਲੇ ਵਿਚ ਦਮ ਤੋੜਨ ਲਈ ਮਜਬੂਰ ਹੋਇਆ। ਉਥੇ ਹੀ ਉਸਨੂੰ ਦੋ ਗਜ ਜ਼ਮੀਨ ਨਸੀਬ ਹੋਈ, ਅੰਬਾਂ ਦੇ ਬਿਰਛਾਂ ਕੋਲ। ਜਿਹੜੇ ਰਾਜੇ, ਮਹਾਰਾਜੇ ਬਚੇ ਤਾਂ ਵਿਦੇਸ਼ੀ ਹਾਕਮ, ਅੰਗਰੇਜ਼ ਦੀ ਜੀ ਹਜ਼ੂਰੀ ਕਰਦੇ। ਪਹਿਲਾਂ ਉਹਨਾਂ ਸਰਕਾਰ ਪ੍ਰਤੀ ਵਫਾਦਾਰੀ ਦਾ ਹੀ ਸਬੂਤ ਦਿੱਤਾ ਸੀ। ਜਗੀਰਦਾਰ, ਜੈਲਦਾਰ, ਸਰਦਾਰ ਬਹਾਦਰ, ਖਾਨ ਬਹਾਦਰ ਨੰਬਰਦਾਰ ਆਦਿ ਉਸ ਦਾ ਹੀ ਦਮ ਭਰਦੇ ਸਨ, ਕੁਸਕਦਾ ਕੌਣ। ਇੰਜ ਲਗੇ ਕਿ ਭਾਰਤ ਦੀ ਅਣਖ ਲੰਮੀਆਂ ਤਾਣ ਕੇ ਸੌਂ ਚੁੱਕੀ ਸੀ।

ਇੰਜ ਤਾਂ ਕਈ ਵਾਰ ਹੋਇਆ ਹੈ ਕਿ ਸ਼ਹਾਦਤਾਂ ਪਾ ਕੇ ਭਾਰਤ ਮਾਤਾ ਦੀ ਗੋਦ ਸੁੰਞੀ ਹੋ ਗਈ ਹੋਵੇ ਪਰ ਇੰਜ ਨਹੀਂ ਹੋਇਆ ਕਿ ਭਾਰਤ ਮਾਤਾ ਬਾਂਝ ਹੋ ਗਈ ਹੋਵੇ ਤੇ ਇਸ ਦੀ ਕੁੱਖ ਸੁੰਞੀ ਰਹੀ ਹੋਵੇ। ਫਿਰ ਜਿਹੜਾ ਜੂਨਾਂ ਤੋਂ ਬਾਹਰ ਹੈ ਉਸ ਦਾ ਵੀ ਅੱਤ ਨਾਲ ਵੈਰ ਹੈ, ਉਹ ਫਿਰ ਕਿਸੇ ਘਰ ਦਾ ਚਿਰਾਗ ਬਣ ਕੇ ਆਉਂਦਾ ਹੈ, ਗੁਲਾਮੀ ਦੀ ਜੜ੍ਹ ਪੁੱਟਣ ਨੂੰ। ਇਹੀ ਕੁਝ ਹੋਇਆ ਰਾਈਆਂ ਜ਼ਿਲ੍ਹਾ ਲੁਧਿਆਣਾ, ਪੰਜਾਬ ਵਿਚ। ਬਾਬਾ ਜੱਸਾ ਸਿੰਘ ਦੇ ਵਿਹੜੇ ਵਿਚ ਪੁਲਾਂਘਾਂ ਪੁੱਟਦੇ ਬਾਲ ਨੇ ਲੰਮੀ ਪੁਲਾਂਘ ਪੁੱਟੀ ਤੇ ਆਪਣਾ ਪਦ-ਚਰਨ ਗੁਲਾਮੀ ਰੂਪੀ ਦੈਂਤ ਦੇ ਸਿਰ ਉਤੇ ਜਾ ਰਖਿਆ। ਉਹ ਤੜਫਿਆ, ਛਟਪਟਾਇਆ ਹੱਥ ਪੈਰ ਮਾਰਨ ਲੱਗਾ ਤੇ ਘਬਰਾ ਕੇ ਸੋਚਣ ਲੱਗਾ ਕਿ ਇਹ ਕੀ ਹੋਇਆ, ਨਾ ਇਹ ਹਿੰਸਾ ਕਰਦਾ ਹੈ, ਨਾ ਮੇਰੀ ਕੋਈ ਵਸਤੂ ਜਾ ਕਾਨੂੰਨ ਵਰਤਦਾ ਹੈ ਤੇ ਨਾ ਮੇਰਾ ਲਿਹਾਜ਼ ਕਰਦਾ ਹੈ।

ਸਧਾਰਨ ਨਜ਼ਰਾਂ, ਸਧਾਰਨ ਮੁਨੱਖਾਂ ਲਈ ਤਾਂ ਉਹ ਇੱਕ ਸਧਾਰਨ ਜਿਹਾ ਵਿਅਕਤੀ ਸੀ, ਸਧਾਰਨ ਕਿਰਤੀ ਘਰਾਣੇ ਦਾ ਚਰਾਗ। ਜਿਸ ਦੇ ਵੱਡੇ ਵਡੇਰੇ ਲੁਹਾਰਾ, ਤਰਖਾਣਾ ਕੰਮ ਕਰਦੇ ਸਨ, ਰਾਜ ਮਿਸਤਰੀ ਵੀ ਸਨ ਪਰ ਰਾਜੇ ਮਹਾਰਾਜੇ ਨਹੀਂ ਸਨ। ਪਰ ਉਹਨਾਂ ਨੂੰ ਉਦੋਂ ਹੈਰਾਨੀ ਹੋਈ ਜਦੋਂ ਉਸ ਨੇ ਉਹਨਾਂ ਦੇ ਕੰਨਾਂ ਵਿਚ ਐਸਾ ਮੰਤਰ ਫੂਕਿਆ ਕਿ ਲੋਕ ਉਸਦੇ ਚਰਨਾਂ ਦੇ ਭੌਰੇ ਨਾਮਧਾਰੀ ਸਿੰਘ ਬਣ ਗਏ। ਧੰਨ ਸਤਿਗੁਰੂ ਰਾਮ ਸਿੰਘ, ਧੰਨ ਸਤਿਗੁਰੂ ਰਾਮ ਸਿੰਘ ਕਹਿ ਉਚੀ ਕੂਕਣ ਲੱਗ ਪਏ।

ਤੂੰ ਚੱਕ ਲੈ ਫਰਗੀਆ ਡੇਰਾ ਤੂੰ ਕਰ ਲਿਆ ਰਾਜ ਬਥੇਰਾ।
ਭੱਜੇ ਜਾਂਦੇ ਨੇ ਫਰੰਗੀ ਵਜੱਣ ਘੁੰਘਰੂ।

ਫਰੰਗੀ ਦੀ ਵੀ ਨੀਂਦ ਹਰਾਮ ਹੋਣ ਲੱਗੀ। ਉਸਨੇ ਨਾਮਧਾਰੀ ਸਿੰਘਾਂ ਨੂੰ ਫਾਂਸੀ ਦਿੱਤੀ, ਤੋਪਾਂ ਸਾਹਵੇਂ ਖਲ੍ਹਾਰ ਉਡਾਇਆ ਅਤੇ ਸੂਬਿਆਂ ਨੂੰ ਜਲਾਵਤਨ ਕਰ ਦਿੱਤਾ। ਉਥੇ ਬੈਠਿਆਂ ਬਾਰੇ ਅੰਗਰੇਜ਼ ਹਾਕਮ ਕਹਿੰਦਾ ਸੀ ਸਵਾਧਾਨ, ਸਤਿਗੁਰੂ ਰਾਮ ਸਿੰਘ ਭਾਰਤ ਵਿਚ ਸਭ ਤੋਂ ਖਤਰਨਾਕ ਵਿਅਕਤੀ ਹੈ। ਕਿਉਂ ? ਕਿਉਂਕਿ ਇਹ 1857 ਵਰਗੀ ਬਗਾਵਤ ਕਰਵਾ ਸਕਦੇ ਹਨ। ਹਾਕਮ ਨੇ ਸ੍ਰੀ ਭੈਣੀ ਸਾਹਿਬ (ਪੰਜਾਬ) ਸਤਿਗੁਰੂ ਦੇ ਘਰ ਨੂੰ ਪਾਣੀ ਹਾਂਡੇ ਤੱਕ ਪੁੱਟਿਆ, ਡਿਓਢੀ ਅੱਗੇ ਪੁਲਿਸ ਚੌਕੀ ਬਿਠਾਈ। ਸਤਿਗੁਰੂ ਜੀ ਨੂੰ ਪਹਿਲਾਂ ਰੰਗੂਨ (ਯਾਂਗੋ) ਮਯਾਂਮਾਰ ਫਿਰ ਮਰਗੋਈ (ਬਈ) ਸਖਤ ਪੁਲਿਸ ਪਹਿਰੇ ਹੇਠ ਪਰ ਰਾਜਨੀਤਕ ਕੈਦੀ ਦੀਆਂ ਸੁਖ ਸਹੂਲਤਾਂ ਦੇ ਕੇ ਰੱਖਿਆ। ਫਿਰ ਵੀ ਉਹ ਉਹਨਾਂ ਨੂੰ ਬੰਨ੍ਹ ਕੇ ਨਾ ਰੱਖ ਸਕਿਆ।

ਸ੍ਰੀ ਸਤਿਗੁਰੂ ਜੀ ਨੇ ਜਿਵੇਂ ਪ੍ਰਭੂ ਭਗਤੀ ਤੇ ਦੇਸ਼ ਭਗਤੀ ਦੇ ਸੁਮੇਲ ਨੂੰ ਭਾਰਤੀਆਂ ਦੇ ਹਿਰਦਿਆਂ ਵਿਚ ਉਜਾਗਰ ਕੀਤਾ, ਜਿਵੇਂ ਸੂਬਿਆਂ ਅੰਦਰ ਅਗਵਾਈ ਕਰਨ ਦੇ ਗੁਣ ਪੈਦਾ ਕੀਤੇ, ਜਿਵੇਂ ਸੰਗਠਿਤ ਸ਼ਕਤੀ ਦਿਨਾਂ ਵਿਚ ਹੀ ਲੱਖਾਂ ਤਕ ਪਹੁੰਚ ਕੇ ਸੁਦੇਸ਼ੀ, ਨਾ ਮਿਲਵਰਤਨ, ਅਹਿੰਸਾ, ਸਿਰੜ, ਸਬਰ ਦੇ ਹਥਿਆਰਾਂ ਨਾਲ ਬਰਤਾਨਵੀ ਸਰਕਾਰ ਨੂੰ ਵਖਤ ਪਾਉਣ ਲਗੀ, ਉਸ ਸੰਬੰਧੀ ਵਾਰਤਕ ਤੇ ਕਾਵਿ ਰਚਨਾਵਾਂ ਨਾਲ ਇਸ ਅੰਕ ਨੂੰ ਪੇਸ਼ ਕਰਨ ਦੀ ਖੁਸ਼ੀ ਅਦਾਰਾ ਸਤਿਜੁਗ ਲੈ ਰਿਹਾ ਹੈ। ਇਸ ਵਿਚ ਜਸਵਿੰਦਰ ਸਿੰਘ ਹਿਸਟੋਰੀਅਨ, ਤਰਲੋਚਨ ਸਿੰਘ, ਇੰਦਰਜੀਤ ਸਿੰਘ ਦੀ ਮਿਹਨਤ ਨੇ ਲੇਖਕਾਂ ਦੀਆਂ ਰਚਨਾਵਾਂ ਨੂੰ ਪ੍ਰਕਾਸ਼ਿਤ ਰੂਪ ਵਿਚ ਪੇਸ਼ ਕਰਨ ਵਿੱਚ ਨਿੱਗਰ ਹਿੱਸਾ ਪਾਇਆ ਹੈ।

ਆਸ ਹੈ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਅਪਾਰ ਬਖਸ਼ਸ਼ ਨਾਲ ਪਤਝੜ ਤੋਂ ਬਸੰਤ ਵਲ ਝਾਤ ਪੁਆਉਂਦਾ ਇਹ ਬਸੰਤ ਅੰਕ ਉਸ ਸਾਹਿਬ ਗੁਣੀ ਨਿਧਾਨ ਦੀ ਮਹਿਮਾ ਨੂੰ ਪਾਠਕਾਂ ਨਾਲ ਸਾਂਝਾ ਕਰਨ ਵਿਚ ਸਹਾਈ ਹੋਵੇਗਾ।

ਹਰਵਿੰਦਰ ਸਿੰਘ ਹੰਸਪਾਲ
ਤਾਰਾ ਸਿੰਘ ਅਨਜਾਣ

ਨਾਮਧਾਰੀ ਲਹਿਰ :
ਅੰਗਰੇਜ਼ੀ ਰਾਜ ਦੇ ਵਿਰੁੱਧ ਪਹਿਲਾ ਵਿਦਰੋਹ ਸੀ

ਡਾ. ਮਹੀਪ ਸਿੰਘ

ਇਹ ਬਗਾਵਤ ਉੱਤਰ ਭਾਰਤ ਦੇ ਕੁਝ ਹਿੱਸਿਆਂ ਵਿਚ ਹੀ ਫੈਲੀ ਹੋਈ ਸੀ। ਬਾਗੀ ਸਿਪਾਹੀਆਂ ਅਤੇ ਉਨ੍ਹਾਂ ਦੇ ਆਗੂਆਂ ਵਿਚ ਨਾ ਕੋਈ ਜਥੇਬੰਦਕ ਢਾਂਚਾ ਬਣਿਆ ਸੀ, ਨਾ ਹੀ ਉਹਨਾਂ ਵਿਚ ਕੋਈ ਤਾਲਮੇਲ ਸੀ। ਆਮ ਲੋਕਾਂ ਵਿਚ ਇਸ ਬਗਾਵਤ ਬਾਰੇ ਕੋਈ ਚੇਤਨਾ ਨਹੀਂ ਸੀ। ਕੁਝ ਰਾਜ ਘਰਾਣਿਆਂ ਦੇ ਉਹ ਲੋਕੀ ਹੀ ਇਸ ਲਹਿਰ ਵਿਚ ਸ਼ਾਮਲ ਹੋਏ ਜਿਨ੍ਹਾਂ ਦੇ ਰਾਜਾਂ ਨੂੰ ਅੰਗਰੇਜ਼ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਦੇਸ਼ ਦੀਆਂ ਸਾਰੀਆਂ ਵੱਡੀਆਂ ਦੇਸੀ ਰਿਆਸਤਾਂ ਦੇ ਰਾਜੇ-ਨਵਾਬ ਅੰਗਰੇਜ਼ਾਂ ਦੇ ਹਮਾਇਤੀ ਬਣਕੇ ਉਨ੍ਹਾਂ ਦੀ ਮੱਦਦ ਕਰ ਰਹੇ ਸਨ।

ਵਿਦਰੋਹ ਜਾਂ ਜੰਗਿ ਆਜ਼ਾਦੀ-

ਇਹ ਗੱਲ ਸਦਾ ਹੀ ਵਿਚਾਰ ਅਧੀਨ ਰਹੀ ਹੈ ਕਿ 1857 ਵਿਚ ਹੋਏ ਵਿਦਰੋਹ ਨੂੰ ਅੰਗਰੇਜ਼ੀ ਰਾਜ ਦੇ ਵਿਰੁੱਧ ਪਹਿਲੀ ਜੰਗਿ ਆਜ਼ਾਦੀ ਕਹਿਣਾ ਕਿੱਥੋਂ ਤੱਕ ਠੀਕ ਹੈ। ਸੰਸਾਰ ਵਿਚ ਜਿਥੇ ਵੀ ਆਜ਼ਾਦੀ ਲਈ ਜੰਗਾਂ ਲੜੀਆਂ ਗਈਆਂ ਹਨ, ਉਥੇ ਅਜਿਹੀ ਲਹਿਰ ਚਲਾਉਣ ਵਾਲਿਆਂ ਅੱਗੇ ਕੁਝ ਮਿੱਥੇ ਹੋਏ ਮੰਤਵ ਰਹੇ ਹਨ। ਉਹਨਾਂ ਨੇ ਆਪਣੇ ਜਥੇਬੰਦਕ ਢਾਂਚੇ ਵੀ ਉਸਾਰੇ ਹਨ ਅਤੇ ਮੰਤਵ ਦੀ ਪੂਰਤੀ ਲਈ ਪੂਰੀ ਵਿਉਂਤ ਨਾਲ ਕਦਮ ਚੁੱਕੇ ਹਨ। ਇਹੋ ਜਿਹਾ ਬੜਾ ਘੱਟ ਹੋਇਆ ਹੈ ਕਿ ਅਚਨਚੇਤ ਹੀ ਕਿਸੇ ਬੰਦੇ ਜਾਂ ਤਬਕੇ ਵਿਚ ਕਿਸੇ ਕਾਰਨ ਅਸੰਤੋਸ਼ ਉਭਰਿਆ ਹੋਵੇ ਤੇ ਉਸਨੇ ਵੱਡੇ ਪੱਧਰ ਦੀ ਬਗਾਵਤ ਦਾ ਰੂਪ ਲੈ ਲਿਆ ਹੋਵੇ। ਫਿਰ ਅਜਿਹੀ ਬਗਾਵਤ ਕਿ ਵੱਡੇ ਮੰਤਵ ਦੇ ਰੂਪ ਵਿਚ ਬਦਲ ਗਈ ਹੋਵੇ।

1857 ਦਾ ਵਿਦਰੋਹ ਕਿਸੇ ਮਿੱਥੇ ਹੋਏ ਮੰਤਵ, ਉਸ ਲਈ ਸਿਰਜੀ ਹੋਈ ਜਥੇਬੰਦੀ ਅਤੇ ਕਿਸੇ ਆਗੂ ਦੀ ਰਹਿਨੁਮਾਈ ਵਿਚ ਲੜੀ ਗਈ ਜੰਗ ਨਹੀਂ ਸੀ। ਬੈਰਕਪੁਰ ਛਾਵਣੀ ਵਿਚ ਇਕ ਬ੍ਰਾਹਮਣ ਸਿਪਾਹੀ ਮੰਗਲ ਪਾਂਡੇ ਨੂੰ ਇਹ ਪਤਾ ਲੱਗਾ ਕਿ ਈਸਟ ਇੰਡੀਆ ਕੰਪਨੀ ਦੀ ਸਰਕਾਰ ਆਪਣੀ ਫੌਜ ਦੇ ਦੇਸੀ ਸਿਪਾਹੀਆਂ ਨੂੰ ਬੰਦੂਕਾਂ ਵਿਚ ਪਾਉਣ ਲਈ ਜਿਹੜੇ ਕਾਰਤੂਸ ਦਿੰਦੀ ਹੈ, ਜਿੰਨ੍ਹਾਂ ਨੂੰ ਮੂੰਹ ਨਾਲ ਕੱਟਕੇ, ਬੰਦੂਕਾਂ ਵਿਚ ਪਾਉਣਾ ਹੁੰਦਾ ਹੈ, ਉਸ ਵਿਚ ਗਊ ਦੀ ਚਰਬੀ ਲੱਗੀ ਹੁੰਦੀ ਹੈ। ਇਸ ਨਾਲ ਉਸਦੀ ਧਾਰਮਿਕ ਭਾਵਨਾ ਨੂੰ ਠੇਸ ਲੱਗੀ ਤੇ ਉਸਨੇ ਅਜਿਹੇ ਕਾਰਤੂਸਾਂ ਨੂੰ ਵਰਤਣ ਤੋਂ ਨਾਂਹ ਕਰ ਦਿੱਤੀ। ਪਿਛੋਂ ਇਹ ਗੱਲ ਵੀ ਫੈਲ ਗਈ ਕਿ ਅਜਿਹੇ ਕਾਰਤੂਸ ਵੀ ਹਨ ਜਿਹਨਾਂ ਵਿਚ ਸੂਰ ਦੀ ਚਰਬੀ ਲੱਗੀ ਹੁੰਦੀ ਹੈ। ਇਹ ਗੱਲ ਮੁਸਲਮਾਨ ਸਿਪਾਹੀਆਂ ਨੂੰ ਭੜਕਾਉਣ ਲਈ ਕਾਫੀ ਸੀ।

10 ਮਈ 1857 ਮੇਰਠ ਦੇ ਹਿੰਦੁਸਤਾਨੀ ਸਿਪਾਹੀਆਂ ਵਿਚ ਬਗਾਵਤ ਫੈਲ ਗਈ। ਬਾਗੀ ਸਿਪਾਹੀਆਂ ਨੇ ਦਿੱਲੀ ਆ ਕੇ ਸ਼ਹਿਰ ਤੇ ਕਬਜ਼ਾ ਕਰ ਲਿਆ ਤੇ ਕਠਪੁਤਲੀ ਬੁੱਢੇ ਮੁਗਲ ਬਾਦਸ਼ਾਹ ਬਹਾਦੁਰਸ਼ਾਹ ਨੂੰ ਗੱਦੀ ਤੇ ਬਿਠਾ ਕੇ ਉਸਦੀ ਰਹਿਨੁਮਾਈ ਦਾ ਐਲਾਨ ਕਰ ਦਿੱਤਾ। ਅੰਗਰੇਜ਼ਾਂ ਨੇ ਮਰਾਠਿਆਂ ਨੂੰ ਹਰਾ ਕੇ ਪੂਨਾ ਦੇ ਪੇਸ਼ਵਾ ਬਾਜੀ ਰਾਓ ਨੂੰ ਕਾਨ੍ਹਪੁਰ ਦੇ ਨੇੜੇ ਬਿਠੂਰ ਪਿੰਡ ਵਿਚ ਭੇਜ ਦਿੱਤਾ ਸੀ। ਉਸਦੇ ਗੋਦ ਲਏ ਪੁੱਤਰ ਨਾਨਾ ਸਾਹਿਬ ਨੂੰ ਬਾਗੀ ਸਿਪਾਹੀਆਂ ਨੇ ਆਪਣਾ ਲੀਡਰ ਮੰਨ ਲਿਆ ਸੀ। ਕੁਝ ਚਿਰ ਪਹਿਲਾਂ ਹੀ ਈਸਟ ਇੰਡੀਆ ਕੰਪਨੀ ਨੇ ਝਾਂਸੀ ਦੀ ਰਾਣੀ ਲਕਸ਼ਮੀ ਬਾਈ ਨੂੰ ਗੱਦੀਓਂ ਲਾਹ ਦਿੱਤਾ ਸੀ। ਉਹ ਵੀ ਬਾਗੀ ਸਿਪਾਹੀਆਂ ਦੀ ਮੱਦਦ ਨਾਲ ਆਪਣੀ ਖੁੱਸ ਹੋਈ ਗੱਦੀ ਲੈਣ ਲਈ ਜੰਗ ਲਈ ਤਿਆਰ ਹੋ ਗਈ।

ਬਾਗੀ ਸਿਪਾਹੀ ਅੰਗਰੇਜ਼ਾਂ ਦੇ ਦੁਸ਼ਮਣ ਜ਼ਰੂਰ ਬਣ ਗਏ ਸਨ, ਪਰ ਉਨ੍ਹਾਂ ਅੱਗੇ ਜਾਂ ਉਨ੍ਹਾਂ ਦੇ ਆਗੂਆਂ

Namdhari Elibrary NamdhariElibrary@gmail.com

ਅੱਗੇ ਇਹ ਸਾਫ਼ ਨਹੀਂ ਸੀ ਕਿ ਅੰਗਰੇਜ਼ਾਂ ਨੂੰ ਇਥੋਂ ਕੱਢਕੇ, ਉਹ ਕਿਸ ਤਰ੍ਹਾਂ ਦੀ ਰਾਜ ਬਣਤਰ ਬਣਾਉਣਗੇ। ਇਹ ਬਗਾਵਤ ਉੱਤਰ ਭਾਰਤ ਦੇ ਕੁਝ ਹਿੱਸਿਆਂ ਵਿਚ ਹੀ ਫੈਲੀ ਹੋਈ ਸੀ। ਬਾਗੀ ਸਿਪਾਹੀਆਂ ਅਤੇ ਉਨ੍ਹਾਂ ਦੇ ਆਗੂਆਂ ਵਿਚ ਨਾ ਕੋਈ ਜਥੇਬੰਦਕ ਢਾਂਚਾ ਬਣਿਆ ਸੀ, ਨਾ ਹੀ ਉਹਨਾਂ ਵਿਚ ਕੋਈ ਤਾਲਮੇਲ ਸੀ। ਆਮ ਲੋਕਾਂ ਵਿਚ ਇਸ ਬਗਾਵਤ ਬਾਰੇ ਕੋਈ ਚੇਤਨਾ ਨਹੀਂ ਸੀ। ਕੁਝ ਰਾਜ ਘਰਾਣਿਆਂ ਦੇ ਉਹ ਲੋਕੀ ਹੀ ਇਸ ਲਹਿਰ ਵਿਚ ਸ਼ਾਮਲ ਹੋਏ ਜਿਨ੍ਹਾਂ ਦੇ ਰਾਜਾਂ ਨੂੰ ਅੰਗਰੇਜ਼ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਦੇਸ਼ ਦੀਆਂ ਸਾਰੀਆਂ ਵੱਡੀਆਂ ਦੇਸੀ ਰਿਆਸਤਾਂ ਦੇ ਰਾਜੇ-ਨਵਾਬ ਅੰਗਰੇਜ਼ਾਂ ਦੇ ਹਮਾਇਤੀ ਬਣਕੇ ਉਨ੍ਹਾਂ ਦੀ ਮੱਦਦ ਕਰ ਰਹੇ ਸਨ।

ਨਾਮਧਾਰੀ ਲਹਿਰ ਸਾਹਮਣੇ ਸਪਸ਼ਟ ਮੰਤਵ-

ਪਰ ਉਸ ਵੇਲੇ ਹੋਂਦ ਵਿਚ ਆਈ ਨਾਮਧਾਰੀ (ਕੂਕਾ) ਲਹਿਰ ਦੇ ਸਾਹਮਣੇ ਪੂਰਾ ਤੇ ਸਪਸ਼ਟ ਮੰਤਵ ਸੀ। ਕੁਝ ਵਰ੍ਹੇ ਪਹਿਲਾਂ ਹੀ ਪੰਜਾਬ ਤੋਂ ਸਿੱਖਾਂ ਦਾ ਰਾਜ ਖਤਮ ਹੋਇਆ ਸੀ। ਇਹ ਸਭ ਕੁੱਝ ਗੁਰੂ ਰਾਮ ਸਿੰਘ ਜੀ ਦੀਆਂ ਅੱਖਾਂ ਦੇ ਸਾਹਮਣੇ ਵਾਪਰਿਆ ਸੀ। ਆਪਸੀ ਫੁੱਟ ਤੇ ਨਸ਼ਿਆਂ ਦੀ ਵਰਤੋਂ ਕਰਕੇ ਸਿਖਾਂ ਵਿਚ ਬੇਅੰਤ ਗਿਰਾਵਟ ਆ ਗਈ ਸੀ। ਇਸ ਦਾ ਨਤੀਜਾ ਇਹ ਨਿਕਲਿਆ ਸੀ ਕਿ ਚਹੁੰ ਪਾਸੇ ਪਤਿਤਪੁਣਾ ਵਧਦਾ ਜਾ ਰਿਹਾ ਸੀ ਤੇ ਸਿੱਖਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਸੀ। ਉਸ ਵੇਲੇ ਦੇ ਈਸਾਈ ਪਾਦਰੀਆਂ ਨੇ ਇਹ ਪੇਸ਼ੀਨਗੋਈ ਕਰਨੀ ਆਰੰਭ ਕਰ ਦਿੱਤੀ ਸੀ ਕਿ ਕੁਝ ਚਿਰ ਪਿਛੋਂ ਸਿੱਖੀ ਲਹਿਰ ਖਤਮ ਹੋ ਜਾਏਗੀ ਤੇ ਇਹ ਸਿਰਫ ਇਤਿਹਾਸ ਦੇ ਪੰਨਿਆਂ ਵਿਚ ਹੀ ਰਹਿ ਜਾਏਗੀ। ਗੁਰੂ ਰਾਮ ਸਿੰਘ ਅੱਗੇ ਦੋ ਮੰਤਵ ਬੜੇ ਸਪਸ਼ਟ ਸਨ। ਇਕ ਸਿੱਖ ਲਹਿਰ ਨੂੰ ਮੁੜ ਸੁਰਜੀਤ ਕਰਨਾ, ਉਹਨਾਂ ਵਿਚ ਆਏ ਪਤਿਤਪੁਣੇ ਦੇ ਰੁਝਾਨ ਨੂੰ ਠੱਲ੍ਹ ਪਾਉਣੀ, ਉਹਨਾਂ ਨੂੰ ਨਾਮ ਬਾਣੀ ਨਾਲ ਜੋੜਨਾ, ਅੰਮ੍ਰਿਤ ਛਕਣ ਦੀ ਪ੍ਰੰਪਰਾ ਨੂੰ ਨਵਾਂ ਰੂਪ ਰੰਗ ਦੇਣਾ ਅਤੇ 'ਸੰਤ ਖਾਲਸਾ' ਦੇ ਤਸੱਵਰ ਨੂੰ ਰੂਪਮਾਨ ਕਰਨਾ।

ਪੰਜਾਬ ਵਿਚ ਸਿੱਖ ਰਾਜ ਵੇਲੇ ਹੀ, ਲੁਧਿਆਣੇ ਵਿਚ ਜੋ ਸਿੱਖ ਰਾਜ ਦਾ ਹਿੱਸਾ ਨਹੀਂ ਸੀ, ਈਸਾਈ ਮਿਸ਼ਨਰੀ ਆ ਗਏ ਸਨ ਅਤੇ ਈਸਾਈਅਤ ਦਾ ਪ੍ਰਚਾਰ ਸ਼ੁਰੂ ਹੋ ਗਿਆ ਸੀ। ਪੂਰੇ ਪੰਜਾਬ ਤੇ ਕਾਬਜ਼ ਹੋ ਜਾਣ ਪਿਛੋਂ ਸਾਰੇ ਪੰਜਾਬ ਵਿਚ ਈਸਾਈਆਂ ਦੀਆਂ ਸਰਗਰਮੀਆਂ ਤੇਜ਼ ਹੋ ਗਈਆਂ ਸਨ ਤੇ ਅੰਗਰੇਜ਼ੀ ਸਕੂਲ ਖੁੱਲ੍ਹਣੇ ਸ਼ੁਰੂ ਹੋ ਗਏ ਸਨ। ਸਿੱਖ ਰਾਜ ਵਿਚ ਗਊਕਸ਼ੀ ਤੇ ਪੂਰੀ ਰੋਕ ਲੱਗੀ ਹੋਈ ਸੀ। ਅੰਗਰੇਜ਼ਾਂ ਦੇ ਰਾਜ ਵਿਚ ਥਾਂ ਥਾਂ ਬੁੱਚੜਖਾਨੇ ਬਣਨੇ ਸ਼ੁਰੂ ਹੋ ਗਏ ਸਨ। ਇਹ ਗੱਲ ਲੋਕਾਂ ਦੀ ਆਸਥਾ ਲਈ ਸਿੱਧੀ ਵੰਗਾਰ ਸੀ।

ਗੁਰੂ ਰਾਮ ਸਿੰਘ ਜੀ ਨੇ ਮਹਿਸੂਸ ਕਰ ਲਿਆ ਸੀ ਕਿ ਇਹਨਾਂ ਸਾਰੀਆਂ ਗੱਲਾਂ ਦੀ ਜੜ੍ਹ ਵਿਦੇਸ਼ੀ ਹਕੂਮਤ ਹੈ ਜੋ ਇੱਥੇ ਦੇ ਲੋਕਾਂ ਨੂੰ ਆਪਣੇ ਧਰਮ ਅਤੇ ਵਿਰਸੇ ਤੋਂ ਤੋੜਕੇ ਅੰਗਰੇਜ਼ੀ ਰੰਗ ਵਿਚ ਰੰਗਣਾ ਚਾਹੁੰਦੀ ਹੈ। ਇਸ ਤਰ੍ਹਾਂ ਅੰਗਰੇਜ਼ੀ ਰਾਜ ਨੂੰ ਕਮਜ਼ੋਰ ਕਰਨਾ ਉਹਨਾਂ ਦਾ ਦੂਜਾ ਵੱਡਾ ਮੰਤਵ ਬਣ ਗਿਆ। ਉਹਨਾਂ ਨੇ ਆਪਣਾ ਜਥੇਬੰਦਕ ਢਾਂਚਾ ਉਸਾਰਨ ਲਈ ਪੰਜਾਬ ਨੂੰ 22 ਖੇਤਰਾਂ ਵਿਚ ਵੰਡਕੇ 22 ਸੂਬੇ ਨਿਯੁਕਤ ਕੀਤੇ ਜਿਹੜੇ ਉਹਨਾਂ ਦੇ ਮਿਸ਼ਨ ਦੇ ਮੰਤਵ ਪ੍ਰਤੀ ਲੋਕਾਂ ਨੂੰ ਜਾਗਰੂਕ ਬਣਾਉਂਦੇ ਸਨ।

ਆਜ਼ਾਦੀ ਦੀ ਲੜਾਈ ਦੀ ਤਿਆਰੀ ਲਈ ਉਨ੍ਹਾਂ ਨੇ ਕੁਝ ਦੇਸੀ ਰਿਆਸਤਾਂ ਅਤੇ ਨਾਲ ਦੇ ਮੁਲਕਾਂ ਨਾਲ ਸੰਬੰਧ ਕਾਇਮ ਕੀਤੇ। ਕਸ਼ਮੀਰ ਦੇ ਮਹਾਰਾਜਾ ਰਣਵੀਰ ਸਿੰਘ ਦੀ ਫੌਜ ਵਿਚ ਕੂਕੇ ਸਿੰਘਾਂ ਨੇ ਭਰਤੀ ਹੋਣਾ ਸ਼ੁਰੂ ਕਰ ਦਿੱਤਾ ਤੇ ਉਥੇ ਉਨ੍ਹਾਂ ਦੀ ਇਕ ਰੈਜੀਮੈਂਟ ਵੀ ਬਣ ਗਈ।

ਗੁਰੂ ਰਾਮ ਸਿੰਘ ਨੇ ਨੇਪਾਲ ਦੇ ਪ੍ਰਧਾਨ ਮੰਤਰੀ ਰਾਣਾ ਜੰਗ ਬਹਾਦਰ ਨਾਲ ਵੀ ਸੰਬੰਧ ਕਾਇਮ ਕੀਤੇ। ਆਪਣੇ ਦੋ ਸੂਬਿਆਂ ਸਾਹਿਬ ਸਿੰਘ ਤੇ ਬਾਬਾ ਕਾਹਨ ਸਿੰਘ ਨਿਹੰਗ ਨੂੰ ਆਪਣੇ ਦੂਤ ਦੇ ਰੂਪ ਵਿਚ ਨੇਪਾਲ ਭੇਜਿਆ। ਇਸੇ ਤਰ੍ਹਾਂ ਉਨ੍ਹਾਂ ਨੇ ਕਾਬੁਲ ਦੇ ਅਮੀਰ ਨਾਲ ਵੀ ਸਾਂਝ ਪੈਦਾ ਕੀਤੀ।

ਪੰਜਾਬ ਦੇ ਲੋਕਾਂ ਦੇ ਮਨਾਂ ਵਿੱਚ ਇਹ ਗੱਲ ਚਿਰੋਕਣੀ ਵਸੀ ਹੋਈ ਸੀ ਕਿ ਇਕ ਦਿਨ ਰੂਸ ਪੰਜਾਬ ਵਿਚ ਆ ਵੜੇਗਾ। ਇਥੇ ਇਕ ਅਖਾਣ ਵੀ ਮਸ਼ਹੂਰ ਰਿਹਾ- ਜਦ ਰੂਸ ਪੰਜਾਬੇ ਆਵੇ, ਰੁਪਏ ਸੇਰ ਅੰਨ ਵਿਕਾਵੇ। ਇਸ ਗੱਲ ਦਾ ਅਹਿਸਾਸ ਇਥੇ ਰਿਹਾ ਹੈ ਕਿ ਅੰਗਰੇਜ਼ਾਂ ਦੇ ਖਿਲਾਫ ਲੜਨ ਲਈ ਰੂਸ ਵਰਗੀ ਵੱਡੀ ਤਾਕਤ ਬੜੀ ਮਦਦਗਾਰ ਸਾਬਤ ਹੋ ਸਕਦੀ ਹੈ। ਮਹਾਰਾਜਾ ਦਲੀਪ ਸਿੰਘ ਨੇ ਵੀ ਇਕ ਵਾਰ ਅੰਗਰੇਜ਼ਾਂ ਤੋਂ ਆਪਣਾ ਰਾਜ ਵਾਪਸ ਲੈਣ ਲਈ ਰੂਸ ਨਾਲ ਰਾਬਤਾ ਕਾਇਮ ਕਰਨ ਦਾ ਯਤਨ ਕੀਤਾ ਸੀ।

ਗੁਰੂ ਰਾਮ ਸਿੰਘ ਨੇ ਇੱਕ ਪੱਤਰ ਰੂਸ ਦੇ ਸਮਰਾਟ ਜ਼ਾਰ ਨੂੰ ਲਿਖਿਆ ਸੀ। ਰੂਸ ਦੇ ਸਰਕਾਰੀ ਦਸਤਾਵੇਜ਼ਾਂ ਵਿਚ ਗੁਰਮੁੱਖੀ ਅੱਖਰਾਂ ਨਾਲ ਲਿਖਿਆ ਇਹ ਪੱਤਰ ਅੱਜ ਵੀ ਸੁਰੱਖਿਅਤ ਹੈ। ਇਸ ਪੱਤਰ ਵਿਚ ਉਹਨਾਂ ਨੇ ਜ਼ਾਰ ਨੂੰ ਅੰਗਰੇਜ਼ੀ ਰਾਜ ਤੋਂ ਮੁਕਤ ਕਰਾਉਣ ਲਈ ਪੰਜਾਬ ਆਉਣ ਦਾ ਸੱਦਾ ਦਿੱਤਾ ਸੀ ਤੇ ਇਹ ਭਰੋਸਾ ਦਿੱਤਾ ਸੀ ਕਿ ਇਥੇ ਸੰਤ ਖਾਲਸਾ ਦੀ ਜੁਝਾਰੂ ਫੌਜ ਤਿਆਰ ਮਿਲੇਗੀ।

ਗੁਰੂ ਰਾਮ ਸਿੰਘ ਨੇ ਆਪਣੀ ਮੁਹਿੰਮ ਨੂੰ ਅੰਤਰ

Namdhari Elibrary NamdhariElibrary@gmail.com

ਰਾਸ਼ਟਰੀ ਪੱਧਰ ਤੇ ਉਸਾਰਨ ਦਾ ਯਤਨ ਕੀਤਾ ਸੀ। ਉਸ ਵੇਲੇ ਆਪਣੇ ਢੰਗ ਦੀ ਇਹ ਇਕ ਨਿਵੇਕਲੀ ਪਹਿਲ ਸੀ। ਨਾਮਧਾਰੀ ਲਹਿਰ ਅਚਨਚੇਤ ਉਭਰੀ ਹੋਈ ਲਹਿਰ ਨਹੀਂ ਸੀ, ਜਿਵੇਂ 1857 ਦੀ ਸਿਪਾਹੀ ਬਗਾਵਤ ਸੀ।

ਇਸ ਲਹਿਰ ਪਿੱਛੇ ਇਸਦੇ ਆਗੂ ਦੀ ਦੂਰ ਤੀਕ ਵੇਖਣ ਵਾਲੀ ਦ੍ਰਿਸ਼ਟੀ ਸੀ ਅਤੇ ਆਪਣੇ ਕਾਰਜ ਦੀ ਪੂਰਤੀ ਲਈ ਪੂਰੀ ਵਿਉਂਤਬੰਦੀ ਸੀ।

ਅੰਗਰੇਜ਼ੀ ਰਾਜ ਇਸ ਦੇਸ਼ ਉਤੇ ਹਕੂਮਤ ਤੇ ਕਰਦਾ ਹੀ ਸੀ ਨਾਲ ਹੀ ਇਥੇ ਦੀ ਮਾਲੀ ਹਾਲਤ ਨੂੰ ਵਿਗਾੜਨ, ਇਥੇ ਦੇ ਬੁਨਿਆਦੀ ਉਦਯੋਗਾਂ ਨੂੰ ਨਸ਼ਟ ਕਰਨ ਅਤੇ ਇਥੋਂ ਕੱਚਾ ਮਾਲ ਲੈ ਕੇ ਇੰਗਲੈਂਡ ਭੇਜਣਾ ਵੀ ਉਸਦਾ ਮੰਤਵ ਸੀ। ਇੰਗਲੈਂਡ ਤੇ ਉਥੋਂ ਦੀਆਂ ਬਣੀਆਂ ਵਸਤਾਂ ਨੂੰ ਇਥੇ ਦੇ ਬਜ਼ਾਰਾਂ ਵਿਚ ਭੇਜਣ ਅਤੇ ਅੰਨ੍ਹੀ ਕਮਾਈ ਕਰਨ ਦੀ ਉਸਦੀ ਯੋਜਨਾ ਸੀ।

ਗੁਰੂ ਰਾਮ ਸਿੰਘ ਨੇ ਅੰਗਰੇਜ਼ੀ ਸਰਕਾਰ ਦੀ ਇਸ ਚਾਲ ਨੂੰ ਸਮਝਿਆ ਅਤੇ ਵਿਦੇਸ਼ੀ ਵਸਤਾਂ ਦੀ ਵਰਤੋਂ ਦੇ ਬਹਿਸ਼ਕਾਰ ਦਾ ਖੁੱਲ੍ਹਾ ਐਲਾਨ ਕੀਤਾ। ਉਹਨਾਂ ਨੇ ਹੁਕਮ ਦਿੱਤਾ ਕਿ ਲੋਕੀ ਵਲਾਇਤ ਵਿਚ ਬਣੀ ਕਿਸੇ ਵੀ ਵਸਤੂ ਦੀ ਵਰਤੋਂ ਨਾ ਕਰਨ। ਉਹਨਾਂ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਨਾ ਪੜ੍ਹਾਉਣ, ਅੰਗਰੇਜ਼ਾਂ ਵਲੋਂ ਸਿਰਜੀ ਡਾਕ ਪ੍ਰਣਾਲੀ ਦਾ ਬਹਿਸ਼ਕਾਰ ਕਰਨ, ਆਪਣੇ ਝਗੜੇ ਨਿਪਟਾਉਣ ਲਈ ਅੰਗਰੇਜ਼ਾਂ ਵਲੋਂ ਬਣਾਈਆਂ ਅਦਾਲਤਾਂ ਵਿਚ ਨਾ ਜਾਣ, ਸਗੋਂ ਆਪਣੀਆਂ ਬਣਾਈਆਂ ਪੰਚਾਇਤਾਂ ਵਿਚ ਹੀ ਉਸਦੇ ਫੈਸਲੇ ਕਰਨ,ਵਿਦੇਸ਼ੀ ਚੀਜ਼ਾਂ ਦੇ ਬਹਿਸ਼ਕਾਰ ਅਤੇ ਵਿਦੇਸ਼ੀ ਹਕੂਮਤ ਨਾਲ ਪੂਰੀ ਤਰ੍ਹਾਂ ਨਾ ਮਿਲਵਰਤਨ ਜਿਹੇ ਹਥਿਆਰਾਂ ਦੀ ਵਰਤੋਂ ਉਸ ਵੇਲੇ ਦੀ ਅਨੋਖੀ ਸੋਚ ਸੀ। ਤਕਰੀਬਨ 5 ਦਹਾਕਿਆਂ ਪਿਛੋਂ ਮਹਾਤਮਾ ਗਾਂਧੀ ਨੇ ਇਨ੍ਹਾਂ ਹਥਿਆਰਾਂ ਨੂੰ ਦੇਸ਼ ਦੀ ਆਜ਼ਾਦੀ ਲਈ ਵਰਤਿਆ ਅਤੇ ਪੂਰੇ ਦੇਸ਼ ਵਿਚ ਜਨ ਜਾਗ੍ਰਿਤੀ ਦੀ ਕਾਮਯਾਬ ਮੁਹਿੰਮ ਚਲਾਈ।

ਕੋਈ ਵੀ ਲਹਿਰ ਆਪਣੇ ਮੰਤਵ ਤਕ ਪੁੱਜਣ ਵਿਚ ਲੰਮਾ ਵਕਤ ਲੈਂਦੀ ਹੈ। ਉਹ ਅਣਗਿਣਤ ਕੁਰਬਾਨੀਆਂ ਲੈਂਦੀ ਹੈ। ਅਜਿਹੀ ਲੜਾਈ ਲੜਨ ਵਾਲੇ ਸੰਗਰਾਮੀ ਆਪਣੀਆਂ ਜਾਨਾਂ ਵਾਰਦੇ ਹਨ, ਜੇਹਲਾਂ ਕੱਟਦੇ ਹਨ, ਪੁਲਿਸ ਤੇ ਫੌਜ ਦਾ ਤਸ਼ੱਦਦ ਸਹਿੰਦੇ ਹਨ ਅਤੇ ਅਨੇਕ ਤਰ੍ਹਾਂ ਦੇ ਕਸ਼ਟ ਝੱਲਦੇ ਹਨ। ਕੂਕਿਆਂ ਨਾਲ ਵੀ ਇਹ ਸਭ ਕੁੱਝ ਹੋਇਆ। ਉਹ ਫਾਂਸੀਆਂ ਤੇ ਚੜ੍ਹੇ, ਤੋਪਾਂ ਨਾਲ ਬੰਨ੍ਹ ਕੇ ਉਡਾਏ ਗਏ, ਬੜੇ ਸਾਰੇ ਲੋਕਾਂ ਨੂੰ ਜੇਹਲਾਂ ਵਿਚ ਸੁੱਟਿਆ ਗਿਆ। ਗੁਰੂ ਰਾਮ ਸਿੰਘ ਜੀ ਨੂੰ ਅੰਗਰੇਜ਼ਾਂ ਨੇ ਕੈਦ ਕਰਕੇ ਬਰਮਾ ਭੇਜ ਦਿੱਤਾ।

ਕਿਸੇ ਵੀ ਲਹਿਰ ਨੇ ਆਉਣ ਵਾਲੀਆਂ ਪੀੜ੍ਹੀਆਂ ਤੇ ਕੀ ਅਸਰ ਛੱਡਿਆ ਹੈ, ਇਹ ਵੇਖਣਾ ਮਹੱਤਵਪੂਰਨ ਹੈ।। ਨਾਮਧਾਰੀ ਲਹਿਰ ਉਨੀਵੀਂ ਸਦੀ ਦੇ ਅਖੀਰਲੇ ਵਰ੍ਹਿਆਂ ਵਿਚ ਜਨਮੀ ਤੇ ਦਬਾਈ ਗਈ। ਪਰ ਉਸਨੇ ਅਗਲੀ ਸਦੀ ਵਿਚ ਆਜ਼ਾਦੀ ਪ੍ਰਾਪਤ ਕਰਨ ਦੇ ਯਤਨਾਂ ਉਤੇ ਡੂੰਘਾ ਅਸਰ ਪਾਇਆ। ਗਾਂਧੀ ਜੀ ਦੇ ਨਾਂ ਮਿਲਵਰਤਨ ਅਤੇ ਵਿਦੇਸ਼ੀ ਚੀਜ਼ਾਂ ਦੇ ਬਹਿਸ਼ਕਾਰ ਦੀ ਮੁਹਿੰਮ ਪੂਰੀ ਤਰ੍ਹਾਂ ਨਾਮਧਾਰੀ ਲਹਿਰ ਤੋਂ ਪ੍ਰਭਾਵਿਤ ਸੀ।

ਗੁਰੂ ਰਾਮ ਸਿੰਘ ਨੇ ਆਪਣੀ ਮੁਹਿੰਮ ਨੂੰ ਅੰਤਰ ਰਾਸ਼ਟਰੀ ਪੱਧਰ ਤੇ ਉਸਾਰਨ ਦਾ ਯਤਨ ਕੀਤਾ ਸੀ। ਉਸ ਵੇਲੇ ਆਪਣੇ ਢੰਗ ਦੀ ਇਹ ਇਕ ਨਿਵੇਕਲੀ ਪਹਿਲ ਸੀ। ਨਾਮਧਾਰੀ ਲਹਿਰ ਅਚਨਚੇਤ ਉੱਭਰੀ ਹੋਈ ਲਹਿਰ ਨਹੀਂ ਸੀ, ਜਿਵੇਂ 1857 ਦੀ ਸਿਪਾਹੀ ਬਗਾਵਤ ਸੀ।

ਇਸ ਲਹਿਰ ਪਿੱਛੇ ਇਸਦੇ ਆਗੂ ਦੀ ਦੂਰ ਤੀਕ ਵੇਖਣ ਵਾਲੀ ਦ੍ਰਿਸ਼ਟੀ ਸੀ ਅਤੇ ਆਪਣੇ ਕਾਰਜ ਦੀ ਪੂਰਤੀ ਲਈ ਪੂਰੀ ਵਿਉਂਤਬੰਦੀ ਸੀ।

ਅਮਰੀਕਾ ਵਿਚ ਵੀਹਵੀਂ ਸਦੀ ਦੇ ਪਹਿਲੇ ਦੂਜੇ ਦਹਾਕੇ ਵਿਚ ਉੱਭਰੀ 'ਗਦਰ ਲਹਿਰ' ਉਤੇ ਨਾਮਧਾਰੀ ਲਹਿਰ ਦਾ ਪੂਰਾ ਅਸਰ ਸੀ। ਇਸ ਲਹਿਰ ਦੇ ਮੋਢੀ ਬਾਬਾ ਸੋਹਨ ਸਿੰਘ ਭਕਨਾ ਦਾ ਪਿਛੋਕੜ ਨਾਮਧਾਰੀ ਸੀ। 1920 ਦੇ ਦਹਾਕੇ ਵਿਚ ਪੰਜਾਬ ਵਿਚ ਜਨਮੀ ਗੁਰਦੁਆਰਾ ਸੁਧਾਰ ਲਹਿਰ ਵਿਚ ਅਕਾਲੀਆਂ ਨੇ ਪੂਰੀ ਤਰ੍ਹਾਂ ਸ਼ਾਂਤਮਈ ਰਹਿ ਕੇ ਲਾਠੀਆਂ ਗੋਲੀਆਂ ਖਾਧੀਆਂ ਸਨ ਅਤੇ ਸੰਜਮ ਵਰਤਿਆ ਸੀ, ਉਸਦੀ ਪ੍ਰੇਰਨਾ ਵੀ ਨਾਮਧਾਰੀ ਲਹਿਰ ਸੀ।

1857 ਦੇ ਸਿਪਾਹੀ ਵਿਦਰੋਹ ਨੂੰ ਬੜਾ ਵਡਿਆਇਆ ਜਾਂਦਾ ਹੈ, ਉਸਨੂੰ ਅੰਗਰੇਜ਼ਾਂ ਦੇ ਖਿਲਾਫ ਪਹਿਲਾ ਸੁਤੰਤਰਤਾ ਸੰਘਰਸ਼ ਕਿਹਾ ਜਾਂਦਾ ਹੈ। ਨਾਮਧਾਰੀ ਲਹਿਰ, ਜੋ ਸਹੀ ਅਰਥਾਂ ਵਿਚ ਪਹਿਲਾ ਸੁਤੰਤਰਤਾ ਸੰਗਰਾਮ ਸੀ, ਨੂੰ ਉਸ ਤਰ੍ਹਾਂ ਯਾਦ ਨਹੀਂ ਕੀਤਾ ਜਾਂਦਾ ਜਿਸ ਤਰ੍ਹਾਂ ਕਰਨਾ ਚਾਹੀਦਾ ਹੈ। ਲੋਕਾਂ ਨੂੰ ਇਸ ਬਾਰੇ ਜਾਗਰੂਕ ਕਰਨ ਦੀ ਬੜੀ ਲੋੜ ਹੈ। ■

Namdhari Elibrary NamdhariElibrary@gmail.com

ਪੰਥ ਨ ਚਲੇ ਬਾਝ ਗੁਣ ਸ਼ਕਤੀ

✍ ਸੀ. ਆਰ. ਮੋਦਗਿਲ

ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਪੰਜਾਬ ਦੇ ਰਾਜਨੀਤਕ ਹਾਲਾਤ ਹੀ ਨਹੀਂ ਵਿਗੜੇ, ਸਗੋਂ ਧਾਰਮਿਕ ਪਤਨ ਵੀ ਅੰਗਰੇਜ਼ੀ ਸਾਮਰਾਜ ਦੀ ਕੁਟਲ ਨੀਤੀ ਕਾਰਨ ਪਸਰਨ ਲੱਗ ਗਿਆ। ਅੰਗਰੇਜ਼ਾਂ ਨੇ ਪੰਜਾਬ ਵਿਚ ਬੁੱਚੜਖਾਨੇ ਖੋਲ੍ਹਣ ਅਤੇ ਗਊਆਂ ਨੂੰ ਮਾਰਨ ਦੀ ਆਗਿਆ ਦੇ ਦਿੱਤੀ। ਹਾਲਾਤ ਇਥੋਂ ਤੱਕ ਵਿਗੜ ਗਏ ਕਿ ਹਰਿਮੰਦਰ ਸਾਹਿਬ ਦੇ ਸਰੋਵਰ ਦੇ ਪਵਿੱਤਰ ਜਲ ਵਿਚੋਂ ਵੀ ਹੱਡੀਆਂ ਮਿਲਣ ਲੱਗ ਗਈਆਂ। ਸਤਿਗੁਰੂ ਰਾਮ ਸਿੰਘ ਜੀ ਤੋਂ ਇਹ ਗੱਲ ਝੱਲੀ ਨਹੀਂ ਸੀ ਜਾ ਰਹੀ।

-ਹਰ ਆਤਮਾ ਪ੍ਰਮਾਤਮਾ ਦਾ ਅੰਸ਼-

ਮੈਂ ਇਹ ਗੱਲ ਖਿੜੇ ਮੱਥੇ ਪਰਵਾਨ ਕਰਕੇ ਆਰੰਭ ਕਰਦਾ ਹਾਂ ਕਿ ਮੇਰੇ ਇਹਨਾਂ ਅਨੁਭਵਾਂ ਵਿਚ ਆਸਥਾ ਦੇ ਅੰਸ਼ ਵਧੇਰੇ ਹੋਣਗੇ। ਮੂਲ ਰੂਪ ਵਿਚ ਗੁਰਬਾਣੀ ਦੇ ਮਹਾਂਵਾਕ ਦੀ ਗੱਲ ਹੀ ਕਰਨੀ ਹੀ ਬਣਦੀ ਹੈ ਕਿ ਮਨ ਤੂੰ ਜੋਤ ਸਰੂਪ ਹੈਂ ਆਪਣਾ ਮੂਲ ਪਛਾਣ।। ਇਸ ਮਾਤਲੋਕ ਵਿਚ ਆਈ ਹਰ ਆਤਮਾ ਉਸ ਪਰਮ ਪਿਤਾ ਪਰਮਾਤਮਾ ਦਾ ਅੰਸ਼ ਹੈ। ਉਸ ਸਰਬਸ਼ਕਤੀਮਾਨ ਵਲੋਂ ਪਾਈ ਜੋਤ ਜਦੋਂ ਤੱਕ ਕਿਸੇ ਸਰੀਰ ਵਿਚ ਬਿਰਾਜਮਾਨ ਹੈ, ਤਦ ਤੱਕ ਉਹ ਪ੍ਰਾਣੀ ਹੈ ਅਤੇ ਜਦੋਂ ਇਸ ਜੋਤ ਨੂੰ ਉਹ ਪਰਮ ਪੁਰਖ ਆਪਣੇ ਚਰਨਾਂ ਵਿੱਚ ਸੱਦ ਲੈਂਦਾ ਹੈ ਤਾਂ ਨਿਸਪ੍ਰਾਣ ਦੇਹ ਧਰਤ ਤੇ ਬੋਝ ਹੋ ਜਾਂਦੀ ਹੈ ਅਤੇ ਉਸਦਾ ਨਿਪਟਾਰਾ ਆਪਣੀਆਂ ਆਪਣੀਆਂ ਧਾਰਮਿਕ ਅਤੇ ਸਮਾਜਿਕ ਰੀਤਾਂ ਅਨੁਸਾਰ ਕਰ ਦਿੱਤਾ ਜਾਂਦਾ ਹੈ। ਆਪਣੇ ਮੂਲ ਦੀ ਸੋਝੀ ਅਤੇ ਪਹਿਚਾਣ ਵਾਲੀਆਂ ਆਤਮਾਵਾਂ ਉਸ ਪਰਮ ਸੱਤ ਵਿਚ ਅਭੇਦ ਹੋ ਜਾਂਦੀਆਂ ਹਨ।

ਹੁਣ ਪ੍ਰਸ਼ਨ ਸਾਹਵੇਂ ਆਉਂਦਾ ਹੈ ਕਿ ਇਹ ਸੱਚ ਪ੍ਰਵਾਨ ਕਰਨ ਤੋਂ ਪਿਛੋਂ ਕੀ ਹਰ ਜੋਤ ਉਸ ਪਰਮ ਪਿਤਾ ਦਾ ਅੰਸ਼ ਹੈ, ਕੀ ਸਾਰੀ ਸ੍ਰਿਸ਼ਟੀ ਅਤੇ ਪ੍ਰਾਣੀ ਮਾਤਰ ਨੂੰ ਇਕੋ ਜਿਹੀ ਸੋਝੀ ਜਾਂ ਸਮਰੱਥਾ ਪ੍ਰਾਪਤ ਹੁੰਦੀ ਹੈ। ਇਥੇ ਮੈਂ ਮੰਨਦਾ ਹਾਂ ਕਿ ਰੌਸ਼ਨੀ ਕਰਨ ਵਾਲੇ ਹਰ ਬਿਜਲੀ ਜੰਤਰ ਵਿਚ ਇਕ ਸ਼ਕਤੀ ਤਾਂ ਹੈ ਪਰ ਉਸ ਦੀ ਸਮਰੱਥਾ ਵੱਖੋ ਵੱਖਰੀ ਹੁੰਦੀ ਹੈ। ਕੁਝ ਬਲਬ ਹਨ ਜੋ ਰਾਤ ਵੇਲੇ ਕੇਵਲ ਹਨੇਰੇ ਕਮਰੇ ਵਿੱਚ ਚਾਨਣ ਕਰਨ ਦੇ ਸਮਰੱਥ ਹੁੰਦੇ ਹਨ। ਕੁਝ ਇਸ ਤੋਂ ਵੱਧ ਸ਼ਕਤੀ ਵਾਲੇ ਪੂਰੇ ਘਰ ਵਿਚ ਰੌਸ਼ਨੀ ਕਰ ਸਕਦੇ ਹਨ, ਕਈ ਇਕ ਚੌਰਸਤੇ ਤੇ ਲੱਗਦੇ ਹਨ ਤੇ ਚਾਰੇ ਪਾਸਿਆਂ ਨੂੰ ਚਾਨਣ ਦਿੰਦੇ ਹਨ ਪਰ ਕਈ ਵਿਚ ਸਮੁੰਦਰ ਦੇ ਕਿਨਾਰੇ ਖੜ੍ਹੇ ਹੋ ਕੇ ਭਟਕੇ ਜਹਾਜ਼ਾਂ ਨੂੰ ਰਾਹ ਦਰਸਾਉਣ ਦੀ ਸਮਰੱਥਾ ਵੀ ਰੱਖਦੇ ਹਨ। ਇਹਨਾਂ ਨੂੰ ਲਾਈਟ ਹਾਊਸ ਕਹਿ ਕੇ ਸਤਿਕਾਰਿਆ ਜਾਂਦਾ ਹੈ। ਇਹ ਸਮਰੱਥਾ ਵੀ ਮੇਰਾ ਮੰਨਣਾ ਹੈ ਕਿ ਪੂਰਬਲੇ ਜਨਮਾਂ ਦੇ ਕੀਤੇ ਕਰਮਾਂ ਸਦਕਾ ਮਾਲਕ ਵਲੋਂ ਹੀ ਪ੍ਰਦਾਨ ਕੀਤੀ ਜਾਂਦੀ ਹੈ। ਅਜਿਹੀ ਸਮਰੱਥਾ ਅਤੇ ਸ਼ਕਤੀ ਵਾਲੇ ਇਕ ਮਹਾਨ ਪੁਰਖ, ਇਕ ਨਿਰਭੈ ਜੋਧੇ ਅਤੇ ਸੱਚੇ ਗੁਰੂ ਦੀ ਗੱਲ ਮੈਂ ਇਸ ਸੰਦਰਭ ਵਿਚ ਕਰਾਂਗਾ।

ਮਹਾਨ ਪ੍ਰਤਿਭਾ-

ਉਕਤ ਵਰਣਤ ਸ਼ਕਤੀਆਂ ਅਤੇ ਸਮਰੱਥਾ ਦਾ ਸੰਬੰਧ ਕਿਸੇ ਵੀ ਜਾਤ, ਗੋਤ, ਧਰਮ ਜਾਂ ਫਿਰਕੇ ਨਾਲ ਨਹੀਂ ਹੁੰਦਾ। ਇਹ ਤਾਂ ਉਸ ਸਰਬਸ਼ਕਤੀਮਾਨ ਦੇ ਕਰਮ ਅਤੇ ਪਿਛਲੇ ਜਨਮਾਂ ਦੇ ਕੀਤੇ ਆਪਣੇ ਕਾਰਜਾਂ ਤੇ ਅਧਾਰਿਤ ਹੁੰਦਾ ਹੈ। ਇਸ ਤੋਂ ਅੱਗੇ ਗੱਲ ਆਉਂਦੀ ਹੈ ਕਿ ਕੇਵਲ ਮਾਨਵ ਨੂੰ ਹੀ ਸ੍ਰਿਸ਼ਟੀ ਰਚੈਤਾ ਨੇ ਬੁੱਧੀ ਅਤੇ ਆਪਣੀ ਇੱਛਾ ਅਨੁਸਾਰ ਕਰਮ ਕਰਨ ਦੀ ਸ਼ਕਤੀ ਪ੍ਰਦਾਨ ਕੀਤੀ ਹੈ। ਉਹ ਆਪਣੀ ਇੱਛਾ ਅਨੁਸਾਰ ਆਪਣੇ ਕਾਰਜ ਨੂੰ

Namdhari Elibrary NamdhariElibrary@gmail.com

ਠੀਕ ਜਾਂ ਗਲਤ ਪ੍ਰਭਾਵਿਤ ਕਰ ਸਕਦਾ ਹੈ ਅਤੇ ਉਸੇ ਅਨੁਸਾਰ ਕਾਰਜ ਕਰ ਸਕਦਾ ਹੈ ਪਰ ਇਸ ਦਾ ਫਲ ਜੋ ਮਾਲਕ ਨੇ ਆਪਣੇ ਹੱਥ ਰੱਖਿਆ ਹੋਇਆ ਹੈ, ਉਸ ਨੂੰ ਮਿਲਦਾ ਹੈ। ਜੇ ਕਿਸੇ ਰਸਭਿੰਨੇ ਫਲ ਦਾ ਬੂਟਾ ਜੰਗਲ ਵਿੱਚ ਵੀ ਹੋ ਸਕਦਾ ਹੈ, ਤਾਂ ਇਹ ਵੀ ਉਸਦੇ ਕਰਮਾਂ ਦਾ ਫਲ ਹੀ ਹੈ।

ਅਜਿਹੀ ਇਕ ਮਹਾਨ ਪ੍ਰਤਿਭਾ ਦਾ ਜਨਮ 3 ਫਰਵਰੀ 1816 ਈ. ਨੂੰ ਰਾਈਆਂ-ਸ੍ਰੀ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) ਵਿਖੇ ਮਾਤਾ ਸਦਾ ਕੌਰ ਦੀ ਕੁੱਖੋਂ ਸ. ਜੱਸਾ ਸਿੰਘ ਦੇ ਘਰ ਹੋਇਆ। ਆਪ ਜੀ ਦੇ ਪਿਤਾ ਤਰਖਾਣੇ ਦਾ ਕੰਮ ਕਰਦੇ ਸਨ। ਆਪ ਜੀ ਦੇ ਜੀਵਨ ਬ੍ਰਿਤਾਂਤ ਦੀ ਮੈਂ ਬਹੁਤੀ ਗੱਲ ਨਹੀਂ ਕਰਾਂਗਾ, ਕੇਵਲ ਇੰਨਾਂ ਹੀ ਜ਼ਰੂਰੀ ਹੈ ਕਿ ਆਪ ਨੇ 1836 ਤੋਂ 1845 ਤੱਕ ਫੌਜ ਦੀ ਨੌਕਰੀ ਵੀ ਕੀਤੀ, ਜੋ ਮਾਲਕ ਵਲੋਂ ਦਿੱਤੇ ਗਏ ਵਡੇਰੇ ਕਾਰਜ ਦੀ ਪੂਰਤੀ ਨੂੰ ਮੁੱਖ ਰੱਖਦਿਆਂ ਛੱਡ ਦਿੱਤੀ। ਡਾਕਟਰ ਨਵਰਤਨ ਕਪੂਰ ਅਨੁਸਾਰ "ਬਾਬਾ ਜੀ ਹਜਰੋਂ ਵਾਲੇ ਬਾਬਾ ਬਾਲਕ ਸਿੰਘ ਦੇ ਪ੍ਰਵਚਨਾਂ ਤੋਂ ਬਹੁਤ ਪ੍ਰਭਾਵਿਤ ਹੋਏ।" ਇਸ ਤੱਥ ਦੀ ਪੁਸ਼ਟੀ ਮਹੰਤ ਗਣੇਸ਼ਾ ਸਿੰਘ ਕ੍ਰਿਤ ਗ੍ਰੰਥ 'ਭਾਰਤ ਮਤ ਦਰਪਣ' ਵਿਚੋਂ ਵੀ ਹੁੰਦੀ ਹੈ। ਇਸ ਸੰਬੰਧੀ ਇੰਨਾਂ ਹੀ ਕਹਾਂਗਾ ਕਿ ਗੁਰੂ ਪਦਵੀ ਲਈ ਇਹ ਸਥਾਨ ਸਹਾਈ ਹੋਇਆ ਅਤੇ ਫੌਜੀ ਜਵਾਨ ਰਾਮ ਸਿੰਘ ਗੁਰੂ ਸ਼ਬਦ ਦੀ ਪੂਰਨ ਸਾਰਥਕਤਾ ਰੱਖਦਿਆਂ ਹੋਇਆਂ ਜਿਵੇਂ ਅੰਧਕਾਰ ਵਿਚੋਂ ਆਪਣੇ ਮਿਸ਼ਨ ਲਈ ਰੌਸ਼ਨੀ ਲੱਭ ਪੈਣ ਉਤੇ ਫੌਜ ਨੂੰ ਛੱਡ ਕੇ ਮਾਲਕ ਦੇ ਰੰਗ ਵਿਚ ਰੰਗੇ ਗਏ। ਗੁਰਮੁਖੀ ਦੀ ਪੜ੍ਹਾਈ ਅਤੇ ਗੁਰਮਤ ਨਾਲ ਸਨੇਹ ਆਪ ਜੀ ਨੂੰ ਫੌਜੀ ਸੇਵਾ ਦੌਰਾਨ ਹੀ ਹੋ ਗਿਆ ਸੀ। ਇਸ ਸਮੇਂ ਦੇ ਦੌਰਾਨ ਜੋ ਵੀ ਆਪ ਜੀ ਦੀ ਸੰਗਤ ਵਿੱਚ ਆਇਆ, ਆਪ ਜੀ ਦੇ ਰੰਗ ਵਿਚ ਰੰਗਿਆ ਗਿਆ। ਫਿਰ ਆਪ ਨੇ ਭੈਣੀ ਸਾਹਿਬ ਆ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਨਾਮ ਵਿੱਚ ਰੱਤੇ ਲੋਕਾਂ ਦੀ ਸੰਪ੍ਰਦਾਇ ਨਾਮਧਾਰੀ ਦੀ ਸਥਾਪਨਾ ਕੀਤੀ।

ਇਹ ਸ਼ੁਭ ਦਿਹਾੜਾ 1857 ਈ. ਦੀ ਵਸਾਖੀ ਦਾ ਸੀ। 12 ਅਪ੍ਰੈਲ ਨੂੰ ਸਤਿਗੁਰੂ ਜੀ ਨੇ ਨਾਮਧਾਰੀ ਸੰਪ੍ਰਦਾਇ ਦੀ ਸਥਾਪਨਾ ਦਾ ਐਲਾਨ ਕਰ ਦਿੱਤਾ। ਇਸ ਸੰਪ੍ਰਦਾਇ ਦੇ ਨਿਯਮ, ਨਿਤਨੇਮ, ਰਹਿਤ ਮਰਯਾਦਾ, ਕਾਰਜ ਆਦਿ ਪੂਰੀ ਤਰ੍ਹਾਂ ਐਲਾਨੇ ਗਏ। ਨਾਮ ਦੇ ਰਸੀਏ ਹੋਣ ਕਰਕੇ ਜਦੋਂ ਇਹ ਮਸਤੀ ਵਿੱਚ ਆ ਕੇ ਉੱਚੀ ਉੱਚੀ ਕੂਕਾਂ ਮਾਰਦੇ ਸਨ, ਤਾਂ ਇਹਨਾਂ ਨੂੰ ਕੂਕਿਆਂ ਦਾ ਮੱਤ ਵੀ ਕਿਹਾ ਜਾਣ ਲੱਗ ਪਿਆ। ਇਸ ਦੇ ਨਾਲ ਹੀ 'ਕੂਕਾ' ਸ਼ਬਦ ਇਕ ਵੰਗਾਰ, ਫੁੰਕਾਰ ਅਤੇ ਚੈਲੰਜ ਦਾ ਲਖਾਇਕ ਵੀ ਹੈ। ਇਹ ਅਰਥ ਵੀ ਉਨਾ ਹੀ ਸਾਰਥਕ ਹੈ ਜਿੰਨਾਂ ਵਜੂਦ ਵਿਚ ਆਏ ਨਾਮ ਸਿਮਰਨ ਵਾਲੇ ਭਗਤਾਂ ਕਰਕੇ ਬਣਦਾ ਹੈ।

ਇਥੇ ਹੀ ਗਿਆਤ ਮਾਹਨੀ ਬਣਦੀ ਹੈ ਉਹਨਾਂ ਇਤਿਹਾਸਕ ਪ੍ਰਸਥਿਤੀਆਂ ਉਪਰ ਜਿਨ੍ਹਾਂ ਦਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਵਿਚਾਰਧਾਰਾ ਨਾਲ ਸਿੱਧਾ ਸੰਬੰਧ ਸੀ। ਸਤਿਗੁਰੂ ਜੀ ਨੇ ਵੇਖਿਆ ਕਿ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਪਿਛੋਂ ਪੰਜਾਬ ਦੇ ਰਾਜਨੀਤਕ ਹਾਲਾਤ ਹੀ ਨਹੀਂ ਵਿਗੜੇ, ਸਗੋਂ ਧਾਰਮਿਕ ਪਤਨ ਵੀ ਅੰਗਰੇਜ਼ੀ ਸਾਮਰਾਜ ਦੀ ਕੁਟਲ ਨੀਤੀ ਕਾਰਨ ਪਸਰਨ ਲੱਗ ਗਿਆ। ਅੰਗਰੇਜ਼ਾਂ ਨੇ ਪੰਜਾਬ ਵਿਚ ਬੁੱਚੜਖਾਨੇ ਖੋਲ੍ਹਣ ਅਤੇ ਗਊਆਂ ਨੂੰ ਮਾਰਨ ਦੀ ਆਗਿਆ ਦੇ ਦਿੱਤੀ। ਹਾਲਾਤ ਇਥੋਂ ਤੱਕ ਵਿਗੜ ਗਏ ਕਿ ਹਰਿਮੰਦਰ ਸਾਹਿਬ ਦੇ ਸਰੋਵਰ ਦੇ ਪਵਿੱਤਰ ਜਲ ਵਿਚੋਂ ਵੀ ਹੱਡੀਆਂ ਮਿਲਣ ਲੱਗ ਗਈਆਂ। ਸਤਿਗੁਰੂ ਰਾਮ ਸਿੰਘ ਜੀ ਤੋਂ ਇਹ ਗੱਲ ਝੱਲੀ ਨਹੀਂ ਸੀ ਜਾ ਰਹੀ। ਉਹਨਾਂ ਇਸ ਦਾ ਵਿਰੋਧ ਕੀਤਾ ਪਰ ਅੰਗਰੇਜ਼ੀ ਸਰਕਾਰ ਤੇ ਇਸਦਾ ਕੋਈ ਅਸਰ ਨਾ ਹੋਇਆ। ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਵਿਚ ਇਹਨਾਂ ਬੁੱਚੜਖਾਨਿਆਂ ਦਾ ਪੂਰੀ ਚੜ੍ਹਤ ਨਾਲ ਬੋਲਬਾਲਾ ਹੋ ਗਿਆ।

ਸਿੱਖ ਪੰਥ ਦੇ ਪ੍ਰਸਿੱਧ ਤੀਰਥਾਂ ਉਪਰ ਪੁਜਾਰੀਆਂ ਦੀਆਂ ਮਨ-ਮਾਨੀਆਂ ਚੱਲਣ ਲੱਗ ਪਈਆਂ ਸਨ। ਇੱਥੋਂ ਤੱਕ ਕਿ ਸਤਿਗੁਰੂ ਜੀ ਜਦੋਂ ਹਰਿਮੰਦਰ ਸਾਹਿਬ ਗਏ ਤਾਂ ਆਪ ਜੀ ਵਲੋਂ ਚੜ੍ਹਾਇਆ ਗਿਆ ਪ੍ਰਸ਼ਾਦ ਵੀ ਪ੍ਰਵਾਨ ਨਾ ਕੀਤਾ ਗਿਆ। ਜਦੋਂ ਆਪ ਜੀ ਅਨੰਦਪੁਰ ਗਏ ਤਾਂ ਇੱਥੇ ਵੀ ਆਪ ਵਲੋਂ ਕਰਵਾਈ ਗਈ 25 ਰੁਪਏ ਦੀ ਅਰਦਾਸ ਨੂੰ ਨਜ਼ਰ-ਅੰਦਾਜ਼ ਕੀਤਾ ਗਿਆ। ਗੁਰੂ ਨਾਨਕ ਦੇ ਨਾਮ ਲੇਵਾ ਇਸਤਰੀ ਜਾਤੀ ਨੂੰ ਬਰਾਬਰਤਾ ਦਾ ਹੱਕ ਦੇਣ ਤੋਂ ਮੁਨਕਰ ਹੋਣ ਲੱਗ ਪਏ। ਇਥੋਂ ਤੱਕ ਕਿ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਤਾਂ ਕੋਈ ਮਰਯਾਦਾ ਹੀ ਨਹੀਂ ਸੀ। ਚੜ੍ਹਦੀ ਕਲਾ ਦੀ ਮੰਗ ਅਰਦਾਸੇ ਵਿਚ ਕਰਨ ਵਾਲੇ ਰਸਾਤਲ ਵੱਲ ਨੂੰ ਜਾ ਰਹੇ ਸਨ। ਇੰਝ ਅਹਿਸਾਸ ਹੋ ਰਿਹਾ ਸੀ ਕਿ ਇਹ ਧਾਰਮਿਕ ਮਰਯਾਦਾਵਾਂ ਨੂੰ ਭੁੱਲ ਰਹੇ ਹਨ ਅਤੇ ਸਰਕਾਰ ਦੀ ਚਿਮਚਾਗਿਰੀ ਕਰਕੇ ਆਪਣੀ ਹੋਂਦ ਬਰਕਰਾਰ ਰੱਖ ਰਹੇ ਹਨ।

ਸਮੱਸਿਆਵਾਂ ਦਾ ਹੱਲ–

ਇਹਨਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਅਤੇ ਅੰਗਰੇਜ਼ੀ ਸਾਮਰਾਜ ਨੂੰ ਚੁਣੌਤੀ ਦੇਣ ਲਈ ਕਿਸੇ ਸ਼ਕਤੀਵਾਨ ਅਤੇ ਗੁਣੀ ਪ੍ਰਤਿਭਾ ਦੀ ਲੋੜ ਸੀ। ਸਤਿਗੁਰੂ ਰਾਮ ਸਿੰਘ ਜੀ ਕੋਲ ਫੌਜੀ ਸੇਵਾ ਦਾ ਅਨੁਭਵ ਵੀ ਸੀ ਅਤੇ ਅੰਦਰ ਇੱਕ ਸ਼ਕਤੀਸ਼ਾਲੀ ਜੋਤ ਵੀ ਮਾਲਕ ਨੇ ਸਥਾਪਿਤ ਕੀਤੀ ਹੋਈ ਸੀ। ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਕਈ ਵਿਦਵਾਨਾਂ (ਜੋ ਪੁਨਰ

Namdhari Elibrary NamdhariElibrary@gmail.com

ਜਨਮ ਦੇ ਸਮਰਥਕ ਹਨ) ਦਾ ਇਹ ਮੱਤ ਵੀ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਜਾਮੇ ਵਿਚ ਸੱਚੇ ਪਾਤਸ਼ਾਹ ਦਸਮ ਪਿਤਾ ਦੀ ਪੁਨਰ ਜੋਤ ਸੀ। ਫਿਰ ਨਾਮ ਦੇ ਸਿਮਰਨ ਦੀ ਸ਼ਕਤੀ ਅਤੇ ਬਿਨਾਂ ਕਿਸੇ ਨਿਜੀ ਹਿੱਤਾਂ ਦੇ ਆਪਣੇ ਦੇਸ਼ ਪ੍ਰਤੀ ਸੁਹਿਰਦ ਸੋਚ ਨੇ ਗੁਰੂ ਸਾਹਿਬ ਨੂੰ ਉਹ ਸਮਰੱਥ ਪ੍ਰਤਿਭਾ ਬਣਾ ਦਿੱਤਾ ਸੀ, ਜਿਸ ਦੀ ਇਸ ਅੰਧਕਾਰ ਤੇ ਅਧੋਗਤੀ ਸਮੇਂ ਵਿੱਚ ਲੋੜ ਸੀ।

ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਇਸ ਨਾਮਧਾਰੀ ਪੰਥ ਨੂੰ ਸਭ ਤੋਂ ਪਹਿਲਾਂ ਨਾਮ ਸਿਮਰਨ ਦੀ ਸਿੱਖਿਆ ਹੀ ਦਿੱਤੀ ਜਾਂਦੀ ਸੀ ਅਤੇ ਅਗਲਾ ਹੁਕਮ ਹੁੰਦਾ ਸੀ ਕਿ ਤੁਸੀਂ ਸਰੀਰਕ ਤੌਰ ਤੇ ਪੂਰਨ ਰਿਸ਼ਟ-ਪੁਸ਼ਟ ਹੋਵੋ, ਨਾਮ ਜਪੋ, ਕਿਰਤ ਕਰੋ ਅਤੇ ਨਾਲ ਹੀ ਸਵੱਛ ਤੇ ਸਦਾਚਾਰਕ ਜੀਵਨ ਦੀ ਪਰਿਭਾਸ਼ਾ, ਸਵੈ ਰੱਖਿਆ ਅਤੇ ਗਊ ਗਰੀਬ ਦੀ ਰੱਖਿਆ ਵੀ ਸਮਝੋ। ਜੇਕਰ ਕਿਰਪਾਨ ਉਪਰ ਸਰਕਾਰ ਨੇ ਪਾਬੰਦੀ ਲਗਾ ਦਿੱਤੀ ਹੈ, ਤਾਂ ਤੁਸੀਂ ਸੋਟਾ ਫੜ੍ਹ ਕੇ ਜਾਂ ਸਫਾਜੰਗ ਲੈ ਕੇ ਇਹਨਾਂ ਦੀ ਸਿਖਲਾਈ ਲਵੋ। ਘੋੜ ਸਵਾਰੀ, ਗਤਕਾ, ਪਲੱਥੇਬਾਜੀ ਦੇ ਕਰਤਬ ਸਿੱਖੋ। ਸਾਫ ਮਨ ਰਹੋ, ਸਾਫ ਸੁਥਰੇ ਸਫੇਦ ਕੱਪੜੇ ਪਹਿਨੋ ਅਤੇ ਮਿਠਬੋਲੜੇ ਬਣੋ, ਇਸਤਰੀ ਨੂੰ ਬਰਾਬਰ ਦਾ ਸਤਿਕਾਰ ਦੇਵੋ। ਸਤਿਗੁਰੂ ਜੀ ਨੇ ਸੱਤਾ ਦਾ ਵਿਕੇਂਦਰੀਕਰਨ ਸਿਧਾਂਤ ਦਿੱਤਾ ਅਤੇ ਥਾਪੇ ਗਏ ਸੂਬਿਆਂ ਵਿਚ ਬੀਬੀਆਂ ਨੂੰ ਵੀ ਪ੍ਰਤੀਨਿਧਤਾ ਦਿੱਤੀ ਅਤੇ ਦੇਸ਼ ਦੀ ਆਨ ਲਈ ਕੁਰਬਾਨ ਹੋਣ ਦਾ ਜਜ਼ਬਾ ਪੈਦਾ ਕੀਤਾ। ਅੰਗਰੇਜ਼ ਵਲੋਂ ਕੀਤਾ ਜਾ ਰਿਹਾ ਪ੍ਰਹਾਰ - ਦੁੱਧ ਘਿਉ ਦੀ ਥਾਂ ਚਾਹ - ਹੱਸ ਕੇ ਠੁਕਰਾ ਦਿਓ ਅਤੇ ਦੁੱਧ ਘਿਉ ਦੀ ਵਰਤੋਂ ਕਰੋ। ਸਭ ਤੋਂ ਵੱਡੀ ਸਿੱਖਿਆ ਸੀ ਕਿ ਸੰਗਠਿਤ ਹੋ ਕੇ ਅੰਗਰੇਜ਼ੀ ਹਕੂਮਤ ਦਾ ਬਾਈਕਾਟ ਕਰੋ। ਇਸ ਗੱਲ ਦੀ ਪ੍ਰੋੜਤਾ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਵੀ ਆਪਣੇ ਸ਼ਬਦਾਂ ਵਿਚ ਕੀਤੀ ਹੈ ਕਿ "ਮਹਾਤਮਾ ਗਾਂਧੀ ਵਲੋਂ ਚਲਾਈ ਗਈ ਨਾ-ਮਿਲਵਰਤਨ ਦੀ ਲਹਿਰ ਦੇ ਮੋਢੀ ਅਸਲ ਵਿੱਚ ਪੰਜਾਹ ਵਰ੍ਹੇ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਸਨ।" ਮੇਰੇ ਵਤਨ ਦੇ ਹੋਰ ਵੀ ਬਹੁਤ ਮਹਾਨ ਲੋਕਾਂ ਨੇ ਆਪ ਜੀ ਦੇ ਕੀਤੇ ਕਾਰਜਾਂ ਨੂੰ ਸੁਤੰਤਰਤਾ ਸੰਗਰਾਮ ਦਾ ਆਰੰਭ ਮੰਨਿਆ ਹੈ। ਮੈਂ ਇਹਨਾਂ ਵਿਚੋਂ ਗੁਰੁਦੇਵ ਰਵਿੰਦਰ ਨਾਥ ਟੈਗੋਰ ਦੀ ਗੱਲ ਜ਼ਰੂਰ ਕਰਨਾ ਚਾਹਾਂਗਾ ਜੋ ਇਹ ਕਹਿੰਦੇ ਹਨ "ਸਤਿਗੁਰੂ ਰਾਮ ਸਿੰਘ ਜੀ ਦੇ ਚਲਾਏ ਨਾਮਧਾਰੀ ਪੰਥ ਨੇ ਜੋ ਕੁਰਬਾਨੀਆਂ ਕੀਤੀਆਂ ਹਨ, ਦੇਸ਼ ਨੂੰ ਸਦਾ ਉਹਨਾਂ ਉਪਰ ਮਾਣ ਰਹੇਗਾ।"

> ***ਇਸ ਨਾ ਮਿਲਵਰਤਨ ਲਹਿਰ ਦੀ ਸੰਜੀਦਗੀ ਇਹ ਸੀ ਕਿ ਨਾਮਧਾਰੀ ਅੰਗਰੇਜ਼ ਦੀ ਬਣਾਈ ਕਿਸੇ ਵੀ ਵਸਤੂ ਦੀ ਵਰਤੋਂ ਨਹੀਂ ਸਨ ਕਰਦੇ। ਚਰਖੇ ਆਪਣੇ, ਸੂਤ ਆਪਣਾ, ਕੱਪੜਾ ਆਪਣਾ, ਇਥੋਂ ਤੱਕ ਕਿ ਸਿਮਰਨਾ ਵੀ ਆਪਣਾ ਅਤੇ ਗੜਵਾ ਵੀ ਆਪਣਾ ਦੇਸੀ। ਅੰਗਰੇਜ਼ ਦੀ ਬਣਾਈ ਸੜਕ ਉਪਰ ਨਹੀਂ ਤੁਰਨਾ, ਰਸਤੇ ਤੇ ਲਗਾਈਆਂ ਸਰਕਾਰੀ ਕਿੱਕਰਾਂ ਦੀ ਛਾਂ ਵੀ ਨਹੀਂ ਬੈਠਣਾ, ਅੰਗਰੇਜ਼ਾਂ ਦੇ ਕਾਨੂੰਨ ਅਤੇ ਅਦਾਲਤਾਂ ਦਾ ਬਾਈਕਾਟ ਤੋਂ ਵੀ ਅੱਗੇ ਡਾਕ ਪ੍ਰਬੰਧ ਵੀ ਆਪਣਾ।***

ਇਸ ਨਾ ਮਿਲਵਰਤਨ ਲਹਿਰ ਦੀ ਸੰਜੀਦਗੀ ਇਹ ਸੀ ਕਿ ਨਾਮਧਾਰੀ ਅੰਗਰੇਜ਼ ਦੀ ਬਣਾਈ ਕਿਸੇ ਵੀ ਵਸਤੂ ਦੀ ਵਰਤੋਂ ਨਹੀਂ ਸਨ ਕਰਦੇ। ਚਰਖੇ ਆਪਣੇ, ਸੂਤ ਆਪਣਾ, ਕੱਪੜਾ ਆਪਣਾ, ਇਥੋਂ ਤੱਕ ਕਿ ਸਿਮਰਨਾ ਵੀ ਆਪਣਾ ਅਤੇ ਗੜਵਾ ਵੀ ਆਪਣਾ ਦੇਸੀ। ਅੰਗਰੇਜ਼ ਦੀ ਬਣਾਈ ਸੜਕ ਉਪਰ ਨਹੀਂ ਤੁਰਨਾ, ਰਸਤੇ ਤੇ ਲਗਾਈਆਂ ਸਰਕਾਰੀ ਕਿੱਕਰਾਂ ਦੀ ਛਾਂ ਵੀ ਨਹੀਂ ਬੈਠਣਾ, ਅੰਗਰੇਜ਼ਾਂ ਦੇ ਕਾਨੂੰਨ ਅਤੇ ਅਦਾਲਤਾਂ ਦਾ ਬਾਈਕਾਟ ਤੋਂ ਵੀ ਅੱਗੇ ਡਾਕ ਪ੍ਰਬੰਧ ਵੀ ਆਪਣਾ। ਇਥੇ ਹੀ ਜ਼ਿਕਰ ਕਰਨਾ ਬਣਦਾ ਹੈ ਕਿ ਜੇ ਕਿਸੇ ਪ੍ਰਸ਼ਾਦਾ ਛਕਦੇ ਕੂਕੇ ਕੋਲ ਡਾਕ ਆ ਗਈ ਤੇ ਉਸਨੇ ਉਹ ਅੱਗੇ ਪਹੁੰਚਾਉਣੀ ਹੁੰਦੀ ਸੀ ਤਾਂ ਭੋਜਨ ਵਿੱਚ ਹੀ ਛੱਡ ਕੇ ਉਹ ਆਪਣੇ ਰਸਤੇ ਪੈ ਜਾਂਦਾ। ਸਾਰੀ ਡਾਕ ਸੇਵਾ ਮੁਫਤ ਅਤੇ ਗੁਪਤ ਹੁੰਦੀ ਸੀ। ਸਰੀਰਕ ਬਲ ਦੇ ਨਾਲ ਹੀ ਸੈਨਿਕ ਬਲ ਵੀ ਜ਼ਰੂਰੀ ਸੀ, ਇਸ ਲਈ ਕਸ਼ਮੀਰ ਵਿਚ ਇਕ ਡੋਗਰਾ ਫੌਜ ਤਿਆਰ ਕਰਨੀ ਆਰੰਭ ਕਰ ਦਿੱਤੀ।

ਸਤਿਗੁਰੂ ਜੀ ਜਿਸ ਪਾਸੇ ਵੀ ਜਾਂਦੇ ਤਾਂ ਘੋੜੇ ਤੇ ਸਵਾਰ ਨਾਲ ਹਥਿਆਰਬੰਦ ਸੇਵਕ ਅਤੇ ਬਹੁਤ ਸਾਰੇ ਪੈਦਲ ਸੇਵਕ ਵੀ ਹੁੰਦੇ ਸੀ। ਇਹ ਗੱਲ ਅੰਗਰੇਜ਼ ਸਰਕਾਰ ਤੋਂ ਝੱਲੀ ਨਹੀਂ ਸੀ ਜਾ ਰਹੀ। ਫਿਰ ਨਾਮਧਾਰੀ ਸਿੱਖਾਂ ਵਲੋਂ ਬੁੱਚੜਾਂ ਨੂੰ ਸੋਧਾ ਲਾਉਣਾ। ਅੰਗਰੇਜ਼ ਨੂੰ ਬਹਾਨਾ ਚਾਹੀਦਾ ਸੀ। ਉਹਨਾਂ ਕੂਕਿਆਂ ਨੂੰ ਘਰੋਂ ਉਜਾੜਨ ਤੋਂ ਇਲਾਵਾ, ਤੋਪਾਂ ਅੱਗੇ ਉਡਾਉਣ ਦੇ ਹੁਕਮ ਦੇ ਦਿੱਤੇ। ਪਰ ਕੂਕੇ ਸਨ ਕਿ ਆਪਣੇ ਗੁਰੂ ਦੇ ਹੁਕਮ ਦੀ ਪਾਲਣਾ ਲਈ ਕੁਰਬਾਨ ਹੋਣਾ ਖੁਸ਼ਕਿਸਮਤੀ ਸਮਝਦੇ ਸਨ। ਉਨ੍ਹਾਂ ਦੀ ਇਹ ਮੰਗ ਹੁੰਦੀ ਸੀ ਕਿ ਉਹਨਾਂ ਨੂੰ ਫਾਂਸੀ ਚਮੜੇ ਦਾ ਤੰਦਾ ਗਲ ਵਿਚ ਪਾ ਕੇ ਨਾ ਦਿੱਤੀ ਜਾਵੇ, ਸਗੋਂ ਰੱਸੇ ਨਾਲ ਫਾਂਸੀ ਦਾ ਫੰਦਾ ਤਿਆਰ ਕੀਤਾ ਜਾਵੇ ਅਤੇ ਉਹ ਫੰਦਾ ਵੀ ਉਨ੍ਹਾਂ ਦੇ ਗਲ ਵਿਚ ਹੋਰ ਕੋਈ ਨਹੀਂ ਪਾਵੇਗਾ, ਉਹ ਆਪ ਪਾਉਣਗੇ। ਇਸ ਤਰ੍ਹਾਂ ਤੋਪਾਂ ਦੇ ਨਾਲ ਉਹਨਾਂ ਨੂੰ ਨਰੜਨ ਦੀ ਲੋੜ ਨਹੀਂ, ਸਗੋਂ ਉਹ ਆਪ ਤੋਪਾਂ ਦੇ ਅੱਗੇ ਖੜ੍ਹੇ ਹੋਣਗੇ। ਜੇ ਕਿਸੇ

Namdhari Elibrary NamdhariElibrary@gmail.com

ਸਿੰਘ ਦਾ ਕੱਦ ਤੋਪ ਦੇ ਵਾਰ ਤੋਂ ਹੇਠ ਰਹਿ ਗਿਆ, ਤਾਂ ਉਹ ਭੱਜ ਕੇ ਇੱਟਾਂ-ਢੀਮਾਂ ਚੁੱਕ ਕੇ ਲੈ ਆਇਆ ਅਤੇ ਉਹਨਾਂ ਉੱਪਰ ਖੜ੍ਹਾ ਹੋ ਕੇ ਤੋਪ ਦੇ ਹਾਣ ਦਾ ਹੋ ਗਿਆ। ਕੋਈ ਬਾਲਕ ਅੰਗਰੇਜ਼ ਦੀ ਦਾੜ੍ਹੀ ਨੂੰ ਚਿੰਬੜ ਗਿਆ ਅਤੇ ਟੋਟੇ ਟੋਟੇ ਕਰ ਕੇ ਹੀ ਲਾਹਿਆ ਗਿਆ। ਮਾਵਾਂ ਇਕੱਲੇ ਇਕੱਲੇ ਬੱਚਿਆਂ ਨੂੰ ਸ਼ਹੀਦ ਹੁੰਦਿਆਂ ਵੇਖਣ ਲਈ ਆਪ ਆਉਣ ਲੱਗ ਗਈਆਂ। ਇਹਨਾਂ ਕੁਰਬਾਨੀਆਂ ਨੇ ਅੰਗਰੇਜ਼ ਸਰਕਾਰ ਨੂੰ ਮਜ਼ਬੂਰ ਕਰ ਦਿੱਤਾ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਦਿੱਤਾ ਜਾਵੇ। ਪਰ ਇਸ ਤੋਂ ਪਹਿਲਾਂ ਉਹਨਾਂ ਨੇ ਨੇਪਾਲ, ਰੂਸ ਅਤੇ ਕਈ ਹੋਰ ਦੇਸ਼ਾਂ ਨਾਲ ਸੰਬੰਧ ਸਥਾਪਿਤ ਕਰ ਲਏ ਸਨ।

ਹੁਕਮਨਾਮੇ-

ਸਤਿਗੁਰੂ ਜੀ ਬਾਹਰੋਂ ਵੀ ਆਪਣੇ ਹੁਕਮਨਾਮੇ ਭੇਜਦੇ ਹਨ, ਜੋ ਸੰਗਤ ਦਾ ਮਾਰਗ ਦਰਸ਼ਨ ਕਰਦੇ ਸਨ। ਇਸ ਲਾਸਾਨੀ ਮਹਾਨ ਪ੍ਰਤਿਭਾ ਦੇ ਕਾਰਜਾਂ ਦਾ ਵਿਖਿਆਨ ਤਾਂ ਬਹੁਤ ਕਠਿਨ ਕੰਮ ਹੈ ਪਰ ਆਪ ਵਲੋਂ ਚਲਾਈ ਕੂਕਾ ਲਹਿਰ ਦੇ ਸਿੰਘਾਂ ਨੂੰ ਮਿਲਕੇ ਜੋ ਅਨੰਦ ਅੱਜ ਵੀ ਆਉਂਦਾ ਹੈ, ਉਸ ਤੋਂ ਇਹ ਸਾਫ਼ ਹੈ ਕਿ ਸਤਿਗੁਰੂ ਜੀ ਵਿਚ ਜ਼ਰੂਰ ਹੀ ਕਿਸੇ ਮਹਾਨ ਅਤੇ ਪਵਿੱਤਰ ਰੂਹ ਨੇ ਵਾਸਾ ਕੀਤਾ ਹੋਇਆ ਸੀ। ਅੱਜ ਵੀ ਆਪ ਜੀ ਦੇ ਪੰਥ ਦੇ ਇਹ ਅਸੂਲ ਕਾਇਮ ਹਨ ਕਿ ਪੁਰਸ਼ ਪ੍ਰਧਾਨ ਸਮਾਜ ਵਿਚ ਨਾਰੀ ਦੀ ਹੋਂਦ ਦਾ ਬਰਾਬਰੀ ਵਾਲਾ ਸਤਿਕਾਰ ਹੈ। ਬੱਚੀਆਂ ਨੂੰ ਸਿੱਖਿਆ ਦੇਣੀ ਅਤੇ ਨਾਮ ਸਿਮਰਨ ਦਾ ਅਭਿਆਸ ਹੈ। ਵਿਆਹਾਂ ਸ਼ਾਦੀਆਂ ਵਿਚ ਸਾਦਗੀ ਅਤੇ ਅੰਤਰਜਾਤੀ ਵਿਆਹ, ਵਿਧਵਾ ਵਿਆਹ, ਵੱਟੇ ਤੇ ਬੰਦਿਸ਼, ਸਮੂਹਿਕ ਵਿਆਹ, ਮਾਸ ਸ਼ਰਾਬ ਦੀ ਪਾਬੰਦੀ ਵਰਗੇ ਨਿਯਮ ਅੱਜ ਵੀ ਸਤਿਗੁਰੂ ਰਾਮ ਸਿੰਘ ਜੀ ਨੂੰ ਹਾਜ਼ਰ ਨਾਜ਼ਰ ਸਮਝਕੇ ਨਿਭਾਏ ਜਾਂਦੇ ਹਨ।

ਇਸ ਤੋਂ ਅੱਗੇ ਇਸ ਪੰਥ ਦੀ ਮਹਾਨ ਸੇਵਾ ਹੈ ਲੰਗਰ ਸੇਵਾ। ਇਸ ਗੱਲ ਦਾ ਜ਼ਿਕਰ ਮੈਂ ਆਪਣੇ ਨਿਜੀ ਅਨੁਭਵ ਵਿਚੋਂ ਹੀ ਕਰਨਾ ਚਾਹੁੰਦਾ ਹਾਂ ਕਿ ਸ੍ਰੀ ਭੈਣੀ ਸਾਹਿਬ ਤਾਂ ਇਸ ਸੇਵਾ ਦਾ ਅਨੰਦ ਬਹੁਤ ਵਾਰ ਮਾਣਿਆ ਹੈ। ਜੇ ਸ੍ਰੀ ਜੀਵਨ ਨਗਰ ਗਏ ਤਾਂ ਮਸਤਾਨਗੜ੍ਹ ਦੇ ਲੰਗਰ ਦੀ ਠਾਠ ਦੇਖੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਸੇਵਕ ਨਾਮਧਾਰੀ ਸਿੰਘਾਂ ਨੂੰ ਟਰਾਂਟੋ ਵਿਚ ਲੰਗਰ ਦੀ ਸੇਵਾ ਕਰਦਿਆਂ ਵੇਖਿਆ ਤਾਂ ਮਨੋਂ ਇਹ ਸ਼ਬਦ ਨਿਕਲੇ ਕਿ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਇਹ ਤੁਹਾਡੀ ਅੰਦਰਲੀ ਸ਼ਕਤੀ ਹੀ ਹੈ, ਜਿਸ ਦਾ ਆਪ ਜੀ ਦੇ ਗੁਣਾਂ ਨਾਲ ਸੁਮੇਲ ਹੋਇਆ ਅਤੇ ਅਜਿਹਾ ਅਦੁੱਤੀ ਪੰਥ ਤੁਸੀਂ ਵਿਸ਼ਵ ਨੂੰ ਦਿੱਤਾ ਕਿਉਂਕਿ 'ਪੰਥ ਨ ਚਲੇ ਬਾਝ ਗੁਣ ਸ਼ਕਤੀ'। ■

ਮੈਂ ਬਸੰਤ ਹਾਂ

✍ ਸਾਧੂ ਸਿੰਘ ਕਿਸਾਨ

ਲੈ ਜੀ ਬੈਠਿਆਂ ਅੱਜ ਧਿਆਨ ਅੰਦਰ,
ਮੈਂ ਜਾ ਪਹੁੰਚਿਆ ਇੱਕ ਗੁਲਜ਼ਾਰ ਦੇ ਵਿੱਚ।
ਉਥੇ ਜਾ ਕੇ ਨਵੇਂ ਈ ਰੰਗ ਵੇਖੇ,
ਨਵੇਂ ਖੇਲ ਸੀ ਨਵੇਂ ਸੰਸਾਰ ਦੇ ਵਿਚ।
ਨਵੇਂ ਸਾਜ਼ ਤੇ ਨਵੇਂ ਈ ਗੌਣ ਵਾਲੇ,
ਨਵੀਆਂ ਸੁਰਾਂ ਸਨ ਨਵੇਂ ਸਿਤਾਰ ਦੇ ਵਿੱਚ।
ਗੀਤ ਨਵੇਂ ਈ ਬੁਲਬੁਲਾਂ ਗੌਂਦੀਆਂ ਸੀ,
ਨਵਾਂ ਸੁਆਦ ਸੀ ਨਵੇਂ ਮਲ੍ਹਾਰ ਦੇ ਵਿੱਚ।
ਵੀਣਾਂ ਨਵੀਂ ਦੇ ਨਾਲ ਪਈ ਗਾਂਵਦੀ ਸੀ,
ਰਾਣੀ ਬਾਗ ਦੀ ਨਵਾਂ ਈ ਵੇਸ ਕਰਕੇ।
ਸਾਰੇ ਬਾਗ ਦੇ ਵਿੱਚ ਪ੍ਰਸੰਨਤਾ ਸੀ,
ਨਹੀਂ ਸੀ ਦੁਖੀ ਕੋਈ ਕਿਸੇ ਕਲੇਸ਼ ਕਰਕੇ।

ਓਹਦਾ ਵੇਖ ਕੇ ਸ਼ਾਨ ਹੈਰਾਨ ਹੋ ਕੇ,
ਥੋੜਾ ਝੱਕਦਾ ਪਿਛਾਂ ਹੋ ਬਹਿ ਗਿਆ ਮੈਂ।
ਹੈ ਸਾਂ ਭਾਵੇਂ ਦਲੇਰ ਪਰ ਤੇਜ ਓਹਦਾ,
ਵੇਖ ਵੇਖ ਕੇ ਬਹੁਤ ਹੀ ਛਹਿ ਗਿਆ ਮੈਂ।
ਕਿਹਾ ਜੀਭ ਨੂੰ ਬੜਾ ਪਰ ਤੱਤੜੀ ਨੇ,
ਮੰਨੀ ਇੱਕ ਨਾਂ ਹਾਰ ਕੇ ਰਹਿ ਗਿਆ ਮੈਂ।
ਆਖਰ ਨਾਲ ਅਧੀਨਗੀ ਟੇਕ ਮੱਥਾ,
ਬਿਨਾਂ ਬੋਲਿਆਂ ਹੀ ਸਭ ਕੁਝ ਕਹਿ ਗਿਆ ਮੈਂ।
ਮੇਰਾ ਵੇਖ ਕੇ ਹਾਲ ਤੇ ਜਾਣ ਦਿਲ ਦੀ,
ਲੱਗੀ ਕਹਿਣ ਓਹ ਨਾਲ ਦੁਲਾਰ ਮੈਨੂੰ।
ਮੈਂ ਬਸੰਤ ਹਾਂ, ਦਾਸੀ ਅਨੰਤ ਠਾਕੁਰ।
ਤੂੰ ਨਹੀਂ ਜਾਣਦਾ? ਜਾਣੇ ਸੰਸਾਰ ਮੈਨੂੰ।

ਉਡੀਕ

✍ ਸੁਰਮੁਖ ਸਿੰਘ ਸ਼ਾਇਰ

ਤੈਨੂੰ ਤੇਰੇ ਆਪਣੇ ਪੁਕਾਰਦੇ ਨੀ ਥੱਕਦੇ!
ਸਾਂਭ ਸਾਂਭ ਤੇਰੀਆਂ ਨਿਸ਼ਾਨੀਆਂ ਨੂੰ ਰੱਖਦੇ!
ਆਏਂਗਾ ਜਰੂਰ ਮੁੜ ਛੇਤੀ ਪਰਦੇਸ ਤੋਂ!
ਤੇਰੇ ਬਾਰੇ ਸਾਰਿਆਂ ਨੂੰ ਚੀਨੀ ਵਾਲੇ ਦੱਸਦੇ!
ਕਰਕੇ ਉਡੀਕ ਬੀਤ ਚੁੱਕੀਆਂ ਨੇ ਉਮਰਾਂ,
ਫਿਰ ਵੀ ਉਡੀਕ ਵਿਚ ਨਾਂ ਲੈ ਕੇ ਹੱਸਦੇ!
ਤੇਰੇ ਜੇਹਾ ਲੱਭਣਾ ਨੀ ਆਖ ਬੈਠਾ ਸੁਰਮੁਖ,
ਰਾਹ ਤੇਰਾ ਝੱਲਿਆਂ ਦੇ ਵਾਂਗ ਰਹਿੰਦੇ ਤੱਕਦੇ!!

Namdhari Elibrary NamdhariElibrary@gmail.com

ਕੂਕਾ ਲਹਿਰ ਦਾ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ

✍ ਜਗਦੀਸ਼ ਸਿੰਘ ਵਰਿਆਮ

ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਇਸ ਸੰਘਰਸ਼ਸ਼ੀਲ ਜਥੇਬੰਦੀ ਨੇ ਆਜ਼ਾਦੀ ਹਾਸਿਲ ਕਰਨ ਵਾਸਤੇ ਨਾ ਮਿਲਵਰਤਨ ਅਤੇ ਸੁਦੇਸ਼ੀ ਨੂੰ ਇਕ ਅਹਿਮ ਰਾਜਸੀ ਹਥਿਆਰ ਵਜੋਂ ਈਜ਼ਾਦ ਕੀਤਾ ਅਤੇ ਸਰਗਰਮੀ ਨਾਲ ਵਰਤਿਆ। ਆਪਣਾ ਨਿਆਂ ਪ੍ਰਬੰਧ ਕਾਇਮ ਕੀਤਾ, ਸਰਕਾਰੀ ਸਿਖਿਆ ਪ੍ਰਬੰਧ, ਸਕੂਲਾਂ, ਡਾਕਖਾਨਿਆਂ ਆਵਾਜਾਈ ਦੇ ਸਾਧਨਾਂ ਦਾ ਮੁਕੰਮਲ ਬਾਈਕਾਟ ਕੀਤਾ।

ਨਾਮਧਾਰੀ ਲਹਿਰ ਦਾ ਸਥਾਨ–

ਭਾਰਤ ਨੂੰ ਗ਼ੁਲਾਮੀ ਦੀਆਂ ਜ਼ੰਜੀਰਾਂ ਵਿਚ ਜਕੜਨ ਲਈ ਪਹਿਲਾਂ ਤਾਂ ਉੱਤਰ ਪੱਛਮ ਵਲੋਂ ਹਮਲਾਵਰ ਆਉਂਦੇ ਰਹੇ। ਉਹ ਤੇਗ ਦੇ ਬਲ ਨਾਲ ਭਾਰਤੀਆਂ ਦੇ ਧਨ, ਮਾਲ ਤੇ ਇੱਜ਼ਤ ਆਬਰੂ ਨੂੰ ਘੱਟੇ ਕੌਡੀਆਂ ਰੋਲਦੇ ਰਹੇ। ਸਿੱਖ ਸੂਰਿਆਂ ਨੇ ਜਾਨਾਂ ਹੂਲ ਕੇ ਉਹਨਾਂ ਦਾ ਰਾਹ ਪਿਛਾਂਹ ਨੂੰ ਮੋੜਿਆ। ਇਹਨਾਂ ਕਾਬਲ, ਕੰਧਾਰ ਨੂੰ ਭਾਜੜਾਂ ਪਾ ਕੇ ਪੰਜਾਬ ਵਿਚ ਰਾਜ ਕਾਇਮ ਕੀਤਾ। ਰਣਜੀਤ ਸਿੰਘ ਦੀ ਸ਼ਹਿਨਸ਼ਾਹਤ ਸਮੇਂ ਸੁਖ ਦਾ ਸਾਹ ਆਇਆ ਤਾਂ ਦੱਖਣ ਪੂਰਬ ਵਲੋਂ ਗੋਰੇ ਵਿਦੇਸ਼ੀਆਂ ਨੇ ਪੰਜਾਬ ਹੀ ਨਹੀਂ ਸਾਰੇ ਭਾਰਤ ਦੀ ਧਰਤੀ ਨੂੰ ਲਤਾੜਿਆ। ਪੰਜਾਬ ਤਾਂ 1849 ਈ. ਨੂੰ ਗੁਲਾਮ ਹੋਇਆ। ਉਸ ਸਮੇਂ ਕੂਕਾ ਲਹਿਰ ਨੇ ਗੋਰੇ ਅੰਗਰੇਜ਼ ਹਾਕਮਾਂ ਦੀ ਨੀਂਦ ਹਰਾਮ ਕਰ ਦਿੱਤੀ।

ਸ਼ਬਦ 'ਕੂਕਾ' ਜਾਂ 'ਨਾਮਧਾਰੀ' ਸਮ-ਅਰਥੀ ਹਨ। ਪ੍ਰਸਿੱਧ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਲਿਖਦੇ ਹਨ-

"ਸਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਚਾਰੀ
ਕੂਕ ਮਾਰਨੈ ਤੈ ਕੂਕੇ ਜਗਤ ਪ੍ਰਧਾਨ ਹੈ।

ਕੂਕਾ ਜਾਂ ਨਾਮਧਾਰੀ ਲਹਿਰ ਦਾ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਮੋਹਰੀ ਅਸਥਾਨ ਹੈ। ਇਹ ਸੰਗਰਾਮ ਭਾਰਤ ਉਤੇ ਅੰਗਰੇਜ਼ ਸਾਮਰਾਜ ਦੇ ਮੁਕੰਮਲ ਕਬਜ਼ੇ ਤੋਂ ਸੱਤ ਸਾਲ ਬਾਅਦ ਹੀ ਸ਼ੁਰੂ ਹੋ ਗਿਆ ਸੀ। ਇਤਿਹਾਸਕਾਰ ਸ. ਨਾਹਰ ਸਿੰਘ ਦੇ ਸ਼ਬਦਾਂ ਵਿਚ-

"ਅੰਗਰੇਜ਼ਾਂ ਨੇ 1849 ਵਿਚ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਮਹਾਰਾਜਾ ਦਲੀਪ ਸਿੰਘ ਨੂੰ ਗੱਦੀ ਤੋਂ ਲਾਹ ਕੇ ਪੰਜਾਬ ਨੂੰ ਆਪਣੀ ਅਮਲਦਾਰੀ ਨਾਲ ਮਿਲਾ ਲਿਆ। ਇਸ ਨਾਲ ਅੰਗਰੇਜ਼ੀ ਰਾਜ ਦੀਆਂ ਹੱਦਾਂ ਹਿੰਦੁਸਤਾਨ ਵਿਚ ਹਿੰਦ ਮਹਾਂਸਾਗਰ ਤੋਂ ਲੈ ਕੇ ਸਿੰਧ ਦਰਿਆ ਤੋਂ ਪਾਰ ਖ਼ੈਬਰ ਤੱਕ ਪੁੱਜ ਗਈਆਂ। ਇਸ ਤੋਂ ਸੱਤ ਸਾਲ ਬਾਅਦ ਸੰਮਤ 1914 ਵਿਚ ਨਾਮਧਾਰੀ ਲਹਿਰ ਦੀ ਬੁਨਿਆਦ ਰੱਖੀ ਗਈ। ਇਸ ਲਹਿਰ ਦਾ ਸਿੱਧਾ ਅਸਰ ਸਿੱਖੀ ਧਰਮ ਪ੍ਰਚਾਰ, ਸਿਖੀ ਜੀਵਨ ਅਤੇ ਪੰਜਾਬ ਦੀ ਸਿਆਸਤ ਤੇ ਪਿਆ। ਨੱਬੇ ਸਾਲ ਯਾ ਸੰਨ 1947 ਤਕ ਅੰਗਰੇਜ਼ੀ ਹਕੂਮਤ ਦੇ ਵਿਦੇਸ਼ੀ ਅਤੇ ਦੇਸੀ ਕਰਮਚਾਰੀਆਂ ਨੂੰ ਇਸ ਲਹਿਰ ਦੀ ਸੁਆਹ ਦੇ ਢੇਰਾਂ ਵਿਚੋਂ ਭੀ ਐਸੀਆਂ ਚੰਗਿਆੜੀਆਂ ਦੇ ਭੁਲੇਖੇ ਅਤੇ ਭੁਚੱਕੇ ਪੈਂਦੇ ਰਹੇ ਜੋ ਕਿਸੇ ਵਕਤ ਭਾਂਬੜ ਦੀ ਸ਼ਕਲ ਅਖਤਿਆਰ ਕਰਕੇ ਹਕੂਮਤ ਲਈ ਖੌਫਨਾਕ ਤਬਾਹੀ ਦਾ ਕਾਰਨ ਬਣ ਸਕਦੀਆਂ ਸਨ। ਅਨਿਆਏ, ਜ਼ੁਲਮ, ਜ਼ਬਰ, ਧੱਕਾ ਸਖਤੀਆਂ, ਕੈਦਾਂ, ਝੂਠੇ ਮੁਕੱਦਮੇ ਅਤੇ ਜਾਇਦਾਦਾਂ ਦੀਆਂ ਜ਼ਬਤੀਆਂ ਆਦਿ ਹਕੂਮਤ ਦੇ ਹਥਿਆਰ ਨਾਮਧਾਰੀਆਂ ਨੂੰ ਨਾਸ਼ ਕਰਨ ਵਿਚ ਅਸਫਲ ਹੋਏ।

ਸੰਘਰਸ਼ਸ਼ੀਲ ਜਥੇਬੰਦੀ–

ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ

Namdhari Elibrary NamdhariElibrary@gmail.com

ਇਸ ਸੰਘਰਸ਼ਸ਼ੀਲ ਜਥੇਬੰਦੀ ਨੇ ਆਜ਼ਾਦੀ ਹਾਸਿਲ ਕਰਨ ਵਾਸਤੇ ਨਾ ਮਿਲਵਰਤਨ ਅਤੇ ਸੁਦੇਸ਼ੀ ਨੂੰ ਇਕ ਅਹਿਮ ਰਾਜਸੀ ਹਥਿਆਰ ਵਜੋਂ ਈਜ਼ਾਦ ਕੀਤਾ ਅਤੇ ਸਰਗਰਮੀ ਨਾਲ ਵਰਤਿਆ। ਆਪਣਾ ਨਿਆਂ ਪ੍ਰਬੰਧ ਕਾਇਮ ਕੀਤਾ, ਸਰਕਾਰੀ ਸਿਖਿਆ ਪ੍ਰਬੰਧ, ਸਕੂਲਾਂ, ਡਾਕਖਾਨਿਆਂ ਆਵਾਜਾਈ ਦੇ ਸਾਧਨਾਂ ਦਾ ਮੁਕੰਮਲ ਬਾਈਕਾਟ ਕੀਤਾ। ਦੇਸੀ ਹੱਥ ਦੇ ਬੁਣੇ ਕੱਪੜੇ, ਦੇਸੀ ਰਹਿਣ ਸਹਿਣ ਅਤੇ ਖੇਲਖਾਣੀ ਦੀ ਵਰਤੋਂ ਕਰਦਿਆਂ ਪੱਛਮੀ ਰਸਮੋਂ ਰਿਵਾਜ, ਵਸਤੂਆਂ ਦਾ ਬਹਿਸ਼ਕਾਰ ਵੀ ਕੀਤਾ ਅਤੇ ਆਪਣੇ ਮੰਤਵ ਤੇ ਚਲਦਿਆਂ ਹੱਸ ਹੱਸ ਕੇ ਕੁਰਬਾਨੀਆਂ ਦਿੱਤੀਆਂ, ਫਾਂਸੀਆਂ ਦੇ ਰੱਸੇ ਚੁੰਮੇ, ਤੋਪਾਂ ਅਗੇ ਉਡ ਕੇ ਸ਼ਹੀਦੀਆਂ ਪਾਈਆਂ, ਕੁਰਕੀਆਂ, ਜੇਹਲਾਂ, ਜੂਹਬੰਦੀਆਂ ਅਤੇ ਜਲਾਵਤਨੀਆਂ ਦੀਆਂ ਸਜ਼ਾਵਾਂ ਦੀ ਭੁਗਤੀਆਂ।

ਸੰਨ 1818 ਵਿਚ ਅੰਗਰੇਜ਼ ਹਕੂਮਤ ਨੇ ਇਕ ਬੰਗਾਲ ਰੈਗੂਲੇਸ਼ਨ ਐਕਟ ਬਣਾਇਆ ਸੀ। ਇਸ ਦੀ ਧਾਰਾ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਬਗੈਰ ਮੁਕੱਦਮਾਂ ਚਲਾਇਆਂ, ਬਗੈਰ ਦੋਸ਼ ਸਾਬਿਤ ਕੀਤਿਆਂ, ਬਗੈਰ ਵਕੀਲ, ਅਪੀਲ, ਦਲੀਲ ਦੇ ਕੈਦ ਕੀਤਾ ਜਾ ਸਕਦਾ ਸੀ, ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਸੀ।। ਸੰਨ 1818 ਈ. ਵਿਚ ਬਣੇ ਇਸ ਐਕਟ ਦਾ ਪਹਿਲੀ ਵਾਰ ਪ੍ਰਯੋਗ 54 ਸਾਲ ਬਾਅਦ ਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪੈਰੋਕਾਰ ਕੂਕਿਆਂ ਤੇ ਕੀਤਾ ਗਿਆ। ਸਤਿਗੁਰੂ ਰਾਮ ਸਿੰਘ ਜੀ ਨੂੰ ਉਹਨਾਂ ਦੇ ਮੁਖੀ ਸਿੱਖਾਂ, ਜਿਨ੍ਹਾਂ ਨੂੰ ਸੂਬੇ ਕਿਹਾ ਜਾਂਦਾ ਸੀ, ਸਮੇਤ ਸ੍ਰੀ ਭੈਣੀ ਸਾਹਿਬ (ਪੰਜਾਬ) ਮੁੱਖ ਕੇਂਦਰ ਤੋਂ ਗ੍ਰਿਫਤਾਰ ਕਰਕੇ ਪਹਿਲਾਂ ਅਲਾਹਾਬਾਦ ਵਿਸ਼ੇਸ਼ ਰੇਲ ਗੱਡੀ ਤੇ ਭੇਜਿਆ ਗਿਆ। ਫੇਰ ਗੁਰੂ ਸਾਹਿਬ ਨੂੰ ਤਾਂ ਬਰ੍ਹਮਾਂ ਦੇਸ਼ ਵਿਚ ਰੰਗੂਨ ਸ਼ਹਿਰ ਵਿਚ ਉਸੇ ਬੰਗਲੇ ਵਿਚ ਰੱਖਿਆ ਗਿਆ ਜਿਥੇ ਆਖਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫਰ ਨੂੰ ਰੱਖਿਆ ਗਿਆ ਸੀ। ਉਸ ਤੋਂ ਬਾਅਦ ਮਰਗੋਈ ਜਿਹੇ ਟਾਪੂਆਂ ਤੇ ਰੱਖਿਆ ਗਿਆ। ਦੂਸਰੇ ਸੂਬੇ, ਦੇਸ਼ ਵਿਦੇਸ਼ ਦੀਆਂ ਥਾਵਾਂ, ਹਜ਼ਾਰੀ ਬਾਗ, ਮੌਲਮੀਨ, ਚੁਨਾਰ, ਅਦਨ ਆਦਿ ਥਾਵਾਂ ਤੇ ਨਜ਼ਰਬੰਦ ਕੀਤੇ ਗਏ।

ਕੂਕਿਆਂ ਦੀਆਂ ਸ਼ਹਾਦਤਾਂ-

ਮਲੇਰਕੋਟਲਾ ਵਿਚ 17-18 ਜਨਵਰੀ 1872 ਨੂੰ ਦੋ ਦਿਨਾਂ ਵਿਚ 66 ਕੂਕੇ ਸਿੰਘਾਂ ਨੂੰ ਆਮ ਲੋਕਾਈ ਦੇ ਸਾਹਮਣੇ ਤੋਪਾਂ ਨਾਲ ਉਡਾ ਦਿੱਤਾ ਗਿਆ। ਕਲਕੱਤਾ ਤੋਂ ਨਿਕਲਣ ਵਾਲੇ ਅੰਗਰੇਜ਼ੀ ਅਖਬਾਰ 'ਦੀ ਇੰਗਲਿਸ਼ ਮੈਨ' ਨੇ 31 ਜਨਵਰੀ 1872 ਨੂੰ ਇਵੇਂ ਖਬਰ ਦਿੱਤੀ ਸੀ-

"ਕੂਕਿਆਂ ਦੇ ਮਲੇਰਕੋਟਲੇ ਵਿਖੇ ਸ਼ਹਾਦਤ ਦੇ ਸਮੇਂ ਉਥੇ ਦੇਸ਼ ਵਾਸੀਆਂ ਦੀ ਇਕ ਤਗੜੀ ਭੀੜ ਇਸ ਭਿਆਨਕ ਸਾਕੇ ਨੂੰ ਵੇਖਣ ਲਈ ਇਕੱਠੀ ਹੋ ਗਈ ਅਤੇ ਸਾਨੂੰ ਦੇਸੀ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਇਸ ਦਾ ਸਾਰੀ ਖਲਕਤ ਤੇ ਬਹੁਤ ਅਸਰ ਪਿਆ।

ਨੌਂ ਤੋਪਾਂ ਪੁਜੀਸ਼ਨ ਵਿਚ ਰੱਖੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਸੱਤ ਮੌਤ ਦੇ ਕਾਰੇ ਵਾਸਤੇ ਸਨ ਜਦ ਕਿ ਦੋ ਰਾਖੀ ਲਈ ਸਨ। ਪਿਆਦਾ ਫੌਜ ਦੀਆਂ ਛੇ ਕੰਪਨੀਆਂ ਅਤੇ ਚਾਰ ਸੌ ਘੋੜ ਸਵਾਰ ਮੈਦਾਨ ਦੀ ਰਾਖੀ ਕਰ ਰਹੇ ਸਨ। ਦਰਸ਼ਕਾਂ ਵਿਚ ਹਜ਼ਾਰ ਔਰਤਾਂ ਤੋਂ ਇਲਾਵਾ ਮਲੇਰਕੋਟਲਾ ਅਤੇ ਆਲੇ ਦੁਆਲੇ ਦੇ ਨਗਰਾਂ ਅਤੇ ਪਿੰਡਾਂ ਦੀ ਬਹੁਤ ਸਾਰੀ ਮਰਦਾਨਾ ਆਬਾਦੀ ਸੀ। ਉਹਨਾਂ ਜਿਹੜਾ ਨਜ਼ਾਰਾ ਵੇਖਿਆ ਉਸ ਨੂੰ ਜਦੋਂ ਵੀ ਯਾਦ ਕਰਨਗੇ ਡਰ ਭਾਓ ਨਾਲ ਹੀ ਕਰਨਗੇ....."

ਮਲੇਰਕੋਟਲੇ ਵਿਚ ਵਾਪਰਨ ਵਾਲਾ ਨਰਸਿੰਘਾਰ ਦਾ ਇਕ ਅਤਿ ਭਿਆਨਕ ਸਾਕਾ, ਇਸ ਤੋਂ ਪਹਿਲਾਂ ਅੰਮ੍ਰਿਤਸਰ, ਰਾਏਕੋਟ ਆਦਿ ਥਾਵਾਂ ਤੇ ਹੋਏ ਸ਼ਹੀਦੀ ਸਾਕਿਆ ਅਤੇ ਫਾਂਸੀ ਸਮਾਰਾਮਾਂ ਦਾ ਸਿਖਰ ਸੀ। ਓਪਰੀ ਨਜ਼ਰੀ ਨਾਲ ਵੇਖਿਆਂ ਭਾਵੇਂ ਇਹ ਸਾਕੇ ਪੰਜਾਬ ਵਿਚ ਸ਼ੁਰੂ ਕੀਤੀ ਗਈ ਗਊ-ਕੱਸ਼ੀ ਦੀ ਸਮੱਸਿਆ ਅਤੇ ਉਸ ਦੇ ਫਲਸਰੂਪ ਨਾਮਧਾਰੀ ਸਿੰਘਾਂ ਵਲੋਂ ਖੁੱਰੜਬੱਧ ਦੀਆਂ ਕਾਰਵਾਈਆਂ ਦੇ ਸਿੱਟੇ ਵਜੋਂ ਵਾਪਰੇ ਜਾਪਦੇ ਹਨ ਪਰ ਇਹਨਾਂ ਦਾ ਮੂਲ ਕਾਰਨ ਅੰਗਰੇਜ਼ੀ ਸਰਕਾਰ ਵਿਰੁੱਧ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਜਾ ਰਹੀ ਪ੍ਰਚਾਰ ਮੁਹਿੰਮ ਦੀ ਲੋਕਪ੍ਰਿਅਤਾ ਸੀ।

ਕੂਕਾ ਪ੍ਰਚਾਰ ਨੇ ਪੰਜਾਬ ਵਿਚ ਤਰਥੱਲੀ ਮਚਾ ਦਿੱਤੀ ਸੀ। ਕੂਕਿਆਂ ਦੀ ਢੋਲਕ ਦੀ ਗੂੰਜ ਪਿੰਡ ਪਿੰਡ ਪੈਣ ਲੱਗੀ ਅਤੇ ਇਹ ਬੋਲ ਬਹੁਤ ਜੋਸ਼ ਨਾਲ ਗੂੰਜਣ ਲਗੇ-

-ਨਹੀਂ ਰਹਿਣੀ ਸਰਕਾਰ ਜ਼ਾਲਮ ਨਹੀਂ ਰਹਿਣੀ
-ਦਿਨ ਤਾਂ ਰਹਿ ਗਏ ਥੋਹੜੇ ਹੁਣ ਕੀ ਵੇਖਣੈ
-ਭੱਜੇ ਜਾਂਦੇ ਗੋਰੇ ਹੁਣ ਕੀ ਵੇਖਣੇ
-ਅਸਾਂ ਹਿੰਦ ਵਿਚ ਗਦਰ ਮਚਾਉਣਾ
ਕੱਢਣਾ ਫਿਰੰਗੀਆਂ ਨੂੰ

ਨਾਮਧਾਰੀ ਜਥੇਦਾਰ ਢੋਲਕੀ ਛੈਣਿਆਂ ਨਾਲ ਐਸਾ ਜ਼ਬਰਦਸਤ ਕੀਰਤਨ ਕਰਦੇ ਕਿ ਇਸ ਸ਼ੈਲੀ ਦਾ ਨਾਮ ਹੀ 'ਹੱਲੇ ਦਾ ਦਿਵਾਨ' ਪੈ ਗਿਆ ਅਤੇ ਉਚੀਆਂ ਸੁਰਾਂ ਵਿਚ ਜੋਸ਼ੀਲੇ ਬੋਲਾਂ ਕਰਕੇ ਵੀ ਨਾਮਧਾਰੀਆਂ ਦਾ ਨਾਂਅ ਕੂਕੇ ਪ੍ਰਸਿੱਧ ਹੋ ਗਿਆ। ਗੁਰੂ ਰਾਮ ਸਿੰਘ ਜੀ ਦਾ ਸਾਮਰਾਜ ਵਿਰੋਧੀ ਪ੍ਰਚਾਰ ਸਭ ਤੋਂ ਵੱਧ ਕਾਰਗਰ ਢੰਗ ਨਾਲ ਇਹਨਾਂ ਹੱਲੇ ਦੇ ਦਿਵਾਨਾਂ ਨੇ ਕੀਤਾ। ਇਕ ਉਚ ਅਫਸਰ ਕਰਨਲ ਆਰ. ਜੀ. ਟੇਲਰ ਕਮਿਸ਼ਨਰ ਅਤੇ ਸੁਪਰਡੈਂਟ ਅੰਬਾਲਾ ਨੇ ਸੰਨ 1966 ਵਿਚ ਕਿਹਾ ਕਿ ਇਹ ਮੇਰਾ ਪੱਕਾ ਨਿਸਚਾ ਹੈ ਕਿ ਇਹ ਨੌਜਵਾਨ ਕੂਕੇ ਦੇਰ ਸਵੇਰ ਜ਼ਰੂਰ ਜੰਗ ਕਰਨਗੇ।....

ਇਸ ਲਈ ਕਿਸੇ ਕਾਇਦੇ ਕਾਨੂੰਨ ਨੂੰ ਛਿੱਕੇ ਟੰਗ

Namdhari Elibrary NamdhariElibrary@gmail.com

"ਸ੍ਰੀ ਸਤਿਗੁਰੂ ਜੀ ਸਿਆਹੜ ਉਤਰੇ ਹੋਏ ਸੇ। ਕਾਹਨ ਸਿੰਘ ਨੂੰ ਬਚਨ ਕੀਤਾ- ਦੇਖ ਤਾਂ ਤੋਪ ਭਰਮਾਰ ਹੈ। ਜਾਂ ਆਵਾਜ਼ਾ ਸੁਣਿਆ ਤਾਂ ਕਹਿਣਾ ਲੱਗਾ-ਤੋਪ ਭਰਮਾਰ ਹੈ। ਸਤਿਗੁਰੂ ਜੀ ਬਚਨ ਕੀਤਾ-ਚੜ੍ਹ ਗਏ ਹੈਂ, ਨਹੀਂ ਤਾਂ ਬੇਸਿਦਕ ਹੋਣਾ ਪੈਂਦਾ...ਹੁਣ ਚੰਗਾ ਹੋਇਆ। ਬਚਨ ਹੋਇਆ-ਦੋਇ ਸ਼ਸਤਰ ਹੈ...ਇਕ ਤਾਂ ਨੀਵਾਂ ਹੋਇ ਜਾਣਾ, ਦੂਜਾ ਇਹ ਹੈ...ਹਾਥ ਮੇ ਆਏ ਭਾਵੇਂ ਛਿੱਤਰ ਹਾਥ ਮੇਂ ਆਇ ਜਾਇ ਤਾਂ ਅੱਗੇ ਨੂੰ ਜਾਇ, ਪਿਛੇ ਨਾ ਮੁੜੇ....ਸਿਰ ਭਾਵੇਂ ਜਾਇ। ਅਗੇ ਜਾਣਾ ਸੂਰਮੇ ਦਾ ਧਰਮ ਹੈ ਪਰ ਨਿਮਖੀ ਕਾ ਸ਼ਸਤਰ ਬੱਡਾ ਹੈ।"

ਕੇ ਕੂਕਿਆਂ ਉਤੇ ਦਮਨ ਚੱਕਰਾਂ ਦੀ ਝੜੀ ਲਾਉਣ ਲਈ, ਆਜ਼ਾਦੀ ਦੇ ਅੰਦੋਲਨ ਨੂੰ ਬੁਰੀ ਤਰ੍ਹਾਂ ਕੁਚਲਣ ਲਈ ਹਕੂਮਤ ਨੇ ਇਹਨਾਂ ਵਾਰਦਾਤਾਂ ਨੂੰ ਬਹਾਨਾ ਬਣਾਇਆ। ਅਸਲ ਗੱਲ ਮਲੇਰਕੋਟਲਾ ਜਥੇ ਦੇ ਸਰਦਾਰ ਹੀਰਾ ਸਿੰਘ ਅਤੇ ਖੂਨੀ ਕਾਂਡ ਦੇ ਪ੍ਰਮੁੱਖ ਡੀ. ਸੀ. ਕਾਵਨ ਵਿਚਾਲੇ ਹੋਈ ਵਾਰਤਾਲਾਪ ਵਿਚੋਂ ਲਭਦੀ ਹੈ। 'ਸਤਿਗੁਰੂ ਬਿਲਾਸ' ਗ੍ਰੰਥ ਵਿਚ ਇਸਦਾ ਜ਼ਿਕਰ ਇਵੇਂ ਹੈ-

"ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ ਤੁਮ ਨੇ ਕਿਉਂ ਗਦਰ ਮਚਾਇਆ ਹੈ। ਹੀਰਾ ਸਿੰਘ ਨੇ ਕਿਹਾ, "ਅਸੀਂ ਫਿਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤਕ ਥੋੜਾ ਰਾਜ ਨਹੀਂ ਮੁਕਦਾ, ਗਦਰ ਮਚਾਵਾਂਗਾ। ਸਿਰ ਲਵਾਂਗੇ ਤੇ ਦਵਾਂਗੇ, ਥੁਆਨੂੰ ਏਥੋਂ ਕਢ ਕੇ ਸਾਹ ਲਵਾਂਗੇ। ਮੁੜ ਮੁੜ ਜੰਮਾਂਗੇ ਤੇ ਤੁਹਾਨੂੰ ਮਾਰਾਂਗੇ...ਬਿੱਲਾ ਬੋਲਿਆ ਹਮ ਜਾਨਤੇ ਹੈ ਤੁਮਨੇ ਰਾਜ ਕੇ ਲੀਏ ਗਦਰ ਮਚਾਇਆ ਪਰ ਰਾਜ ਸਾਨੂੰ ਖੁਦਾ ਕਾ ਦੀਆ ਹੋਇਆ ਹੈ। ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ...."

ਦੋਵੇਂ ਧਾਰਾਵਾਂ ਪ੍ਰਸੰਗਕ-

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਦੋ ਪ੍ਰਤੱਖ ਧਾਰਾਵਾਂ ਦਿਸਦੀਆਂ ਹਨ। ਇਕ ਤਾਂ ਹਥਿਆਰਬੰਦ ਜਦੋ ਜਹਿਦ ਹੈ ਜਿਸ ਵਿਚ ਪ੍ਰਮੁੱਖ ਦਿਸਦੇ ਨਾਮ ਹਨ- ਸ਼ਹੀਦ ਭਗਤ ਸਿੰਘ ਤੇ ਸਾਥੀ, ਗਦਰ ਪਾਰਟੀ ਦੇ ਬਾਬੇ, ਨੇਤਾ ਜੀ ਸੁਭਾਸ਼ ਚੰਦਰ ਬੋਸ, ਬਬਰ ਅਕਾਲੀ ਅਤੇ ਅਜਿਹੇ ਅਨੇਕਾਂ ਹੀ ਸੂਰਮੇ ਅਤੇ ਦੂਸਰੇ ਹਨ ਇੰਡੀਅਨ ਨੈਸ਼ਨਲ ਕਾਂਗਰਸ ਜਿਸ ਦੇ ਪ੍ਰਮੁੱਖ ਨੇਤਾ ਸਨ ਮਹਾਤਮਾ ਗਾਂਧੀ, ਪੰਡਿਤ ਜਵਾਹਰ ਲਾਲ ਨਹਿਰੂ, ਬਾਬੂ ਰਜਿੰਦਰ ਪ੍ਰਸਾਦ ਅਤੇ ਹੋਰ ਨੇਤਾ ਜੋ ਭਾਰਤ ਦੇ ਆਜ਼ਾਦ ਹੋਣ ਬਾਅਦ ਹਕੂਮਤ ਦੇ ਸਰਬਰਾਹ ਬਣੇ। ਇਹਨਾਂ ਦਾ ਅੰਦੋਲਨ ਅਹਿੰਸਕ ਅਤੇ ਸ਼ਾਂਤਮਈ ਸੀ।

ਇਹ ਦੋਵਾਂ ਹੀ ਹਸਤੀਆਂ ਦੇ ਧਾਰਨੀ ਨੇਤਾਵਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਏ ਅੰਦੋਲਨ ਦੀ ਪ੍ਰਸੰਸਾ ਕੀਤੀ ਹੈ। ਦੋਵੇਂ ਹੀ ਸਤਿਗੁਰੂ ਰਾਮ ਸਿੰਘ ਜੀ ਦੇ ਕੂਕਾ ਅੰਦੋਲਨ ਤੋਂ ਪ੍ਰਭਾਵਿਤ ਸਨ। ਸਤਿਗੁਰੂ ਰਾਮ ਸਿੰਘ ਜੀ ਖੁਦ ਵੀ ਆਜ਼ਾਦੀ ਸੰਗਰਾਮ ਦੇ ਇਹਨਾਂ ਦੋਹਾਂ ਰਸਤਿਆਂ ਤੋਂ ਵਾਕਫ ਸਨ। ਇਹਨਾਂ ਦੋਹਾਂ ਰਾਹਾਂ ਤੇ ਕੂਕਾ ਮੂਵਮੈਂਟ ਚੱਲੀ ਪਰ ਇਸ ਸੰਬੰਧ ਵਿਚ ਗੁਰੂ ਰਾਮ ਸਿੰਘ ਜੀ ਦੀ ਆਪਣੀ ਟਿਪਣੀ ਬਹੁਤ ਮਹੱਤਵਪੂਰਨ ਅਤੇ ਦਿਲਚਸਪ ਹੈ। ਬਾਬਾ ਸੰਤੋਖ ਸਿੰਘ ਦੇ ਗ੍ਰੰਥ 'ਸਤਿਗੁਰੂ ਬਿਲਾਸ' ਵਿਚ ਇਕ ਜ਼ਿਕਰ ਹੈ-ਜਿਸ ਦਿਨ ਮਲੇਰਕੋਟਲਾ ਵਿਖੇ ਨਾਮਧਾਰੀ ਸਿੰਘ ਤੋਪਾਂ ਨਾਲ ਸ਼ਹੀਦ ਕੀਤੇ ਜਾ ਰਹੇ ਸਨ ਤਾਂ ਸਤਿਗੁਰੂ ਰਾਮ ਸਿੰਘ ਜੀ ਸਿਆਹੜ ਪਿੰਡ ਵਿਚ ਸਨ ਉਸ ਵਕਤ ਦੇ ਪ੍ਰਸੰਗ ਵਿਚ ਜ਼ਿਕਰ ਇਵੇਂ ਹੈ-

"ਸ੍ਰੀ ਸਤਿਗੁਰੂ ਜੀ ਸਿਆਹੜ ਉਤਰੇ ਹੋਏ ਸੇ। ਕਾਹਨ ਸਿੰਘ ਨੂੰ ਬਚਨ ਕੀਤਾ- ਦੇਖ ਤਾਂ ਤੋਪ ਭਰਮਾਰ ਹੈ। ਜਾਂ ਆਵਾਜ਼ਾ ਸੁਣਿਆ ਤਾਂ ਕਹਿਣਾ ਲੱਗਾ-ਤੋਪ ਭਰਮਾਰ ਹੈ। ਸਤਿਗੁਰੂ ਜੀ ਬਚਨ ਕੀਤਾ-ਚੜ੍ਹ ਗਏ ਹੈਂ, ਨਹੀਂ ਤਾਂ ਬੇਸਿਦਕ ਹੋਣਾ ਪੈਂਦਾ...ਹੁਣ ਚੰਗਾ ਹੋਇਆ। ਬਚਨ ਹੋਇਆ-ਦੋਇ ਸ਼ਸਤਰ ਹੈ...ਇਕ ਤਾਂ ਨੀਵਾਂ ਹੋਇ ਜਾਣਾ, ਦੂਜਾ ਇਹ ਹੈ...ਹਾਥ ਮੇ ਆਏ ਭਾਵੇਂ ਛਿੱਤਰ ਹਾਥ ਮੇਂ ਆਇ ਜਾਇ ਤਾਂ ਅੱਗੇ ਨੂੰ ਜਾਇ, ਪਿਛੇ ਨਾ ਮੁੜੇ....ਸਿਰ ਭਾਵੇਂ ਜਾਇ। ਅਗੇ ਜਾਣਾ ਸੂਰਮੇ ਦਾ ਧਰਮ ਹੈ ਪਰ ਨਿਮਖੀ ਕਾ ਸ਼ਸਤਰ ਬੱਡਾ ਹੈ।"

ਸੂਰਮੇ ਦਾ ਧਰਮ ਅਤੇ ਨਿਮਖੀ ਦਾ ਸ਼ਸਤਰ" ਦੀ ਵਰਤੋਂ ਵਿਚ ਨਾਮਧਾਰੀ ਸਿੰਘਾਂ ਨੇ ਕਮਾਲ ਕਰ ਵਿਖਾਇਆ। ਡਾ. ਫੌਜਾ ਸਿੰਘ ਆਪਣੀ ਇਤਿਹਾਸਕ ਪੁਸਤਕ 'ਕੂਕਾ ਮੂਵਮੈਂਟ' ਵਿਚ ਲਿਖਦੇ ਹਨ-

"They attacked like heroes in the full knowledge of fact that their intention was already known to the Government, they fought like heroes, they surrendered like heroes and the most important of all, they died like heroes.

ਉਹ ਸੂਰਮਿਆਂ ਵਾਂਗ ਲੜੇ, ਉਹ ਸੂਰਮਿਆਂ ਵਾਂਗ ਗ੍ਰਿਫਤਾਰ ਹੋਏ ਅਤੇ ਸੂਰਮਿਆਂ ਵਾਂਗ ਸ਼ਹੀਦ ਹੋਏ....

ਡਾ. ਹਰਿਭਜਨ ਸਿੰਘ ਦੀ ਟਿਪਣੀ-

ਪੰਜਾਬੀ ਹਿੰਦੀ ਦੇ ਸੁਪ੍ਰਸਿੱਧ ਵਿਦਵਾਨ ਡਾ. ਹਰਿਭਜਨ ਸਿੰਘ ਦੀ ਇਕ ਮਹੱਤਵਪੂਰਨ ਟਿਪਣੀ ਇਥੇ ਦੇਣੀ ਬਹੁਤ ਜ਼ਰੂਰੀ ਹੈ ਜੋ ਇਵੇਂ ਹੈ-

Namdhari Elibrary NamdhariElibrary@gmail.com

"ਸਤਿਗੁਰੂ ਰਾਮ ਸਿੰਘ ਜੀ ਦੀ ਉਪਦੇਸ਼ੀ ਹੋਈ ਅਧਿਆਤਮਿਕਤਾ ਦਾ ਵਿਲੱਖਣ ਸਰੂਪ ਇਹ ਹੈ ਕਿ ਉਹ ਅਧਿਆਤਮਿਕਤਾ ਨੂੰ ਸੂਰਬੀਰਤਾ ਨਾਲ ਇਕਮਿਕ ਕਰ ਦਿੰਦੇ ਹਨ। ਏਸੇ ਸਰੂਪ ਦੀ ਪਾਲਣਾ ਕਰਦੇ ਹੋਏ ਅੰਮ੍ਰਿਤਸਰ ਵਿਚ ਗਊ ਰੱਖਿਆ ਸੰਬੰਧੀ ਸਾਕਾ ਹੋਇਆ ਅਤੇ ਸੂਰਬੀਰ ਸੰਤਾਂ ਨੇ ਹੱਸ ਹੱਸ ਕੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਸ ਸਾਕੇ ਦਾ ਇਕ ਜੁੜਵਾਂ ਕਾਰਨ ਇਹ ਵੀ ਸੀ ਕਿ ਇਹ ਸੰਤ ਸਿਪਾਹੀ ਸ੍ਰੀ ਹਰਿਮੰਦਰ ਸਾਹਿਬ ਦੀ ਦੈਵੀ ਪਵਿੱਤਰਤਾ ਦੀ ਰੱਖਿਆ ਕਰਨਾ ਚਾਹੁੰਦੇ ਸਨ।

ਦੈਵੀ ਤਪੱਸਿਆ ਅਤੇ ਧਰਤੀ ਦੀ ਆਜ਼ਾਦੀ ਸੰਬੰਧੀ ਸਮੱਸਿਆਵਾਂ ਇਹਨਾਂ ਸੂਰਬੀਰਾਂ ਸੰਤਾਂ ਦੀ ਨਜ਼ਰ ਵਿਚ ਇਕ ਦੂਜੇ ਤੋਂ ਵਖਰੀਆਂ ਨਹੀਂ ਸਨ। ਦੇਸ਼ ਦੀ ਆਜ਼ਾਦੀ ਲਈ ਲੜਨਾ ਵੀ ਉਹਨਾਂ ਵਾਸਤੇ ਉਹਨਾਂ ਦੀ ਦੈਵੀ ਸਾਧਨਾ ਦਾ ਹੀ ਇਕ ਅੰਗ ਸੀ। ਪਰਮਾਤਮਾ ਨਾਲ ਜੁੜਨ ਵਾਲੇ ਸਤਿਗੁਰੂ ਜੀ ਬੜੀ ਸਪਸ਼ਟਤਾ ਨਾਲ ਉਪਦੇਸ਼ ਦੇਂਦੇ ਹਨ ਕਿ ਅੰਗਰੇਜ਼ ਦੀ ਨੌਕਰੀ ਨਹੀਂ ਕਰਨੀ-

-ਹੋਰ ਭਾਈ ਏਨਾ ਦਾ ਨੌਕਰ ਕੋਈ ਨਾ ਰਹੇ। ਜੋ ਰਹੂ ਸੋ ਬਹੁਤ ਔਖਾ ਹਊਗਾ। ਏਨਾਂ ਨੂੰ ਤਾਂ ਗੁਰੂ ਸਾਹਿਬ ਦਾ ਅਨਿਕ ਭਾਂਤ ਦੀ ਮਾਰ ਦਾ ਹੁਕਮ ਹੈ ਅਗੇ ਗੁਰੂ ਜਾਣੇ.... (ਹੁਕਮਨਾਮਾ-3)

ਲੋਕ ਅਤੇ ਪ੍ਰਲੋਕ ਦੀ ਏਕਤਾ ਸ੍ਰੀ ਸਤਿਗੁਰੂ ਸਾਹਿਬ ਦੀ ਸੰਯੁਕਤ ਦ੍ਰਿਸ਼ਟੀ ਦਾ ਸਹਿਜ ਕ੍ਰਿਸ਼ਮਾ ਹੈ, ਇਸ ਸੰਯੁਕਤੀ ਨੂੰ ਸਮਝੇ ਬਗੈਰ ਨਾਮਧਾਰੀ ਲਹਿਰ ਦੀ ਸਮਝ ਨਹੀਂ ਆਉਂਦੀ। ਇਹ ਲਹਿਰ ਏਸੇ ਸੰਯੁਕਤ ਕਾਰਨ ਮੁਕਤੀ ਅਤੇ ਆਜ਼ਾਦੀ ਦੋਹਾਂ ਦਾ ਪ੍ਰਤੀਕ ਬਣ ਗਈ।

ਨਾ-ਮਿਲਵਰਤਨ ਬਾਰੇ ਟਿੱਪਣੀਆਂ-

ਪਰਮ ਸ਼ਕਤੀ ਨਾਲ ਜੁੜੇ ਹੋਏ ਇਹ ਲੋਕ ਸਹਿਜੇ ਹੀ ਰਾਜ ਸੱਤਾ ਨਾਲ ਨਾਮਿਲਵਰਤਨ ਕਰਦੇ ਰਹੇ। ਭਗਤੀ ਵਿਚ ਜੁੜਨਾ ਅਤੇ ਰਾਜਸੀ ਸ਼ਕਤੀ ਤੋਂ ਕਿਨਾਰਾਕਸ਼ੀ ਕਰਨਾ ਇਹਨਾਂ ਸੰਤ ਸਿਪਾਹੀਆਂ ਲਈ ਸਹਿਜ ਸੰਭਵ ਸੀ। ਇਹ ਗੱਲ ਇਹਨਾਂ ਲੋਕਾਂ ਨੂੰ ਅਜੀਬ ਜਾਪਦੀ ਰਹੀ ਹੈ ਕਿ ਐਨਸਾਈਕਲੋਪੀਡੀਆ ਬ੍ਰਿਟੈਨਕਾ ਤਕ ਦੀ ਇਕ ਇੰਦਰਾਜ ਵਿਚ ਲੇਖਕ ਨੂੰ ਹੈਰਾਨੀ ਨਾਲ ਮੰਨਣਾ ਪਿਆ ਕਿ (ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰ ਮਾਲ ਤੇ ਨੌਕਰੀ ਪ੍ਰਤੀ ਨਾਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਣ ਵਾਲਾ ਪਹਿਲਾ ਭਾਰਤੀ ਹੈ।

"Guru Ram Singh Sikh philosopher and reformer and the first indian to use non-cooperation and bycott of the British merchandise and services as a political weapon (Encyclopaedia Britannica Vol.8 page 142."

ਗੁਰੂ ਰਾਮ ਸਿੰਘ ਜੀ ਵਲੋਂ ਅਪਣਾਇਆ ਇਹ ਨਾ ਮਿਲਵਰਤਨ ਅਤੇ ਅਸਹਿਯੋਗ ਦਾ ਪ੍ਰੋਗਰਾਮ ਮਹਾਤਮਾ ਗਾਂਧੀ ਤੋਂ ਵੀ 60 ਸਾਲ ਪਹਿਲਾਂ ਲਾਗੂ ਕੀਤਾ। ਆਜ਼ਾਦ ਭਾਰਤ ਦੇ ਪਹਿਲੇ ਰਾਸ਼ਟਰਪਤੀ ਬਾਬੂ ਰਜਿੰਦਰ ਪ੍ਰਸ਼ਾਦ ਨੇ 10 ਮਾਘ 1992 ਦੇ ਸਤਿਜੁਗ ਅਖਬਾਰ ਵਿਚ ਲਿਖਿਆ ਸੀ-

"ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ, ਉਸ ਕਾ ਗੁਰੂ ਰਾਮ ਸਿੰਘ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰ ਕੀਆ ਥਾ। ਉਨਕੇ ਸਿਧਾਂਤ ਮੇਂ ਪਾਂਚ ਚੀਜੇਂ ਹੈਂ- (1) ਸਰਕਾਰੀ ਨੌਕਰੀ ਕਾ ਬਹਿਸ਼ਕਾਰ, (2) ਸਰਕਾਰੀ ਅਦਾਲਤੋਂ ਕਾ ਬਹਿਸ਼ਕਾਰ, (3) ਸਰਕਾਰੀ ਸਕੂਲੋਂ ਕਾ ਬਹਿਸ਼ਕਾਰ, (4) ਬਿਦੇਸ਼ੀ ਬਸਤਰੋਂ ਕਾ ਬਹਿਸ਼ਕਾਰ, (5) ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਅਪਨੀ ਆਤਮਾ ਕੇ ਵਿਰੁਧ ਹੈਂ।"

ਪੰਡਿਤ ਜਵਾਹਰ ਲਾਲ ਨਹਿਰੂ ਵੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਅਤੇ ਕੂਕਾ ਅੰਦੋਲਨ ਤੋਂ ਪ੍ਰਭਾਵਤ ਸਨ। ਆਪ ਨੇ ਦੋ ਵਾਰ ਕੂਕਾ ਮੁਖ ਕੇਂਦਰ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਵੀ ਕੀਤੀ ਸੀ। ਸਤਿਜੁਗ ਪੱਤਰ ਦੇ ਮਾਘ 1994 ਵਿਸ਼ੇਸ਼ ਅੰਕ ਵਿਚ ਆਪ ਨੇ ਇਵੇਂ ਲਿਖਿਆ ਸੀ-

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਰ ਭੂਮੀ ਨੂੰ ਸੁਤੰਤਰਤਾ ਦਿਵਾਉਣ ਲਈ ਅੱਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਸ਼ਾਲੀ ਪ੍ਰੀਸ਼ਰਮ ਕੀਤਾ ਉਸਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪ ਦੇ ਵਿਖਾਏ ਹੋਏ ਰਸਤੇ ਨੂੰ ਅਖਤਿਆਰ ਕਰਕੇ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਹਨ ਅਤੇ 75 ਸਾਲ ਦੇ ਲਗਭਗ ਸਮਾਂ ਗੁਜ਼ਰਨ ਦੇ ਉਪਰੰਤ ਵੀ ਉਹ ਪ੍ਰੋਗਰਾਮ ਪੁਰਾਣਾ ਨਹੀਂ ਹੋਇਆ ਜਿਸਨੂੰ ਅਮਲੀ ਰੂਪ ਦੇਣ ਨਮਿਤ ਆਪ ਨੂੰ ਕਠਿਨ ਘਾਲਣਾ ਘਾਲਣੀ ਪਈ।"

ਸਤਿਗੁਰੂ ਰਾਮ ਸਿੰਘ ਜੀ ਨੂੰ ਜੋ ਪੰਜਾਬ ਵਿਰਸੇ ਵਿਚ ਮਿਲਿਆ, ਉਸ ਵਿਚ ਲੋਕਾਂ ਦਾ ਧਰਮ, ਸਮਾਜ, ਸਭਿਆਚਾਰ, ਆਚਰਨ ਦੇ ਪੱਖੋਂ ਡਾਵਾਂ ਡੋਲ ਸੀ। ਘੋਰ ਮਾਯੂਸੀ ਦਾ ਘੁੱਪ ਹਨੇਰਾ ਸੀ। ਸਿੱਖ ਫੌਜਾਂ ਅੰਗਰੇਜ਼ਾਂ ਕੋਲੋਂ ਹਾਰ ਚੁੱਕੀਆਂ ਸਨ ਤੇ ਅੰਗਰੇਜ਼ਾਂ ਦਾ ਪੂਰੇ ਭਾਰਤ ਤੇ ਮੁਕੰਮਲ ਕਬਜ਼ਾ ਹੋ ਚੁੱਕਾ ਸੀ।

ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ
ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ।

Namdhari Elibrary NamdhariElibrary@gmail.com

ਔਰਤਾਂ ਬਾਰੇ ਹੁਕਮਨਾਮੇ-

ਔਰਤ ਜਾਤ ਦਾ ਤਾਂ ਬੁਰਾ ਹਾਲ ਸੀ। ਬਾਲ ਵਿਆਹ, ਅਨਪੜ੍ਹਤਾ, ਕੁਰੀਤੀਆਂ, ਭੈੜੇ ਰਸਮੋਂ ਰਿਵਾਜਾਂ 'ਚ ਘਿਰੀ ਲੋਕਾਈ। ਲਾਹੌਰ ਦਰਬਾਰ ਵਿਚ ਖਾਨਾਜੰਗੀ ਵਿਚ ਕਤਲਾਂ ਦੀ ਇਕ ਲੰਮੀ ਸੂਚੀ ਇਹ ਕੁਝ ਹੀ ਗੁਰੂ ਰਾਮ ਸਿੰਘ ਜੀ ਦੇ ਹੱਥ ਸੀ।

ਪਰ ਉਹਨਾਂ ਕੋਲ ਇਕ ਅਗੰਮੀ ਸ਼ਕਤੀ ਸੀ। ਹਜ਼ਰੋਂ ਵਾਲੇ ਗੁਰੂ ਬਾਲਕ ਸਿੰਘ ਤੋਂ ਪ੍ਰਾਪਤ ਪ੍ਰਭੂ ਨਾਮ ਦੀ ਸ਼ਕਤੀ, ਉਚਾ ਚਰਿਤ੍ਰ, ਆਤਮ ਬਲ, ਪ੍ਰੇਰਨਾਮਈ ਬਚਨ ਜਿਸ ਨਾਲ ਉਹਨਾਂ ਸੜੇ ਗਲੇ ਸਮਾਜ ਦੀ ਰਾਖ ਵਿਚੋਂ ਮੁੜ ਸ਼ਕਤੀਸ਼ਾਲੀ ਸੰਗਠਨ 'ਕੂਕਾ ਪੰਥ' ਪੈਦਾ ਕੀਤਾ।

ਸੰਨ 1857 ਦੀ ਵਸਾਖੀ ਨੂੰ ਹਿੰਦ ਵਿਚ ਗਦਰ ਤੋਂ ਇਕ ਮਹੀਨਾਂ ਪਹਿਲਾਂ ਹੀ ਉਹਨਾਂ ਆਪਣੇ ਪਿੰਡ ਸ੍ਰੀ ਭੈਣੀ ਸਾਹਿਬ ਵਿਚ ਨਾਮਧਾਰੀ, ਕੂਕਾ ਸੰਤ ਖਾਲਸਾ ਦੀ ਸਾਜਨਾ ਕੀਤੀ। ਅਗਲੇ ਕੇਵਲ 15 ਸਾਲਾਂ ਵਿਚ ਪੰਜਾਬ ਅਤੇ ਦੇਸ਼ ਵਿਚ ਜੁਗ ਪਲਟਾਊ ਤਬਦੀਲੀਆਂ ਲੈ ਆਂਦੀਆਂ।

ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਦਾ ਦੌਰਾ ਕਰਕੇ ਉਹਨਾਂ ਲੱਖਾਂ ਦੀ ਤਾਦਾਦ ਵਿਚ ਮਰ-ਜਿਊੜੇ ਤਿਆਰ ਕੀਤੇ। ਤੜਕੇ ਉਠਣਾ, ਨਾਮ ਸਿਮਰਨ ਕਰਨਾ, ਸਣੇ ਕੇਸੀਂ ਇਸ਼ਨਾਨ ਅਤੇ ਗੁਰਬਾਣੀ ਦੇ ਪਾਠ ਦਾ ਪ੍ਰਵਾਹ ਚਲਾ ਦਿੱਤਾ। ਇਕ ਪਾਸੇ ਅੰਗਰੇਜ਼ ਹਕੂਮਤ ਉਹਨਾਂ ਦੀ ਵੈਰੀ, ਦੂਜੇ ਬੰਨ੍ਹੇ ਧਾਰਮਕ ਅਜਾਰੇਦਾਰ, ਤਖਤਾਂ ਦੇ ਪੁਜਾਰੀ ਅਤੇ ਧਾਰਮਕ ਭੇਸਾਂ ਵਿਚ ਅੰਗਰੇਜ਼ ਦੇ ਪਿੱਠੂ ਅਤੇ ਦੇਸੀ ਰਾਜੇ ਮਹਾਰਾਜੇ ਇਹਨਾਂ ਸਾਰਿਆਂ ਦੀ ਮਿਲਵੀਂ ਵਿਰੋਧਤਾ ਦੇ ਹੁੰਦਿਆਂ ਉਹਨਾਂ ਮੋਅਜਜ਼ਾ ਕਰ ਵਿਖਾਇਆ। ਉਹਨਾਂ ਨੇ ਉਸ ਸਮੇਂ ਪ੍ਰਚਲਤ ਛੋਟੀ ਉਮਰ ਦੇ ਵਿਆਹ ਬੰਦ ਕੀਤੇ। ਛੋਟੀ ਉਮਰ 'ਚ ਹੀ ਲੜਕੀਆਂ ਆਮ ਤੌਰ ਤੇ ਵਿਧਵਾ ਹੋ ਜਾਂਦੀਆਂ ਸਨ, ਸਤੀ ਹੁੰਦੀਆਂ। ਉਹਨਾਂ ਨੇ ਲੜਕੇ ਲੜਕੀ ਦੀ ਵਿਆਹ ਦੀ ਉਮਰ ਵਧਾ ਦਿੱਤੀ। ਜੰਮਦੀਆਂ ਕੁੜੀਆਂ ਨੂੰ ਮਾਰ ਦੇਣ ਦਾ ਰਿਵਾਜ ਸੀ- ਵਿਧਵਾ ਦਾ ਵਿਆਹ ਨਹੀਂ ਸੀ ਹੋ ਸਕਦਾ- ਕੁੜੀਆਂ ਪੜ੍ਹ ਨਹੀਂ ਸੀ ਸਕਦੀਆਂ। ਸਤਿਗੁਰੂ ਰਾਮ ਸਿੰਘ ਜੀ ਦਾ ਹਰ ਧਾਰਮਕ, ਸਮਾਜਕ ਸੁਧਾਰ ਦਾ ਕੰਮ ਇਨਕਲਾਬੀ ਸੀ। ਔਰਤਾਂ ਨੂੰ ਮਰਦਾਂ ਦੇ ਬਰਾਬਰੀ ਦਿੱਤੀ ਇਥੋਂ ਤਕ ਕਿ ਪ੍ਰਚਾਰ ਲਈ ਜੋ ਸੂਬੇ ਸਥਾਪਤ ਕੀਤੇ ਉਹਨਾਂ ਵਿਚ ਔਰਤਾਂ ਨੂੰ ਵੀ ਬਰਾਬਰ ਦੇ ਅਹੁਦੇ ਦਿੱਤੇ। ਆਪਣੇ ਲਿਖਤੀ ਹੁਕਮਨਾਮਿਆਂ ਵਿਚ ਉਹਨਾਂ ਵਿਸ਼ੇਸ਼ ਹੁਕਮ ਕੀਤੇ-

"ਇਕ ਹੋਰ ਬਾਤ ਸਭ ਨੂੰ ਸੁਣਾ ਦੇਣੀ ਜੋ ਨਾ ਕੋਈ ਕੁੜੀ ਮਾਰੇ, ਨਾ ਬੇਚੇ, ਨਾ ਬੱਟਾ ਕਰੇ। ਜੋ ਇਹ ਬਾਤ ਨਾ ਮੰਨੇ ਤਾਂ ਉਸਨੂੰ ਸੰਗਤ ਮੇਂ ਨਾ ਬੜਨ ਦੇਣਾ, ਜੇ ਕੋਈ ਬਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ ਉਸ ਦੇ ਨਾਲ ਨਹੀ ਬਰਤਣਾ।

...."ਸਾਰੇ ਬਹੀਰ ਨੂੰ ਹੁਕਮ ਸੁਣਾ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੇ ਘਟ ਕੋਈ ਕੁੜੀ ਨਾ ਬਿਆਹੇ। ਦਾਰੂ ਮਾਸ ਨਹੀਂ ਖਾਣਾ। ਖੌਫ ਰਖਣਾ ਗੁਰੂ ਕਾ ਹਰਦਮ।"

..."ਸਾਰੀ ਸੰਗਤ ਨੂੰ ਇਹ ਹੁਕਮ ਸੁਣਾ ਦੇਣਾ ਬਾਣੀ ਕੰਠ ਕਰਨ ਬੁਢੇ ਬਾਲੇ ਮਾਈ ਬੀਬੀ। ਪਿਛਲੀ ਰਾਤ ਇਸ਼ਨਾਨ ਤੇ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ"...

ਉਸ ਸਮੇਂ ਵਿਚ ਛਪੀ ਇਕ ਛੋਟੀ ਪੁਸਤਕ Brief Account of Kuka Sect ਵਿਚ ਲਿਖਿਆ ਹੈ-

"ਉਹ ਸਿਖਾਂ ਵਿਚੋਂ ਜਾਤ ਪਾਤ ਦਾ ਭਰਮ ਮਿਟਾਂਦਾ ਹੈ। ਸਭ ਜਾਤਾਂ ਵਿਚ ਪ੍ਰਸਪਰ ਖੁਲੀਆਂ ਵਿਆਹ ਸ਼ਾਦੀਆਂ ਦਾ ਪ੍ਰਚਾਰ ਕਰਦਾ ਹੈ। ਵਿਧਵਾ ਵਿਆਹ ਦੀ ਆਗਿਆ ਦੇਂਦਾ ਹੈ। ਸ਼ਰਾਬ ਤੇ ਨਸ਼ਿਆਂ ਤੋਂ ਵਰਜਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੀ ਸ਼ਖਸੀਅਤ ਦਾ ਮੁਲਾਂਕਣ ਸੰਨ 1871 ਵਿਚ ਛਪੀ ਸਰਕਾਰੀ ਰਿਪੋਰਟ ਵਿਚ ਮਿਸਟਰ ਜੇ. ਡਬਲਯੂ ਮੈਕਨਬ ਕਮਿਸ਼ਨਰ ਅੰਬਾਲਾ ਨੇ ਇਵੇਂ ਕੀਤਾ ਹੈ।

"ਰਾਮ ਸਿੰਘ ਚਲਾਕ ਆਦਮੀਆਂ ਦੀ ਕਠਪੁਤਲੀ ਨਹੀਂ ਹੈ। ਜਿਸ ਨੇ ਉਸਦਾ ਦਰਸ਼ਨ ਕੀਤਾ ਹੈ, ਗੱਲਾਂ ਕੀਤੀਆਂ ਹਨ ਉਹ ਉਸ ਦੀ ਬੁਧੀ ਦੀ ਸਥਿਰਤਾ ਅਤੇ ਆਚਰਣ ਦੀ ਅਡੋਲਤਾ ਨੂੰ ਵੇਖਣ ਬਿਨਾਂ ਨਹੀਂ ਰਹਿਆ ਹੋਵੇਗਾ। ਆਪਣੇ ਉਤੇ ਕਾਬੂ ਪਾਉਣ ਵਾਲੇ ਇਹ ਵੱਡੇ ਗੁਣ ਕਿਸੇ ਸਧਾਰਨ ਆਗੂ ਵਿਚ ਨਹੀਂ ਹੋ ਸਕਦੇ।"

ਉਸ ਸਮੇਂ ਸਰਕਾਰੀ ਕਰਮਚਾਰੀਆਂ ਵਿਚ ਗੁਰੂ ਰਾਮ ਸਿੰਘ ਬਾਰੇ ਵੰਡੇ ਗਏ ਟਰੈਕਟ ਵਿਚ ਇਹ ਗੱਲਾਂ ਦਰਜ਼ ਹਨ-

"ਉਹ ਕੂਕੇ, ਸਦਾਚਾਰ ਦਾ ਉਪਦੇਸ਼ ਕਰਦੇ ਹਨ, ਚੋਰੀ, ਯਾਰੀ ਅਤੇ ਵਿਭਚਾਰ ਦੀ ਬੜੇ ਜ਼ੋਰ ਨਾਲ ਨਿਖੇਧੀ ਕਰਦੇ ਹਨ, ਉਹ ਤਾਂ ਸਾਰੀਆਂ ਬੁਰਾਈਆਂ ਨੂੰ ਦੂਰ ਕਰਨਾ ਚਾਹੁੰਦੇ ਹਨ ਜਿੰਨ੍ਹਾਂ ਨੇ ਸਿਖ ਪੰਥ ਨੂੰ ਭ੍ਰਿਸ਼ਟ ਕਰ ਦਿੱਤਾ ਹੈ।"

ਸਤਿਗੁਰੂ ਰਾਮ ਸਿੰਘ ਜੀ ਨੂੰ 17-18 ਜਨਵਰੀ 1872 ਈ. ਦੀ ਠੰਡੀ ਬਰਫੀਲੀ ਰਾਤ ਨੂੰ ਸ੍ਰੀ ਭੈਣੀ ਸਾਹਿਬ ਤੋਂ ਲੁਧਿਆਣੇ ਬੁਲਾਇਆ ਗਿਆ। 17-18 ਜਨਵਰੀ 1872 ਦੇ ਹੀ ਦੋ ਦਿਨ ਮਲੇਰਕੋਟਲੇ ਦੇ ਰੱਕੜ ਵਿਚ 66 ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਗਿਆ।

ਇਹਨਾਂ ਵਿਚੋਂ ਇਕ ਸਿੰਘ ਨੂੰ ਮੱਧਰੇ ਕੱਦ ਦੇ ਬਹਾਨੇ ਨਾਲ ਛੱਡਿਆ ਜਾਣ ਲੱਗਾ ਤਾਂ ਉਹ ਢੀਮਾਂ

Namdhari Elibrary NamdhariElibrary@gmail.com

ਕਾਮਰੇਡ ਸੋਹਨ ਸਿੰਘ ਜੋਸ਼ ਦੇ ਸ਼ਬਦਾਂ ਵਿਚ "ਜਿਸ ਬਹਾਦਰੀ ਨਾਲ ਕੂਕਿਆਂ ਨੇ ਆਪਣੇ ਸੀਸ ਦਿੱਤੇ ਸਨ, ਉਹ ਬਹਾਦਰੀ ਨਵੀਆਂ ਰਾਜਸੀ ਲਹਿਰਾਂ ਦਾ ਉਤਸ਼ਾਹਜਨਕ ਝੰਡਾ ਬਣ ਗਈ। ਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਦਾ ਪ੍ਰੇਰਨਾਸ਼ੀਲ ਚਿੰਨ੍ਹ ਬਣ ਗਿਆ। ਸਦੀਵੀ ਰਾਜ ਕਰਨ ਦੇ ਖਾਬ ਲੈਣ ਵਾਲੇ ਅੰਗਰੇਜ਼ ਹਾਕਮਾਂ ਨੂੰ ਬੋਰੀਆ ਬਿਸਤਰਾ ਵਲੇਟ ਕੇ ਹਿੰਦੋਸਤਾਨ ਵਿਚੋਂ ਜਾਣਾ ਪਿਆ ਅਤੇ ਭਾਰਤ ਆਜ਼ਾਦ ਹੋ ਗਿਆ।"

ਕੋਠੀਆਂ ਕਰਕੇ ਤੋਪ ਦਾ ਹਾਣੀ ਬਣਕੇ ਸ਼ਹੀਦ ਹੋਇਆ। ਇਕ ਬਾਲਕ ਬਿਸ਼ਨ ਸਿੰਘ ਨੇ ਅੰਗਰੇਜ਼ ਹਾਕਮ ਕਾਵਨ ਦੀ ਦਾੜ੍ਹੀ ਫੜ ਕੇ ਜ਼ੋਰ ਦਾ ਮਰੋੜਾ ਦਿੱਤਾ। ਉਸਨੂੰ ਤਲਵਾਰ ਨਾਲ ਕਤਲ ਕੀਤਾ ਗਿਆ।

ਬਾਅਦ ਵਿਚ ਅੰਗਰੇਜ਼ ਅਫਸਰਾਂ ਕਮਿਸ਼ਨਰ ਫੋਰਸਾਈਥ ਤੇ ਡਿਪਟੀ ਕਮਿਸ਼ਨਰ ਕਾਵਨ ਦਾ ਨੌਕਰੀ ਤੋਂ ਤਬਾਦਲਾ ਕਰ ਦਿੱਤਾ ਗਿਆ। ਇਹ ਹੀ ਉਹਨਾਂ ਦੀ ਸਜ਼ਾ ਸੀ।। ਜੇ ਉਹ ਦੋਸ਼ੀ ਮਿਥ ਲਏ ਗਏ ਤਾਂ ਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਕਿਓਂ ਨਾ ਖਤਮ ਕੀਤੀ ਗਈ। ਇਹ ਹੀ ਇਨਸਾਫ ਸੀ, ਇਹ ਹੀ ਕਾਨੂੰਨ ਦਾ ਰਾਜ ਸੀ ਜਿਸ ਦਾ ਢੰਡੋਰਾ ਅੰਗਰੇਜ਼ ਸਾਮਰਾਜ ਦੁਨੀਆਂ ਵਿਚ ਪਿਟਦਾ ਸੀ।

ਕੂਕਿਆਂ ਤੇ ਸਖ਼ਤੀਆਂ-

ਕੂਕਾ ਸੰਘਰਸ਼ ਦਾ ਲਹੂ ਭਿੱਜਾ ਇਤਿਹਾਸ ਬਹੁਤ ਵਿਸਤ੍ਰਿਤ ਵੀ ਹੈ ਅਤੇ ਬਹੁਤ ਪਹਿਲੂ ਛੋਂਹਦਾ ਹੈ। ਇਸ ਬਾਰੇ ਅਨੇਕਾਂ ਲੇਖ ਲਿਖੇ ਜਾ ਸਕਦੇ ਹਨ ਅਤੇ ਪ੍ਰੋਗਰਾਮ ਹੋ ਸਕਦੇ ਹਨ। ਕੂਕਾ ਕੇਂਦਰ ਸ੍ਰੀ ਭੈਣੀ ਸਾਹਿਬ ਇਕੋ ਇਕ ਅਸਥਾਨ ਹੈ ਜਿਥੇ ਕਿਸੇ ਇਨਕਲਾਬੀ ਸੰਸਥਾ ਦੇ ਮੁਖੀ ਦੇ ਘਰ ਦੇ ਬੂਹੇ ਅੱਗੇ ਅੱਧੀ ਸਦੀ ਤਕ ਪੁਲੀਸ ਦੀ ਚੌਕੀ ਬੈਠੀ ਰਹੀ। ਗੁਰੂ ਰਾਮ ਸਿੰਘ ਜੀ ਦੇ ਭਰਾਤਾ ਸਤਿਗੁਰੂ ਹਰੀ ਸਿੰਘ ਇਥੇ ਆਪਣੇ ਘਰ ਵਿਚ ਹੀ ਜੂਹ ਬੰਦ ਰਹੇ। ਉਹਨਾਂ ਦੇ ਦਰਸ਼ਨਾਂ ਨੂੰ ਆਉਣ ਵਾਲੇ ਸੇਵਕਾਂ ਨੂੰ ਇਕ ਸਮੇਂ ਕੇਵਲ ਪੰਜ ਜਣਿਆਂ ਨੂੰ ਅੰਦਰ ਆਉਣ ਦੀ ਆਗਿਆ ਦਿੱਤੀ ਜਾਂਦੀ ਸੀ। ਇਸ ਬੰਦੀਖਾਨੇ ਵਿਚ ਹੀ ਨਾਮਧਾਰੀਆਂ ਦੇ ਗੁਰੂਦੇਵ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਵਰਤਮਾਨ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦਾ ਜਨਮ ਹੋਇਆ। ਸਤਿਗੁਰੂ ਰਾਮ ਸਿੰਘ ਜੀ ਕੋਲ ਬਰਮ੍ਹਾ ਦੇਸ਼ ਵਿਚ ਵੱਖ ਵੱਖ ਥਾਵਾਂ ਤੇ ਬੰਦੀ ਜੀਵਨ ਸਮੇਂ ਸਿੰਘ ਭੇਸ ਬਦਲ ਕੇ ਗੁਪਤ ਰੂਪ ਵਿਚ ਸਮੁੰਦਰ ਲੰਘ ਕੇ ਪੁਜਦੇ ਰਹੇ। ਸਰਕਾਰ ਦੀ ਬਾਰ ਬਾਰ ਅਹਿਲਕਾਰਾਂ ਨੂੰ ਤਾਕੀਦ ਸੀ ਕਿ ਕੂਕਿਆਂ ਦਾ ਆਪਣੇ ਗੁਰੂ ਨਾਲ ਕੋਈ ਵੀ ਸੰਪਰਕ ਨਾ ਹੋਣ ਦਿੱਤਾ ਜਾਵੇ ਪਰ ਧੰਨ ਹੈ ਗੁਰੂ ਤੇ ਧੰਨ ਉਹਨਾਂ ਦੇ ਪੈਰੋਕਾਰ, ਪੂਰੇ ਤੇਰਾਂ ਸਾਲ ਕਿਸੇ ਨਾ ਕਿਸੇ ਤਰ੍ਹਾਂ ਗੁਪਤ ਢੰਗਾਂ ਨਾਲ ਇਹ ਸੰਪਰਕ ਬਣਿਆ ਰਿਹਾ। ਉਥੋਂ ਚਿਠੀਆਂ ਵੀ ਲਿਆਉਂਦੇ ਰਹੇ ਇਹਨਾਂ ਨੂੰ ਹੁਕਮਨਾਮੇ ਕਿਹਾ ਜਾਂਦਾ ਹੈ। ਇਸ ਸਮੇਂ ਮੋਟੇ ਅੰਦਾਜ਼ੇ ਅਨੁਸਾਰ ਕੋਈ ਸੌ ਸਿੰਘ ਉਥੇ ਪੁਜੇ, 64 ਹੁਕਮਨਾਮੇ ਤਾਂ ਪ੍ਰਕਾਸ਼ਿਤ ਵੀ ਹੋ ਗਏ ਹਨ ਜਿਹਨਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਤਾਕੀਦੀ ਹੁਕਮ ਹਨ ਅਤੇ ਚੜ੍ਹਦੀ ਕਲਾ ਦੇ ਸੂਚਕ ਹਨ।

ਵਰਤਮਾਨ ਨਾਇਕ-

ਨਾਮਧਾਰੀਆਂ ਦੇ ਵਰਤਮਾਨ ਨਾਇਕ ਸਤਿਗੁਰੂ ਜਗਜੀਤ ਸਿੰਘ ਜੀ ਸੰਨ 1959 ਈ. ਨੂੰ ਗੁਰਗੱਦੀ ਤੇ ਆਸੀਨ ਹੋਏ। ਆਪ ਜੀ ਦੇ ਸਮੇਂ ਵਿਚ ਨੌਜਵਾਨ ਵਰਗ ਨੂੰ ਆਪ ਨੇ ਵਿਸ਼ੇਸ਼ ਪ੍ਰੇਮ ਘੇਰੇ ਵਿਚ ਲਿਆ ਹੈ, ਆਜ਼ਾਦ ਭਾਰਤ ਵਿਚ ਜਵਾਨਾਂ ਨੂੰ ਚੰਗੀ ਸੇਧ ਦੇਣ ਵਾਸਤੇ, ਸੰਗੀਤ, ਖੇਡਾਂ, ਨਾਮ ਸਿਮਰਨ ਗੁਰਬਾਣੀ ਦੇ ਸਾਦੇ ਦਾਜ ਦਹੇਜ ਰਹਿਤ ਸਮੂਹਿਕ ਵਿਆਹਾਂ ਵਲ ਪ੍ਰੇਰ ਕੇ ਰਖਿਆ ਹੈ। ਨਾਮਧਾਰੀਆਂ ਦੇ ਪਛੜੇਵੇਂ ਨੂੰ ਦੂਰ ਕਰਨ ਲਈ ਸਕੂਲ ਕਾਲਜ ਅਤੇ ਵਡੇ ਵਡੇ ਹਸਪਤਾਲਾਂ ਦਾ ਨਿਰਮਾਣ ਕਰਵਾਇਆ। ਸ਼ਾਨਦਾਰ ਇਤਿਹਾਸ ਨੂੰ ਸਾਂਭਣ ਪ੍ਰਚਾਰਣ, ਪ੍ਰਸਾਰਨ ਲਈ ਯਾਦਗਾਰਾਂ ਦੀ ਉਸਾਰੀ, ਪੁਸਤਕਾਂ, ਅਖਬਾਰਾਂ, ਰਸਾਲਿਆਂ ਨੂੰ ਪ੍ਰੋਤਸਾਹਿਤ ਕੀਤਾ ਹੈ। ਨਾਮਧਾਰੀਆਂ ਵਿਚੋਂ ਪਾਰਲੀਮੈਂਟ ਦੇ ਮੈਂਬਰ, ਅੰਤਰਰਾਸ਼ਟਰੀ ਖਿਡਾਰੀ, ਅੰਤਰਰਾਸ਼ਟਰੀ ਸੰਗੀਤਕਾਰ ਉਭਾਰੇ ਹਨ। ਭੈਣੀ ਸਾਹਿਬ ਪਿੰਡ ਵਿਚ ਹੀ ਖੇਡਾਂ ਲਈ ਇਕ ਇਨਡੋਰ ਸਟੇਡੀਅਮ ਹੈ। ਇਸੇ ਪਿੰਡ ਵਿਚ ਹੀ ਹਾਕੀ ਦੀ ਖੇਡ ਵਾਸਤੇ ਐਸਟਰੋਟਰਫ ਵਿਛਾਈ ਗਈ ਹੈ। ਜਿਸ ਉਤੇ ਨਾਮਧਾਰੀ ਟੀਮ ਤਾਂ ਅਭਿਆਸ ਕਰਦੀ ਹੀ ਹੈ ਸਗੋਂ ਨੈਸ਼ਨਲ ਪੱਧਰ ਦੇ ਮੁਕਾਬਲੇ ਵੀ ਇਸ ਟਰਫ ਤੇ ਖੇਡੇ ਗਏ ਹਨ। ਪਸ਼ੂ ਧਨ ਵਲ ਵਿਸ਼ੇਸ਼ ਧਿਆਨ ਦਿੱਤਾ ਅਤੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੇ ਪਸ਼ੂ ਵੱਡੇ ਵੱਡੇ ਮੁਕਾਬਲੇ ਜਿੱਤਦੇ ਹੀ ਰਹਿੰਦੇ ਹਨ। ਇਸ ਤਰ੍ਹਾਂ ਆਜ਼ਾਦੀ ਤੋਂ ਪੂਰਵ ਅਤੇ ਵਰਤਮਾਨ ਵਿਚ 'ਕੂਕਾ ਨਾਮਧਾਰੀ ਲਹਿਰ' ਦਾ ਫਖਰਯੋਗ ਸਥਾਨ ਹੈ।

ਸ਼ਹੀਦ ਭਗਤ ਸਿੰਘ ਨੇ ਕੂਕਾ ਬਗਾਵਤ ਨੂੰ ਆਪਣੇ ਇਕ ਲੇਖ ਵਿਚ ਰਾਜ ਪਲਟਾਉਣ ਦੀ ਪਹਿਲੀ ਕੋਸ਼ਿਸ਼ ਲਿਖਿਆ ਹੈ। ਇਕ ਹੋਰ ਲੇਖ ਵਿਚ ਲਿਖਿਆ ਹੈ ਕਿ ਉਹ ਤਹਿਰੀਕ ਇਕ ਰਾਜ ਪਲਟਾਊ ਨਹੀਂ ਜੁਗ ਪਲਟਾਊ ਤਹਿਰੀਕ ਸੀ। 1930 ਵਿਚ ਛਪੇ ਇਕ ਤੀਸਰੇ ਲੇਖ ਵਿਚ ਸ਼ਹੀਦ ਭਗਤ ਸਿੰਘ ਨੇ ਲਿਖਿਆ "ਗੁਰੂ ਰਾਮ

Namdhari Elibrary NamdhariElibrary@gmail.com

ਸਿੰਘ ਦੀ ਅਗਵਾਈ ਵਿਚ ਕੂਕਾ ਵਿਦਰੋਹ ਤੋਂ ਲੈ ਕੇ ਅੱਜ ਤਕ ਜੋ ਅੰਦੋਲਨ ਚੱਲੇ ਅਤੇ ਜਿਸ ਪ੍ਰਕਾਰ ਜਨਤਾ ਵਿਚ ਇਹ ਸੂਝ ਆਈ ਕਿ ਉਹ ਸੁਤੰਤਰਤਾ ਦੀ ਬਲੀ ਵੇਦੀ ਤੇ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਹੋ ਗਈ।

ਗਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸੁਰੱਖਿਅਤ ਆਪਣੀ ਉਰਦੂ ਵਿਚ ਸਵੈ ਜੀਵਨੀ ਵਿਚ ਲਿਖਦੇ ਹਨ-

"ਜਦੋਂ ਮੈਂ ਨਾਮਧਾਰੀ ਮੂਵਮੈਂਟ ਵਿਚ ਸ਼ਾਮਲ ਹੋਇਆ ਤਾਂ ਬਾਬਾ ਜੀ (ਕੇਸਰ ਸਿੰਘ ਮਹਾਵਾ) ਅਤੇ ਦੂਜੇ ਮਹਾਰਾਜ ਰਾਮ ਸਿੰਘ ਜੀ ਦੇ ਸਾਥੀਆਂ ਤੋਂ ਮੈਂ ਮਹਾਰਾਜ ਰਾਮ ਸਿੰਘ ਜੀ ਦੀ ਜ਼ਿੰਦਗੀ ਦੇ ਹਾਲਾਤ ਸੁਣੇ। ਕੈਦ ਵਿਚ ਉਹਨਾਂ ਦੀ ਅਡੋਲਤਾ, ਦੇਸ਼ ਭਗਤੀ ਅਤੇ ਨਾਮਧਾਰੀਆਂ ਦਾ ਹੱਸ ਹੱਸ ਕੇ ਤੋਪਾਂ ਅਗੇ ਉਡਣਾ, ਅੰਗਰੇਜ਼ ਗੌਰਮਿੰਟ ਦੀ ਸਖਤੀ ਦੇ ਬਾਵਜੂਦ ਭੱਜੇ ਹੋਏ ਨਾਮਧਾਰੀਆਂ ਨੂੰ ਉਮਰ ਭਰ ਲਈ ਨਾਮਧਾਰੀ ਸਾਥੀਆਂ ਦਾ ਘਰਾਂ ਵਿਚ ਪਨਾਹ ਦੇਣਾ ਅਤੇ ਮੌਤ ਨਾਲ ਖੇਡ ਕੇ ਮਫਰੂਰ ਸਾਥੀਆਂ ਦੀਆਂ ਜਾਨਾਂ ਬਚਾਉਣੀਆਂ, ਬਾਵਜੂਦ ਪੁਲਿਸ ਦੀ ਸਖਤ ਨਿਗਰਾਨੀ ਦੇ ਡਾਕ ਅਤੇ ਖੁਫੀਆ ਮੀਟਿੰਗਾਂ ਦੇ ਸਿਲਸਿਲੇ ਨੂੰ ਜਾਰੀ ਰਖਣਾ ਆਦਿ। ਇਹਨਾਂ ਸਾਰੇ ਕਾਰਨਾਮਿਆਂ ਅਤੇ ਨਾਮਧਾਰੀਆਂ ਦੇ ਸੱਚੇ ਪ੍ਰੇਮ ਅਤੇ ਖਾਸ ਕਰ ਬਾਬਾ ਕੇਸਰ ਸਿੰਘ ਦੀ ਸਚਾਈ ਅਤੇ ਰੂਹਾਨੀਅਤ ਅਤੇ ਆਜ਼ਾਦ ਖਿਆਲੀ ਦਾ ਮੇਰੇ ਉਤੇ ਡੂੰਘਾ ਪ੍ਰਭਾਵ ਪਿਆ ਅਤੇ ਮੈਂ ਆਪਣਾ ਸਾਰਾ ਤਨ, ਮਨ ਅਤੇ ਧਨ ਨਾਮਧਾਰੀ ਮੂਵਮੈਂਟ ਉਤੇ ਨਿਛਾਵਰ ਕਰ ਦਿੱਤਾ। ਬਾਰਾਂ ਸਾਲ ਮੈਂ ਨਾਮਧਾਰੀ ਮੂਵਮੈਂਟ ਵਿਚ ਕੰਮ ਕੀਤਾ।"

ਕਾਮਰੇਡ ਸੋਹਨ ਸਿੰਘ ਜੋਸ਼ ਦੇ ਸ਼ਬਦਾਂ ਵਿਚ "ਜਿਸ ਬਹਾਦਰੀ ਨਾਲ ਕੂਕਿਆਂ ਨੇ ਆਪਣੇ ਸੀਸ ਦਿੱਤੇ ਸਨ, ਉਹ ਬਹਾਦਰੀ ਨਵੀਆਂ ਰਾਜਸੀ ਲਹਿਰਾਂ ਦਾ ਉਤਸ਼ਾਹਜਨਕ ਝੰਡਾ ਬਣ ਗਈ। ਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਦਾ ਪ੍ਰੇਰਨਾਸ਼ੀਲ ਚਿੰਨ੍ਹ ਬਣ ਗਿਆ। ਸਦੀਵੀ ਰਾਜ ਕਰਨ ਦੇ ਖਾਬ ਲੈਣ ਵਾਲੇ ਅੰਗਰੇਜ਼ ਹਾਕਮਾਂ ਨੂੰ ਬੋਰੀਆ ਬਿਸਤਰਾ ਵਲੇਟ ਕੇ ਹਿੰਦੋਸਤਾਨ ਵਿਚੋਂ ਜਾਣਾ ਪਿਆ ਅਤੇ ਭਾਰਤ ਆਜ਼ਾਦ ਹੋ ਗਿਆ।"

ਇਸ ਤਰ੍ਹਾਂ ਭਾਰਤੀ ਸੁਤੰਤਰਤਾ ਸੰਗਰਾਮ ਵਿਚ ਕੂਕਾ ਲਹਿਰ ਦੇ ਯੋਗਦਾਨ ਨੂੰ ਹਰ ਜੀ ਹੋਸ਼, ਦੇਸ਼ ਭਗਤ ਤੇ ਇਤਿਹਾਸ ਨਿਰਖ ਪਰਖ ਕੇ ਪੜ੍ਹਨ ਸਮਝਣ ਵਾਲਾ ਵਿਅਕਤੀ ਬਹੁਤ ਹੀ ਮਹੱਤਵਪੂਰਨ ਸਮਝਦਾ ਹੈ। ਇਸ ਨਾਲ ਵਰਤਮਾਨ ਸਮੇਂ ਵਿਚ ਸਾਡਾ ਸਿਰ ਮਾਣ ਨਾਲ ਉਚਾ ਹੋ ਜਾਂਦਾ ਹੈ। ■

ਸ਼ਹੀਦ ਭਗਤ ਸਿੰਘ ਨੇ ਕੂਕਾ ਬਗਾਵਤ ਨੂੰ ਆਪਣੇ ਇਕ ਲੇਖ ਵਿਚ ਰਾਜ ਪਲਟਾਉਣ ਦੀ ਪਹਿਲੀ ਕੋਸ਼ਿਸ਼ ਲਿਖਿਆ ਹੈ। ਇਕ ਹੋਰ ਲੇਖ ਵਿਚ ਲਿਖਿਆ ਹੈ ਕਿ ਉਹ ਤਹਿਰੀਕ ਇਕ ਰਾਜ ਪਲਟਾਊ ਨਹੀਂ ਜੁਗ ਪਲਟਾਊ ਤਹਿਰੀਕ ਸੀ।

ਯਾਦ ਚੀਨੀ ਵਾਲੇ ਦੀ

✍ **ਚੰਨਣ ਸਿੰਘ ਚਮਨ ਹਰਗੋਬਿੰਦਪੁਰੀ**

ਸੁਹਣੇ ਚੀਨੀ ਦੇ ਮਾਲਕ ਸ੍ਰੀ ਸਤਿਗੁਰੂ।
ਜ਼ਿੰਦਗਾਨੀ ਵਤਨ ਤੋਂ ਘੁਮਾਉਂਦੇ ਰਹੇ।
ਭਾਵੇਂ ਝੁੱਲੀਆਂ ਕਈ ਕਾਲੀਆਂ ਨ੍ਹੇਰੀਆਂ।
ਭਾਵੇਂ ਜ਼ੁਲਮਾਂ ਦੇ ਤੂਫਾਨ ਆਉਂਦੇ ਰਹੇ।
ਆਪਣੇ ਮਸਤਾਨਿਆਂ ਨੂੰ ਸਿਖਾਇਆ ਤੂੰ ਕੀ।
ਕੁਝ ਨਹੀਂ ਸਮਝ ਆਉਂਦੀ ਪਿਲਾਇਆਂ ਤੂੰ ਕੀ।
ਜਿਹੜੇ ਤੋਪਾਂ ਦੇ ਗੋਲੇ ਵੀ ਖਾਂਦੇ ਰਹੇ।
ਨਾਲੇ ਨਗਮੇ ਆਜ਼ਾਦੀ ਦੇ ਗਾਉਂਦੇ ਰਹੇ।
ਤੇਰੇ ਸਿੱਖਾਂ ਦੀਆਂ ਵੇਖ ਕੁਰਬਾਨੀਆਂ।
ਸਾਰੀ ਦੁਨੀਆਂ ਨੂੰ ਹੁੰਦੀਆਂ ਨੇ ਹੈਰਾਨੀਆਂ।
ਜ਼ੁਲਮ ਤਖਤਾਂ ਤੇ ਬਹਿਕੇ ਵੀ ਰੋਂਦਾ ਰਿਹਾ।
ਕੂਕੇ ਫਾਂਸੀ ਤੇ ਵੀ ਮੁਸਕਰਾਉਂਦੇ ਰਹੇ।
ਆਪਣੇ ਦਿਲ ਵਿਚ ਵਸਾਕੇ ਤੇਰੇ ਪਿਆਰ ਨੂੰ।
ਪਿਆਰੇ ਦਿਲਦਾਰ ਦੇ ਸੁਹਣੇ ਦੀਦਾਰ ਨੂੰ।
ਰੂਹ ਰੋਂਦੀ ਰਹੀ ਦਿਲ ਤੜਫਦਾ ਰਿਹਾ।
ਨੈਣ ਬਿਰਹਾ ਦੇ ਹੰਝੂ ਵਹਾਉਂਦੇ ਰਹੇ।
ਜਦ ਵੀ ਰੰਗੂਨ ਤੋਂ ਪੌਣ ਆਉਂਦੀ ਰਹੀ।
ਤੇਰੇ ਚਰਨਾਂ ਦੀ ਧੂੜ ਲਿਆਉਂਦੀ ਰਹੀ।
ਯਾਦ ਤੇਰੀ 'ਚ ਪਾਉਂਦੇ ਰਹੇ ਔਸੀਆਂ।
ਤੇਰੇ ਰਾਹਾਂ ਤੇ ਅੱਖੀਆਂ ਵਛਾਉਂਦੇ ਰਹੇ।
ਮਨ 'ਚ ਵਿਸ਼ਵਾਸ, ਧਰਵਾਸ ਤੇ ਆਸ ਹੈ।
ਰਾਮ ਵਾਂਗੂੰ ਖਤਮ ਹੋਣਾ ਬਨਵਾਸ ਹੈ।
ਖੌਰੇ ਏਸੇ ਲਈ ਕੂਕੇ ਪਏ ਕੂਕਦੇ।
ਤੇ ਆਵਾਜ਼ਾਂ ਲਗਾ ਕੇ ਬੁਲਾਉਂਦੇ ਰਹੇ।
ਖੌਰੇ ਆ ਜਾਵੇਂ ਸੁਣ ਕੇ ਤੂੰ ਫਰਿਆਦ ਨੂੰ।
ਜਿਵੇਂ ਥੰਮਾਂ ਚੋਂ ਮਿਲਿਆ ਸੀ ਪ੍ਰਹਿਲਾਦ ਨੂੰ।
ਤੇ ਵਸਾ ਕੇ ਦਿਲਾਂ ਵਿਚ ਤੇਰੀ ਯਾਦ ਨੂੰ।
ਆਪਾਂ ਹਰ ਸਾਲ ਮੇਲੇ ਮਨਾਉਂਦੇ ਰਹੇ।

Namdhari Elibrary NamdhariElibrary@gmail.com

ਨਾਮਧਾਰੀ ਸਾਹਿਤ ਬਾਰੇ ਉਪਾਧੀਮੂਲਕ ਖੋਜ

✍ ਡਾ. ਧਰਮ ਸਿੰਘ

ਇਕ ਪੰਜਾਬਣ ਦੀ ਆਵਾਜ਼ ਸੀ "ਆਹ ਭਾਈ ਤਾਂ ਭੈਣੀ ਸਾਹਿਬ ਤੋਂ ਆਏ ਲੱਗਦੇ ਨੇ।" ਮਨ ਵਿਚ ਖੁਸ਼ੀ ਅਤੇ ਅਚੰਭੇ ਦੇ ਭਾਵ ਸਨ। ਕਿਥੇ ਪੰਜਾਬ ਵਿਚ ਲੁਧਿਆਣੇ ਜ਼ਿਲੇ ਦਾ ਇਕ ਛੋਟਾ ਜਿਹਾ ਪਿੰਡ ਭੈਣੀ ਸਾਹਿਬ ਅਤੇ ਕਿਥੇ ਦੁਨੀਆਂ ਦਾ ਮਹਾਂ ਨਗਰ ਲੰਡਨ ਜਿਸ ਵਿਚੋਂ ਕਈ ਲੁਧਿਆਣੇ ਬਣ ਸਕਦੇ ਹਨ। ਦੁਨੀਆਂ ਦਾ ਕੇਂਦਰ ਇੰਗਲੈਂਡ ਤੇ ਉਸ ਦੇ ਕੇਂਦਰੀ ਹਵਾਈ ਅੱਡੇ ਤੇ ਭੈਣੀ ਸਾਹਿਬ ਦਾ ਨਾਂਅ ਬੋਲਦਾ ਹੈ।

ਨਾਮਧਾਰੀ ਸਾਹਿਤ ਦੀ ਉਮਰ ਵੀ ਓਨੀ ਹੀ ਲੰਮੀ ਹੈ ਜਿੰਨੀ ਇਸ ਲਹਿਰ ਦੀ। ਨਾਮਧਾਰੀ ਸਾਹਿਤ ਦਾ ਆਰੰਭ ਬਾਬਾ ਰਾਮ ਸਿੰਘ ਜੀ ਦੀਆਂ ਚਿੱਠੀਆਂ (ਹੁਕਮਨਾਮਿਆਂ) ਨਾਲ ਹੀ ਹੋ ਜਾਂਦਾ ਹੈ ਅਤੇ ਅੱਜ ਇਹ ਭਰਪੂਰ ਰੂਪ ਵਿਚ ਸਾਡੇ ਸਾਹਮਣੇ ਮੌਜੂਦ ਹੈ। ਨਾਮਧਾਰੀ ਲਹਿਰ ਨਾਲ ਜੁੜੇ ਕਈ ਲੇਖਕਾਂ ਦਾ ਪੰਜਾਬੀ ਸਾਹਿਤ ਦੀ ਮੂਲਧਾਰਾ ਦੇ ਸਾਹਿਤ ਵਿੱਚ ਵੀ ਗੌਲਣਯੋਗ ਹਿੱਸਾ ਹੈ। ਲੰਮੀ ਅਤੇ ਭਰਪੂਰ ਪ੍ਰੰਪਰਾ ਹੋਣ ਕਰਕੇ ਨਾਮਧਾਰੀ ਪੰਜਾਬੀ ਸਾਹਿਤ ਦੀ ਖੋਜ ਵੱਲ ਹੁਣ ਖੋਜਕਾਰਾਂ ਦਾ ਧਿਆਨ ਵੀ ਜਾਣਾ ਸ਼ੁਰੂ ਹੋਇਆ ਹੈ, ਜਿਸ ਦੇ ਫਲਸਰੂਪ ਕੁਝ ਪੀ. ਐਚ. ਡੀ. ਖੋਜ ਨਿਬੰਧ ਅਤੇ ਕੁਝ ਐਮ. ਫਿਲ ਦੇ ਖੋਜ ਨਿਬੰਧ ਸਾਹਮਣੇ ਆਏ ਹਨ। ਹੱਥਲੇ ਲੇਖ ਵਿੱਚ ਅਸੀਂ ਕੇਵਲ ਦੋ ਪੀ. ਐਚ. ਡੀ. ਅਤੇ ਇਕ ਐਮ. ਫਿਲ ਲਈ ਪ੍ਰਵਾਨ ਕੀਤੇ ਗਏ ਖੋਜ ਕਾਰਜਾਂ ਦੀ ਹੀ ਚਰਚਾ ਕਰਾਂਗੇ। ਪਹਿਲਾ ਪੀ. ਐਚ. ਡੀ. ਖੋਜ ਪ੍ਰਬੰਧਾਂ ਨੂੰ ਲੈਂਦੇ ਹਾਂ। ਪਹਿਲਾਂ ਖੋਜ ਪ੍ਰਬੰਧ ਪਰਮਜੀਤ ਕੌਰ ਦਾ 'ਨਾਮਧਾਰੀ ਲਹਿਰ ਦੀ ਵਾਰਤਕ ਦਾ ਆਲੋਚਨਾਤਮਕ ਅਧਿਐਨ' ਹੈ ਜੋ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ 2008 ਵਿਚ ਪ੍ਰਵਾਨ ਕੀਤਾ ਗਿਆ। ਇਸ ਖੋਜ ਪ੍ਰਬੰਧ ਦੀ ਅਧਿਆਇ ਵੰਡ ਅਤੇ ਖੋਜ ਯੋਜਨਾ ਇਸ ਪ੍ਰਕਾਰ ਹੈ :

ਅਧਿਆਇ ਪਹਿਲਾ : ਨਾਮਧਾਰੀ ਲਹਿਰ, ਇਤਿਹਾਸਕ ਤੇ ਸਿਧਾਂਤਕ ਪਿਛੋਕੜ

ਅਧਿਆਇ ਦੂਜਾ : ਨਾਮਧਾਰੀ ਵਾਰਤਕ ਸਾਹਿਤ

(ੳ) : 1857 ਤੋਂ 1906 ਤੱਕ

(ਅ) : 1906 ਤੋਂ 1959 ਤੱਕ

(ੲ) : 1959 ਤੋਂ ਹੁਣ ਤੱਕ

ਅਧਿਆਇ ਤੀਜਾ : ਨਾਮਧਾਰੀ ਲਹਿਰ ਦੇ ਮੁੱਖ ਸਰੋਕਾਰ

ਅਧਿਆਇ ਚੌਥਾ : ਨਾਮਧਾਰੀ ਵਾਰਤਕ ਦੇ ਪ੍ਰਮੁੱਖ ਰੂਪਕਾਰ

ਅਧਿਆਇ ਪੰਜਵਾਂ : ਸਤਿਜੁਗ ਦੀ ਪੰਜਾਬੀ ਸਾਹਿਤ ਨੂੰ ਦੇਣ

ਅਧਿਆਇ ਛੇਵਾਂ : ਨਾਮਧਾਰੀ ਵਾਰਤਕ ਦੀ ਰਚਨਾਸ਼ੈਲੀ ਸਾਰ ਤੇ ਸਥਾਪਨਾਵਾਂ

ਜਿਵੇਂ ਕਿ ਇਸ ਖੋਜ ਪ੍ਰਬੰਧ ਦੇ ਸਿਰਲੇਖ ਤੋਂ ਹੀ ਸਪਸ਼ਟ ਹੈ ਕਿ ਜਿੱਥੇ ਇਸ ਵਿਚ ਨਾਮਧਾਰੀ ਲਹਿਰ ਦਾ ਇਤਿਹਾਸਕ ਅਤੇ ਸਿਧਾਂਤਕ ਪਿਛੋਕੜ ਉਲੀਕਿਆ ਗਿਆ ਹੈ, ਉਥੇ ਇਸ ਲਹਿਰ ਨਾਲ ਜੁੜੇ ਪੰਜਾਬੀ ਵਾਰਤਕਕਾਰਾਂ ਦੇ ਯੋਗਦਾਨ ਦੀ ਵੀ ਭਰਪੂਰ ਚਰਚਾ ਹੈ। ਬਾਬਾ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਤੋਂ ਸ਼ੁਰੂ ਕਰਕੇ ਇਹ ਚਰਚਾ ਸਮਕਾਲੀ ਸਮੇਂ ਤੱਕ ਫੈਲਦੀ ਹੈ, ਜਿਸ ਵਿਚ ਕ੍ਰਮ ਅਨੁਸਾਰ ਸੰਤ ਸੰਤੋਖ ਸਿੰਘ ਬਾਹੋਵਾਲ, ਸੰਤ ਨਿਧਾਨ ਸਿੰਘ ਆਲਮ, ਸੰਤ ਇੰਦਰ ਸਿੰਘ ਚੱਕਰਵਰਤੀ, ਸੰਤ ਤਰਨ ਸਿੰਘ ਵਹਿਮੀ, ਨਾਹਰ ਸਿੰਘ, ਪ੍ਰੀਤਮ ਸਿੰਘ ਕਵੀ, ਤਾਰਾ ਸਿੰਘ ਅਨਜਾਣ ਅਤੇ ਅਮਰ ਭਾਰਤੀ

Namdhari Elibrary NamdhariElibrary@gmail.com

ਆਦਿ ਵਾਰਤਕਕਾਰਾਂ ਦੀਆਂ ਵਾਰਤਕ ਪੁਸਤਕਾਂ ਦਾ ਅਲੋਚਨਾਤਮਕ ਪਰਿਚਯ ਦਿੱਤਾ ਗਿਆ ਹੈ। ਨਾਮਧਾਰੀ ਲਹਿਰ ਨਾਲ ਜੁੜੇ ਇਹਨਾਂ ਲੇਖਕਾਂ ਦੇ ਸਰੋਕਾਰ ਆਮ ਲੇਖਕਾਂ ਵਾਲੇ ਹੋਣ ਦੇ ਬਾਵਜੂਦ ਕੁਝ ਖਾਸ ਸਨ, ਜਿਹਨਾਂ ਵਿਚ ਅਜ਼ਾਦੀ ਸੰਗਰਾਮ ਲਈ ਲੋਕ ਰਾਇ ਸੰਗਠਿਤ ਕਰਕੇ ਆਮ ਜਨਤਾ ਨੂੰ ਇਸ ਲਈ ਤਿਆਰ ਕਰਨਾ ਸੀ। ਇਕ ਮੁਕੰਮਲ ਅਧਿਆਇ ਨਾਮਧਾਰੀ ਦਰਬਾਰ ਵਲੋਂ ਜਾਰੀ ਸਪਤਾਹਿਕ ਪੱਤਰ ਸਤਿਜੁਗ ਦੀ ਪੰਜਾਬੀ ਸਾਹਿਤ ਨੂੰ ਦੇਣ ਬਾਰੇ ਹੈ। ਜੋ ਨੀਤੀਆਂ ਸਤਿਜੁਗ ਨੂੰ ਜਾਰੀ ਕਰਨ ਵੇਲੇ ਨਿਰਧਾਰਿਤ ਕੀਤੀਆਂ ਗਈਆਂ ਉਹੀ ਨਾਮਧਾਰੀ ਵਾਰਤਕ ਦੇ ਸਰੋਕਾਰ ਹੋ ਨਿਬੜੇ। ਇਸ ਵਿਚ ਬਹੁਤੇ ਨਾਮਧਾਰੀ ਲੇਖਕਾਂ ਦੀਆਂ ਰਚਨਾਵਾਂ ਪਹਿਲਾਂ ਸਤਿਜੁਗ ਵਿਚ ਛਪਦੀਆਂ ਅਤੇ ਉਨ੍ਹਾਂ ਨੂੰ ਬਾਅਦ ਵਿਚ ਕਿਤਾਬੀ ਰੂਪ ਦਿੱਤਾ ਜਾਂਦਾ। ਏਥੇ ਇਹ ਕਹਿਣਾ ਬਹੁਤ ਉਚਿਤ ਹੋਵੇਗਾ ਕਿ ਸਤਿਜੁਗ ਅਧਿਐਨ ਕੀਤੇ ਬਿਨਾਂ ਆਮ ਕਰਕੇ ਨਾਮਧਾਰੀ ਸਾਹਿਤ ਪਰ ਖਾਸ ਕਰਕੇ ਇਸ ਲਹਿਰ ਦੀ ਵਾਰਤਕ ਬਾਰੇ ਕੀਤਾ ਗਿਆ ਕੋਈ ਵੀ ਖੋਜ ਕਾਰਜ ਅਧੂਰਾ ਹੋਵੇਗਾ। ਇਸ ਤੋਂ ਬਿਨਾਂ ਇਸ ਖੋਜ ਪ੍ਰਬੰਧ ਵਿਚ ਨਾਮਧਾਰੀ ਲਹਿਰ ਦਾ ਇਤਿਹਾਸ, ਨਾਮਧਾਰੀ ਆਗੂਆਂ ਦੇ ਜੀਵਨ ਬਿਰਤਾਂਤ, ਨਾਮਧਾਰੀ ਸਿਧਾਂਤ ਅਤੇ ਮਰਯਾਦਾ, ਗਊ ਗਰੀਬ ਦੀ ਰੱਖਿਆ, ਰਾਸਟਰੀ ਅਤੇ ਅੰਤਰ ਰਾਸ਼ਟਰੀ ਰਾਜਨੀਤੀ ਅਤੇ ਅਨੇਕਾਂ ਹੋਰ ਵਿਸ਼ਿਆਂ ਨੂੰ ਛੂਹਣ ਦਾ ਉਪਰਾਲਾ ਵੀ ਕੀਤਾ ਗਿਆ ਹੈ। ਇਸ ਤੋਂ ਬਿਨਾਂ ਨਾਮਧਾਰੀ ਵਾਰਤਕਕਾਰਾਂ ਵਲੋਂ ਵਰਤੇ ਗਏ ਰੂਪਕਾਰਾਂ, ਸਾਖੀ, ਨਿਬੰਧ, ਜੀਵਨੀ, ਯਾਦਾਂ, ਟੀਕਾਕਾਰੀ, ਵਾਰਤਕ ਸ਼ੈਲੀ ਅਤੇ ਭਾਸ਼ਾ ਪ੍ਰਯੋਗ ਬਾਰੇ ਯਥਾਯੋਗ ਚਾਨਣਾ ਪਾਇਆ ਗਿਆ ਹੈ। ਕਹਿਣ ਦੀ ਲੋੜ ਨਹੀਂ ਕਿ ਖੋਜ ਕਰਤਾ ਪਰਮਜੀਤ ਕੌਰ ਨੇ ਇਸ ਵਿਸ਼ੇ ਦੇ ਅੰਤਰਗਤ ਆਉਂਦੇ ਹਰ ਪਸਾਰ ਨੂੰ ਛੂਹਣ ਦਾ ਉਪਰਾਲਾ ਕੀਤਾ ਹੈ। ਇਸ ਵਿਸ਼ੇ ਉਪਰ ਪਹਿਲਾ ਖੋਜ ਪ੍ਰਬੰਧ ਹੋਣ ਕਰਕੇ ਇਹ ਅਗਲੇਰੀ ਖੋਜ ਦਾ ਰਾਹ ਖੋਲ੍ਹਦਾ ਪ੍ਰਤੀਤ ਹੁੰਦਾ ਹੈ।

ਸੰਤ ਤਰਨ ਸਿੰਘ ਵਹਿਮੀ ਨਾਮਧਾਰੀ ਪੰਥ ਦੇ ਇਕ ਪ੍ਰਸਿੱਧ ਲੇਖਕ ਹੋ ਗੁਜਰੇ ਹਨ, ਜਿਹਨਾਂ ਨੇ ਕਵਿਤਾ ਅਤੇ ਵਾਰਤਕ ਵਿਚ ਕਈ ਪੂਰਨੇ ਪਾਏ। ਸੰਤ ਤਰਨ ਸਿੰਘ ਵਹਿਮੀ ਦੀ ਸਾਹਿਤ ਸੇਵਾ ਨੂੰ ਉਜਾਗਰ ਕਰਦੀ ਐਮ. ਫਿਲ. ਦਾ ਇੱਕ ਖੋਜ ਨਿਬੰਧ ਮੋਹਨ ਸਿੰਘ ਦਾ ਲਿਖਿਆ ਹੋਇਆ 'ਸੰਤ ਤਰਨ ਸਿੰਘ ਵਹਿਮੀ ਦੀ ਨਾਮਧਾਰੀ ਸਾਹਿਤ ਨੂੰ ਦੇਣ' (2009) ਨੂੰ ਮੈਨੂੰ ਵੇਖਣ ਦਾ ਮੌਕਾ ਮਿਲਿਆ ਹੈ। ਕੁਲ 132 ਪੰਨਿਆਂ ਦੇ ਇਸ ਖੋਜ ਨਿਬੰਧ ਦੇ ਹੇਠ ਲਿਖੇ ਅਧਿਆਇ ਹਨ :

ਅਧਿਆਇ ਪਹਿਲਾ : ਨਾਮਧਾਰੀ ਲਹਿਰ ਦਾ ਸਿਧਾਂਤਕ ਪਰਿਪੇਖ

ਅਧਿਆਇ ਦੂਜਾ : ਸੰਤ ਤਰਨ ਸਿੰਘ ਵਹਿਮੀ, ਜੀਵਨ ਤੇ ਰਚਨਾਤਮਕ ਪ੍ਰਾਪਤੀ

ਅਧਿਆਇ ਤੀਜਾ : ਵਾਰਤਕਕਾਰ ਤਰਨ ਸਿੰਘ ਵਹਿਮੀ

ਅਧਿਆਇ ਚੌਥਾ : ਕਵੀ ਸੰਤ ਤਰਨ ਸਿੰਘ ਵਹਿਮੀ

ਨਿਸ਼ਕਰਸ਼

ਅਧਿਆਇ ਪਹਿਲਾ ਵਿਚ ਨਾਮਧਾਰੀ ਲਹਿਰ ਦਾ ਇਤਿਹਾਸ, ਵਿਕਾਸ ਉਲੀਕਣ ਦੇ ਨਾਲ ਨਾਲ ਇਹ ਇਸ ਦੇ ਆਦਰਸ਼ਾਂ, ਸਰੋਕਾਰਾਂ ਅਤੇ ਨੀਤੀਆਂ ਬਾਰੇ ਜਾਣਕਾਰੀ ਦਿੰਦਾ ਹੈ। ਲੇਖਕ ਦਾ ਮੰਨਣਾ ਹੈ ਕਿ ਭਾਵੇਂ ਨਾਮਧਾਰੀ ਲਹਿਰ ਬਾਰੇ ਕਾਫੀ ਕੁਝ ਲਿਖਿਆ ਜਾ ਚੁੱਕਿਆ ਹੈ ਪਰ ਬਹੁਤ ਕੁਝ ਲਿਖਿਆ ਜਾਣਾ ਅਜੇ ਬਾਕੀ ਹੈ। ਨਾਮਧਾਰੀ ਲਹਿਰ ਨੇ ਪੰਜਾਬ ਦੇ ਰਾਜਨੀਤਕ, ਸਮਾਜਕ, ਸਦਾਚਾਰਕ ਅਤੇ ਧਾਰਮਕ ਜੀਵਨ ਉਪਰ ਜੋ ਪ੍ਰਭਾਵ ਪਾਇਆ ਉਸ ਦੀ ਕੁਝ ਝਲਕ ਇਸ ਅਧਿਆਇ ਵਿਚੋਂ ਮਿਲ ਜਾਂਦੀ ਹੈ। ਦੂਜੇ ਅਧਿਆਇ ਵਿਚ ਤਰਨ ਸਿੰਘ ਵਹਿਮੀ ਦੇ ਜੀਵਨ ਬਾਰੇ ਤੱਥਿਕ ਵੇਰਵੇ ਦਰਜ ਹਨ। ਏਸੇ ਅਧਿਆਇ ਵਿਚ ਵਹਿਮੀ ਜੀ ਦੇ ਸਮਕਾਲੀਆਂ ਅਤੇ ਹਮਖਿਆਲ ਲੋਕਾਂ ਬਾਰੇ ਵੀ ਚਰਚਾ ਹੈ। ਤੀਜੇ ਵਿਚ ਵਹਿਮੀ ਜੀ ਦੀਆਂ ਵਾਰਤਕ ਪੁਸਤਕਾਂ ਖਾਸ ਕਰਕੇ ਜੱਸ ਜੀਵਨ (ਛੇ ਭਾਗ) ਦਾ ਲੇਖਾ ਜੋਖਾ ਹੈ। ਜੱਸ ਜੀਵਨ ਇੱਕ ਵੱਡ ਆਕਾਰੀ ਗ੍ਰੰਥ ਹੈ, ਜੋ ਸੱਤ ਦਹਾਕਿਆਂ ਦੇ ਨਾਮਧਾਰੀ ਇਤਿਹਾਸ ਦਾ ਦਰਪਣ ਹੈ ਅਤੇ ਨਾਮਧਾਰੀ ਸਮਾਜ ਵਿਚ ਇਕ ਹਵਾਲਾ ਪੁਸਤਕ ਦਾ

> ***ਨਾਮਧਾਰੀ ਲਹਿਰ ਰਾਜਨੀਤੀ (ਅੰਗਰੇਜ਼ਾਂ ਖਿਲਾਫ ਅਜ਼ਾਦੀ ਸੰਗਰਾਮ ਪ੍ਰਚੰਡ ਕਰਨ) ਸਮਾਜ ਸੁਧਾਰ, ਸਦਾਚਾਰਕ ਤੌਰ ਤੇ ਮਨੁੱਖ ਨੂੰ ਮਜ਼ਬੂਤ ਬਣਾਉਣ, ਧਾਰਮਿਕ ਕੁਰੀਤੀਆਂ ਨੂੰ ਦੂਰ ਕਰਕੇ ਗੁਰਮਤਿ ਦੀ ਰੂਹ ਨੂੰ ਪਛਾਨਣ, ਇਸਤਰੀ ਦੀ ਬਿਹਤਰੀ, ਵਿਦਿਆ ਪ੍ਰਚਾਰ ਅਤੇ ਹੋਰ ਕਈ ਤਰ੍ਹਾਂ ਦੇ ਸੁਧਾਰਵਾਦੀ ਉਪਰਾਲਿਆਂ ਦੀ ਇਕ ਵਿਦਿਆ ਪ੍ਰਚਾਰ ਅਤੇ ਹੋਰ ਕਈ ਤਰ੍ਹਾਂ ਦੇ ਸੁਧਾਰਵਾਦੀ ਉਪਰਾਲਿਆਂ ਦੀ ਇਕ ਬੱਝਵੀਂ ਅਤੇ ਯੋਜਨਾਬੱਧ ਲਹਿਰ ਸੀ ਜਿਸਦਾ ਜਤਨ ਇਕ ਆਦਰਸ਼ ਸਮਾਜ ਕਾਇਮ ਕਰਨਾ ਸੀ ਅਤੇ ਕਵਿਤਾ ਦੇ ਮਾਧਿਅਮ ਰਾਹੀਂ ਲੋਕਾਂ ਨੂੰ ਜਾਗਰੂਕ ਕਰਨਾ ਸੀ।***

Namdhari Elibrary NamdhariElibrary@gmail.com

ਦਰਜਾ ਰੱਖਦਾ ਹੈ। ਇਕ ਸੁਚੇਤ ਇਤਿਹਾਸਕਾਰ ਵਾਂਗ ਤਰਨ ਸਿੰਘ ਵਹਿਮੀ ਦੀ ਇਸ ਗ੍ਰੰਥਾਵਲੀ ਵਿਚ ਮੌਖਿਕ ਅਤੇ ਲਿਖਤੀ ਸੋਮਿਆਂ ਦਾ ਸੰਸਲੇਸ਼ਣ ਕਰਕੇ ਆਪਣੇ ਨਤੀਜੇ ਕੱਢੇ ਹਨ। ਮੁੱਖ ਤੌਰ ਤੇ ਭਾਵੇਂ ਜੱਸ ਜੀਵਨ ਬਾਬਾ ਪ੍ਰਤਾਪ ਸਿੰਘ ਜੀ ਦੇ ਜੀਵਨ ਦੇ ਵੰਨ-ਸੁਵੰਨੇ ਪੱਖਾਂ ਨੂੰ ਜਨਮ ਸਾਖੀ ਸ਼ੈਲੀ ਵਿਚ ਕਲਮਬੱਧ ਕਰਦਾ ਹੈ, ਪਰ ਇਹ ਉਸ ਸਮੇਂ ਦੇ ਪੰਜਾਬ ਦੇ ਕਈ ਅਣਗੌਲੇ ਪੱਖਾਂ ਬਾਰੇ ਵੀ ਰੌਸ਼ਨੀ ਪਾਉਂਦਾ ਹੈ। ਅਧਿਆਇ ਚੌਥਾ ਤਰਨ ਸਿੰਘ ਵਹਿਮੀ ਦੀਆਂ ਕਾਵਿ ਪੁਸਤਕਾਂ : ਅੱਖੀਆਂ, ਪ੍ਰੇਮ ਅੱਖਰ, ਸੋਰਠਿ ਬੀਜਾ ਅਤੇ ਸਾਫ ਪਾਣੀ ਨਾਲ ਅਲੋਚਨਾਤਮਕ ਜਾਣ ਪਛਾਣ ਕਰਾਉਂਦਾ ਹੈ। ਬੇਸ਼ੱਕ ਵਹਿਮੀ ਦੀਆਂ ਕਾਵਿ ਕਿਰਤਾਂ ਰਵਾਇਤੀ ਅਤੇ ਤਤਕਾਲੀ ਕਵਿਤਾ ਦੀ ਪ੍ਰਕਿਰਤੀ ਵਾਲੀਆਂ ਹੀ ਹਨ। ਪਰ ਕਾਵਿ ਕੌਸ਼ਲਤਾ ਪੱਖੋਂ ਸਲਾਹੁਣਯੋਗ ਹਨ। ਉਦਾਹਰਣ ਵਜੋਂ ਅੱਖੀਆਂ ਨੂੰ ਕੇਂਦਰ ਵਿਚ ਰੱਖ ਕੇ ਉਸਨੇ ਗਿਆਨ, ਸਿਆਣਪ ਅਤੇ ਅਨੁਭਵ ਦੇ ਕਈ ਕੰਮ ਪੇਸ਼ ਕੀਤੇ ਹਨ। ਇੰਜ ਪ੍ਰਤੀਤ ਹੁੰਦਾ ਹੈ ਕਿ ਅੱਖਾਂ ਨਾਲ ਸੰਬੰਧਿਤ ਸਾਰੇ ਅਖਾਣ, ਮੁਹਾਵਰੇ ਉਸਨੇ ਇਸ ਕਵਿਤਾ ਵਿਚ ਵਰਤ ਦਿੱਤੇ ਹੋਣ। ਵਹਿਮੀ ਜੀ ਨੂੰ ਇਕ ਗੱਲ ਦਾ ਗਿਲਾ ਹੈ ਕਿ ਨਵੇਂ ਕਵੀ ਤੋਲ ਤੁਕਾਂਤ ਤੋਂ ਸੱਖਣੇ ਅਤੇ ਕਵਿਤਾਕਾਰੀ ਦੀ ਕਲਾ ਤੋਂ ਕੋਰੇ ਹਨ। ਕਵਿਤਾ ਦੀ ਰਵਾਨਗੀ ਲਈ ਉਹ ਇਸਨੂੰ ਬਹੁਤ ਜ਼ਰੂਰੀ ਮੰਨਦੇ ਹਨ। ਸੋਰਠਿ ਬੀਜਾ ਦੀ ਕਹਾਣੀ ਭਾਵੇਂ ਵਹਿਮੀ ਤੋਂ ਪਹਿਲਾਂ ਵੀ ਕਾਵਿ ਬੱਧ ਹੋ ਚੁੱਕੀ ਸੀ, ਪਰ ਉਨ੍ਹਾਂ ਨੇ ਵੀ ਆਪਣੀ ਕਲਮ ਇਸ ਉਪਰ ਅਜਮਾਈ ਹੈ। ਇਸ ਤੋਂ ਇਲਾਵਾ ਪੂਰਨ ਚੰਦ ਤੇ ਇੱਛਰਾਂ ਦੀ ਪ੍ਰੇਮ ਕਥਾ ਨੂੰ ਵੀ ਪਹਿਲੀ ਵਾਰ ਵਹਿਮੀ ਜੀ ਨੇ ਹੱਥ ਪਾਇਆ ਹੈ। ਤਰਨ ਸਿੰਘ ਵਹਿਮੀ ਵਿਚ ਇਤਿਹਾਸਕਾਰ, ਗੱਦ ਲੇਖਕ ਅਤੇ ਕਵੀ ਵਾਲੇ ਸਾਰੇ ਗੁਣ ਹਨ, ਜਿਹਨਾਂ ਕਰਕੇ ਉਸਨੂੰ ਪ੍ਰਸਿੱਧੀ ਮਿਲੀ।

ਵਾਰਤਕ ਨਾਲੋਂ ਕਵਿਤਾ ਹਰ ਯੁੱਗ ਵਿਚ ਵਧੇਰੇ ਪ੍ਰਸਿੱਧ ਅਤੇ ਪਿਆਰੀ ਜਾਂਦੀ ਰਹੀ ਹੈ। ਨਾਮਧਾਰੀ ਲਹਿਰ ਨੇ ਵੀ ਕਾਫੀ ਗਿਣਤੀ ਵਿਚ ਕਵਿਤਾ ਪੈਦਾ ਕੀਤੀ ਅਤੇ ਇਸ ਕਵਿਤਾ ਦਾ ਮੁਲੰਕਣ ਕਰਦਾ ਰਣਜੀਤ ਕੌਰ ਦਾ ਪੀ. ਐਚ. ਡੀ. ਖੋਜ ਪ੍ਰਬੰਧ 'ਨਾਮਧਾਰੀ ਲਹਿਰ ਦੀ ਕਵਿਤਾ : ਧਾਰਮਿਕ, ਇਤਿਹਾਸਕ ਅਤੇ ਸਾਹਿਤਕ ਪਰਿਪੇਖ' ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਲੋਂ 2004 ਵਿਚ ਸਵੀਕਾਰਿਆ ਗਿਆ ਹੈ। ਨਾਮਧਾਰੀ ਸਾਹਿਤ ਦੀ ਕਿਸੇ ਇਕ ਵੰਨਗੀ ਬਾਰੇ ਲਿਖਿਆ ਗਿਆ ਇਹ ਪਹਿਲਾ ਖੋਜ ਪ੍ਰਬੰਧ ਹੈ, ਜਿਸ ਦੇ ਹੇਠ ਲਿਖੇ ਅਧਿਆਇ ਹਨ :

ਅਧਿਆਇ ਪਹਿਲਾ : ਨਾਮਧਾਰੀ ਲਹਿਰ ਦੀ ਕਵਿਤਾ : ਉਦਭਵ ਤੇ ਵਿਕਾਸ

ਅਧਿਆਇ ਦੂਜਾ : ਨਾਮਧਾਰੀ ਕਵਿਤਾ ਦਾ ਧਾਰਮਿਕ ਪਰਿਪੇਖ

ਅਧਿਆਇ ਤੀਜਾ : ਨਾਮਧਾਰੀ ਕਵਿਤਾ ਦਾ ਸਮਾਜ - ਸੱਭਿਆਚਾਰਕ ਪਰਿਪੇਖ

ਅਧਿਆਇ ਚੌਥਾ : ਨਾਮਧਾਰੀ ਕਵਿਤਾ ਦਾ ਇਤਿਹਾਸਕ ਪਰਿਪੇਖ

ਅਧਿਆਇ ਪੰਜਵਾਂ : ਨਾਮਧਾਰੀ ਕਵਿਤਾ ਦੀ ਪ੍ਰਸਤੁਤੀ ਵਿਧੀ

ਨਿਸ਼ਕਰਸ਼

ਖੋਜ ਕਰਤਾ ਨੇ ਨਾਮਧਾਰੀ ਕਵਿਤਾ ਦੇ ਮੁੱਖ ਦੋ ਪੜਾਅ ਮੰਨੇ ਹਨ। ਪਹਿਲਾ ਪੜਾਅ ਬਾਬਾ ਰਾਮ ਸਿੰਘ ਜੀ ਦਾ ਸਮਕਾਲੀ ਸਮਾਂ ਹੈ ਅਤੇ ਦੂਜਾ ਇਸ ਤੋਂ ਬਾਅਦ ਦਾ ਪੜਾਅ ਹੈ। ਉਪਰ ਸੰਕੇਤਿਕ ਪ੍ਰਕਰਣ ਆਪਣੇ ਆਪ ਵਿਚ ਹੀ ਇਨ੍ਹਾਂ ਦੀ ਵਸਤੂ ਸਮਗਰੀ ਦੀ ਦੱਸ ਪਾਉਂਦੇ ਹਨ। ਨਾਮਧਾਰੀ ਲਹਿਰ ਰਾਜਨੀਤੀ (ਅੰਗਰੇਜ਼ਾਂ ਖਿਲਾਫ ਅਜ਼ਾਦੀ ਸੰਗਰਾਮ ਪ੍ਰਚੰਡ ਕਰਨ) ਸਮਾਜ ਸੁਧਾਰ, ਸਦਾਚਾਰਕ ਤੌਰ ਤੇ ਮਨੁੱਖ ਨੂੰ ਮਜ਼ਬੂਤ ਬਣਾਉਣ, ਧਾਰਮਿਕ ਕੁਰੀਤੀਆਂ ਨੂੰ ਦੂਰ ਕਰਕੇ ਗੁਰਮਤਿ ਦੀ ਰੂਹ ਨੂੰ ਪਛਾਨਣ, ਇਸਤਰੀ ਦੀ ਬਿਹਤਰੀ, ਵਿਦਿਆ ਪ੍ਰਚਾਰ ਅਤੇ ਹੋਰ ਕਈ ਤਰ੍ਹਾਂ ਦੇ ਸੁਧਾਰਵਾਦੀ ਉਪਰਾਲਿਆਂ ਦੀ ਇਕ ਵਿਦਿਆ ਪ੍ਰਚਾਰ ਅਤੇ ਹੋਰ ਕਈ ਤਰ੍ਹਾਂ ਦੇ ਸੁਧਾਰਵਾਦੀ ਉਪਰਾਲਿਆਂ ਦੀ ਇਕ ਬੱਝਵੀਂ ਅਤੇ ਯੋਜਨਾਬੱਧ ਲਹਿਰ ਸੀ ਜਿਸਦਾ ਜਤਨ ਇਕ ਆਦਰਸ਼ ਸਮਾਜ ਕਾਇਮ ਕਰਨਾ ਸੀ ਅਤੇ ਕਵਿਤਾ ਦੇ ਮਾਧਿਅਮ ਰਾਹੀਂ ਲੋਕਾਂ ਨੂੰ ਜਾਗਰੂਕ ਕਰਨਾ ਸੀ। ਇਹ ਕਵਿਤਾ ਨਿਜੀ ਪ੍ਰਚਾਰਾਤਮਕ ਹੀ ਨਹੀਂ ਸੀ, ਸਗੋਂ ਇਸ ਵਿਚ ਕਾਵਿ ਗੁਣ ਸਨ। ਏਸੇ ਲਈ ਖੋਜ ਕਰਤਾ ਨੇ ਇਸ ਵਿਚ ਵਡੀਆਂ ਛੋਟੀਆਂ ਪੰਜਾਹ ਦੇ ਕਰੀਬ ਕਾਵਿ ਕਿਰਤਾਂ ਨੂੰ ਆਪਣੀ ਪਰਖ ਪੜਚੋਲ ਦਾ ਆਧਾਰ ਬਣਾਇਆ ਹੈ। ਖੋਜ ਪ੍ਰਬੰਧ ਵਿਚ ਲਏ ਗਏ ਪ੍ਰਮੁੱਖ ਕਵੀਆਂ ਵਿਚ ਪ੍ਰੀਤਮ ਸਿੰਘ ਕਵੀ, ਅਮਰੀਕ ਸਿੰਘ, ਅਜੀਤ ਸਿੰਘ ਚੀਮਾਂ ਅਤੇ ਸੁਰਿੰਦਰ ਕੌਰ ਖਰਲ ਹਨ। ਖੋਜ ਕਰਤਾ ਨੇ ਕਵਿਤਾ ਦੀ ਚੋਣ ਵਿਚ ਕੇਵਲ ਨਾਮਧਾਰੀ ਸਰੋਕਾਰਾਂ ਨੂੰ ਹੀ ਆਪਣੇ ਧਿਆਨ ਵਿਚ ਰੱਖਿਆ ਹੈ, ਨਾਮਧਾਰੀ ਕਵੀਆਂ ਦੀ ਦੂਜੀ ਕਵਿਤਾ ਛੱਡ ਦਿੱਤੀ ਹੈ। ਦੂਜੇ ਸ਼ਬਦਾਂ ਵਿਚ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਲਹਿਰ ਦੀਆਂ ਕੀਰਤੀਆਂ ਅਤੇ ਆਦਰਸ਼ ਹੀ ਇਸ ਦੇ ਮੁੱਖ ਪ੍ਰੇਰਕ ਹਨ।

ਨਾਮਧਾਰੀ ਲਹਿਰ ਬਾਰੇ ਇਸ ਉਪਾਧੀਮੂਲਕ ਖੋਜ ਤੋਂ ਬਿਨਾਂ ਵੱਖ ਵੱਖ ਕੋਣਾਂ ਤੇ ਲਿਖੀਆਂ ਗਈਆਂ ਕਈ ਪੰਜਾਬੀ ਅਤੇ ਅੰਗਰੇਜ਼ੀ ਪੁਸਤਕਾਂ ਵਿਚ ਵੀ ਖੋਜ ਦਾ

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਨੇ

✍ ਬਲਬੀਰ ਸਿੰਘ ਢਿਲੋਂ ਮੋਹਾਲੀ

ਗਲਬਾ ਜਦੋਂ ਗੁਲਾਮੀ ਦਾ ਆਣ ਪਿਆ, ਭਾਰਤ ਵਰਸ਼ ਦੇ ਭਾਗ ਖਰਾਬ ਹੋ ਗਏ।
ਖੜ੍ਹੇ ਹੋ ਗਏ ਏਨੇ ਸਵਾਲ ਏਥੇ, ਦੇਣੇ ਸਭ ਦੇ ਔਖੇ ਜਵਾਬ ਹੋ ਗਏ।
ਖਿਜਾਂ ਵਿਚ ਬਸੰਤ ਤਬਦੀਲ ਹੋਈ, ਕੰਡਿਆਂ ਵਾਗਰਾਂ ਸੁੱਕ ਗੁਲਾਬ ਹੋ ਗਏ।
ਛੁਰੀ ਗਊ ਗਰੀਬ ਤੇ ਫਿਰਨ ਲੱਗ ਪਈ, ਮੈਲੇ ਪੰਜਾਂ ਦਰਿਆਵਾਂ ਦੇ ਆਬ ਹੋ ਗਏ।
ਆਜਾਦੀ ਮੰਗਣੀ ਗੱਲ ਤਾਂ ਰਹੀ ਕਿੱਧਰੇ, ਔਖੇ ਲੈਣੇ ਆਜ਼ਾਦ ਖੁਆਬ ਹੋ ਗਏ।

ਭੈਣੀ ਸਾਹਿਬੋਂ ਆਜ਼ਾਦੀ ਦੇ ਨਾਦ ਸੁਣ ਕੇ, ਕਮਰਕੱਸੇ ਕਰ ਲਏ ਦੀਵਾਨਿਆਂ ਨੇ।
ਗਲ ਵਿਚ ਮਾਲਾ ਤੇ ਹੱਥ ਤਲਵਾਰ ਫੜ ਕੇ, ਸਿਰ ਤੇ ਬੰਨ੍ਹ ਲਏ ਖੱਫਨ ਮਸਤਾਨਿਆਂ ਨੇ।
ਇਨਕਲਾਬ ਦਾ ਨਾਹਰਾ ਬੁਲੰਦ ਕੀਤਾ, ਥਾਂ ਥਾਂ ਗੂੰਜਦੇ ਕੌਮੀ ਤਰਾਨਿਆਂ ਨੇ।
ਅੱਗੇ ਵੇਖ ਆਜ਼ਾਦੀ ਦੀ ਸ਼ਮ੍ਹਾ ਬਲਦੀ, ਮੁੜਨਾ ਸਿੱਖਿਆ ਨਹੀਂ ਪਿੱਛੇ ਪਰਵਾਨਿਆਂ ਨੇ।
ਸੀਸ ਦੇ ਕੇ ਦੇਸ਼ ਦੀ ਸ਼ਾਨ ਖਾਤਰ, ਅਸਾਂ ਬੀਜ ਆਜ਼ਾਦੀ ਦੇ ਬੋ ਦੇਣੇ।
ਜਿਹੜੇ ਦਾਗ ਗੁਲਾਮੀ ਦੇ ਲਾਏ ਗੋਰੇ, ਅਸਾਂ ਖੂਨ ਦੇ ਨਾਲ ਨੇ ਧੋ ਦੇਣੇ।

ਵਰਖਾ ਫੁੱਲਾਂ ਦੀ ਹੋਈ ਆਕਾਸ਼ ਵਿਚੋਂ, ਪੌਣ ਵੰਡਦੀ ਹੋਈ ਖੁਮਾਰ ਆਈ।
ਖਿੜਿਆ ਚਮਨ ਉਦਾਸੀਆਂ ਦੂਰ ਹੋਈਆਂ, ਗੌਂਦੀ ਨੱਚਦੀ ਬਾਗੀਂ ਬਹਾਰ ਆਈ।
ਤਾਈਂ ਬਣ ਗਿਆ ਤੀਰਥ ਅਸਥਾਨ ਭੈਣੀ, ਕਿਉਂਕਿ ਏਥੇ ਸੀ ਸੱਚੀ ਸਰਕਾਰ ਆਈ।
ਜਿਹੜੀ ਜੋਤ ਰੁਸ਼ਨਾਇਆ ਏ ਜੱਗ ਸਾਰਾ, ਉਹੋ ਜੋਤ ਫਿਰ ਬਾਹਰਵੀਂ ਵਾਰ ਆਈ।
ਦੇਸ਼ ਵਿਚੋਂ ਵਦੇਸ਼ੀ ਨੂੰ ਕੱਢਣਾ ਏ, ਨਾਹਰਾ ਉਹਨਾਂ ਸਵਦੇਸੀ ਦਾ ਲਾ ਦਿੱਤਾ।
ਜਿਹੜਾ ਰਾਹ ਆਜ਼ਾਦੀ ਵੱਲ ਜਾ ਰਿਹਾ ਏ, ਉਸੇ ਰਾਹ ਤੇ ਦੇਸ਼ ਨੂੰ ਪਾ ਦਿੱਤਾ।

ਚਿੱਟੇ ਕਪੜੇ ਸਿੱਧੀ ਦਸਤਾਰ ਸਿਰ 'ਤੇ, ਨਿਸ਼ਾਨ ਬਖਸ਼ਿਆ ਸਤਿਗੁਰੂ ਰਾਮ ਸਿੰਘ ਨੇ।
ਬਾਣੀ ਪੜ੍ਹਨੀ ਤੇ ਗੁਰੂ ਦਾ ਹੁਕਮ ਮੰਨਣਾ, ਗਿਆਨ ਬਖਸ਼ਿਆ ਸਤਿਗੁਰੂ ਰਾਮ ਸਿੰਘ ਨੇ।
ਲੋੜ ਵੇਲੇ ਜੋ ਦੇਸ਼ ਦੇ ਕੰਮ ਔਂਦੇ, ਤਾਨ ਬਖਸ਼ਿਆ ਸਤਿਗੁਰੂ ਰਾਮ ਸਿੰਘ ਨੇ।
ਨਾਮ ਦਾਨ ਦੇ ਕੇ ਨਾਮਧਾਰੀਆਂ ਨੂੰ, ਮਾਨ ਬਖਸ਼ਿਆ ਸਤਿਗੁਰੂ ਰਾਮ ਸਿੰਘ ਨੇ।
ਕੀਤੀਆਂ ਜੋ ਕੁਰਬਾਨੀਆਂ ਕੂਕਿਆਂ ਨੇ, ਪਾ ਓਸ ਦਾ ਕੋਈ ਨਾ ਮੁੱਲ ਸਕਦਾ।
ਦੇਣ ਦਿੱਤੀ ਜੋ ਸਤਿਗੁਰੂ ਰਾਮ ਸਿੰਘ ਨੇ, ਦੇਸ਼ ਕਦੇ ਨਹੀਂ ਓਸ ਨੂੰ ਭੁੱਲ ਸਕਦਾ।

ਅਕਸ ਮੌਜੂਦ ਹੈ ਜਿਹਨਾਂ ਬਾਰੇ ਚਰਚਾ ਫਿਰ ਕਦੇ ਸਹੀ। ਫਿਲਹਾਲ ਅਸੀਂ ਕੁਝ ਅੰਗਰੇਜ਼ੀ ਪੰਜਾਬੀ ਕਿਤਾਬਾਂ ਦੇ ਨਾਂ ਹੀ ਦਰਜ ਕਰਨੇ ਚਾਹਾਂਗੇ। ਪੰਜਾਬੀ ਵਿਚ ਨਾਮਧਾਰੀ ਲਹਿਰ ਦੇ ਇਤਿਹਾਸ ਅਤੇ ਸਾਹਿਤ ਬਾਰੇ ਜਿਹੜੀਆਂ ਪੁਸਤਕਾਂ ਮਿਲਦੀਆਂ ਹਨ ਉਹ ਹਨ : ਕੂਕਾ ਲਹਿਰ ਦਾ ਪੰਜਾਬੀ ਸਾਹਿਤ (ਸਵਰਨ ਸਿੰਘ ਵਿਰਕ), ਨਾਮਧਾਰੀ ਲਹਿਰ (ਸੰਤ ਹਰਮਿੰਦਰ ਸਿੰਘ ਬੇਦੀ ਅਤੇ ਜਸਵਿੰਦਰ ਸਿੰਘ), ਕੂਕਾ ਲਹਿਰ (ਦਲੀਪ ਸਿੰਘ ਨਾਮਧਾਰੀ), ਗਾਥਾ ਸੁਤੰਤਰਤਾ ਸੰਗਰਾਮ ਦੀ (ਦਲੀਪ ਸਿੰਘ ਨਾਮਧਾਰੀ) ਸਤਿਗੁਰੂ ਰਾਮ ਸਿੰਘ ਅਤੇ ਕੂਕਾ ਲਹਿਰ (ਤਾਰਾ ਸਿੰਘ ਅਨਜਾਣ), ਸੰਤ ਤਰਨ ਸਿੰਘ ਵਹਿਮੀ : ਜੀਵਨ ਤੇ ਚਰਚਾ (ਸੀ. ਆਰ. ਮੋਦਗਿਲ) ਆਦਿ। ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਸਾਹਿਤ ਬਾਰੇ ਉਪਜੀ ਮੂਲਕ ਅਤੇ ਉਪਾਧੀ ਨਿਰਪੇਖ ਖੋਜ ਦੀ ਗੱਲ ਸਹਿਜੇ ਸਹਿਜੇ ਹੋਣ ਲੱਗ ਪਈ ਹੈ। ਸਭ ਤੋਂ ਪਹਿਲਾਂ ਲੋੜ ਨਾਮਧਾਰੀ ਸਾਹਿਤ ਦੇ ਗ੍ਰੰਥਾਂ ਅਤੇ ਦੂਜੇ ਸੰਗ੍ਰਹਿ ਤਿਆਰ ਕਰਕੇ ਵੰਡੇ ਜਾਣ ਦੀ ਹੈ ਫਿਰ ਉਹਨਾਂ ਉਪਰ ਖੋਜ ਕਾਰਜ ਹੋਵੇਗਾ। ਨਾਮਧਾਰੀ ਦਰਬਾਰ ਦੇ ਹੁਕਮਨਾਮੇ ਅਤੇ ਸਤਿਗੁਰੂ ਬਿਲਾਸ (ਭਾਗ 2) ਆਦਿ ਗ੍ਰੰਥ ਛਾਪ ਕੇ ਚੰਗੀ ਸ਼ੁਰੂਆਤ ਕਰ ਲਈ ਹੈ। ਉਮੀਦ ਹੈ ਸੰਕਲਨ ਅਤੇ ਸੰਗ੍ਰਹਿ ਕਰਨ ਦਾ ਬੁਨਿਆਦੀ ਕੰਮ ਅੱਗੋਂ ਵੀ ਜਾਰੀ ਰਹੇਗਾ। ■

Namdhari Elibrary NamdhariElibrary@gmail.com

ਨਾਮਧਾਰੀ ਪੰਜਾਬੀ ਸਾਹਿਤ ਦੇ ਪ੍ਰਮਾਣਿਕ ਹਸਤਾਖ਼ਰ

✍ ਡਾ. ਸੁਖਦੇਵ ਸਿੰਘ

ਅਵਧ ਦੇ ਖਿੱਤੇ ਨੂੰ ਛੱਡ ਕੇ ਭਾਰਤ ਵਿਚ ਬਰਤਾਨਵੀ ਸਾਮਰਾਜ ਵਿਰੁੱਧ ਉਠੇ ਬਹੁਤੇ ਅੰਦੋਲਨ ਮੂਲ ਰੂਪ ਵਿਚ ਰਜਵਾੜਿਆਂ ਜਾਂ ਸਥਾਨਕ ਰਿਆਸਤਾਂ ਦੇ ਮਹਾਰਾਜਿਆਂ ਦੇ ਆਪਣੀ ਸਮਾਜਕ, ਰਾਜਸੀ ਅਤੇ ਸੈਨਿਕ ਸਥਿਤੀ ਨੂੰ ਬਹਾਲ ਰੱਖਣ ਦੇ ਯਤਨ ਸਨ। ਇਸ ਦੇ ਮੁਕਾਬਲੇ ਕੂਕਾ ਅੰਦੋਲਨ ਪੰਜਾਬ ਦੀ ਅਜਿਹੀ ਜਨਤਕ ਲਹਿਰ ਸੀ, ਜਿਸ ਨੂੰ ਜਨ-ਸਧਾਰਨ ਨੇ ਭਰਵਾਂ ਹੁੰਗਾਰਾ ਦਿੱਤਾ।

ਨਿਰਣਾਇਕ ਇਤਿਹਾਸਿਕ ਭੂਮਿਕਾ-

ਮਈ 1857 ਈ. ਵਿਚ ਆਰੰਭ ਹੋਏ ਗ਼ਦਰ ਤੋਂ ਪਹਿਲਾਂ ਪੰਜਾਬ ਵਿਚ ਭਾਈ ਮਹਾਰਾਜ ਸਿੰਘ, ਸਤਿਗੁਰੂ ਰਾਮ ਸਿੰਘ ਜੀ. ਰਾਮ ਸਿੰਘ ਪਠਾਣੀਆਂ ਅਤੇ ਅਹਿਮਦ ਖ਼ਾਨ ਖਰਲ (ਨੀਲੀ ਤੇ ਸਾਂਦਲਬਾਰ ਦੇ ਜਾਂਗਲੀ ਕਬੀਲੇ) ਆਦਿ ਦੀ ਅਗਵਾਈ ਵਿਚ ਪੰਜਾਬੀ ਬਰਤਾਨਵੀ ਸਾਮਰਾਜ ਦੇ ਖਿਲਾਫ਼ ਜੱਥੇਬੰਦ ਹੋ ਚੁੱਕੇ ਸਨ। ਪਰ ਕਈ ਇਤਿਹਾਸਕ ਸੀਮਾਵਾਂ ਕਾਰਨ ਇਹ ਵਿਦਰੋਹ ਵਿਸ਼ਾਲ ਜਨਤਕ ਬਗ਼ਾਵਤਾਂ ਜਾਂ ਸੰਗਠਿਤ ਵਿਦਰੋਹ ਦੀ ਲਹਿਰ ਨਾ ਬਣ ਸਕੇ। ਇਨ੍ਹਾਂ ਵਿਚੋਂ ਸਤਿਗੁਰੂ ਰਾਮ ਸਿੰਘ ਦੀ ਅਗਵਾਈ ਵਾਲਾ ਕੂਕਾ ਅੰਦੋਲਨ ਹੀ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਵਿਚ ਨਿਰਣਾਇਕ ਇਤਿਹਾਸਕ ਭੂਮਿਕਾ ਨਿਭਾ ਸਕਿਆ। ਕੂਕਾ ਅੰਦੋਲਨ ਮਹਿਜ਼ ਧਾਰਮਿਕ ਅਤੇ ਸੁਧਾਰਵਾਦੀ ਸਮਾਜਕ ਲਹਿਰ ਨਹੀਂ ਸੀ, ਸਗੋਂ ਇਸਦਾ ਸਪਸ਼ਟ ਮਨੋਰਥ ਬਰਤਾਨਵੀ ਬਸਤੀਵਾਦੀ ਪ੍ਰਬੰਧ ਤੋਂ ਮੁਕਤੀ ਹਾਸਿਲ ਕਰਨਾ ਸੀ। ਧਾਰਮਿਕ ਅਤੇ ਸੁਧਾਰਵਾਦੀ ਦਿੱਖ ਦੇ ਬਾਵਜੂਦ ਕੂਕਾ ਅੰਦੋਲਨ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਦੀ ਅਜਿਹੀ ਪਹਿਲੀ ਜਨਤਕ ਲਹਿਰ ਸੀ, ਜਿਸਨੂੰ ਜਨ-ਸਧਾਰਨ ਨੇ ਭਰਵਾਂ ਸਮਰਥਨ ਦਿੱਤਾ। ਇਸ ਲਹਿਰ ਦੇ ਜਨਕ ਅਤੇ ਸੰਚਾਲਕ ਸਤਿਗੁਰੂ ਰਾਮ ਸਿੰਘ ਜੀ ਸਧਾਰਨ ਕਿਰਤੀ ਪਰਿਵਾਰ ਵਿਚੋਂ ਸਨ। ਉਹ ਸਧਾਰਨ ਲੋਕਾਂ ਦੀਆਂ ਰੋਜ਼-ਮਰ੍ਹਾ ਦੀਆਂ ਸਮੱਸਿਆਵਾਂ ਤੇ ਤੰਗੀਆਂ-ਤੁਰਸ਼ੀਆਂ ਤੋਂ ਜਾਣੂੰ ਸਨ। ਉਨ੍ਹਾਂ ਕੋਲ ਸੈਨਿਕ ਜੀਵਨ ਦਾ ਤਜ਼ਰਬਾ ਸੀ। ਮਨੁੱਖੀ ਮਨ ਦੀ ਗਹਿਰੀ ਸਮਝ ਅਤੇ ਕਮਾਲ ਦੀ ਜਥੇਬੰਦਕ ਯੋਗਤਾ ਸਦਕਾ ਉਨ੍ਹਾਂ ਨੇ ਰਾਜਸੀ ਤੌਰ 'ਤੇ ਖੀਣ ਹੋਈ ਤੇ ਮਾਨਸਿਕ ਤੌਰ 'ਤੇ ਵਿਸ਼ਾਦ-ਗ੍ਰਸਤ ਸਿੱਖ ਮਾਨਸਿਕਤਾ ਨੂੰ ਹੁਲਾਰਾ ਦੇਣ ਲਈ ਇਕ ਧਾਰਮਿਕ ਮੰਚ ਮੁਹੱਈਆ ਕੀਤਾ। ਉਨ੍ਹਾਂ ਵਲੋਂ 12 ਅਪ੍ਰੈਲ 1857 ਨੂੰ 'ਸੰਤ ਖਾਲਸਾ' ਦੀ ਸਥਾਪਨਾ ਇਕ ਅਹਿਮ ਇਤਿਹਾਸਕ ਘਟਨਾ ਸੀ, ਜਿਸਨੇ ਸਮਾਜਕ ਤੇ ਰਾਜਸੀ ਪੱਖੋਂ ਉਦਾਸੀਨ ਹੋਏ ਸਿੱਖ ਭਾਈਚਾਰੇ ਨੂੰ ਨਵੀਂ ਰੌਸ਼ਨੀ ਦਿਖਾਈ। 'ਸੰਤ ਖਾਲਸਾ' ਦੇ ਮੂਲ ਆਦਰਸ਼ ਲਗਭਗ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਿਰਜਤ 'ਪੰਥ ਖਾਲਸਾ' ਵਾਲੇ ਹੀ ਸਨ। ਬਦਲੀਆਂ ਰਾਜਸੀ ਤੇ ਸਮਾਜਕ ਪ੍ਰਸਥਿਤੀਆਂ ਕਰਕੇ ਇਸ ਨਵੇਂ ਸੰਗਠਨ ਦੀ ਟੇਕ ਧਰਮ ਤੇ ਸਮਾਜ ਸੁਧਾਰ ਅਤੇ ਅਹਿੰਸਾ ਦੇ ਮਾਰਗ ਉਪਰ ਸੀ। ਕੂਕਾ ਅੰਦੋਲਨ ਦੇ ਅਵਾਮੀ ਖਾਸੇ ਕਰਕੇ ਪ੍ਰੋ. ਹਮਾਯੂੰ ਕਬੀਰ ਇਸ ਨੂੰ 'Mother of Freedom Movements' ਦਾ ਰੁਤਬਾ ਦਿੰਦਾ ਹੈ। ਉਨ੍ਹਾਂ ਅਨੁਸਾਰ ਅਵਧ ਦੇ ਖਿੱਤੇ ਨੂੰ ਛੱਡ ਕੇ ਭਾਰਤ ਵਿਚ ਬਰਤਾਨਵੀ ਸਾਮਰਾਜ ਵਿਰੁੱਧ

Namdhari Elibrary NamdhariElibrary@gmail.com

ਉਠੇ ਬਹੁਤੇ ਅੰਦੋਲਨ ਮੂਲ ਰੂਪ ਵਿਚ ਰਜਵਾੜਿਆਂ ਜਾਂ ਸਥਾਨਕ ਰਿਆਸਤਾਂ ਦੇ ਮਹਾਰਾਜਿਆਂ ਦੇ ਆਪਣੀ ਸਮਾਜਕ, ਰਾਜਸੀ ਅਤੇ ਸੈਨਿਕ ਸਥਿਤੀ ਨੂੰ ਬਹਾਲ ਰੱਖਣ ਦੇ ਯਤਨ ਸਨ। ਇਸ ਦੇ ਮੁਕਾਬਲੇ ਕੂਕਾ ਅੰਦੋਲਨ ਪੰਜਾਬ ਦੀ ਅਜਿਹੀ ਜਨਤਕ ਲਹਿਰ ਸੀ, ਜਿਸ ਨੂੰ ਜਨ-ਸਧਾਰਨ ਨੇ ਭਰਵਾਂ ਹੁੰਗਾਰਾ ਦਿੱਤਾ।[1]

ਕੂਕਾ ਅੰਦੋਲਨ ਦੇ ਤਿੰਨ ਪੜਾਅ-

ਮੁਢਲੇ ਪੜਾਅ ਤੇ ਕੂਕਾ ਅੰਦੋਲਨ ਸੁਧਾਰਵਾਦੀ ਤੇ ਸ਼ਾਂਤਮਈ ਧਾਰਮਿਕ ਲਹਿਰ ਸੀ, ਪਰ ਇਸ ਨੇ ਬਰਤਾਨਵੀ ਬਸਤੀਵਾਦੀ ਹਕੂਮਤ ਤੋਂ ਮੁਕਤੀ ਲਈ ਉਸਦੇ ਸਮਾਨਾਂਤਰ ਬਦਲਵਾਂ ਸਥਾਨਕ ਪ੍ਰਬੰਧ ਉਸਾਰਨ ਦਾ ਯਤਨ ਵੀ ਕੀਤਾ। ਕੂਕਿਆਂ ਨੂੰ ਵਿਦੇਸ਼ੀ ਮਾਲ ਅਤੇ ਅੰਗਰੇਜ਼ੀ ਪ੍ਰਸ਼ਾਸਨ (ਡਾਕ, ਰੇਲਵੇ, ਸੰਚਾਰ, ਕਚਿਹਰੀਆਂ, ਸਕੂਲਾਂ/ਕਾਲਜਾਂ ਅਤੇ ਸਰਕਾਰੀ ਨੌਕਰੀਆਂ ਆਦਿ) ਦਾ ਬਾਈਕਾਟ ਕਰਨ ਦੀ ਸਖਤ ਹਦਾਇਤ ਸੀ। ਸਥਾਨਕ ਆਰਥਿਕਤਾ ਨੂੰ ਮਜ਼ਬੂਤ ਕਰਨ ਅਤੇ ਬਰਤਾਨਵੀ ਸਾਮਰਾਜ ਦੇ ਆਰਥਿਕ ਆਧਾਰ ਉਤੇ ਸੱਟ ਮਾਰਨ ਲਈ ਵਿਦੇਸ਼ੀ ਮਾਲ ਦੇ ਬਾਈਕਾਟ ਦਾ ਕੂਕਿਆਂ ਦਾ ਨਾਹਰਾ ਬੜੀ ਦੂਰ-ਅੰਦੇਸ਼ੀ ਵਾਲਾ ਫ਼ੈਸਲਾ ਸੀ।

ਕੂਕਾ ਅੰਦੋਲਨ ਦਾ ਦੂਜਾ ਪੜਾਅ 1863 ਈ. ਤੋਂ ਆਰੰਭ ਹੁੰਦਾ ਹੈ, ਜਦੋਂ ਉਨ੍ਹਾਂ ਨੇ ਸਿਆਸੀ ਸਰਗਰਮੀ ਤੇਜ਼ ਕੀਤੀ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਵਿਚ 22 ਸੂਬੇ ਸਥਾਪਿਤ ਕਰਕੇ ਬਰਤਾਨਵੀ ਹਕੂਮਤ ਦੇ ਸਮਾਨਾਂਤਰ ਆਪਣਾ ਸਥਾਨਕ ਪ੍ਰਸ਼ਾਸਨ ਸਥਾਪਤ ਕੀਤਾ। ਗਵਾਲੀਅਰ, ਬਨਾਰਸ, ਲਖਨਊ ਅਤੇ ਕਸ਼ਮੀਰ ਆਦਿ ਦੇਸੀ ਰਿਆਸਤਾਂ ਨਾਲ ਸੰਬੰਧ ਸਥਾਪਿਤ ਕੀਤੇ। ਪਿੰਡ ਥਰਾਜਵਾਲਾ ਜ਼ਿਲ੍ਹਾ ਫਿਰੋਜਪੁਰ ਵਿਚ 1869 ਈ.'ਚ ਕੂਕਿਆਂ ਨੇ ਖਾਲਸਾ ਰਾਜ ਦੀ ਪੁਨਰ-ਸਥਾਪਨਾ ਦਾ ਹੋਕਾ ਦਿੱਤਾ- "ਚੁੱਕ ਲੈ ਫ਼ਿਰੰਗੀਆ ਛਾਉਣੀ, ਖਾਲਸੇ ਨੇ ਰਾਜ ਕਰਨਾ।"

ਇਸੇ ਅਰਸੇ ਵਿਚ ਕੂਕਾ ਲਹਿਰ ਦੇ ਸੰਚਾਲਕਾਂ ਨੇ ਕੂਟਨੀਤਕ ਸਿਆਣਪ ਵਰਤਦਿਆਂ ਕਾਬਲ, ਰੂਸ ਅਤੇ ਨੇਪਾਲ ਦੀਆਂ ਵਿਦੇਸ਼ੀ ਸਰਕਾਰਾਂ ਨਾਲ ਬਰਤਾਨਵੀ ਬਸਤੀਵਾਦੀ ਪ੍ਰਬੰਧ ਦੇ ਖਿਲਾਫ਼ ਸਾਂਝੇ ਯਤਨ ਕਰਨੇ ਸ਼ੁਰੂ ਕੀਤੇ। ਅੰਗਰੇਜ਼ਾਂ ਦੀਆਂ ਦਮਨਕਾਰੀ ਨੀਤੀਆਂ ਕਰਕੇ 1863 ਈ. ਤੋਂ ਕੂਕਿਆਂ ਉਪਰ ਤਰ੍ਹਾਂ ਤਰ੍ਹਾਂ ਦੀਆਂ ਸਖਤੀਆਂ, ਪਾਬੰਦੀਆਂ ਅਤੇ ਨਜ਼ਰਬੰਦੀਆਂ ਦਾ ਦੌਰ ਸ਼ੁਰੂ ਹੋਇਆ।

ਅੰਗਰੇਜ਼ਾਂ ਦੁਆਰਾ ਪੰਜਾਬ ਵਿਚ ਬੁੱਚੜਖਾਨੇ ਖੋਲ੍ਹਣ ਅਤੇ ਗਊ-ਹੱਤਿਆ ਨੂੰ ਲੈ ਕੇ 1871 ਈ. ਵਿਚ ਕੂਕਾ ਅੰਦੋਲਨ ਹਿੰਸਕ ਹੋ ਗਿਆ। ਕੂਕਿਆਂ ਨੇ ਸਰਕਾਰੀ ਦਮਨ ਅਤੇ ਹਿੰਸਾ ਦੇ ਪ੍ਰਤਿਕਰਮ ਵਜੋਂ ਪ੍ਰਤਿ-ਹਿੰਸਾ (counter-violence) ਦਾ ਰਾਹ ਅਖ਼ਤਿਆਰ ਕੀਤਾ। ਇਥੋਂ ਕੂਕਾ ਅੰਦੋਲਨ ਦਾ ਤੀਜਾ ਪੜਾਅ ਹਥਿਆਰਬੰਦ ਬਗ਼ਾਵਤ ਦਾ ਦੌਰ ਸ਼ੁਰ ਹੁੰਦਾ ਹੈ, ਜਿਸ ਨੂੰ ਸੰਤ ਨਿਹਾਲ ਸਿੰਘ ਆਪਣੇ ਬਾਰਾਂਮਾਂਹ ਵਿਚ-'ਦੂੰਦ ਖਾਲਸੇ ਮਚਾਈ ਹੈ' ਕਹਿੰਦਾ ਹੈ ਅਤੇ ਭਾਈ ਚੰਦਾ ਸਿੰਘ ਝੱਬਰ-'ਸਿੰਘੋ ਸੀਸ ਦੇਵਣੇ ਆਏ' ਵਾਲਾ ਦੌਰ ਦੱਸਦਾ ਹੈ।

ਰਾਹ ਦਿਸੇਰੇ ਵਾਲੀ ਭੂਮਿਕਾ-

ਕੂਕਾ ਲਹਿਰ ਨੇ ਜਿਥੇ ਭਾਰਤ ਦੇ ਕੌਮੀ ਸੁਤੰਤਰਤਾ ਸੰਗਰਾਮ ਵਿਚ ਰਾਹ-ਦਿਸੇਰੇ ਵਾਲੀ ਭੂਮਿਕਾ ਨਿਭਾਈ, ਉਥੇ ਇਸ ਨੇ ਭਾਰਤ ਅਤੇ ਵਿਸ਼ੇਸ਼ ਕਰਕੇ ਪੰਜਾਬ ਦੇ ਸਭਿਆਚਾਰਕ ਪੁਨਰ-ਜਾਗਰਣ ਲਈ ਜ਼ਮੀਨ ਤਿਆਰ ਕੀਤੀ। ਨਾਮਧਾਰੀ ਲਹਿਰ ਨੇ ਸਿੱਖ ਸਮਾਜ/ਧਰਮ ਵਿਚ ਪ੍ਰਚਲਿਤ ਕੁਰੀਤੀਆਂ ਨਾਲ ਵਿਭਿੰਨ ਪੱਧਰਾਂ 'ਤੇ ਦਸਤਪੰਜਾ ਲਿਆ। ਸਨਾਤਨੀ ਰੀਤੀਵਾਦੀ ਕਠੋਰਤਾ ਤੇ ਅੰਧ-ਵਿਸ਼ਵਾਸਾਂ ਦੇ ਚੱਕਰਵਿਊ 'ਚ ਫਸੇ ਸਿੱਖ ਸਮਾਜ ਨੂੰ ਨਾਮ-ਮਾਰਗ ਦਾ ਮਹੱਤਵ ਦ੍ਰਿੜ੍ਹਾ ਕੇ ਸਿੱਖੀ ਦੀ ਉਦਾਰਵਾਦੀ/ਮਾਨਵਵਾਦੀ ਸਪਿਰਟ ਅਤੇ ਕ੍ਰਾਂਤੀਕਾਰੀ ਵਿਰਸੇ ਨਾਲ ਜੋੜਿਆ। ਨਾਰੀ-ਮੁਕਤੀ ਅਤੇ ਸਸ਼ਕਤੀਕਰਣ ਲਈ ਨਾਰੀ ਵਿੱਦਿਆ ਉਪਰ ਜ਼ੋਰ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਹੁਕਮਨਾਮਿਆਂ ਵਿਚ ਮੁੰਡੇ-ਕੁੜੀ ਵਿਚ ਵਿਤਕਰਾ ਨਾ ਕਰਨ ਦੀ ਤਾੜਨਾ ਕੀਤੀ। ਨਾਮਧਾਰੀ ਸਮਾਜ ਨੂੰ ਕੁੜੀਆਂ ਮਾਰਨ, ਵੇਚਣ, ਵੱਟੇ ਦਾ ਵਿਆਹ ਕਰਨ, ਲਾਲਚ ਵੱਸ ਅਯੋਗ ਵਰ ਲੱਭਣ ਦੀ ਸਖਤ ਮਨਾਹੀ ਕੀਤੀ। ਸਸਤੇ ਅਤੇ ਸਾਦਾ ਵਿਆਹ (ਸਮੂਹਿਕ ਆਨੰਦ ਕਾਰਜ) ਦੀ ਪ੍ਰਥਾ ਚਾਲੂ ਕੀਤੀ। ਸਾਦਗੀ, ਸਵੱਛਤਾ, ਹਲੀਮੀ ਆਦਿ ਮਨੁੱਖੀ ਗੁਣਾਂ ਦੇ ਪ੍ਰਚਾਰ ਰਾਹੀਂ ਸਿੱਖਾਂ ਵਿਚ ਨੈਤਿਕ ਦ੍ਰਿੜ੍ਹਤਾ ਤੇ ਆਤਮਿਕ ਅਮੀਰੀ ਪੈਦਾ ਕਰਨ ਦਾ ਯਤਨ ਕੀਤਾ। ਕੂਕਿਆਂ ਵਿਚ ਇਕ ਦੂਜੇ ਦੀ ਸਹਾਇਤਾ ਕਰਨ ਅਤੇ ਵਿਆਜ ਨਾ ਲੈਣ-ਦੇਣ ਨੂੰ ਉਤਸ਼ਾਹਿਤ ਕੀਤਾ। ਕੂਕਾ ਰਹਿਤ ਮਰਿਆਦਾ ਵਿਚ ਸੁੱਚ ਅਤੇ ਸਫ਼ਾਈ ਉਪਰ ਉਚੇਚਾ ਬਲ ਹੈ। ਜੀਵ-ਰੱਖਿਆ ਅਤੇ ਵਾਤਾਵਰਣ ਦੀ ਸ਼ੁੱਧਤਾ ਨੂੰ ਕਾਇਮ ਰੱਖਣ ਲਈ ਕੂਕਿਆਂ ਨੇ ਆਪਣਾ ਧਾਰਮਿਕ ਵਿਧਾਨ ਘੜਿਆ। ਥਾਣੇ-ਕਚਿਹਰੀਆਂ ਦੀ ਥਾਂ ਭਾਈਚਾਰਕ

Namdhari Elibrary NamdhariElibrary@gmail.com

ਨਿਆਂ-ਪ੍ਰਣਾਲੀ ਨੂੰ ਮਜ਼ਬੂਤ ਕਰਨ ਉਪਰ ਜ਼ੋਰ ਦਿੱਤਾ। ਇਸ ਵਿਚਾਰ ਉਪਰ ਉਚੇਚਾ ਬਲ ਦਿਤਾ ਕਿ ਕੂਕੇ ਸਿੱਖਾਂ ਲਈ ਸੱਚ, ਸੁੱਚ ਅਤੇ ਆਤਮ-ਸ਼ੁੱਧੀ ਹੀ ਅਸਲ ਧਰਮ ਹੈ। ਕੌਮੀ ਸੁਤੰਤਰਤਾ ਸੰਗਰਾਮ ਅਤੇ ਸਮਾਜ-ਸਭਿਆਚਾਰਕ ਪੁਨਰ-ਨਿਰਮਾਣ ਦੇ ਪੱਖੋਂ ਨਾਮਧਾਰੀ ਲਹਿਰ-ਸਵਦੇਸ਼ੀ, ਨਾਰੀ-ਮੁਕਤੀ ਅਤੇ ਪਰਿਆਵਰਣਕ ਸ਼ੁੱਧਤਾ ਦੀ ਚੇਤਨਾ ਦਾ ਸੰਚਾਰ ਕਰਨ ਵਾਲੀ ਇਤਿਹਾਸਕ ਪੱਖੋਂ ਪਹਿਲੀ ਲਹਿਰ ਕਹਾਉਣ ਦੀ ਅਧਿਕਾਰੀ ਹੈ। ਸਾਹਿਤ, ਸੰਗੀਤ ਅਤੇ ਖੇਡਾਂ ਦੇ ਖੇਤਰ ਵਿਚ ਵੀ ਨਾਮਧਾਰੀ ਲਹਿਰ ਦਾ ਯੋਗਦਾਨ ਅਦੁੱਤੀ ਹੈ। ਸਾਹਿਤ ਅਤੇ ਸ਼ਾਸਤਰੀ ਸੰਗੀਤ ਦੇ ਖੇਤਰ ਵਿਚ ਨਾਮਧਾਰੀ ਸਾਹਿਤ-ਸਿਰਜਕਾਂ ਅਤੇ ਕਲਾਕਾਰਾਂ ਨੇ ਅੰਤਰ-ਰਾਸ਼ਟਰੀ ਖਿਆਤੀ ਪ੍ਰਾਪਤ ਕੀਤੀ ਹੈ ਅਤੇ ਕਲਾ ਦੇ ਪ੍ਰਮਾਣਿਕ ਮਿਆਰ ਸਿਰਜੇ ਹਨ।

ਹੁਕਮਨਾਮਿਆਂ ਦਾ ਸਾਹਿਤਕ ਮਹੱਤਵ-

ਕੂਕਾ ਲਹਿਰ ਦੇ ਪੰਜਾਬੀ ਸਾਹਿਤ ਵਿਚ ਮੋਢੀ ਸਥਾਨ ਸਤਿਗੁਰੂ ਰਾਮ ਸਿੰਘ ਜੀ ਦੇ ਉਹਨਾਂ ਪੱਤਰਾਂ ਦਾ ਹੈ ਜੋ ਉਹਨਾਂ ਨੇ 1857 ਈ. ਦੇ ਅਰੰਭ ਤੋਂ 1881 ਈ. ਦੇ ਵਿਚਕਾਰਲੇ ਸਮੇਂ ਵਿਚ ਰੰਗੂਨ (ਬ੍ਰਿਟਿਸ਼ ਬਰ੍ਹਮਾ) ਅਤੇ ਮਰਗੋਈ ਜੇਲ੍ਹ ਵਿਚੋਂ ਪੰਜਾਬ ਵਿਚਲੇ ਆਪਣੇ ਪੈਰੋਕਾਰਾਂ ਨਾਮਧਾਰੀ ਸਿੰਘਾਂ/ਸਿੰਘਣੀਆਂ ਨੂੰ ਲਿਖੇ। ਨਾਮਧਾਰੀ ਭਾਈਚਾਰਾ ਸਤਿਕਾਰ ਵਜੋਂ ਇਹਨਾਂ ਨੂੰ ਰਹਿਤਨਾਮੇ-ਹੁਕਮਨਾਮੇ ਕਹਿੰਦਾ ਹੈ। ਇਕ ਇਤਿਹਾਸਕ ਖੋਜ ਮੁਤਾਬਿਕ 96 ਨਾਮਧਾਰੀ ਸਿੰਘ ਇਸ ਸਮੇਂ ਸਤਿਗੁਰੂ ਜੀ ਦੇ ਬਦੇਸ਼ੀ ਧਰਤੀ ਦੇ ਕੈਦ ਖਾਨਿਆਂ ਵਿਚ ਦਰਸ਼ਨ ਕਰਨ ਅਤੇ ਹੁਕਮਨਾਮੇ ਲੈਣ ਗਏ। ਜਸਵਿੰਦਰ ਸਿੰਘ ਦੀ ਸੰਪਾਦਨਾ ਹੇਠ, ਨਾਮਧਾਰੀ ਦਰਬਾਰ ਸ੍ਰੀ ਭੈਣੀ ਸਾਹਿਬ ਵਲੋਂ 65 ਹੁਕਮਨਾਮੇ ਲੈ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ ਨਾਮੀ ਪੁਸਤਕ ਛਾਪੀ ਗਈ ਹੈ। ਨਾਮਧਾਰੀ ਦਰਬਾਰ ਧਰਮ ਸਿੰਘ 'ਫੱਕਰ' ਉੱਤੇ ਕੁਝ ਹੁਕਮਨਾਮਿਆਂ ਵਿਚ ਵਾਧੇ-ਘਾਟੇ ਕਰਨ ਦੇ ਦੋਸ਼ ਲਾਉਂਦਾ ਹੈ। ਇਉਂ ਅਸੀਂ ਜਸਵਿੰਦਰ ਸਿੰਘ ਵਾਲੇ ਹੁਕਮਨਾਮਿਆਂ ਨੂੰ ਪ੍ਰਮਾਣਿਕ ਮੰਨ ਸਕਦੇ ਹਾਂ। ਜਸਵਿੰਦਰ ਸਿੰਘ ਦੀ ਸੰਪਾਦਤ ਪੁਸਤਕ ਕੂਕਾ ਮੂਵਮੈਂਟ-(ਫਰੀਡਮ ਸਟਰਗਲ ਇਨ ਪੰਜਾਬ) ਵਿਚ, ਭਾਈ ਨਰੈਣ ਸਿੰਘ ਰੋੜੇ ਤੋਂ ਜੇ. ਪੀ. ਵਾਰਬਰਟਨ ਪੁਲੀਸ ਕਪਤਾਨ ਲੁਧਿਆਣਾ ਦੁਆਰਾ 18 ਜੂਨ 1879 ਈ. ਨੂੰ ਜਗਰਾਉਂ ਦੇ ਲਾਗੇ ਪਕੜੇ ਗਏ 28 ਹੁਕਮਨਾਮਿਆਂ ਅਤੇ ਕੁਝ ਹੋਰ ਮੁਖ਼ਬਰਾਂ ਤੋਂ ਪ੍ਰਾਪਤ ਹੁਕਮਨਾਮਿਆਂ ਦਾ ਅੰਗਰੇਜ਼ੀ ਅਨੁਵਾਦ ਵੀ ਮਿਲਦਾ ਹੈ।

ਇਹਨਾਂ ਹੁਕਮਨਾਮਿਆਂ ਦੀ ਸਮਾਜਿਕ, ਰਾਜਨੀਤਕ ਅਤੇ ਸਾਹਿਤਕ ਮਹੱਤਤਾ ਤਾਂ ਹੈ ਹੀ, ਨਾਮਧਾਰੀ ਇਤਿਹਾਸ ਦਾ ਵੀ ਇਹ ਬੇਸ਼-ਕੀਮਤੀ ਸੋਮਾ ਹਨ। ਵੱਖ ਵੱਖ ਖਿੱਤਿਆਂ ਵਿਚ ਰਹਿਣ ਵਾਲੇ ਪ੍ਰਸਿਧ ਨਾਮਧਾਰੀਆਂ ਦਾ ਵੀ ਇਹਨਾਂ ਵਿਚ ਜ਼ਿਕਰ ਹੈ, ਜਿਹਨਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਸੰਬੋਧਿਤ ਹੁੰਦੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਜੇਲ-ਜੀਵਨ ਵਿਚਲੇ ਮਨੋਭਾਵਾਂ ਨੂੰ ਸਮਝਣ ਲਈ ਵੀ ਇਹ ਹੁਕਮਨਾਮੇ ਸਹਾਈ ਹੁੰਦੇ ਹਨ। ਆਪਣੀ ਧਰਤੀ ਤੋਂ ਹਜ਼ਾਰਾਂ ਕੋਹ ਦੂਰ, ਆਪਣੇ ਲੋਕਾਂ ਦੇ ਵਿਛੋੜੇ ਦੀ ਵੇਦਨਾ ਨੂੰ, ਉਹ ਕਿਵੇਂ ਮਹਿਸੂਸ ਕਰਦੇ ਹਨ, ਇਹਨਾਂ ਹੁਕਮਨਾਮਿਆਂ ਵਿਚੋਂ ਉਸ ਮਾਨਸਿਕ ਪੀੜ ਤੇ ਤੜਪ ਦਾ ਸਜੀਵ ਚਿਤਰਣ ਵੀ ਮਿਲਦਾ ਹੈ? ਉਸ ਲਾਚਾਰੀ ਦੇ ਦਰਸ਼ਨ ਵੀ ਹੁੰਦੇ ਹਨ ਜਿਸ ਨੂੰ, ਸਤਿਗੁਰੂ ਜੀ ਉਦੋਂ ਮਹਿਸੂਸ ਕਰਦੇ ਹਨ ਜਦੋਂ ਜਾਨ ਹਥੇਲੀ ਤੇ ਰੱਖ ਕੇ ਆਉਣ ਵਾਲੇ ਪਿਆਰਿਆਂ ਨਾਲ ਨਾ ਦੋ ਬੋਲ ਸਾਂਝੇ ਕਰ ਸਕਦੇ ਹਨ ਨਾ ਉਹਨਾਂ ਨੂੰ ਜਲਪਾਣੀ ਪੁੱਛ ਸਕਦੇ ਹਨ।

ਸਮਾਜ ਸੁਧਾਰ ਦੇ ਨੁਕਤੇ ਤੋਂ ਲੜਕੀਆਂ ਨੂੰ ਮਾਰਨਾ ਸਖਤੀ ਨਾਲ ਰੋਕਦੇ ਹਨ, ਮਾਈਆਂ ਬੀਬੀਆਂ ਨੂੰ ਅੱਖਰ ਗੁਰਮੁਖੀ ਪੜ੍ਹਾਉਣ ਦੀ ਤਾਕੀਦ ਕਰਦੇ ਹਨ, ਬਾਲ-ਵਿਆਹ ਦੀ ਥਾਂ ਬਾਲਗ-ਵਿਆਹ ਉਪਰ ਜ਼ੋਰ ਦਿੰਦੇ ਹਨ, ਹਰ ਇਕ ਨੂੰ ਬਾਣੀ ਕੰਠ ਕਰਨ ਲਈ ਅਤੇ ਰੋਜ਼ਾਨਾ ਨਾਮ ਬਾਣੀ ਨਾਲ ਜੁੜਨ ਲਈ ਆਖਦੇ ਹਨ।

ਉਹ ਆਪਣੇ ਸੀਰੀ ਜਾਂ ਕਾਮੇ ਨਾਲ ਥੋਹੜੇ ਕੱਖ ਪੱਠੇ ਤੋਂ ਝਗੜਾ ਨਾ ਕਰਨ ਦੀ ਹਦਾਇਤ ਕਰਦੇ ਹਨ। ਕਿਸੇ ਦਾ ਬੋਲ ਕੁਬੋਲ ਸੁਣ ਕੇ ਧੀਰਜ ਰੱਖਣ ਦੀ ਸਿਖਿਆ ਦਿੰਦੇ ਹਨ। ਆਪਣੇ ਮਾਪਿਆਂ ਦੀ ਚੰਗੀ ਤਰ੍ਹਾਂ ਦੇਖ ਭਾਲ ਕਰਨ ਦੀ ਹਦਾਇਤ ਕਰਦੇ ਹਨ। ਯਥਾ-ਸ਼ਕਤੀ ਦਾਨ ਕਰਨ ਅਤੇ ਹਰ ਭੇਖ ਦੀ ਸੇਵਾ ਕਰਨ ਲਈ ਕਹਿੰਦੇ ਹਨ। ਨਿੰਦਕ ਨੂੰ ਵੀ ਸੇਵਾ ਦਾ ਪਾਤਰ ਬਨਾਉਣ ਤੋਂ ਪਰਹੇਜ਼ ਨਾ ਕਰਨ ਦੀ ਸਿੱਖਿਆ ਦਿੰਦੇ ਹਨ। ਬਰਤਾਨਵੀ ਬਸਤੀਵਾਦੀ ਰਾਜਨੀਤਿਕ ਵਿਵਸਥਾ ਦੇ ਵਿਰੋਧ ਵਜੋਂ ਉਹ ਆਪਣੇ ਸਿੰਘਾਂ ਨੂੰ ਸਖਤੀ ਨਾਲ ਫਰੰਗੀਆਂ ਦੀ ਨੌਕਰੀ ਕਰਨ ਤੋਂ ਵਰਜਦੇ ਹਨ। ਕਿਉਂਕਿ ਆਪ ਅੰਗਰੇਜ਼ ਸਰਕਾਰ ਦੇ ਦਮਨਕਾਰੀ ਸੁਭਾਅ ਬਾਰੇ ਲਿਖਦੇ ਹਨ ਕਿ, "ਇਹ ਵੱਡੇ ਨਿਰਦਈ ਹਨ, ਇਹਨਾਂ ਨੇ ਚੌਧੇ ਵਿਚ (1857 ਦਾ ਜਨ ਵਿਦਰੋਹ) ਮੇਖਾਂ ਗੱਡ ਗੱਡ ਕੇ ਲੋਕ ਮਾਰੇ ਹੈਂ"।[2] ਆਪਣੀ

Namdhari Elibrary NamdhariElibrary@gmail.com

ਜਲਾਵਤਨੀ ਬਾਰੇ ਲਿਖਦੇ ਹਨ ਕਿ, "ਪਿਛੋਂ ਤਾਂ ਲਿਆਏ ਹੈ ਜੇ ਏਥੇ ਰਹਾ ਤਾਂ ਚੌਧੇ ਬਰਗਾ ਕੰਮ ਕਰਾਇ ਦੇਊਗਾ। ਅਰ ਹੁਣ ਡਰ ਹੈ ਭਾਈ ਚਿੱਠੀ ਭੇਜ ਕੇ ਪਿਛੇ ਸੂੜ ਕਰਾ ਦੇਊ, ਏ ਭਰਮ ਹੈ ਹੁਣ। ਮੇਰੇ ਸਰੀਰ ਦਾ ਕਾਲ ਬਰਗਾ ਭੈ ਹੈ ਏਨਾ ਨੂੰ, ਏਸ ਕਰਕੇ ਮੇਰੇ ਪਾਸ ਕਿਸੇ ਨੂੰ ਆਉਣ ਨਹੀਂ ਦਿੰਦੇ। ਚਿਠੀ ਮੇਰੀ ਦੀ ਤਕੜਾਈ ਤਾਂ ਰਖਦੇ ਹਨ ਕਿ ਇਸਦੇ ਬਹੁਤ ਆਦਮੀ ਹਨ ਪਿਛੇ ਮਾਝੇ ਦੇਸ ਮੇਂ ਅਤੇ ਚਿੱਠੀ ਭੇਜ ਕੇ ਸਾਡਾ ਸੂੜ ਕਰਵਾਇ ਦੇਵੇਗਾ"।[3] ਆਪਣੇ ਸਿੱਖਾਂ ਨੂੰ ਸੌ ਸਾਖੀ, ਪ੍ਰਹਿਲਾਦਸਰ ਵਾਲੀ ਪੋਥੀ ਅਤੇ ਬਡ ਤੀਰਥ ਵਿਚੋਂ ਮਿਲੀਆਂ ਸਾਖੀਆਂ ਦੇ ਆਧਾਰ 'ਤੇ ਅੰਗਰੇਜ਼ਾਂ ਦੇ ਪੰਜਾਬ ਵਿਚੋਂ ਯਕੀਨੀ ਜਾਣ ਦੀ ਭਵਿੱਖ ਬਾਣੀ ਕਰਕੇ ਆਜ਼ਾਦੀ ਦਾ ਭਰੋਸਾ ਦੁਆਉਂਦੇ ਹਨ। ਇਨ੍ਹਾਂ ਹੁਕਮਨਾਮਿਆਂ ਵਿਚ ਰੂਸ, ਕਾਬਲ, ਨਿਪਾਲ ਆਦਿਕ ਦੇਸ਼ਾਂ ਦੀ ਆਜ਼ਾਦ ਹਸਤੀ ਅਤੇ ਵੱਖ-ਵੱਖ ਦੇਸ਼ਾਂ ਵਿਚ ਸਾਮਰਾਜ ਵਿਰੁੱਧ ਉਠ ਰਹੀਆਂ ਕੌਮੀ ਮੁਕਤੀ ਲਹਿਰਾਂ ਦਾ ਜ਼ਿਕਰ ਹੈ ਅਤੇ ਫ਼ਰੰਗੀਆਂ ਦੀ ਸੰਭਾਵੀ ਹਾਰ ਦਾ ਸੁਪਨਾ ਹੈ।

ਨਾਮਧਾਰੀ ਹੁਕਮਨਾਮਿਆਂ ਦੀ ਵਾਰਤਕ ਆਧੁਨਿਕ ਪੰਜਾਬੀ ਵਾਰਤਕ ਲਈ ਜ਼ਮੀਨ ਤਿਆਰ ਕਰਨ ਵਾਲੀ ਹੈ। ਡਾ. ਹਰਿਭਜਨ ਸਿੰਘ ਅਨੁਸਾਰ "ਜਿਸ ਕਾਲਖੰਡ (ਉਨ੍ਹੀਵੀਂ ਸਦੀ ਦਾ ਦੂਜਾ ਅੱਧ) ਵਿਚ ਇਹ ਹੁਕਮਨਾਮੇ ਲਿਖੇ ਗਏ ਉਸ ਵੇਲੇ ਤਕ ਪੰਜਾਬੀ ਵਾਰਤਕ ਦਾ ਕੋਈ ਸਪਸ਼ਟ ਨਮੂਨਾ ਉਭਰ ਕੇ ਸਾਹਮਣੇ ਨਹੀਂ ਸੀ ਆਇਆ। ਸੋ ਸਤਿਗੁਰੂ ਜੀ ਆਪ ਹੀ ਇਸ ਸ਼ੈਲੀ ਦੇ ਸਿਰਜਕ ਹਨ। ਪੰਜਾਬੀ ਬੋਲਚਾਲ ਦੇ ਯੁੱਗ ਵਿਚੋਂ ਨਿਕਲ ਕੇ ਲਿਖਤ ਦੇ ਯੁੱਗ ਵਿਚ ਪ੍ਰਵੇਸ਼ ਕਰ ਰਹੀ ਸੀ"।[4] ਛੋਟੇ ਛੋਟੇ ਸਰਲ ਸਪਸ਼ਟ ਵਾਕ, ਗੁਰਬਾਣੀ ਦੀਆਂ ਤੁਕਾਂ ਥਾਂ ਪਰ ਥਾਂ ਵਰਤੀਆਂ ਹਨ, ਜਿੱਥੇ ਸਤਾਰ੍ਹਵੀਂ ਅਠਾਰ੍ਹਵੀਂ ਸਦੀ ਵਿਚ ਮਿਲਣ ਵਾਲੇ ਸਿਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਹੁਕਮਨਾਮੇ ਬਹੁਤ ਸੰਖੇਪ ਹੁੰਦੇ ਸਨ, ਇਹ ਕਾਫੀ ਵਿਸਤਰਿਤ ਹਨ। ਪੰਜਾਬੀ ਸਾਹਿਤ ਦੇ ਖੋਜਾਰਥੀਆਂ ਲਈ ਇਹਨਾਂ ਹੁਕਮਨਾਮਿਆਂ ਦਾ ਪਾਠ ਕਈ ਝਰੋਖੇ ਖੋਹਲਣ ਵਾਲਾ ਹੈ। ਧਾਰਮਿਕ ਤੌਰ ਤੇ ਵੀ, ਸਿੱਖ ਤਖਤਾਂ ਦੇ ਸਰਕਾਰ ਪ੍ਰਸਤ ਪੁਜਾਰੀਆਂ ਨਾਲ ਜੋ ਸੰਵਾਦ ਇਹਨਾਂ ਹੁਕਮਨਾਮਿਆਂ ਵਿਚ ਰਚਾਇਆ ਗਿਆ ਹੈ, ਉਸ ਦੀ ਵੱਥ ਬੜੀ ਕੀਮਤੀ ਹੈ। ਸਤਿਗੁਰੂ ਰਾਮ ਸਿੰਘ ਜੀ ਨੇ ਪੁਜਾਰੀ ਵਰਗ ਦੀ ਦੰਭੀ ਨੈਤਿਕਤਾ ਉਤੇ, ਇਹਨਾਂ ਹੁਕਮਨਾਮਿਆਂ ਦੁਆਰਾ, ਕੂਕਾ ਜੀਵਨ-ਜਾਚ ਦੀ ਸਦਾਚਾਰਕ ਜਿੱਤ ਦਾ ਡੰਕਾ ਵਜਾਇਆ ਹੈ।

ਹੁਕਮਨਾਮਿਆਂ ਤੋਂ ਬਾਅਦ, ਦੂਜਾ ਪ੍ਰਸਿੱਧ ਅਤੇ ਪ੍ਰਬੁੱਧ ਵਾਰਤਕ ਲੇਖਕ ਭਾਈ ਸੰਤੋਖ ਸਿੰਘ, ਬਾਹੋਵਾਲ (ਹੁਸ਼ਿਆਰਪੁਰ) ਨਿਵਾਸੀ ਹੈ। ਉਸ ਦਾ ਦੋ ਜਿਲਦਾਂ ਵਿਚ ਪ੍ਰਕਾਸ਼ਿਤ ਗ੍ਰੰਥ, "ਸਤਿਗੁਰੂ ਬਿਲਾਸ" ਹੈ। ਇਸਦੇ ਰਚਨਾ-ਕਾਲ ਅਤੇ ਪੁਸਤਕ ਰੂਪ ਵਿਚ ਛਾਪੇ ਦਾ ਜਾਮਾ ਧਾਰਨ ਕਰਨ ਵਿਚਕਾਰ ਇਕ ਸਦੀ ਦਾ ਅੰਤਰਾਲ ਹੈ। ਇਸ ਇਤਿਹਾਸਕ ਮਹੱਤਵ ਵਾਲੇ ਗ੍ਰੰਥ ਦਾ ਸੰਪਾਦਕ ਵੀ ਜਸਵਿੰਦਰ ਸਿੰਘ ਹੈ। ਨਾਮਧਾਰੀ ਇਤਿਹਾਸ ਦੇ ਖੋਜੀ ਜਸਵਿੰਦਰ ਸਿੰਘ ਨੇ ਇਸ ਇਤਿਹਾਸਕ ਗ੍ਰੰਥ ਦੇ ਬਹੁਤ ਸਾਰੇ ਸੰਦਰਭਾਂ ਨੂੰ ਫੁੱਟ ਨੋਟਾਂ ਵਿਚ ਸਪਸ਼ਟ ਕੀਤਾ ਹੈ। ਭਾਈ ਸੰਤੋਖ ਸਿੰਘ ਦਾ ਜੀਵਨ ਕਾਲ 1845 ਤੋਂ 1909 ਈ. ਤਕ ਦਾ ਹੈ। ਉਹ ਜਾਤ ਦਾ ਕਲਾਲ ਸੀ ਅਤੇ ਬਹੁਤ ਸਾਰੇ ਤੀਰਥਾਂ ਦੇ ਰਟਨ ਤੋਂ ਬਾਅਦ ਭੈਣੀ ਸਾਹਿਬ ਵਿਖੇ 1883 ਈ. ਵਿਚ ਪੁੱਜਿਆ। ਗੁਰੂ ਹਰੀ ਸਿੰਘ ਜੀ ਤੋਂ ਨਾਮ ਦੀ ਦਾਤ ਲੈ ਕੇ ਇੱਥੇ ਹੀ ਟਿਕ ਗਿਆ। ਉਸ ਨੇ ਭੈਣੀ ਸਾਹਿਬ ਰਹਿ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੇ ਸਿੱਖਾਂ ਅਤੇ ਗੁਰੂ ਹਰੀ ਸਿੰਘ ਜੀ ਤੋਂ ਬਚਨ ਬਿਲਾਸ ਸੁਣ ਕੇ ਨਾਮਧਾਰੀ ਲਹਿਰ ਦੇ ਇਤਿਹਾਸ ਨੂੰ ਕਲਮਬੱਧ ਕੀਤਾ। ਗੁਰੂ ਬਾਲਕ ਸਿੰਘ ਜੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ-ਗਮਨ ਤੱਕ ਦੇ ਸਮਾਚਾਰ ਸਤਿਗੁਰ ਬਿਲਾਸ ਦੀ ਪਹਿਲੀ ਜਿਲਦ ਵਿਚ ਹਨ। ਪਹਿਲੀ ਜਿਲਦ ਵਿਚ ਨਾਮਧਾਰੀ ਸ਼ਹੀਦੀ ਸਾਕੇ, ਅੰਮ੍ਰਿਤਸਰ, ਰਾਇਕੋਟ, ਮਲੇਰਕੋਟਲਾ ਆਦਿ ਦੇ ਬੁਚੜ ਬੱਧ ਦੇ ਸਾਕੇ, ਸਤਿਗੁਰੂ ਰਾਮ ਸਿੰਘ ਜੀ ਦਾ ਸੈਨਿਕ ਜੀਵਨ, ਗੁਰੂ ਬਾਲਕ ਸਿੰਘ ਨਾਲ ਭੇਟ, ਸਤਿਗੁਰੂ ਜੀ ਦੇ ਪ੍ਰਚਾਰ ਦੌਰੇ, ਸ੍ਰੀ ਅੰਮ੍ਰਿਤਸਰ ਦੀ ਦੀਪਮਾਲਾ, ਮੁਕਤਸਰ ਦੀ ਮਾਘੀ, ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ, ਦਮਦਮਾ ਸਾਹਿਬ ਦੀ ਵੈਸਾਖੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਯਾਤਰਾਵਾਂ ਆਦਿਕ ਦਾ ਬੜਾ ਸਟੀਕ ਵਰਣਨ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਬੰਦੀ ਜੀਵਨ, ਉਹਨਾਂ ਪਾਸ ਜਾਣ ਵਾਲੇ ਕੂਕੇ ਸਿੱਖਾਂ ਦੇ ਵੇਰਵੇ, ਭੈਣੀ ਸਾਹਿਬ ਡੇਰੇ ਦੇ ਪੁਲੀਸ ਨਿਗਰਾਨੀ ਹੇਠ ਰਹਿਣ ਦੇ ਸਮਾਚਾਰ, ਗੁਰੂ ਹਰੀ ਸਿੰਘ ਦੇ ਪੰਜਾਬ ਦੇ ਵੱਖ ਵੱਖ ਇਲਾਕਿਆਂ ਵਿਚ ਦੌਰੇ ਅਤੇ ਉਹਨਾਂ ਦਾ ਜੋਤੀ ਜੋਤ ਸਮਾਉਣਾ ਅਤੇ ਸਤਿਗੁਰੂ ਪਰਤਾਪ ਸਿੰਘ ਦੀ ਗੱਦੀ ਨਸ਼ੀਨੀ ਤੱਕ ਦੇ ਇਤਿਹਾਸ ਦਾ ਵਿਸਤ੍ਰਿਤ ਵਰਨਣ ਦੂਸਰੀ ਜਿਲਦ ਵਿਚ ਹੈ।

ਨਾਮਧਾਰੀ ਇਤਿਹਾਸ ਦਾ ਪ੍ਰਮਾਣਿਕ ਸ੍ਰੋਤ-

ਭਾਈ ਸੰਤੋਖ ਸਿੰਘ ਬਾਹੋਵਾਲ ਦਾ ਸਤਿਗੁਰੂ

Namdhari Elibrary NamdhariElibrary@gmail.com

ਬਿਲਾਸ, ਨਾਮਧਾਰੀ ਇਤਿਹਾਸ ਦਾ ਇਕ ਪ੍ਰਮਾਣਿਕ ਸ੍ਰੋਤ ਤਾਂ ਹੈ ਹੀ, ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਦਰਸ਼ਨ ਨੂੰ ਸਮਝਣ ਲਈ ਵੀ, ਇਸ ਵਿਚ ਵਰਣਿਤ ਸਾਖੀਆਂ ਦੀ ਵਡੇਰੀ ਭੂਮਿਕਾ ਹੈ। ਸਤਿਗੁਰੂ ਰਾਮ ਸਿੰਘ ਜੀ ਇਕ ਕ੍ਰਿਆਸ਼ੀਲ ਜੀਵਨ ਬਿਤਾਉਣ ਵਿਚ ਭਰੋਸਾ ਰੱਖਦੇ ਸਨ। ਉਹਨਾਂ ਮੁਤਾਬਿਕ ਜਿਸਦਾ ਵਿਹਾਰ ਸ਼ੁਧ ਹੈ ਉਸਦਾ ਪਰਮਾਰਥ ਵੀ ਸ਼ੁੱਧ ਹੈ। ਉਹ ਵੇਲਾ ਵਿਹਾ ਚੁੱਕੀਆਂ ਰਸਮਾਂ ਅਤੇ ਦੰਭੀ ਜੀਵਨ ਜਾਚ ਤੋਂ ਖਹਿੜਾ ਛੁਡਾ ਕੇ ਗੁਰਮੁਖ ਗਾਡੀ ਰਾਹ 'ਤੇ ਆਪਣਾ ਜੀਵਨ ਬਸਰ ਕਰਨ ਵਾਲੇ ਗੁਰੂ ਪਿਆਰਿਆਂ ਨੂੰ ਉਤਸ਼ਾਹਿਤ ਕਰਦੇ ਹਨ। ਉਹ ਗੁਰੂ ਕੇ ਲੰਗਰ ਵਿਚ ਪਾਪ ਦੀ ਖੱਟੀ ਨਹੀਂ ਪੈਣ ਦਿੰਦੇ। ਜਦੋਂ ਮਲੇਰਕੋਟਲੇ ਤੇ ਹਮਲਾ ਕਰਨ ਵਾਲੇ ਨਾਮਧਾਰੀ ਮਸਤਾਨੇ ਆਪ ਦੇ ਰੋਕਿਆਂ ਨਹੀਂ ਰੁਕਦੇ ਤਾਂ ਇਸ ਘਟਨਾ ਦੇ ਭਾਵੀ ਅੰਜ਼ਾਮ ਨੂੰ ਚਿਤਵ ਕੇ ਆਪ ਦੇ ਆਖੇ ਬੋਲ, ਬਾਹੋਵਾਲ ਨੇ ਬਾਖ਼ੂਬੀ ਕਲਮਬੰਦ ਕੀਤੇ ਹਨ-"ਅਕਾਲ ਬੁੰਗੇ ਆਪ ਆਇ ਕੇ ਬਚਨ ਕੀਤਾ ਓਧਰੋਂ ਫਰੰਗੀ ਜ਼ੋਰਾਵਰ ਹੈ ਏਧਰੋਂ ਖਾਲਸਾ ਜ਼ੋਰਾਵਰ ਹੈ, ਮੈਂ ਗਰੀਬ ਵਿਚਾਲੇ ਆਇ ਗਿਆ ਹਾਂ"।[5]

'ਸਤਿਗੁਰੂ ਬਿਲਾਸ' ਦੇ ਦੂਜੇ ਭਾਗ ਵਿਚ, ਸਿੰਘ ਸਭਾ ਲਾਹੌਰ ਦੇ ਸੰਸਥਾਪਕ ਅਤੇ ਪੰਜਾਬੀ ਪੱਤਰਕਾਰੀ ਦੇ ਮੋਢੀ ਗਿਆਨੀ ਦਿੱਤ ਸਿੰਘ, ਸ੍ਰ. ਸੁੰਦਰ ਸਿੰਘ ਮਜੀਠੀਆ, ਗਿਆਨੀ ਠਾਕੁਰ ਸਿੰਘ, ਤੇਜਾ ਸਿੰਘ ਭਸੌੜੀਆ, ਸਿੰਘ ਸਭਾ, ਚੀਫ਼ ਖਾਲਸਾ ਦੀਵਾਨ ਅਤੇ ਪੰਚ ਖੰਡ ਭਸੌੜ ਦੇ ਆਗੂਆਂ ਦਾ ਗੁਰੂ ਹਰੀ ਸਿੰਘ ਜੀ ਦੇ ਸਮੇਂ ਭੈਣੀ ਸਾਹਿਬ ਆਉਣ ਦਾ ਜ਼ਿਕਰ ਬਾਹੋਵਾਲ ਜੀ ਕਰਦੇ ਹਨ। ਨਾਮਧਾਰੀਆਂ ਦਾ ਸਰਕਾਰ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਰੰਗੂਨ ਗੁਰੂ ਦਰਸ਼ਨ ਕਰਨ ਜਾਣਾ, ਸ੍ਰੀ ਭੈਣੀ ਸਾਹਿਬ ਲੰਗਰ ਦੇ ਭੋਰੇ ਵਿਚ ਚੋਰੀ ਅਖੰਡ ਪਾਠ ਕਰਨ ਆਦਿ ਘਟਨਾਵਾਂ ਦਾ ਜ਼ਿਕਰ ਇਸ ਰਚਨਾ ਵਿਚ ਹੈ। ਭੈਣੀ ਸਾਹਿਬ ਦੇ ਆਸ ਪਾਸ ਟਿੱਬਿਆਂ ਰੱਕੜਾਂ ਵਿਚ ਟਿਕੇ ਬਾਗ਼ੀ ਕੂਕੇ ਸਿੱਖਾਂ ਨੂੰ ਗੁਰੂ ਹਰੀ ਸਿੰਘ ਜੀ ਦੁਆਰਾ ਕਿੰਨੀਆਂ ਤਕਲੀਫ਼ਾਂ ਝੱਲ ਕੇ, ਸੁਰੱਖਿਅਤ ਰੱਖਿਆ ਜਾਂਦਾ ਸੀ, ਇਹੋ ਜਿਹੀਆਂ ਹਿਰਦੇ ਵੇਧਕ ਗਾਥਾਵਾਂ ਹਨ। ਗੁਰੂ ਹਰੀ ਸਿੰਘ ਜੀ ਦੇ ਹੁਕਮ ਅਨੁਸਾਰ ਮੀਂਹਾ ਸਿੰਘ ਸਿਰਹਾਲੀ ਅਤੇ ਨਰਾਇਣ ਸਿੰਘ ਰੋਡੇ ਮਰਗੋਈ ਟਾਪੂ ਵਿਚ ਸਤਿਗੁਰੂ ਰਾਮ ਸਿੰਘ ਜੀ ਦੀ ਖੋਜ ਖ਼ਬਰ ਨੂੰ ਗਏ ਸਨ।

ਭਾਈ ਬਾਹੋਵਾਲ ਦੀ ਵਾਰਤਕ ਸ਼ੈਲੀ ਜਨਮ ਸਾਖੀਆਂ ਤੋਂ ਅਗਲੇ ਪੜਾਅ ਵਾਲੀ ਹੈ। ਭਾਵੇਂ ਪ੍ਰਗਟਾਅ-ਸ਼ੈਲੀ ਪੱਖੋਂ ਇਹ ਰਚਨਾ ਉਚੇਰੇ ਸਾਹਿਤਕ ਮਿਆਰਾਂ ਦੀ ਧਾਰਨੀ ਨਹੀਂ, ਪਰ ਪੰਜਾਬ ਦੇ ਭਾਸ਼ਾਈ ਇਤਿਹਾਸ ਦੇ ਨੁਕਤੇ ਤੋਂ ਇਸ ਰਚਨਾ ਦਾ ਵਿਸ਼ੇਸ਼ ਮਹੱਤਵ ਹੈ। ਇਸ ਰਚਨਾ ਵਿਚ ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਵਿਚ ਨਾਮਧਾਰੀ ਭਾਈਚਾਰੇ ਵਿਚ ਪ੍ਰਚਲਿਤ ਪੰਜਾਬੀ ਭਾਸ਼ਾ ਅਤੇ ਬੋਲ-ਚਾਲ ਦੇ ਲਹਿਜੇ ਆਦਿ ਦੇ ਪ੍ਰਮਾਣਿਕ ਨਮੂਨੇ ਮਿਲ ਜਾਂਦੇ ਹਨ।

ਗਿਆਨੀ ਗਿਆਨ ਸਿੰਘ ਰਚਿਤ ਪੰਥ ਪ੍ਰਕਾਸ਼ ਦੀਆਂ ਪਹਿਲੀਆਂ ਛਾਪਾਂ ਵਿਚ ਕੂਕਿਆਂ ਬਾਰੇ 28 ਕਬਿੱਤ ਮਿਲਦੇ ਹਨ। ਗਿਆਨੀ ਜੀ ਦੇ ਕਬਿੱਤ ਕਈ ਭਰਾਂਤੀਆਂ ਵੀ ਦੂਰ ਕਰਦੇ ਹਨ ਅਤੇ ਕੂਕਾ ਲਹਿਰ ਦੇ ਰਾਜਸੀ ਨਿਸ਼ਾਨੇ ਅਰਥਾਤ ਆਪਣਾ ਰਾਜ ਕਾਇਮ ਕਰਨ ਨੂੰ ਸਪਸ਼ਟ ਵੀ ਕਰਦੇ ਹਨ। ਗਿਆਨੀ ਗਿਆਨ ਸਿੰਘ ਮਲੇਰਕੋਟਲੇ ਦੇ ਰੱਕੜ ਵਿਚ ਸ਼ਹੀਦ ਹੁੰਦੇ ਕੂਕੇ ਮਸਤਾਨਿਆਂ ਨੂੰ ਆਪਣੀਆਂ ਅੱਖਾਂ ਨਾਲ ਵੇਖਦਾ ਹੈ ਇਸ ਲਈ ਉਹ ਕੂਕਿਆਂ ਬਾਰੇ-"ਭੱਜ ਭੱਜ ਕੇ ਤੋਪਾਂ ਅੱਗੇ ਜਾ ਕੇ ਖੜ੍ਹੇ ਹੋਣ, ਜਿਵੇਂ ਪਤੰਗੇ ਦੀਵੇ ਤੇ ਜਾਂਦੇ ਹਨ", ਜੇਹੀ ਭਾਵਪੂਰਤ ਟਿੱਪਣੀ ਕਰਦਾ ਹੈ।

ਗੁਰਬਿਲਾਸ ਵਾਲੀ ਸ਼ੈਲੀ-

ਭਾਈ ਧਿਆਨ ਸਿੰਘ ਨਿਵਾਸੀ ਕਾਦਰਾਬਾਦ (ਮਿੰਟਗੁੰਮਰੀ) ਦਾ ਬ੍ਰਜ ਭਾਸ਼ਾ ਵਿਚ ਰਚਿਤ ਗ੍ਰੰਥ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ ਨਾਮਧਾਰੀ ਲਹਿਰ ਅਤੇ ਕੌਮੀ ਮੁਕਤੀ ਅੰਦੋਲਨ ਦੋਹਾਂ ਪੱਖੋਂ ਇਤਿਹਾਸਕ ਮਹੱਤਵ ਦਾ ਧਾਰਨੀ ਹੈ। ਗੁਰਬਿਲਾਸ ਸ਼ੈਲੀ ਵਾਲੀ ਇਹ ਰਚਨਾ ਸਤਿਗੁਰੂ ਰਾਮ ਸਿੰਘ ਜੀ ਨੂੰ ਲੋਕ-ਪੱਖੀ ਅਵਤਾਰ ਵਜੋਂ ਪੇਸ਼ ਕਰਦੀ ਹੈ:

ਗੋਇ-ਗਰੀਬਨ ਪਾਲਨ ਕੇ ਹਿਤ
ਰਾਮ ਮ੍ਰਿਗਿੰਦ ਆਇਉ ਤਨੁ ਧਾਰੀ॥[6]

ਭਾਈ ਧਿਆਨ ਸਿੰਘ ਕਾਦਰਾਬਾਦੀ ਅੰਗਰੇਜ਼ ਹਕੂਮਤ ਦੁਆਰਾ ਡੇਰਾ ਭੈਣੀ ਸਾਹਿਬ ਦੀ ਘੇਰਾਬੰਦੀ, ਡੇਰੇ ਨੂੰ ਉਜਾੜਨ ਤੇ ਲੁੱਟਣ, ਸਤਿਗੁਰਾਂ ਦੀ ਜਲਾਵਤਨੀ ਅਤੇ ਕੂਕਿਆਂ ਦੀ ਫਾਂਸੀ ਤੇ ਤੋਪਾਂ ਨਾਲ ਸ਼ਹੀਦ ਕਰਨ ਦੇ ਪ੍ਰਸੰਗਾਂ ਨੂੰ ਸੰਜਮੀ ਪਰ ਭਾਵਪੂਰਨ ਸ਼ੈਲੀ ਵਿਚ ਰੂਪਮਾਨ ਕਰਦਾ ਹੈ:

ਯੋਂ ਜਬ ਆਇ ਉਤਾਰੀ ਫ਼ੌਜ/
ਸ੍ਰੀ ਗੁਰੂ ਸਦਾ ਅਨੰਦ ਨਿਜ ਮੌਜ
ਕਹੇਂ ਲੂਟ ਲੇਹੁ ਇਨ ਡੇਰਾ/
ਸਿੰਘਨ ਡਾਲਾ ਜਦਲ ਘਨੇਰਾ
ਕੂਕਾ ਸਿਖ ਨਾ ਕੋਈ ਛੋਰੋ/

Namdhari Elibrary NamdhariElibrary@gmail.com

ਫਾਂਸੀ ਕੈਦ ਤੋਪ ਨਦ ਬੋਰੋ
ਇਸ ਮਗ ਕਾ ਕੋਈ ਰਹਿਣ ਨਾ ਪਾਵੈ/
ਪੰਥ ਫਸਾਦੀ ਇਹ ਦ੍ਰਿਸ਼ਟਾਵੈ [7]

ਭਾਈ ਕਾਦਰਾਬਾਦੀ, ਭੈਣੀ ਸਾਹਿਬ ਦੀ ਸਥਾਪਨਾ ਦਾ ਪ੍ਰਸੰਗ, ਪੁਜਾਰੀਆਂ ਦੀ ਜੀਵਨ-ਜਾਚ ਤੇ ਕੂਕੇ ਸਿੰਘਾਂ ਦੀ ਨੈਤਿਕ ਫਤਹਿ ਦਾ ਬਿਆਨ ਬੜੇ ਉਤਸ਼ਾਹ ਨਾਲ ਕਰਦਾ ਹੈ। ਉਹ ਸ਼ਹੀਦੀ ਸਾਕਾ ਮਲੇਰਕੋਟਲੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ-ਗਮਨ ਸਾਕੇ ਦਾ ਵੀ ਮਾਰਮਿਕ ਚਿਤਰ ਪੇਸ਼ ਕਰਦਾ ਹੈ।

ਹਿਜਰ ਵਿਛੋੜੇ ਦਾ ਬਾਰਾਂਮਾਂਹ-

ਉਨ੍ਹੀਵੀਂ ਸਦੀ ਦੇ ਪਿਛਲੇ ਅੱਧ ਦੀ ਇਕ ਹੋਰ ਚਰਚਿਤ ਰਚਨਾ, ਭਾਈ ਚੰਦਾ ਸਿੰਘ ਝੱਬਰ (ਸ਼ੇਖੂਪੁਰਾ) ਦੁਆਰਾ ਰਚਿਤ, ਸਤਿਗੁਰੂ ਰਾਮ ਸਿੰਘ ਜੀ ਦੇ ਹਿਜਰ ਵਿਛੜੇ ਦਾ ਬਾਰਾਂਮਾਹ ਹੈ। ਸਰਕਾਰੀ ਰਿਪੋਰਟਾਂ ਮੁਤਾਬਿਕ ਇਸ ਬਾਰਾਂਮਾਹ ਨੂੰ ਪੜ੍ਹਨ ਸਮੇਂ ਨਾਮਧਾਰੀ ਦੀਵਾਨੇ ਹੋ ਜਾਂਦੇ ਹਨ। ਇਸ ਵਿਚ ਨਾਮਧਾਰੀ ਇਤਿਹਾਸ ਦੀਆਂ ਸੰਖੇਪ ਝਲਕਾਂ ਹਨ, ਮਲੇਰਕੋਟਲਾ ਸ਼ਹੀਦੀ ਸਾਕੇ ਅਤੇ ਪ੍ਰਦੇਸ-ਗਮਨ ਆਦਿ ਘਟਨਾਵਾਂ ਦੇ ਜ਼ਿਕਰ ਬਾਅਦ ਕੂਕਾ-ਰੂਸ ਸੰਬੰਧਾਂ ਦਾ ਕੌਮੀ ਸੁਤੰਤਰਤਾ ਸੰਗਰਾਮ ਦੇ ਸੰਦਰਭ ਵਿਚ ਵਰਨਣ ਹੈ। ਸੂਬਾ ਬਿਸ਼ਨ ਸਿੰਘ ਕਾਬਲ ਵਾਲਾ ਜੋ ਰੂਸ ਦੀ ਸਰਕਾਰ ਨਾਲ ਕੂਟਨੀਤਕ ਸੰਬੰਧ ਕਾਇਮ ਕਰ ਰਿਹਾ ਸੀ ਅਤੇ ਮਹਾਰਾਜ ਦਲੀਪ ਸਿੰਘ ਅਤੇ ਕੂਕਿਆਂ ਦੇ ਗਠਜੋੜ ਲਈ ਯਤਨਸ਼ੀਲ ਤੇ ਆਸਵੰਦ ਸੀ, ਉਸ ਨੂੰ ਬਾਰਾਂਮਾਹ ਦੇ ਕਵੀ ਨੇ "ਗੁਰੂ ਕਾ ਲਾਲ" ਲਿਖਿਆ ਹੈ ਜਿਸ ਦੇ ਨਾਲ "ਸ਼ਹੀਦੀ ਫੌਜਾਂ ਰਹਿ ਰਹੀਆਂ ਹਨ"। ਇਸ ਬਾਰਾਂਮਾਹ ਦੀ ਬਗਾਵਤੀ ਸੁਰ ਦਾ ਅੰਗਰੇਜ਼ ਅਧਿਕਾਰੀਆਂ ਨੇ ਗੰਭੀਰ ਨੋਟਿਸ ਲਿਆ। ਪੰਜਾਬ ਪੁਲਿਸ ਦੇ ਸਹਾਇਕ ਇਨਸਪੈਕਟਰ ਜਨਰਲ ਡੀ.ਈ. ਮੈਕਕਰੇਕਨ ਨੇ 8 ਮਈ 1884 ਨੂੰ ਉੱਚ ਅਧਿਕਾਰੀਆਂ ਨੂੰ ਇਸ ਰਚਨਾ ਦਾ ਅੰਗਰੇਜ਼ੀ ਅਨੁਵਾਦ ਭੇਜਿਆ ਅਤੇ ਚਿਤਾਵਨੀ ਦਿੱਤੀ ਕਿ ਇਹ ਨਾਮਧਾਰੀਆਂ ਨੂੰ ਜੋਸ਼ ਨਾਲ ਦੀਵਾਨੇ ਬਣਾ ਦਿੰਦੀ ਹੈ। ਪੰਜਾਬ ਦੇ ਕਾਰਜਕਾਰੀ ਸਕੱਤਰ ਸੀ.ਐਲ. ਟੱਪਰ ਨੇ ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਦੇ ਸਕੱਤਰ ਨੂੰ 27 ਜੂਨ 1884 ਈ. ਨੂੰ ਇਸ ਬਾਰਾਂਮਾਹ ਦਾ ਅੰਗਰੇਜ਼ੀ ਅਨੁਵਾਦ ਭੇਜਿਆ ਅਤੇ ਨਾਲ ਹੀ ਇਹ ਟਿੱਪਣੀ ਲਿਖੀ - "ਇਸ ਕਵਿਤਾ ਵਿਚ ਅੰਗਰੇਜ਼ਾਂ ਦੇ ਮਨਾਂ ਉਪਰ ਕੂਕਿਆਂ ਤੋਂ ਉਪਜੇ ਭੈਅ ਦਾ ਬਿਆਨ ਹੈ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਅੰਗਰੇਜ਼ਾਂ ਨੂੰ ਇਥੋਂ ਕਢਣ ਵਾਸਤੇ ਰੂਸ ਆ ਰਿਹਾ ਹੈ ਅਤੇ ਇਹ ਵੀ ਭਵਿੱਖਬਾਣੀ ਕੀਤੀ ਗਈ ਕਿ ਸਤਿਗੁਰੂ ਰਾਮ ਸਿੰਘ ਜੀ ਦੁਬਾਰਾ ਪੰਜਾਬ ਵਿਚ ਆਉਣਗੇ। [8] ਪ੍ਰਮਾਣ ਵਜੋਂ ਕੁਝ ਸਤਰਾਂ ਦੇਖੀਆਂ ਜਾ ਸਕਦੀਆਂ ਹਨ।

(ੳ) *ਜਦ ਰੂਸ ਕਚਹਿਰੀ ਆਇਆ/*
ਪਾਸ ਸੱਦ ਵਜ਼ੀਰ ਬਹਾਇਆ
ਰਾਤੀਂ ਨਜ਼ਰ ਖਾਲਸਾ ਆਇਆ/
ਉਸਨੇ ਭਵਜਲ ਬੁਰਾ ਦਿਖਾਇਆ,
ਮੁੱਖ ਥੀਂ ਕਰੜਾ ਬਚਨ ਸੁਣਾਇਆ/
ਚੜ੍ਹੋ ਲਾਹੌਰ ਤੇ।
ਵਜ਼ੀਰ ਨੇ ਸੁਣੀ ਹਕੀਕਤ ਸਾਰੀ/
ਆਪਣੇ ਚਿਤ ਵਿਚ ਇਹ ਧਾਰੀ,
ਪੈਂਡੇ ਦੂਰ ਤੇ ਮੁਸ਼ਕਿਲ ਭਾਰੀ/
ਕੀਤੀ ਫੌਜਾਂ ਦੀ ਤਿਆਰੀ
ਵੱਜੇ ਧਉਂਸੇ ਸ਼ੁਤਰੀਂ ਕਾਲੀ/ਚੜ੍ਹੇ ਪੰਜਾਬ ਤੇ। [9]

(ਅ) *ਜਦ ਰੂਸ ਪੰਜਾਬੇ ਆਵੈ/*
ਪਵੇ ਕਾਲ ਮੁਲਖ ਰੁਲ ਜਾਵੇ,
ਦੁਨੀਆਂ ਮਰੇ ਅੰਨ ਕੇ ਹਾਵੈ/
ਠਗ ਚੋਰ ਬਹੁ ਲੁੱਟ ਲੁੱਟ ਖਾਵੈ,
ਬਚੇ ਸੋ ਜੋ ਗੁਰ ਸਰਨੀ ਆਵੈ/
ਇਕ ਮਨ ਹੋਇਕੇ ਨਾਮ ਧਿਆਵੇ,
ਓਸ ਅਕਾਲ ਦਾ [10]

(ੲ) *ਸਤਿਗੁਰੂ ਹੋਰ ਹੁਕਮ ਚੜ੍ਹਾਏ/*
ਸਾਰੀ ਸੰਗਤ ਤਾਈਂ ਸੁਣਾਏ,
ਇਹ ਮਲੇਸ਼ ਨੰਦਨੋਂ ਆਏ/
ਏਨਾਂ ਬੁੱਚੜਖਾਨੇ ਲਾਏ,
ਸਾਨੂੰ ਦੁੱਖ ਗਊਆਂ ਦਾ ਖਾਏ/
ਸਿੰਘੋ ਸੀਸ ਦੇਵਣੇ ਆਏ,
ਨਾਏ ਕਰਤਾਰ ਦੇ। [11]

ਨਾਮਧਾਰੀ ਜੀਵਨ-ਜਾਚ ਦਾ ਬਾਰਾਂਮਾਂਹ-

ਭਾਈ ਨਿਹਾਲ ਸਿੰਘ ਨਾਮ ਦੇ ਇਕ ਅਗਿਆਤ ਨਾਮਧਾਰੀ ਕਵੀ ਦਾ ਬਾਰਾਂਮਾਹ, ਜੋ ਕਬਿਤ ਛੰਦ ਵਿਚ ਹੈ, ਵੀ ਬਹੁਤ ਪ੍ਰਸਿੱਧ ਹੈ। ਇਸ ਦਾ ਸਮਾਂ ਚੰਦਾ ਸਿੰਘ ਝੱਬਰ ਤੋਂ ਰਤਾ ਬਾਅਦ ਦਾ ਹੈ। ਚੰਦਾ ਸਿੰਘ ਝੱਬਰ ਗੁਰੂ ਰਾਮ ਸਿੰਘ ਜੀ ਦਾ ਸਮਕਾਲੀ ਸੀ। ਨਿਹਾਲ ਸਿੰਘ ਦੇ ਬਾਰਾਂਮਾਂਹ ਵਿਚ ਨਾਮਧਾਰੀ ਜੀਵਨ ਜਾਚ, ਸਤਿਗੁਰੂ ਰਾਮ ਸਿੰਘ ਦੇ ਵਧ ਰਹੇ ਪ੍ਰਭਾਵ, ਕੌਮੀ ਆਜ਼ਾਦੀ ਦੀ ਤਾਂਘ, ਨਾਮਧਾਰੀਆਂ ਦੀ ਜੁਝਾਰੂ ਬਿਰਤੀ ਅਤੇ ਫਰੰਗੀ ਸਰਕਾਰ ਨਾਲ ਜੂਝਣ ਦੀ ਤਾਂਘ ਦਾ ਕਲਾਤਮਿਕ

Namdhari Elibrary NamdhariElibrary@gmail.com

ਵਰਣਨ ਹੈ। ਭਾਵੇਂ ਇਸ ਰਚਨਾ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਨਾਮਧਾਰੀ ਪੰਥ ਤੋਂ ਵਿਛੋੜੇ ਦਾ ਵਰਣਨ ਭਾਰੂ ਹੈ, ਪਰ ਇਸ ਵਿਚ ਨਾਮਧਾਰੀ ਲਹਿਰ ਦੇ ਧਰਮ-ਸੁਧਾਰ ਅਭਿਆਨ ਅਤੇ ਰਾਜਸੀ ਸਰਗਰਮੀ ਦਾ ਵੀ ਭਰਪੂਰ ਬਿਆਨ ਹੈ :

(ੳ) *"ਫੱਗਣ ਫੇਰ ਕਦੀ ਆਵੀਂ,*
ਮੁੱਖ ਆਪਣਾ ਵਿਖਾਵੀਂ
ਰਤਾ ਚੈਨ ਨਹੀਂ ਆਵੇ
ਤੇਰੀ ਸੰਗਤ ਕੁਰਲਾਂਵਦੀ।
ਬੁਰਾ ਗੁਰਾਂ ਦਾ ਵਿਛੋੜਾ,
ਜੈਸੇ ਜਿਗਰ ਵਿਚ ਫੋੜਾ,
ਦਿਨ ਰਾਤ ਇਹੋ ਝੋਰਾ,
ਕੋਈ ਗੱਲ ਨਹੀਂ ਭਾਂਵਦੀ।
ਹੋਈ ਹਾਲ ਤੋਂ ਬੇਹਾਲ,
ਖੁੱਲ੍ਹੇ ਗਲ ਵਿਚ ਵਾਲ,
ਫਿਰ ਥੱਕੀ ਢੂੰਡ ਭਾਲ
ਨੈਣੀ ਨੀਂਦ ਨਹੀਂ ਆਂਵਦੀ
ਨਿਹਾਲ ਸਿੰਘ ਔਗਣਹਾਰ
ਆਇਆ ਤੇਰੇ ਦਰਬਾਰ,
ਗੁਰੂ ਭੁੱਲ ਚੁੱਕ ਬਖਸ਼,
ਸੰਗਤ ਸੀਸ ਹੈ ਨਿਵਾਂਵਦੀ।" [12]

(ਅ) *ਕੱਤੇ ਅਕਾਲ ਕਾਲ ਕਰਦੇ,*
ਹੱਥੀਂ ਸਲੋਤਰ ਫੜਦੇ,
ਮਰਨੋਂ ਮਾਰਨੋਂ ਨਾ ਡਰਦੇ
ਖੌਫ਼ ਕਰਦੀ ਲੁਕਾਈ ਹੈ।
ਸਿੰਘ ਰੰਗੀਲੇ ਨਹੀਂ ਛਪਦੇ ਛਪਾਏ,
ਗੁਰੂ ਨਾਮ ਨੂੰ ਜਪਾਏ,
ਕੈਸੀ ਰਚਨਾ ਬਣਾਈ ਹੈ।
ਢੱਠੇ ਦੇਵੀ ਦੇ ਦਵਾਰੇ,
ਵੱਡੇ ਵੱਡੇ ਖਾਨ ਭਾਰੇ,
ਢਾਹੀਆਂ ਕਬਰਾਂ ਮਸੀਤਾਂ
ਧੂੰਦ ਖਾਲਸੇ ਮਚਾਈ ਹੈ।
ਨਿਹਾਲ ਸਿੰਘ ਜੋ ਫ਼ਰੰਗੀ,
ਖੌਫ਼ ਖਾਏ ਲਾਟ ਜੰਗੀ,
ਆਏ ਬਾਰ੍ਹਵੇਂ ਅਵਤਾਰ,
ਫਿਰ ਅਕਾਲ ਦੀ ਦੁਹਾਈ ਹੈ। [13]

ਕਾਵਿ ਸ਼ਿਲਪ ਦੇ ਉੱਤਮ ਨਮੂਨੇ-

ਨਿਹਾਲ ਸਿੰਘ ਤੋਂ ਰਤਾ ਅਗਲੇ ਪੜਾਅ ਦਾ ਉੱਘਾ ਨਾਮਧਾਰੀ ਕਵੀ ਭਾਈ ਕਾਹਲਾ ਸਿੰਘ ਨੰਗਲ ਕਲਾਂ (ਲੁਧਿਆਣਾ) ਹੈ, ਜਿਸਦੀਆਂ ਪ੍ਰਸਿੱਧ ਰਚਨਾਵਾਂ ਸਿੰਘਾਂ ਨਾਮਧਾਰੀਆਂ ਦਾ ਪੰਥ ਪ੍ਰਕਾਸ਼, ਸ਼ਹੀਦ ਬਿਲਾਸ, ਪੈਂਤੀਸ ਅੱਖਰੀ ਅਤੇ ਉਸਤਤਨਾਮਾ-ਸਤਿਗੁਰੂ ਰਾਮ ਸਿੰਘ ਆਦਿਕ ਹਨ। ਵੈਸੇ ਉਸਨੇ ਪੰਜਾਬੀ ਕਵਿਤਾ ਵਿਚ ਭਗਤ ਨਾਮਦੇਵ ਅਤੇ ਭਗਤ ਰਵਿਦਾਸ ਜੀ ਦੇ ਜੀਵਨ ਬਿਰਤਾਂਤ ਵੀ ਲਿਖੇ ਹਨ ਪਰ ਉਸ ਦੀ ਨਾਮਧਾਰੀਆਂ ਵਿਚ ਵਧੇਰੇ ਮਕਬੂਲ ਹੋਣ ਵਾਲੀ ਰਚਨਾ ਪੈਂਤੀਸ ਅੱਖਰੀ ਅਤੇ ਉਸਤਤਨਾਮਾ ਸਤਿਗੁਰੂ ਰਾਮ ਸਿੰਘ ਹਨ। ਪੈਂਤੀਸ ਅੱਖਰੀ ਤਾਂ ਸਾਕਾ ਮਲੇਰਕੋਟਲਾ ਹੀ ਪੰਜਾਬੀ ਚੌਤੁਕੀਏ ਬੈਂਤਾਂ ਵਿਚ ਲਿਖੀ ਹੈ ਜਿਸ ਵਿਚ ਕਈ ਨਵੇਂ ਇਤਿਹਾਸਕ ਤੱਥ ਵੀ ਹਨ ਅਤੇ ਕਾਵਿ-ਸ਼ਿਲਪ ਦੇ ਉਤਮ ਨਮੂਨੇ ਵੀ ਮਿਲਦੇ ਹਨ। ਇਹ ਰਚਨਾ ਪੰਜਾਬੀ ਕਵਿਤਾ ਵਿਚ ਸਾਕਾ ਮਲੇਰਕੋਟਲਾ ਬਾਰੇ ਲਿਖਿਆ ਜਾਣ ਵਾਲਾ ਪਹਿਲਾ ਪ੍ਰਸੰਗ ਹੈ। ਕਵੀ ਕਾਹਲਾ ਸਿੰਘ ਨੰਗਲ 1865 ਈ. ਤੋਂ 1929 ਈ. ਤਕ ਜੀਵਤ ਰਿਹਾ। ਉਸਨੂੰ ਮਲੇਰਕੋਟਲੇ ਸਾਕੇ ਦੀ ਨਾਮਧਾਰੀ ਵੀਰਾਂਗਣਾਂ ਮਾਈ ਇੰਦ ਕੌਰ ਦੇ ਨੰਗਲ ਕਲਾਂ ਆ ਕੇ, ਦਰਸ਼ਨ ਦੇਣ ਦਾ ਸੁਭਾਗ ਹਾਸਲ ਹੋਇਆ, ਇਸੇ ਘਟਨਾ ਤੋਂ ਕਵੀ ਨਾਮਧਾਰੀ ਇਤਿਹਾਸ ਨੂੰ ਕਾਵਿ ਬੱਧ ਕਰਨ ਵੱਲ ਪ੍ਰੇਰਿਤ ਹੁੰਦਾ ਹੈ। ਕਵੀ ਦੇ ਸ਼ਬਦਾਂ ਵਿਚ "ਮਾਈ ਇੰਦ ਕੌਰ ਦੱਸਿਆ ਹਾਲ ਸਾਰਾ, ਤਾਹੀਂ ਲਿਖਿਆ ਕਲਮ ਪਸਾਰ ਕੇ ਜੀ"।

ਭਾਈ ਕਾਹਲਾ ਸਿੰਘ ਨੰਗਲ ਕਲਾਂ 1886-87 ਈ. ਵਿਚ ਗੁਰੂ ਹਰੀ ਸਿੰਘ ਪਾਸੋਂ ਨਾਮ ਦਾਨ ਲੈਂਦਾ ਹੈ। ਸਤਿਗੁਰੂ ਪਰਤਾਪ ਸਿੰਘ ਜੀ ਨਾਮਧਾਰੀ ਦੀਵਾਨਾਂ ਨੂੰ ਮੁਖ਼ਾਤਿਬ ਕਰਦੇ ਸਮੇਂ ਪੈਂਤੀਸ ਅੱਖਰੀ ਦੀਆਂ ਤੁਕਾਂ ਉਦਰਿਤ ਕਰਿਆ ਕਰਦੇ ਸਨ। ਪੈਂਤੀਸ ਅੱਖਰੀ ਦੇ ਅੰਤ ਉਤੇ ਲਿਖੇ ਕਬਿਤਾਂ ਵਿਚ ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਅਵਤਾਰ ਵਜੋਂ ਧਿਆਉਂਦੇ ਹਨ:

ਜੀਹਨੂੰ ਆਖਦੇ ਅਕਾਲ, ਸੁਰਗ ਲੋਕ ਤੇ ਪਇਆਲ
ਸੋਈ ਪ੍ਰਗਟਿਆ ਗੁਪਾਲ, ਰਾਮ ਸਿੰਘ ਜੋ ਕਹਾਂਵਦਾ।
ਜਿਹੜਾ ਸੁਣੀਦਾ ਸੀ ਦੂਰ, ਸੋਈ ਦੇਖਿਆ ਹਜ਼ੂਰ,
ਜੀਕੂੰ ਪਾਣੀ ਉਤੇ ਬੂਰ, ਪੌਣ ਛਿਨ ਮੇਂ ਹਟਾਂਵਦਾ।
ਕੀਤੀ ਧਰਤ ਨੇ ਪਕਾਰ, ਜੀ ਮੈਂ ਹੋਈ ਆਂ ਲਾਚਾਰ,
ਮੈਨੂੰ ਦੇਣਾ ਜੀ ਦੀਦਾਰ, ਭਾਰ ਚੁਕਿਆ ਨਹੀ ਜਾਂਵਦਾ।
ਸੁਣੀ ਅਰਜੋਈ ਮਹਾਰਾਜ ਮੰਨੀ ਸੋਈ,
ਫਿਰ ਧਾਰਕੇ ਅਵਤਾਰ ਤੇ ਧਰਤ ਉਤੇ ਆਂਵਦਾ। [14]

ਕਾਲ੍ਹਾ ਸਿੰਘ ਦੀ ਪੈਂਤੀਸ ਅੱਖਰੀ ਦਾ ਰਚਨਾ-ਕਾਲ 1890 ਈ. ਦੇ ਆਸ ਪਾਸ ਹੈ ਕਿਉਂਕਿ ਇਸ ਵਿਚ

Namdhari Elibrary NamdhariElibrary@gmail.com

ਮਹਾਰਾਜ ਦਲੀਪ ਸਿੰਘ, ਰੂਸ ਅਤੇ ਕੂਕਾ ਸੰਬੰਧਾਂ ਦੇ ਝਲਕਾਰੇ ਵੀ ਮਿਲਦੇ ਹਨ। ਜਿਸ ਸਮੇਂ ਸਾਰਾ ਹੀ ਸਿੱਖ ਭਾਈਚਾਰਾ "ਜੁੱਗ ਜੁੱਗ ਰਾਜ ਸਵਾਇਆ, ਟੋਪੀ ਵਾਲੇ ਦਾ" ਦੀਆਂ ਧਾਰਨਾਵਾਂ ਗੁਰਦੁਆਰਿਆਂ ਵਿਚ ਬੈਠ ਕੇ ਪੜ੍ਹ ਰਿਹਾ ਸੀ ਉਸ ਵੇਲੇ ਕੂਕਿਆਂ ਦੇ ਦਿਵਾਨਾਂ ਵਿਚ ਇਸ ਤੋਂ ਵਿਪਰੀਤ ਇਹ ਸ਼ਬਦ ਸੁਣਨ ਨੂੰ ਮਿਲਦੇ ਸਨ: "ਭੱਜੇ ਜਾਣ ਫਰੰਗੀ, ਵੱਜੇ ਘੁੰਗਰੂ। ਦਿਨ ਤਾਂ ਰਹਿ ਗਏ ਥੋੜੜੇ, ਹੁਣ ਕੀ ਵੇਖਦੈਂ"। ਕਵੀ ਕਾਹਲਾ ਸਿੰਘ ਸਤਿਗੁਰੂ ਰਾਮ ਸਿੰਘ ਨੂੰ ਨਾ ਕੇਵਲ ਨਾਮਧਾਰੀਆਂ, ਪੰਜਾਬ ਸਗੋਂ ਸਾਰੇ ਜਹਾਨ ਦੇ ਮੁਕਤੀਦਾਤੇ ਵਜੋਂ ਚਿਤਵਦਾ ਹੋਇਆ ਕਹਿੰਦਾ ਹੈ:

ਗੁਰੂ ਵਿਚ ਪੰਜਾਬ ਮੁਕਾਮ ਕੀਤਾ,
ਦੁੱਖ ਦਰਦ ਜਹਾਨ ਦਾ ਦੂਰ ਹੋਇਆ। [15]

ਨਾਮਧਾਰੀਆਂ ਦੇ ਧਰਮ-ਯੁੱਧ ਨੂੰ ਕਵੀ ਬੀਰ ਰਸੀ ਰੰਗ ਵਿਚ ਇਉਂ ਬਿਆਨਦਾ ਹੈ:

ਹੁਕਮ ਹੋਵੇ ਤਾਂ ਧਰਮ ਦੀ ਤੇਗ ਫੜੀਏ/
ਸਿੰਘ ਮਰਨ ਤੇ ਮੂਲ ਨਾ ਸੰਗਦੇ ਜੀ
ਸਤਿ ਸ੍ਰੀ ਅਕਾਲ ਬੁਲਾਉਣ ਸਾਰੇ/
ਕਮਰ ਕੱਸੇ ਲਗਾਇਕੇ ਜੰਗ ਦੇ ਸੀ।
ਭੈਣੀ ਸਾਹਿਬ ਤੇ ਖਾਲਸਾ ਕੂਚ ਹੋਇਆ /
ਵਾਂਗ ਛੁੱਟਿਆ ਕਟਕ ਪਤੰਗ ਦੇ ਜੀ। [16]

ਭਾਈ ਕਾਹਲਾ ਸਿੰਘ ਦੇ ਦੋ ਪੁੱਤਰਾਂ ਵਿਚੋਂ ਇਕ ਹੀਰਾ ਸਿੰਘ ਤਾਂ ਜੁਆਨੀ ਵਿਚ ਹੀ ਗੁਜ਼ਰ ਗਿਆ ਸੀ ਦੂਜਾ ਭਾਈ ਬਿਸ਼ਨ ਸਿੰਘ ਹਿਸਟੋਰੀਅਨ ਉੱਘਾ ਨਾਮਧਾਰੀ ਕਵੀ, ਖੋਜੀ ਅਤੇ ਲੇਖਕ ਹੋਇਆ ਹੈ। ਉਸ ਨੇ ਨਾਮਧਾਰੀਆਂ ਨਾਲ ਸੰਬੰਧਿਤ ਲੋਕ-ਸਾਹਿਤ ਨੂੰ ਇਕੱਠਾ ਕਰਨ ਵਿਚ ਵੱਡਮੁੱਲਾ ਯੋਗਦਾਨ ਪਾਇਆ ਹੈ। ਉਸ ਦਾ ਦੇਹਾਂਤ ਹਰਿਆਣੇ ਦੇ ਐਲਨਾਬਾਦ ਨਗਰ ਵਿਚ ਅਗਸਤ 1981 ਵਿਚ ਹੋਇਆ ਸੀ। ਉਸ ਦੀਆਂ ਹੋਰ ਰਚਨਾਵਾਂ ਦੇ ਨਾਲ ਨਾਲ "ਅੜਬੰਗੀ ਦੀ ਵਾਰ", ਜੋ ਇਕ ਖਾੜਕੂ ਕੂਕਾ ਭਗਵਾਨ ਸਿੰਘ ਮਰਹਾਣਾ(ਅੰਮ੍ਰਿਤਸਰ) ਦੀਆਂ ਸਰਗਰਮੀਆਂ ਬਾਰੇ ਸੀ, ਕਾਫੀ ਚਰਚਿਤ ਹੋਈ।

ਪ੍ਰੰਪਰਾਗਤ ਸ਼ੈਲੀ-

ਨਾਮਧਾਰੀ ਪੰਜਾਬੀ ਸਾਹਿਤ ਦੇ ਖੋਜੀਆਂ ਅਤੇ ਨਾਮਧਾਰੀ ਵਿਦਵਾਨਾਂ ਵਲੋਂ ਲਿਖੇ ਲੇਖਾਂ ਤੇ ਪੁਸਤਕਾਂ ਵਿਚ ਡਾ. ਇੰਦਰ ਸਿੰਘ ਮੁਲਤਾਨ ਦਾ ਜ਼ਿਕਰ ਨਾਂਹ ਦੇ ਬਰਾਬਰ ਹੈ। ਡਾ. ਇੰਦਰ ਸਿੰਘ ਦੀ ਕਾਵਿ ਰਚਨਾ ਜਗਦਾ ਦੀਵਾ ਅਥਵਾ 'ਲੀਲਾ ਸਤਿਗੁਰ ਰਾਮ ਸਿੰਘ ਗੁਰੂ ਨਾਮਧਾਰੀ ਸਿੰਘ ਭਾਗ ਪੈਹਲਾ' 1912 ਈ. ਵਿਚ ਪ੍ਰਕਾਸ਼ਿਤ ਹੋਈ। ਡਾ. ਇੰਦਰ ਸਿੰਘ ਮੁਲਤਾਨ ਛਾਉਣੀ ਵਿਚ ਮੈਡੀਕਲ ਵਾਰੰਟ ਅਫਸਰ ਸਨ। ਇਸ ਕਾਵਿ ਰਚਨਾ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਿਰਤਾਂਤ ਨੂੰ ਪ੍ਰੰਪਰਾਗਤ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ। ਇਸ ਰਚਨਾ ਵਿਚ ਸਤਿਗੁਰੂ ਰਾਮ ਸਿੰਘ ਦਾ ਬਾਬਾ ਬਾਲਕ ਸਿੰਘ ਨਾਲ ਮਿਲਾਪ, ਉਹਨਾਂ ਦੀ ਪ੍ਰੇਰਨਾ ਨਾਲ ਫੌਜ ਤੋਂ ਅਸਤੀਫ਼ਾ ਦੇ ਕੇ ਧਰਮ-ਪ੍ਰਚਾਰ ਵਿਚ ਜੁਟਣਾ, ਨਾਮਧਾਰੀ ਮਰਿਯਾਦਾ ਸਥਾਪਤ ਕਰਨੀ, ਦਮਦਮਾ ਸਾਹਿਬ, ਮੁਕਤਸਰ, ਅਨੰਦਪੁਰ ਸਾਹਿਬ, ਸ਼੍ਰੀ ਹਰਿਮੰਦਰ ਸਾਹਿਬ (ਦੀਵਾਲੀ ਸਮੇਂ) ਆਦਿ ਧਾਰਮਿਕ ਸਥਾਨਾਂ ਦੀ ਯਾਤਰਾ ਦਾ ਵਿਸਥਾਰ ਪੂਰਬਕ ਵਰਨਣ ਹੈ। ਕਵੀ ਸਤਿਗੁਰੂ ਰਾਮ ਸਿੰਘ ਦੁਆਰਾ ਪੰਜਾਬ ਵਿਚ ਅੰਗਰੇਜ਼ ਹਕੂਮਤ ਦੇ ਸਮਾਨਾਂਤਰ ਕੂਕਾ ਪ੍ਰਬੰਧ ਦੀ ਉਸਾਰੀ ਲਈ 22 ਸੂਬਿਆਂ ਦੀ ਸਥਾਪਨਾ ਦਾ ਵਰਨਣ ਇੰਜ ਕਰਦਾ ਹੈ:

ਸਤਿਗੁਰ ਕੈਹਨ ਕੋਈ ਐਸੀ ਤਜਵੀਜ਼ ਕਰੀਏ
ਭਜਨ ਲੈਨ ਦੀ ਕਾਰ ਆਸਾਨ ਹੋਏ।
ਭਜਨ ਲੈਨ ਸਿਖ ਅਪਨੀ ਘਰੀਂ ਬੈਠੇ
ਸੰਗਤ ਸਫਰ ਤੋਂ ਬਹੁਤ ਹੈਰਾਨ ਹੋਏ। ... ...
ਕੈਂਦੇ ਥਾਪੀਏ ਬਹੁਤ ਮਹੰਤ ਦੇਸੀਂ
ਭਜਨ ਦੇਨ ਸਿਖਾਂ ਜਿਨ੍ਹਾਂ ਚਾਹਨ ਹੋਏ। ... ...
ਸਾਰੇ ਦੇਸ ਵਿਚ ਆਨ ਮਹੰਤ ਕੀਤੇ
ਜਾਨੋ ਗੁਰੂ ਦੇ ਇਹ ਕਾਰ ਦਾਨ ਹੋਏ।
ਬਾਈ ਸੂਬੇ ਕੀਤੇ ਅਕਬਰ ਬਾਦਸ਼ਾਹ ਨੇ
ਤਿਵੇਂ ਗੁਰਾਂ ਦੇ ਮਹੰਤ ਪ੍ਰਵਾਨ ਹੋਏ। [17]

ਕਵੀ ਡਾ. ਇੰਦਰ ਸਿੰਘ ਸਤਿਗੁਰੂ ਰਾਮ ਸਿੰਘ ਜੀ ਨੂੰ ਧਰਮ ਰੱਖਿਅਕ ਅਤੇ ਅਹਿੰਸਾ ਦੇ ਮਸੀਹੇ ਵਜੋਂ ਪੇਸ਼ ਕਰਦਾ ਹੈ ਪਰ ਜਦੋਂ ਅੰਗਰੇਜ਼ ਹਕੂਮਤ ਹਿੰਦੂ ਮੁਸਲਮਾਨਾਂ ਵਿਚ ਨਫ਼ਰਤ ਪੈਦਾ ਕਰਨ ਲਈ ਪੰਜਾਬ ਵਿਚ ਬੁੱਚੜਖਾਨੇ ਖੋਲ੍ਹਦੀ ਹੈ ਤਾਂ ਨਾਮਧਾਰੀ ਸਿੰਘ ਪ੍ਰਤੀਕਰਮ ਵਜੋਂ ਆਕੀ ਹੋ ਜਾਂਦੇ ਹਨ ਅਤੇ ਅੰਗਰੇਜ਼ਾਂ ਦੀ ਸ਼ਹਿ ਤੇ ਗਊ-ਬੱਧ ਕਰਨ ਵਾਲੇ ਬੁੱਚੜਾਂ ਨੂੰ ਮਾਰ ਮੁਕਾਉਂਦੇ ਹਨ। ਅੰਗਰੇਜ਼ ਹਕੂਮਤ ਦੀਆਂ ਅਦਾਲਤਾਂ ਵਿਚ ਕੁਝ ਬੇਗੁਨਾਹ ਹਿੰਦੂ ਭਰਾਵਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਗੁਰੂ ਜੀ ਦੇ ਵਰੋਸਾਏ ਨਾਮਧਾਰੀ ਸਿੰਘ ਅਦਾਲਤ ਵਿਚ ਪੇਸ਼ ਹੋ ਕੇ ਆਪਣਾ ਗੁਨਾਹ ਕਬੂਲ ਕਰ ਲੈਂਦੇ ਹਨ। ਇਸ ਪ੍ਰਸੰਗ ਨੂੰ ਕਵੀ ਇਸ ਤਰ੍ਹਾਂ ਬਿਆਨ ਕਰਦਾ ਹੈ:

Namdhari Elibrary NamdhariElibrary@gmail.com

ਪਰ ਕੈਹਨ ਵਿਚ ਸਿੰਘ ਨਾ ਆਏ
ਕੈਹਨ ਮੂੰਹੋਂ ਹਮ ਬੁੱਚੜ ਮੁਕਾਏ ... ...
ਆਖਰ ਹਾਕਮ ਹੋ ਮਜਬੂਰ
ਮੰਨ ਲਿਆ ਜੋ ਅਸਲ ਕਸੂਰ
ਹਿੰਦੂ ਛੱਡ ਸਿੰਘ ਫੜ ਲੀਤੇ
ਫਰਦ ਜੁਰਮ ਲਾ ਫਾਂਸੀ ਕੀਤੇ
ਪੈ ਥਰਥੱਲ ਗਿਆ ਵਿਚ ਦੇਸ
ਕੂਕੇ ਸਿੰਘਾਂ ਪਿਆ ਕਲੇਸ਼। [18]

ਸ਼ਰਧਾਮਈ ਸ਼ੈਲੀ 'ਚ ਲਿਖੀ ਇਸ ਰਚਨਾ ਵਿਚ 19 ਵੀਂ ਸਦੀ ਦੇ ਪਿਛਲੇ ਅੱਧ ਦੇ ਧਾਰਮਿਕ, ਸਮਾਜਿਕ ਅਤੇ ਰਾਜਸੀ ਹਾਲਾਤ ਬਾਰੇ ਕਈ ਥਾਈਂ ਸੰਕੇਤ ਮਿਲਦੇ ਹਨ।

ਪੰਜਾਬੀ ਸਾਹਿਤ ਦੀ ਜ਼ਿਕਰਯੋਗ ਰਚਨਾ-

ਵੀਹਵੀਂ ਸਦੀ ਦੇ ਚੌਥੇ ਦਹਾਕੇ ਵਿਚ ਛਪੀ ਅਤੇ ਅੰਗਰੇਜ਼ ਸਰਕਾਰ ਦੁਆਰਾ ਜ਼ਬਤ ਕੀਤੀ ਗਈ ਪੰਜਾਬੀ ਬੈਂਤਾਂ ਵਿਚ ਲਿਖੀ ਹਰਨਾਮ ਸਿੰਘ ਬਗਲੀ ਕਲਾਂ (ਲੁਧਿਆਣਾ) ਦੀ ਰਚਨਾ ਸੰਤ ਖਾਲਸਾ ਵੀ ਨਾਮਧਾਰੀ ਪੰਜਾਬੀ ਸਾਹਿਤ ਦੀ ਇਕ ਜ਼ਿਕਰਯੋਗ ਰਚਨਾ ਹੈ। ਕਵੀ ਹਰਨਾਮ ਸਿੰਘ, ਸਤਿਗੁਰੂ ਪਰਤਾਪ ਸਿੰਘ ਦਾ ਹਾਣੀ ਸੀ ਪ੍ਰੰਤੂ ਉਸਦਾ ਦੇਹਾਂਤ ਉਹਨਾਂ ਦੇ ਚਲਾਣੇ ਤੋਂ ਘੱਟੋ ਘੱਟ ਦੋ ਦਹਾਕੇ ਬਾਅਦ ਹੋਇਆ। ਉਸ ਦਾ ਪਿਤਾ ਸੁੱਧ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ 'ਮਿਲਟਰੀ-ਅਟੈਚੀ' ਸੂਬਾ ਲੱਖਾ ਸਿੰਘ ਮਲੌਦ ਵਾਲੇ ਦਾ ਵਿਸ਼ਵਾਸਪਾਤਰ ਸੀ। ਇਸ ਲਈ ਨਾਮਧਾਰੀ ਇਤਿਹਾਸ ਤੱਕ ਉਸ ਦੀ ਰਸਾਈ ਪਰਿਵਾਰਕ ਸ੍ਰੋਤਾਂ ਕਾਰਨ ਸੀ। ਕਵੀ ਦੇ ਪਰਿਵਾਰ ਨੇ ਗੁਰੂ ਹਰੀ ਸਿੰਘ ਜੀ ਦੇ ਸਮੇਂ ਆਪਣੀ ਸਾਰੀ ਜ਼ਮੀਨ ਜਾਇਦਾਦ ਵੇਚ ਕੇ ਭੈਣੀ ਸਾਹਿਬ ਲੰਗਰ ਨੂੰ ਭੇਂਟ ਕਰ ਦਿੱਤੀ ਸੀ। [19] ਇਹ ਉਹ ਸਮਾਂ ਸੀ ਜਦੋਂ ਭੈਣੀ ਸਾਹਿਬ ਵਿਖੇ ਲੰਗਰ ਚੱਲਦਾ ਰੱਖਣ ਲਈ ਸ਼ਰਧਾਵਾਨ ਨਾਮਧਾਰੀ ਪਰਿਵਾਰਾਂ ਨੇ ਆਪਣੀਆਂ ਜ਼ਮੀਨ ਜਾਇਦਾਦਾਂ ਵੇਚ ਦਿਤੀਆਂ ਸਨ। ਕੂਕਿਆਂ ਦੀ ਇਹ ਲਾਮਿਸਾਲ ਕੁਰਬਾਨੀ ਸੀ। ਆਪਣੇ ਅੰਦੋਲਨ ਲਈ ਆਪਣਾ ਘਰ ਘਾਟ ਨਿਉਛਾਵਰ ਕਰ ਦੇਣਾ ਉਹਨਾਂ ਦੇ ਹਿਸੇ ਆਇਆ। ਬਗਲੀ ਵਾਲਾ ਦੇ ਆਪਣੇ ਸ਼ਬਦਾਂ ਵਿਚ ਇਸ ਘਰ ਬਾਰ ਤਿਆਗ ਦਾ ਵਰਣਨ ਇਉਂ ਮਿਲਦਾ ਹੈ:

ਸਾਡੇ ਪਿਤਾ ਜੀ ਤੇ ਦੋਨੋ ਚਾਚੇ ਤਾਏ
ਸਤਿਗੁਰ ਹਰੀ ਸਿੰਘ ਦੇ ਤਾਬੇਦਾਰ ਹੋਏ
ਮਨੋ ਤਨੋ ਤੇ ਧਨੋ ਕੁਰਬਾਨ ਹੋ ਕੇ,
ਭੈਣੀ ਸਾਹਿਬ ਜਾ ਕੇ ਸੇਵਾਦਾਰ ਹੋਏ
ਕੜੀਆਂ ਕੋਠੇ ਦੀਆਂ ਘਰ ਜ਼ਮੀਨ ਸਾਰੀ,
ਲੰਗਰ ਪਾਇਕੇ ਸ਼ੁਕਰ ਗੁਜ਼ਾਰ ਹੋਏ।
ਚਰਨਾਂ ਸਤਿਗੁਰਾਂ ਵਿਚ ਹੀ ਉਮਰ ਕੱਟੀ,
ਉਨ੍ਹਾਂ ਨਾਲ ਸਤਿਗੁਰਾਂ ਦੇ ਪਿਆਰ ਹੋਏ। [20]

ਭਾਵੇਂ ਸੰਤ ਖਾਲਸਾ ਬਹੁ-ਵਿਸਥਾਰ ਵਾਲੀ ਵੱਡ-ਆਕਾਰੀ ਪੁਸਤਕ ਨਹੀਂ, ਪ੍ਰੰਤੂ ਇਸ ਵਿਚ ਸਤਿਗੁਰੂ ਰਾਮ ਸਿੰਘ ਜੀ ਨਾਲ ਸਬੰਧਿਤ ਜੀਵਨ ਸਮਾਚਾਰ, ਨਾਮਧਾਰੀ ਸ਼ਹੀਦੀ ਸਾਕੇ, 1899 ਈ. ਦੇ ਮਹਾਂ ਅਕਾਲ ਸਮੇਂ ਭੈਣੀ ਸਾਹਿਬ ਲੰਗਰ ਦੁਆਰਾ ਖਾਸ ਕਰਕੇ ਬਾਗੜ ਦੇਸ਼ ਦੇ, ਕਾਲ-ਪੀੜਤਾਂ ਦੀ ਬਾਂਹ ਫੜ੍ਹਨ ਦਾ ਬੜਾ ਸਟੀਕ ਵਰਣਨ ਹੈ:

ਸਾਹਿਬਜ਼ਾਦੇ ਮਹਾਰਾਜ ਪ੍ਰਤਾਪ ਸਿੰਘ ਜੀ,
ਹੱਥੀਂ ਆਪਣੀ ਅੰਨ ਬਰਤੌਂਦੇ ਰਹੇ
ਨੌ ਕੁ ਬਰਸ ਦੀ ਉਮਰ ਦੇ ਸਾਹਿਬਜ਼ਾਦੇ,
ਭੱਜ ਭੱਜ ਕੇ ਰੋਟੀ ਖਵੌਂਦੇ ਰਹੇ
ਫਿਰਦੇ ਦੇਖਦੇ ਸਤਿਗੁਰੂ ਹਰੀ ਸਿੰਘ ਜੀ,
ਮਾਲਾ ਨਾਲ ਅਸਾਰੇ ਕਰੌਂਦੇ ਰਹੇ
ਮਹਾਰਾਜ ਤੇ ਅਸੀਂ ਹਰਨਾਮ ਸਿੰਘਾ
ਸਾਰਾ ਸਾਰਾ ਦਿਨ ਹੀ ਫੇਰੇ ਪੌਂਦੇ ਰਹੇ। [21]

ਸੰਤ ਖਾਲਸਾ ਨਾਮਧਾਰੀ ਲਹਿਰ ਦੇ ਬਸਤੀਵਾਦ ਵਿਰੋਧੀ ਸੰਘਰਸ਼ ਦੀ ਪ੍ਰਮਾਣਿਕ ਦਸਤਾਵੇਜ਼ ਹੈ। ਇਸ ਵਿਚ ਬਸਤੀਵਾਦੀ ਹਕੂਮਤ ਵਲੋਂ ਨਾਮਧਾਰੀਆਂ ਦੀਆਂ ਸਿਆਸੀ-ਸਮਾਜੀ ਸਰਗਰਮੀਆਂ ਉਪਰ ਆਇਦ ਤਰ੍ਹਾਂ ਤਰ੍ਹਾਂ ਦੀਆਂ ਪਾਬੰਦੀਆਂ, ਜੂਹਬੰਦੀਆਂ, ਰੋਕਾਂ ਅਤੇ ਦਮਨ ਆਦਿ ਦਾ ਵਰਨਣ ਹੈ। ਨਾਮਧਾਰੀਆਂ ਉਤੇ ਬਸਤੀਵਾਦੀ ਸਰਕਾਰ ਵੱਲੋਂ ਉਸ ਸਮੇਂ ਕਿਹੋ ਜਹੀਆਂ ਸਖਤੀਆਂ ਸਨ ਇਹਨਾਂ ਦਾ ਸਟੀਕ ਵਰਣਨ ਵੀ ਕੋਈ ਹਰਨਾਮ ਸਿੰਘ ਜਿਹਾ ਭੁਗਤ ਭੋਗੀ ਸਿੱਖ ਹੀ ਕਰ ਸਕਦਾ ਸੀ:

ਕੂਕਾ ਪਿੰਡ ਦਾ ਪਿੰਡ ਹੀ ਰਹੇ ਅਪਣੇ,
ਪਿੰਡੋਂ ਬਾਹਰਲਿਓ ਭੀ ਕੂਕਾ ਆਵੇ ਨਾਂਹੀ
ਬਿਨਾ ਖ਼ਬਰ ਦਿਤੀ ਵਰਨੀ ਬਾਣੀਆਂ ਦਾ,
ਕੂਕਾ ਪਾਠ ਯਾ ਭੋਗ ਪਵਾਵੇ ਨਾਂਹੀ
ਚੌਕੀਦਾਰ ਨੰਬਰਦਾਰ ਸਾਰੇ ਤਾੜ ਦਿਤੇ,
ਕੂਕਾ ਦੂਰ ਨੇੜੇ ਆਵੇ ਜਾਵੇ ਨਾਂਹੀ
ਬਿਨਾਂ ਰਪਟ ਦਿਤੇ ਬਾਝੋਂ ਸਿੰਘ ਕੂਕਾ,
ਕੱਠੇ ਪੰਜ ਭੀ ਸਿੰਘ ਕਰਾਵੇ ਨਾਂਹੀ
ਲਗਦੀ ਵਾਹ ਤਾੜੇ ਏਥੋਂ ਤਕ ਲੋਕੀਂ,

Namdhari Elibrary NamdhariElibrary@gmail.com

ਕੂਕੇ ਨਾਮ ਦਾ ਸਿੰਘ ਕਹਾਵੇ ਨਾਂਹੀ
ਕਿਸੇ ਮਾਮਲੇ ਵਿਚ ਹਰਨਾਮ ਸਿੰਘਾ,
ਕੂਕਾ ਕੰਨ ਭੀ ਕਿਤੇ ਹਲਾਵੇ ਨਾਂਹੀ [22]

ਸੰਤ ਖਾਲਸਾ ਜਦੋਂ 1935 ਈ. 'ਚ ਛਪੀ ਸੀ ਤਾਂ ਇਸ ਵਿਚ ਬਾਗੀ ਕੂਕਿਆਂ ਬਾਰੇ, ਇਤਿਹਾਸਕ ਸਮੱਗਰੀ ਹੋਣ ਕਰਕੇ, ਬਸਤੀਵਾਦੀ ਸਰਕਾਰ ਨੇ ਇਸਨੂੰ ਜ਼ਬਤ ਕਰ ਲਿਆ ਸੀ। ਕੂਕਿਆਂ ਦੁਆਰਾ ਲਿਖਤ ਜ਼ਬਤ ਹੋਣ ਵਾਲੀ, ਚੰਦਾ ਸਿੰਘ ਹੋਰਾਂ ਦੇ ਬਾਰਾਂਮਾਹ ਤੋਂ ਬਾਅਦ ਇਹ ਦੂਸਰੀ ਪੰਜਾਬੀ ਕਾਵਿ ਰਚਨਾ ਸੀ। ਇਸ ਦੇ ਛਾਪਕ ਪ੍ਰੈਸ ਦੀ ਵੀ ਜ਼ਮਾਨਤ ਜ਼ਬਤ ਕਰ ਲਈ ਗਈ। ਅਗਲੇ ਸਾਲ ਇਸੇ ਪ੍ਰੈਸ, 'ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ, ਸ੍ਰੀ ਭੈਣੀ ਸਾਹਿਬ' ਵਿਚੋਂ ਛਪਿਆ ਨਾਮਧਾਰੀ ਸਪਤਾਹਿਕ ਸਤਿਜੁਗ ਦਾ ਸਾਲਾਨਾ 'ਬਸੰਤ ਅੰਕ' 1936 ਈ. ਫਿਰ ਜ਼ਬਤ ਕਰ ਲਿਆ ਗਿਆ।

ਸ੍ਰੇਸ਼ਟ ਪੱਤਰਕਾਰ ਤੇ ਲੇਖਕ-

ਵੀਹਵੀਂ ਸਦੀ ਦੇ ਨਾਮਧਾਰੀ ਸਾਹਿਤ ਵਿਚ ਸ੍ਰੇਸ਼ਟ ਸਥਾਨ ਉੱਘੇ ਕਵੀ, ਪੱਤਰਕਾਰ, ਸੰਪਾਦਕ ਅਤੇ ਵਾਰਤਕ ਲੇਖਕ ਸੰਤ ਨਿਧਾਨ ਸਿੰਘ ਆਲਿਮ ਦਾ ਹੈ। ਬਹੁ-ਪੱਖੀ ਸ਼ਖ਼ਸੀਅਤ ਦਾ ਮਾਲਕ ਸੰਤ ਨਿਧਾਨ ਸਿੰਘ ਆਲਮ ਨਾਮਧਾਰੀ ਵਿਚਾਰਧਾਰਾ ਅਤੇ ਜੀਵਨ-ਜਾਚ ਦਾ ਬੁਲਾਰਾ ਵੀ ਸੀ ਅਤੇ ਪੰਜਾਬ ਕਾਂਗਰਸ ਦਾ ਨਿਧੜਕ ਆਗੂ ਵੀ। ਕੌਮੀ ਸੁਤੰਤਰਤਾ ਸੰਗਰਾਮ ਵਿਚ ਉਹ ਪੰਜਾਬ ਕਾਂਗਰਸ ਦੇ ਨੁਮਾਇੰਦੇ ਵਜੋਂ ਪੇਸ਼-ਪੇਸ਼ ਰਿਹਾ। ਉਸ ਦਾ ਪਿਤਾ ਸੋਹਣ ਸਿੰਘ, ਕੂਕੇ ਤੇ ਗ਼ਦਰੀ ਸ਼ਹੀਦਾਂ ਦੇ ਪਿੰਡ ਲੋਪੋਕੇ (ਅੰਮ੍ਰਿਤਸਰ) ਤੋਂ ਫ਼ੌਜੀ ਨੌਕਰੀ ਕਾਰਨ ਬਰ੍ਹਮਾ ਵਿਚ ਗਿਆ ਸੀ ਜਿੱਥੇ 1889 ਈ. ਵਿਚ ਆਲਿਮ ਦਾ ਜਨਮ ਹੋਇਆ ਅਤੇ ਉਹਨਾਂ ਦਾ ਦੇਹਾਂਤ 1956 ਦੇ ਅਕਤੂਬਰ ਮਹੀਨੇ ਲੁਧਿਆਣੇ ਵਿਖੇ ਹੋਇਆ ਸੀ। ਉਹ ਬਾਬਾ ਸੋਹਣ ਸਿੰਘ ਭਕਨਾ ਦੇ ਪ੍ਰੇਰਨਾ-ਸ੍ਰੋਤ ਇਕ ਕੂਕੇ ਮਸਤਾਨੇ, ਬਾਬਾ ਕੇਸਰ ਸਿੰਘ ਜੀ ਮੁਹਾਵੇ ਵਾਲਿਆਂ ਦੀ ਸੰਗਤ ਨਾਲ ਹੀ ਨਾਮਧਾਰੀ ਬਣੇ ਸਨ। ਪਹਿਲਾਂ ਆਪ ਆਪਣੇ ਪਿੰਡ ਦੇ ਇਕ ਨਾਮਧਾਰੀ ਜਥੇਦਾਰ ਨੱਥਾ ਸਿੰਘ ਦੇ ਜਥੇ ਵਿਚ ਹਾਰਮੋਨੀਅਮ ਵਜਾਉਣ ਲਈ ਸ਼ਾਮਲ ਹੋ ਗਏ। ਛੇਤੀ ਹੀ ਖ਼ੁਦ ਚੰਗੇ ਪ੍ਰਚਾਰਕ ਅਤੇ ਵਕਤਾ ਬਣ ਗਏ। ਸਤਿਗੁਰੂ ਪਰਤਾਪ ਸਿੰਘ ਜੀ ਦੀ ਆਗਿਆ ਨਾਲ 1920 ਈ. ਵਿਚ ਨਾਮਧਾਰੀ ਦਰਬਾਰ ਵਲੋਂ ਸਤਿਜੁਗ ਸਪਤਾਹਿਕ ਅਤੇ ਲਾਹੌਰ ਤੋਂ ਕੂਕਾ ਰੋਜ਼ਾਨਾ ਅਖ਼ਬਾਰ ਛਪਣਾ ਸ਼ੁਰੂ ਹੋਇਆ। ਆਲਿਮ ਜੀ ਨਾਮਧਾਰੀ ਦਰਬਾਰ ਦੇ ਅਖ਼ਬਾਰਾਂ/ਰਿਸਾਲਿਆਂ ਲਈ 36 ਵਰ੍ਹੇ ਨਿਰੰਤਰ ਲਿਖਦੇ ਰਹੇ। ਕੌਮੀ ਸੁਤੰਤਰਤਾ ਸੰਗਰਾਮ ਦੌਰਾਨ ਆਲਮ ਜੀ ਦਾ ਸੰਪਰਕ ਸ੍ਰੀ ਕੇਦਾਰ ਨਾਥ ਸਹਿਗਲ, ਲਾਲਾ ਲਾਜਪਤ ਰਾਇ, ਸਰ ਛੋਟੂ ਰਾਮ (ਜ਼ਿਮੀਦਾਰਾ ਲੀਗ), ਦੇਵੀ ਪਾਰਬਤੀ ਕਮਾਲੀਆ, ਅਤੇ ਸ੍. ਭਗਤ ਸਿੰਘ ਆਦਿ ਨਾਲ ਹੋਇਆ। ਪੰਜਾਬੀ ਕੁੰਡਲੀਆ ਛੰਦ ਦੇ ਸਿਰਮੌਰ ਕਵੀ ਗੁਰਬਖਸ਼ ਸਿੰਘ ਉਰਫ ਗੋਧਾ ਸਿੰਘ ਜੱਟ ਨੇ ਸੰਤ ਆਲਿਮ ਜੀ ਦੀ ਪ੍ਰੇਰਣਾ ਨਾਲ ਹੀ ਸਰਕਾਰੀ ਸਕੂਲ ਦੀ ਨੌਕਰੀ ਛੱਡ ਕੇ ਬਾਕੀ ਉਮਰ ਕਿਸਾਨ ਅੰਦੋਲਨ ਨੂੰ ਵਕਫ਼ ਕਰ ਦਿਤੀ ਸੀ। ਦੁਆਬੇ ਦੇ ਮਸ਼ਹੂਰ ਪਿੰਡ ਮੁਠੱਡਾ ਕਲਾਂ ਵਿਚ 17-19 ਜਨਵਰੀ 1921 ਨੂੰ ਮਲੇਰਕੋਟਲਾ ਦੇ ਨਾਮਧਾਰੀ ਸ਼ਹੀਦਾਂ ਦੀ ਯਾਦ ਵਿਚ ਪਹਿਲੀ ਵਿਸ਼ਾਲ ਰਾਜਨੀਤਕ ਕਾਨਫਰੰਸ, ਸੰਤ ਨਿਧਾਨ ਸਿੰਘ ਆਲਿਮ ਅਤੇ ਸੰਤ ਇੰਦਰ ਸਿੰਘ ਚੱਕਰਵਰਤੀ ਦੀ ਦੇਖ ਰੇਖ ਵਿਚ ਹੋਈ ਸੀ। ਜਿਸ ਵਿਚ ਸ੍. ਕਿਸ਼ਨ ਸਿੰਘ, ਸ਼ਹੀਦੇ-ਆਜ਼ਮ ਭਗਤ ਸਿੰਘ, ਮਹਾਰਾਜ ਨਿਹਾਲ ਸਿੰਘ, ਮਹਾਰਾਜ ਗੁਰਦਿਆਲ ਸਿੰਘ, ਚੌਧਰੀ ਰਾਮਭਜ ਦੱਤ, ਮੌਲਾਨਾ ਸਈਨਾਦ ਹਬੀਬ, (ਐਡੀਟਰ ਸਿਆਸਤ ਲਾਹੌਰ), ਚੌਧਰੀ ਗੁਲਾਮ ਹੈਦਰ, 'ਸਿਆਹ-ਪੋਸ਼', ਲਾਲਾ ਕੇਦਾਰ ਨਾਥ ਸਹਿਗਲ ਅਤੇ ਸੰਤ ਮੰਗਲ ਸਿੰਘ 'ਅਰਸ਼ੀ ਫਰਿਸ਼ਤਾ' ਆਦਿ ਉੱਘੇ ਸੁਤੰਤਰਤਾ ਸੈਨਾਨੀ ਸ਼ਾਮਲ ਹੋਏ ਸਨ। ਇਸ ਇਤਿਹਾਸਕ ਕਾਨਫਰੰਸ ਦੀ ਪ੍ਰਧਾਨਗੀ ਸਤਿਗੁਰੂ ਪ੍ਰਤਾਪ ਸਿੰਘ ਨੇ ਕੀਤੀ, ਇਥੇ ਵਿਸ਼ਾਲ ਇਕੱਠ ਵਿਚ ਭੈਣੀ ਸਾਹਿਬ ਗੁਰਦੁਆਰੇ ਅਗੋਂ ਪੁਲਿਸ ਚੌਕੀ ਚੁੱਕੇ ਜਾਣ ਦਾ ਮਤਾ ਪਾਸ ਕੀਤਾ ਗਿਆ ਸੀ। ਨਾਮਧਾਰੀ ਦਰਬਾਰ ਦੀ ਰਾਜਸੀ ਸਰਗਰਮੀ ਅਤੇ ਕੌਮੀ ਸੁਤੰਤਰਤਾ ਸੰਗਰਾਮ ਦੇ ਵਧ ਰਹੇ ਜਨਤਕ ਦਬਾਅ ਕਾਰਨ 1923 ਈ. ਵਿਚ ਗੁਰਦੁਆਰਾ ਭੈਣੀ ਸਾਹਿਬ ਦੇ ਬਾਹਰੋਂ ਪੁਲਿਸ ਚੌਕੀ ਉਠਾ ਦਿੱਤੀ ਗਈ।

ਆਲਿਮ ਜੀ ਸਤਿਜੁਗ, ਰੋਜ਼ਾਨਾ ਕੂਕਾ ਅਤੇ ਮਸਤਾਨਾ ਆਦਿ ਪਰਚਿਆਂ ਵਿਚ ਧੜੱਲੇਦਾਰ ਲੇਖ ਅਤੇ ਕਵਿਤਾਵਾਂ ਤਾਂ ਲਿਖਦੇ ਹੀ ਰਹਿੰਦੇ ਸਨ, ਨਾਮਧਾਰੀ ਇਤਿਹਾਸ, ਸਿਧਾਂਤ ਅਤੇ ਵਿਚਾਰਧਾਰਾ ਉਪਰ ਵੀ ਉਹਨਾਂ ਦੀ ਕਮਾਲ ਦੀ ਪਕੜ ਸੀ। ਉਹਨਾਂ ਦੁਆਰਾ ਲਿਖੀਆਂ ਅਨੇਕ ਛੋਟੀਆਂ ਵੱਡੀਆਂ ਪੁਸਤਕਾਂ ਵਿਚੋਂ ਵਧੇਰੇ ਮਹੱਤਵਪੂਰਨ ਅਤੇ ਮਕਬੂਲ ਸ੍ਰੀ ਗੁਰੂ ਪਦ ਪਰਕਾਸ਼ (ਹਿੱਸੇ ਤਿੰਨ), ਜੁੱਗ ਪਲਟਾਊ ਸਤਿਗੁਰੂ, ਨਾਮਧਾਰੀ ਸਿਧਾਂਤ ਪ੍ਰਦਰਸ਼ਨ, ਸਿਖ ਧਰਮ ਅਤੇ ਮਾਸ, ਸੂਤਰ ਦਰਸ਼ਨ ਆਦਿ ਵਾਰਤਕ ਰਚਨਾਵਾਂ ਅਤੇ ਇਕ

Namdhari Elibrary NamdhariElibrary@gmail.com

ਕਾਵਿ-ਸੰਗ੍ਰਹਿ ਰੂਹਾਨੀ ਟੈਲੀਫੋਨ ਹੈ। ਉਹਨਾਂ ਦੀਆਂ ਕਵਿਤਾਵਾਂ ਦੇ ਮੂਲ ਸਰੋਕਾਰ ਦੇਸ਼ ਭਗਤੀ, ਹਿੰਦੂ ਮਿਥਿਹਾਸਕ ਜਾਂ ਸਿਖ ਇਤਿਹਾਸਿਕ ਪ੍ਰਸੰਗਾਂ ਦੀ ਪੁਨਰ ਸਿਰਜਣਾ ਅਤੇ ਸਮਾਜ ਸੁਧਾਰ ਹੁੰਦਾ ਸੀ। ਸੁਤੰਤਰਤਾ ਸੰਗਰਾਮ ਬਾਰੇ ਕਾਂਗਰਸ ਅੰਦੋਲਨ ਦੌਰਾਨ ਲਿਖੀ ਆਪ ਦੀ ਬਹੁਤ ਸਾਰੀ ਕਵਿਤਾ ਸਤਿਜੁਗ ਅਖਬਾਰ ਦੀਆਂ ਫਾਈਲਾਂ ਵਿਚ ਦੇਖੀ ਜਾ ਸਕਦੀ ਹੈ। ਵੀਹਵੀਂ ਸਦੀ ਵਿਚ ਕੂਕਾ ਜਾਂ ਨਾਮਧਾਰੀ ਤਹਿਰੀਕ ਨੂੰ ਸੁਤੰਤਰਤਾ ਸੰਗਰਾਮ ਦੇ ਨਾਲ ਨਾਲ ਤੋਰੀ ਰੱਖਣ ਦਾ ਇਤਿਹਾਸਕ ਕਾਰਜ ਨਿਭਾਉਣ ਵਾਲਿਆਂ ਵਿਚ ਆਲਿਮ ਦਾ ਮੀਰੀ ਯੋਗਦਾਨ ਰਿਹਾ ਅਤੇ ਇਹੋ ਉਹਨਾਂ ਦੀ ਰਚਨਾ ਦੀ ਮੁੱਖ ਸੁਰ ਬਣ ਗਿਆ।

ਪ੍ਰਮੁੱਖ ਨਾਮਧਾਰੀ, ਬਹੁਪੱਖੀ ਲੇਖਕ-

ਵੀਹਵੀਂ ਸਦੀ ਦੇ ਪਹਿਲੇ ਅੱਧ ਦਾ ਦੂਜਾ ਪ੍ਰਮੁੱਖ ਨਾਮਧਾਰੀ ਲੇਖਕ ਸੰਤ ਇੰਦਰ ਸਿੰਘ ਚੱਕਰਵਰਤੀ ਹੈ। ਉਸ ਦਾ ਜਨਮ 1902 ਈ. ਅਤੇ ਦੇਹਾਂਤ ਪਟਿਆਲਾ ਵਿਖੇ ਮਾਰਚ 1971 ਵਿਚ ਹੋਇਆ ਜਿੱਥੇ ਉਹਨਾਂ ਦੇ ਜੀਵਨ ਦਾ ਚੋਖਾ ਸਮਾਂ ਬਤੀਤ ਹੋਇਆ। ਉਹ ਭਾਸ਼ਾ ਵਿਭਾਗ ਪਟਿਆਲਾ ਵਿਖੇ ਕੋਸ਼ਕਾਰੀ ਵਿਭਾਗ ਵਿਚ, ਪੰਜਾਬੀ ਪੁਆਧੀ ਕੋਸ਼ ਅਤੇ ਕੁਝ ਹੋਰ ਪ੍ਰਾਜੈਕਟਾਂ ਤੇ ਕਈ ਵਰ੍ਹੇ ਸੇਵਾ-ਰੱਤ ਰਹੇ ਸਨ। ਉਹਨਾਂ ਦਾ ਜੱਦੀ ਪਿੰਡ, ਭੈਣੀ ਸਾਹਿਬ ਦੇ ਗੁਆਂਢ ਰਿਆਸਤ ਪਟਿਆਲਾ ਵਿਚ ਸਰਹਿੰਦ ਨਹਿਰ ਦੇ ਚੜ੍ਹਦੇ ਪਾਸੇ ਝੱਲ ਕਲਾਂ ਅਤੇ ਨਾਨਕੇ ਮੁੱਠਡਾ ਕਲਾਂ ਵਿਚ ਸਨ। ਉਸ ਦੇ ਨਾਨਕੇ ਦਾਦਕੇ, ਦੋਵੇਂ ਕਿਸਾਨ ਪਰਿਵਾਰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਟਕਸਾਲੀ ਨਾਮਧਾਰੀ ਪਰਿਵਾਰ ਸਨ, ਜਿਹਨਾਂ ਦੇਸ਼ ਸੇਵਾ ਕਾਰਨ ਜੇਲ੍ਹ ਯਾਤਰਾ ਵੀ ਕੀਤੀ ਸੀ। ਆਲਿਮ ਜੀ ਤਾਂ ਮੈਟਰਿਕ ਤੱਕ ਦੀ ਪੜ੍ਹਾਈ, ਸਕੂਲ ਵਿਚ ਕਰ ਚੁੱਕੇ ਸਨ। ਪਰ ਚੱਕਰਵਰਤੀ ਜੀ ਬਚਪਨ ਵਿਚ ਆਪਣੇ ਪਿੰਡ ਦੇ ਨੇੜੇ ਦੇ ਇਤਿਹਾਸਕ ਗੁਰਦੁਆਰੇ , ਕਟਾਣਾ ਸਾਹਿਬ ਦੇ ਮਹੰਤ ਮਾਘਾ ਸਿੰਘ ਨਾਮਧਾਰੀ ਤੋਂ ਪੰਜਾਬੀ ਅੱਖਰ ਗਿਆਨ ਅਤੇ ਧਾਰਮਿਕ ਪੁਸਤਕਾਂ ਦਾ ਅਧਿਅਨ ਕਰਕੇ 12-13 ਸਾਲ ਦੀ ਉਮਰ ਵਿਚ ਗੁਰਦੁਆਰਾ ਭੈਣੀ ਸਾਹਿਬ ਵਿਚ ਆ ਗਏ। ਇੱਥੋਂ ਉਹਨਾਂ ਸ੍ਰੀ ਆਦਿ ਗ੍ਰੰਥ, ਸ੍ਰੀ ਦਸਮ ਗ੍ਰੰਥ ਸਾਹਿਬ ਅਤੇ ਹੋਰ ਗੁਰਮਤਿ ਸਾਹਿਤ ਦਾ ਅੰਧਿਅਨ ਕੀਤਾ। ਉਹ ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਸੰਸਕ੍ਰਿਤ ਦੇ ਵੀ ਅੱਛੇ ਗਿਆਤਾ ਸਨ। ਜਦੋਂ 1929 ਈ. ਵਿਚ ਨਾਮਧਾਰੀ ਦਰਬਾਰ ਦਾ ਸਪਤਾਹਿਕ ਪਰਚਾ ਸਤਿਜੁਗ, ਲਾਹੌਰ ਤੋਂ ਸ੍ਰੀ ਭੈਣੀ ਸਾਹਿਬ ਆ ਗਿਆ ਤਾਂ ਸੰਤ ਇੰਦਰ ਸਿੰਘ ਚੱਕਰਵਰਤੀ ਇਸ ਦੇ ਸੰਪਾਦਕ ਬਣ ਗਏ। ਤਕਰੀਬਨ ਦਸ ਵਰ੍ਹੇ, ਆਪ ਦੀ ਸੰਪਾਦਕੀ ਸਮੇਂ ਸਤਿਜੁਗ ਨੇ ਲੰਮੀਆਂ ਪੁਲਾਂਘਾ ਪੁੱਟੀਆਂ ਅਤੇ ਇਸ ਦੇ ਹਰ ਵਰ੍ਹੇ ਛਪਣ ਵਾਲੇ ਸਾਲਾਨਾ ਅੰਕਾਂ ਨੇ ਪੰਜਾਬੀ ਸਾਹਿਤ ਜਗਤ ਵਿਚ ਨਵੇਂ ਆਯਾਮ ਜੋੜੇ। ਸੰਨ 1930 ਈ. ਦੇ ਬਸੰਤ ਅੰਕ ਵਿਚ ਭਾਈ ਕਾਹਨ ਸਿੰਘ ਨਾਭਾ ਦੇ ਨਿਰਦੇਸ਼ ਮੁਤਾਬਿਕ, ਆਪ ਨੇ ਮੁੱਖ ਲੇਖ ਦੇ ਰੂਪ ਵਿਚ "ਗੁਰ ਅਵਤਾਰ" ਨਾਂ ਦੀ ਵੱਡ ਆਕਾਰੀ ਰਚਨਾ ਵਿਚ ਪਹਿਲੀ ਵੇਰ ਸਤਿਗੁਰੂ ਰਾਮ ਸਿੰਘ ਜੀ ਦਾ ਜੀਵਨ ਚਰਿਤਰ, ਪ੍ਰਚਾਰ ਦੌਰੇ ਅਤੇ ਸ਼ਹੀਦੀ ਸਾਕਿਆਂ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਨਾਮਧਾਰੀ ਲਹਿਰ ਜਾਂ ਸਤਿਗੁਰੂ ਰਾਮ ਸਿੰਘ ਜੀ ਬਾਰੇ ਲਿਖਣ ਵਾਲੇ ਮਗਰਲੇ ਲਿਖਾਰੀਆਂ ਲਈ ਇਹ ਰਚਨਾ ਮੂਲ ਸ੍ਰੋਤ ਵਜੋਂ ਸਿੱਧ ਹੋਈ। ਇਸ ਤੋਂ ਬਾਅਦ ਆਪ ਨੇ ਹਰ ਅੰਕ ਵਿਚ ਨਾਮਧਾਰੀ ਇਤਿਹਾਸ ਦੀ ਕਿਸੇ ਪ੍ਰਸਿੱਧ ਘਟਨਾ ਜਾਂ ਪ੍ਰਸੰਗ ਤੇ ਲੰਮੀਆਂ ਕਹਾਣੀਆਂ ਲਿਖਣੀਆਂ ਸ਼ੁਰੂ ਕੀਤੀਆਂ। 1936 ਈ. ਦੇ ਬਸੰਤ ਅੰਕ ਵਿਚ ਆਪ ਦੀ ਰਚਨਾ ਅਪੂਰਵ ਬਲੀਦਾਨ ਜਿਸ ਵਿਚ ਸ਼ਹੀਦੀ ਸਾਕਾ ਮਲੇਰਕੋਟਲਾ ਅਤੇ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਦਾ ਕੁਝ ਇਸ ਤਰ੍ਹਾਂ ਵਰਣਨ ਸੀ ਕਿ ਪੰਜਾਬ ਸਰਕਾਰ ਨੂੰ ਇਹ ਅੰਕ ਜ਼ਬਤ ਕਰਨਾ ਪਿਆ। ਵੰਡ ਤੋਂ ਪਹਿਲਾਂ ਆਪ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ ਦਾਨ ਦੇ ਦਾਤੇ ਹਜਰੋਂ ਨਿਵਾਸੀ, ਗੁਰੂ ਬਾਲਕ ਸਿੰਘ ਜੀ ਦੀ ਜੀਵਨੀ ਬਾਰੇ ਨਾਮਧਾਰੀ ਇਤਿਹਾਸ ਭਾਗ ਪਹਿਲਾ ਪੁਸਤਕ ਲਿਖੀ। ਸੰਤ ਧਿਆਨ ਸਿੰਘ ਕਾਦਰਾਬਾਦੀ ਦੀ ਬ੍ਰਜ ਰਚਨਾ ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ ਵੀ ਆਪਨੇ ਸੰਪਾਦਿਤ ਕੀਤੀ। ਵੰਡ ਤੋਂ ਬਾਅਦ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਸਮਾਚਾਰਾਂ ਬਾਰੇ ਕਾਵਿ ਗ੍ਰੰਥ ਮਾਲਵੇਂਦਰ (1957) ਦੀ ਰਚਨਾ ਕੀਤੀ ਜਿਸ ਦਾ ਪੰਜਾਬੀ ਮਹਾਂ-ਕਾਵਿਯ ਸਾਹਿਤ ਵਿਚ ਵਿਸ਼ੇਸ਼ ਸਥਾਨ ਹੈ। ਇਸ ਦੀ ਕਾਵਿਕ, ਇਤਿਹਾਸਕ ਅਤੇ ਸਾਹਿਤਕ ਸਭਿਆਚਾਰਕ ਵੱਥ ਬੇਸ਼ਕੀਮਤੀ ਹੈ। ਗੁਰੂ ਤੇਗ ਬਹਾਦਰ ਜੀ (ਹਿੰਦ ਦੀ ਚਾਦਰ) ਅਤੇ ਸਮਾਜਵਾਦ ਦੇ ਪਿਤਾਮਾ ਕਾਰਲ ਮਾਰਕਸ ਬਾਰੇ ਵੀ ਚੱਕਰਵਰਤੀ ਨੇ ਮਹਾਂ-ਕਾਵਿ ਲਿਖੇ। ਰਾਸ਼ਟਰ-ਬਾਣੀ ਅਤੇ ਖਾਲਸੇ ਦੀ ਵਾਰ ਆਪ ਜੀ ਦੇ ਕਾਵਿ-ਸੰਗ੍ਰਹਿ ਹਨ। ਆਪ ਨੇ ਬਹੁਤ ਸਾਰੇ ਇਕਾਂਗੀ ਤੇ ਨਾਟਕ ਵੀ ਲਿਖੇ ਜਿਹਨਾਂ ਵਿਚ ਪੂਰਬ ਪੱਛਮ, ਸ਼ੂਦਰ ਦਾ ਬਲੀਦਾਨ, ਪ੍ਰੀਤ ਪੈਗੰਬਰ ਅਤੇ

Namdhari Elibrary NamdhariElibrary@gmail.com

ਪਟਨਾ ਸ਼ਹਿਰ ਵਿਖੇ, ਆਦਿ ਪ੍ਰਸਿੱਧ ਹਨ। ਚੱਕਰਵਰਤੀ ਜੀ ਨੇ ਆਜ਼ਾਦੀ ਤੋਂ ਕੁਝ ਵਰ੍ਹੇ ਪਹਿਲਾਂ 'ਪ੍ਰੀਤ-ਨਗਰ' ਵਿਖੇ ਸ੍. ਗੁਰਬਖਸ਼ ਸਿੰਘ ਪ੍ਰੀਤਲੜੀ ਪਾਸ ਪ੍ਰੀਤ-ਸੈਨਿਕ ਵਜੋਂ ਕੁਝ ਸਮਾਂ ਬਤੀਤ ਕੀਤਾ। ਇਉਂ ਸਮਾਜਵਾਦ, ਜਮਹੂਰੀਅਤ, ਧਰਮ-ਨਿਰਪੱਖਤਾ ਅਤੇ ਵਿਸ਼ਵ ਸ਼ਾਂਤੀ ਜਿਹੇ ਮਾਨਵੀ ਮੁੱਲਾਂ ਦੇ ਝਲਕਾਰੇ, ਆਪ ਦੀ ਰਚਨਾ ਵਿਚੋਂ ਥਾਂ-ਪੁਰ-ਥਾਂ ਮਿਲਦੇ ਹਨ। ਉਹਨਾਂ ਦੇ ਤਿੰਨ ਨਾਵਲ ਬੀਤ ਰਾਗ, ਜੈ ਅਤੇ ਅੜਬੰਗੀ ਨਾਮਧਾਰੀ ਮਹਾਂ ਪੁਰਖਾਂ, ਸੂਬਿਆਂ, ਭਜਨੀਕ ਮਾਈਆਂ ਅਤੇ ਕੌਮੀ ਪਰਵਾਨਿਆਂ ਬਾਰੇ ਮਿਲਦੇ ਹਨ। ਸਾਹਿਤ ਸਿਰਜਣਾ, ਸੰਪਾਦਨ ਅਤੇ ਖੋਜ ਕਾਰਜ ਦੇ ਨਾਲ-ਨਾਲ ਉਹ ਕਾਂਗਰਸ ਅਤੇ ਪਰਜਾ ਮੰਡਲ ਵਿਚ ਸਰਗਰਮ ਰਹੇ।

ਨਾਮਧਾਰੀ ਲੇਖਕਾਂ ਵਿਚੋਂ ਬਹੁ-ਗਿਣਤੀ ਮਿਸ਼ਨਰੀ ਲੇਖਕਾਂ ਦੀ ਹੈ, ਸ਼ਰਧਾਮਈ ਦ੍ਰਿਸ਼ਟੀ ਦੇ ਬਾਵਜੂਦ ਇਹਨਾਂ ਲੇਖਕਾਂ ਨੇ ਨਾਮਧਾਰੀ ਲਹਿਰ ਦੇ ਇਤਿਹਾਸ, ਨਾਮਧਾਰੀ ਜੀਵਨ-ਜਾਚ, ਨਾਮਧਾਰੀ-ਸਿਖ ਸੰਵਾਦ/ਵਿਵਾਦ, ਕੌਮੀ ਸੁਤੰਤਰਤਾ ਸੰਗਰਾਮ ਵਿਚ ਨਾਮਧਾਰੀ ਭਾਈਚਾਰੇ ਦੇ ਯੋਗਦਾਨ ਆਦਿ ਨੂੰ ਰੂਪਮਾਨ ਕੀਤਾ। ਕਲਾਤਮਿਕ ਸੀਮਾਵਾਂ ਦੇ ਬਾਵਜੂਦ ਨਾਮਧਾਰੀ ਲਿਖਤਾਂ ਦਾ ਇਕ ਇਤਿਹਾਸਕ ਅਤੇ ਦਸਤਾਵੇਜ਼ੀ ਮਹੱਤਵ ਹੈ। ਇਨ੍ਹਾਂ ਵਿਚੋਂ ਬਹੁਤੇ ਨਾਮਧਾਰੀ ਲੇਖਕ ਖ਼ੁਦ ਪਿਛਲੀ ਡੇਢ ਸਦੀ ਦੇ ਇਤਿਹਾਸ ਦੇ ਚਸ਼ਮਦੀਦ ਗਵਾਹ ਹਨ। ਨਾਮਧਾਰੀ ਲਹਿਰ ਦਾ ਅੰਗ ਰਹੇ ਹੋਣ ਕਾਰਨ ਇਨ੍ਹਾਂ ਲੇਖਕਾਂ ਦੀ ਪਹੁੰਚ ਪ੍ਰਮਾਣਿਕ ਇਤਿਹਾਸਕ ਸ੍ਰੋਤਾਂ ਤਕ ਰਹੀ ਹੈ। ਨਾਮਧਾਰੀ ਸਾਹਿਤ, ਇਸ ਲਿਹਾਜ ਨਾਲ ਸਾਡਾ ਸਾਂਝਾ ਕੌਮੀ ਸਰਮਾਇਆ ਹੈ। ਲੋੜ ਇਸ ਨੂੰ ਸਾਂਭਣ ਅਤੇ ਵਿਗਿਆਨਕ ਨਜ਼ਰੀਏ ਨਾਲ ਮੁੜ ਵਿਚਾਰਨ ਦੀ ਹੈ।

ਹਵਾਲੇ ਤੇ ਟਿੱਪਣੀਆਂ

(1) Humayun Kabir, "Mother of the Freedom Movements" Namdhari Sikhs the Pioneer Freedom Fighters, (Ed.) H.S. Hanspal, P 16-17

(2) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮੇ, (ਸੰਪਾ.) ਜਸਵਿੰਦਰ ਸਿੰਘ, ਹੁਕਮਨਾਮਾ-7

(3) ਉਹੀ, ਹੁਕਮਨਾਮਾ-7

(4) ਡਾ. ਹਰਿਭਜਨ ਸਿੰਘ, "ਹੁਕਮਨਾਮੇ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਮਾਣੀਕ ਬੋਲ", ਸਤਿਜੁਗ (ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ), ਈ. 2003, ਪੰਨਾ-16

(5) ਸੰਤੋਖ ਸਿੰਘ ਬਾਹੋਵਾਲ, ਸਤਿਗੁਰੂ ਬਿਲਾਸ (ਭਾਗ ਪਹਿਲਾ), (ਸੰਪਾ.) ਜਸਵਿੰਦਰ ਸਿੰਘ (2002), ਪੰਨਾ 457

(6) ਧਿਆਨ ਸਿੰਘ ਕਾਦਰਾਬਾਦੀ, ਸ੍ਰੀ ਸਤਿਗੁਰੂ ਬਿਲਾਸ ਪਾਤਸ਼ਾਹੀ ਬਾਰ੍ਹਵੀਂ, (1998), ਪੰਨਾ 24

(7) ਉਹੀ, ਪੰਨਾ 134

(8) Jaswinder Singh, Kuka Movement-Freedom Struggle in Punjab (1985), p 294-295

(9) ਤਾਰਾ ਸਿੰਘ ਅਨਜਾਣ (ਸੰਪਾ.) ਰਾਮ ਵਿਯੋਗੀਆਂ ਦੇ ਬਾਰਾਂਮਾਂਹ, (1995) ਪੰਨਾ 44

(10) ਉਹੀ, ਪੰਨਾ 46

(11) ਉਹੀ, ਪੰਨਾ 33

(12) ਉਹੀ, ਪੰਨਾ 54-55

(13) ਉਹੀ, ਪੰਨਾ 52-53

(14) ਕਾਲ੍ਹਾ ਸਿੰਘ, ਪੈਂਤੀਸ ਅੱਖਰੀ, ਹਵਾਲਾ, ਸੁਵਰਨ ਸਿੰਘ ਵਿਰਕ, ਕੂਕਾ ਲਹਿਰ ਦਾ ਪੰਜਾਬੀ ਸਾਹਿਤ, ਪੰਨਾ 132

(15) ਕਾਲ੍ਹਾ ਸਿੰਘ, ਪੈਂਤੀਸ ਅੱਖਰੀ, ਸ੍ਰੀ ਜੀਵਨ ਨਗਰ, 2051 ਬਿਕਰਮੀ, ਪੰਨਾ 2

(16) ਉਹੀ, ਪੰਨਾ 6-7

(17) ਡਾ. ਇੰਦਰ ਸਿੰਘ ਮੁਲਤਾਨ, ਜਗਦਾ ਦੀਵਾ (ਅਥਵਾ ਲੀਲਾ ਸਤਿਗੁਰੂ ਰਾਮ ਸਿੰਘ ਗੁਰੂ ਨਾਮਧਾਰੀ ਸਿੰਘ ਭਾਗ ਪਹਿਲਾ) 1912, ਪੰਨਾ 92

(18) ਉਹੀ, ਪੰਨਾ

(19) ਸੁਵਰਨ ਸਿੰਘ ਵਿਰਕ, ਉਹੀ, ਪੰਨਾ 159

(20) ਹਰਨਾਮ ਸਿੰਘ ਬਗਲੀ ਕਲਾਂ, ਸੰਤ ਖਾਲਸਾ (ਅਰਥਾਤ ਤਵਾਰੀਖ ਨਾਮਧਾਰੀ), ਪੰਨਾ 74

(21) ਉਹੀ, ਪੰਨਾ 66

(22) ਉਹੀ, ਪੰਨਾ 61 ■

Namdhari Elibrary NamdhariElibrary@gmail.com

ਗੁਰੂ ਰਾਮ ਸਿੰਘ ਅਤੇ ਕੂਕਾ ਅੰਦੋਲਨ-ਕੁਝ ਵਿਸ਼ੇਸ਼ ਤੱਥ

✍ ਜਸਵਿੰਦਰ ਸਿੰਘ

ਕੂਕਾ ਅੰਦੋਲਨ ਅਥਵਾ ਨਾਮਧਾਰੀ ਲਹਿਰ ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਦੀ ਮਹੱਤਵਪੂਰਨ ਲਹਿਰ ਹੈ। ਇਹ ਇਕ ਜਨ ਅੰਦੋਲਨ ਸੀ, ਜੋ ਅੰਗਰੇਜ਼ਾਂ ਨੂੰ ਆਪਣੇ ਮੁਲਕ ਤੋਂ ਬਾਹਰ ਕੱਢ ਕੇ ਮੁੜ ਤੋਂ ਖਾਲਸਾ ਰਾਜ ਦੀ ਸਥਾਪਤੀ ਲਈ ਜਤਨ ਕਰ ਰਿਹਾ ਸੀ। ਪੰਜਾਬ ਦੇ ਲੋਕਾਂ ਨੂੰ ਇਸ ਅੰਦੋਲਨ ਵਿੱਚ ਆਪਣੇ ਦੁੱਖ ਦੀ ਝਲਕ ਮਿਲੀ ਅਤੇ ਅੰਗਰੇਜ਼ਾਂ ਵਿਰੁੱਧ ਗੁੱਸੇ ਦੀ ਭਾਵਨਾ ਨੂੰ ਜ਼ਾਹਰ ਕਰਨ ਦਾ ਜ਼ਰੀਆ ਵੀ। ਲੋਕ ਅੰਗਰੇਜ਼ੀ ਰਾਜ ਦਾ ਖ਼ਾਤਮਾ ਅਤੇ ਫੇਰ ਤੋਂ ਖਾਲਸਾ ਰਾਜ ਕਾਇਮ ਹੁੰਦਿਆਂ ਦੇਖਣਾ ਚਾਹੁੰਦੇ ਸਨ, ਇਸ ਲਈ ਜਦੋਂ ਇਸ ਜਨ ਅੰਦੋਲਨ ਦੇ ਨਾਇਕ ਗੁਰੂ ਰਾਮ ਸਿੰਘ ਜੀ ਨੇ 1857 ਈ. ਦੀ ਵਸਾਖੀ ਨੂੰ ਅੰਦੋਲਨ ਆਰੰਭਿਆ, ਲੋਕ ਵੱਡੀ ਗਿਣਤੀ ਵਿਚ ਇਸ ਨਾਲ ਜੁੜਨ ਲੱਗ ਪਏ।

ਖ਼ਾਲਸਾ ਰਾਜ ਦਾ ਸੂਰਜ ਡੁੱਬਾ-

14 ਮਾਰਚ 1849 ਈ. ਨੂੰ ਰਾਵਲਪਿੰਡੀ ਵਿਖੇ ਖਾਲਸਾ ਫੌਜਾਂ ਵਲੋਂ ਅੰਤਮ ਰੂਪ ਵਿਚ ਅੰਗਰੇਜ਼ਾਂ ਸਾਹਮਣੇ ਹਥਿਆਰ ਸੁੱਟ ਦੇਣ ਦੇ ਨਾਲ ਹੀ ਖਾਲਸਾ ਰਾਜ ਦਾ ਸੂਰਜ ਅਸਤ ਹੋ ਗਿਆ ਅਤੇ ਪੰਜਾਬ ਅੰਗਰੇਜ਼ੀ ਸਾਮਰਾਜ ਵਿਚ ਰਲਾ ਲਿਆ ਗਿਆ। ਲੱਖਾਂ ਹੀ ਕੁਰਬਾਨੀਆਂ ਦੇ ਕੇ ਕਾਇਮ ਕੀਤੇ ਗਏ 'ਖਾਲਸਾ ਰਾਜ' ਦੇ ਚਲੇ ਜਾਣ ਦਾ ਪੰਜਾਬ ਦੀ ਜਨਤਾ ਨੂੰ ਭਾਰੀ ਦੁੱਖ ਸੀ। ਪੰਜਾਬ ਦੀ, ਸਿੱਖਾਂ ਦੀ ਸ਼ਾਨ ਨੂੰ ਵੱਡਾ ਧੱਕਾ ਵੱਜਾ ਸੀ। ਦੁਖੀ ਲਾਹੌਰ ਦਰਬਾਰ ਦੇ ਫੌਜੀ ਵੀ ਸਨ, ਜੋ ਜਿੱਤਣ ਦੀ ਸਮਰੱਥਾ ਹੁੰਦਿਆਂ ਹੋਇਆਂ ਵੀ ਹਾਰ ਗਏ। ਪਰ ਇਹ ਹਾਰ ਨਾ ਤਾਂ ਪੰਜਾਬ ਦੇ ਲੋਕਾਂ ਕਰਕੇ ਹੋਈ ਸੀ ਅਤੇ ਨਾ ਹੀ ਫੌਜ ਦੀ ਕਮਜ਼ੋਰੀ ਕਰਕੇ ਹੋਈ ਸੀ। ਅੰਗਰੇਜ਼ਾਂ ਦੀ ਜਿੱਤ ਅਤੇ ਲਾਹੌਰ ਦਰਬਾਰ ਦੀ ਹਾਰ ਦਾ ਵੱਡਾ ਅਤੇ ਇੱਕੋ ਹੀ ਮਹੱਤਵਪੂਰਨ ਕਾਰਨ ਸੀ, ਲਾਹੌਰ ਦਰਬਾਰ ਦੇ ਕੁਝ ਦਰਬਾਰੀਆਂ ਅਤੇ ਫੌਜ ਦੇ ਸੈਨਾਪਤੀਆਂ ਦੀ ਆਪਣੇ ਵਤਨ ਪ੍ਰਤੀ ਗਦਾਰੀ ਅਤੇ ਅੰਗਰੇਜ਼ਾਂ ਪ੍ਰਤੀ ਵਫਾਦਾਰੀ।

ਭਾਵੇਂ ਪੰਜਾਬ ਦੀ ਜਨਤਾ ਖਾਲਸਾ ਰਾਜ ਦੇ ਚਲੇ ਜਾਣ ਅਤੇ ਅੰਗਰੇਜ਼ਾਂ ਦੇ ਪੰਜਾਬ ਆ ਜਾਣ ਤੋਂ ਔਖੀ ਸੀ, ਨਾਰਾਜ਼ ਸੀ, ਪਰ ਫੇਰ ਵੀ ਰਜਵਾੜੇ, ਜਗੀਰਦਾਰ, ਮਹੰਤ ਅਤੇ ਪੁਜਾਰੀ ਵਰਗ ਖੁਸ਼ ਸਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਪੁਜਾਰੀਆਂ ਨੇ ਸਿੱਖਾਂ ਨਾਲ ਪਹਿਲੀ ਲੜਾਈ ਸਮੇਂ ਅੰਗਰੇਜ਼ਾਂ ਨੂੰ ਲਾਹਣਤਾਂ ਪਾਈਆਂ ਸਨ, ਹੁਣ ਉਹਨਾਂ ਨੇ ਹੀ ਅੰਗਰੇਜ਼ਾਂ ਦੇ ਪੰਜਾਬ ਵਿਚ ਆਉਣ ਦੀ ਖੁਸ਼ੀ ਵਿਚ ਦੀਪਮਾਲਾ ਕੀਤੀ ਸੀ। ਸਿੱਖਾਂ ਦੇ ਕੁਲੀਨ ਵਰਗ ਦਾ ਚਰਿਤ੍ਰ ਕਿੰਨਾ ਡਿਗ ਪਿਆ ਸੀ, ਆਪਣਿਆਂ ਦਾ ਘਾਤ ਕਰਕੇ ਗੈਰਾਂ ਦੀ ਵਫਾਦਾਰੀ ਕੀਤੀ ਗਈ। ਸਿੱਖ ਰੈਜੀਮੈਂਟਾਂ ਟੁੱਟ ਗਈਆਂ ਅਤੇ ਕਿਸਾਨਾਂ ਪਾਸੋਂ ਜਿਨਸ ਦੀ ਬਜਾਏ ਨਕਦ ਵਸੂਲੀ ਕੀਤੀ ਜਾਣ ਲੱਗ ਪਈ। ਘਰੇਲੂ ਕੰਮਕਾਰ ਖਤਮ ਹੋਣ ਲੱਗ ਪਏ। ਸਾਰਾ ਬੋਝ ਆਮ ਲੋਕਾਂ ਤੇ ਆ ਪਿਆ ਅਤੇ ਜਨਤਾ ਖਾਲਸਾ ਰਾਜ ਦੇ ਸਮੇਂ ਨੂੰ ਯਾਦ ਕਰਕੇ ਰੋ ਰਹੀ ਸੀ, ਪਰ ਉਹਨਾਂ ਦੀ ਸੁਣਦਾ ਕੌਣ?

ਮਹੱਤਵਪੂਰਨ ਲਹਿਰ-

ਕੂਕਾ ਅੰਦੋਲਨ ਅਥਵਾ ਨਾਮਧਾਰੀ ਲਹਿਰ ਉਨ੍ਹੀਵੀਂ ਸਦੀ ਦੇ ਦੂਸਰੇ ਅੱਧ ਦੀ ਮਹੱਤਵਪੂਰਨ ਲਹਿਰ ਹੈ। ਇਹ ਇਕ ਜਨ ਅੰਦੋਲਨ ਸੀ, ਜੋ ਅੰਗਰੇਜ਼ਾਂ ਨੂੰ ਆਪਣੇ ਮੁਲਕ ਤੋਂ ਬਾਹਰ ਕੱਢ ਕੇ ਮੁੜ ਤੋਂ ਖਾਲਸਾ ਰਾਜ ਦੀ ਸਥਾਪਤੀ ਲਈ ਜਤਨ ਕਰ ਰਿਹਾ ਸੀ। ਪੰਜਾਬ ਦੇ ਲੋਕਾਂ ਨੂੰ ਇਸ ਅੰਦੋਲਨ ਵਿੱਚ ਆਪਣੇ ਦੁੱਖ ਦੀ ਝਲਕ ਮਿਲੀ ਅਤੇ ਅੰਗਰੇਜ਼ਾਂ ਵਿਰੁੱਧ ਗੁੱਸੇ ਦੀ ਭਾਵਨਾ ਨੂੰ ਜ਼ਾਹਰ ਕਰਨ ਦਾ ਜ਼ਰੀਆ ਵੀ। ਲੋਕ ਅੰਗਰੇਜ਼ ਰਾਜ ਦਾ ਖ਼ਾਤਮਾ ਅਤੇ ਫੇਰ ਤੋਂ ਖਾਲਸਾ ਰਾਜ ਕਾਇਮ ਹੁੰਦਿਆਂ ਦੇਖਣਾ ਚਾਹੁੰਦੇ ਸਨ, ਇਸ ਲਈ ਜਦੋਂ ਇਸ ਜਨ ਅੰਦੋਲਨ ਦੇ ਨਾਇਕ ਗੁਰੂ ਰਾਮ ਸਿੰਘ ਜੀ ਨੇ

Namdhari Elibrary NamdhariElibrary@gmail.com

1857 ਈ. ਦੀ ਵਸਾਖੀ ਨੂੰ ਅੰਦੋਲਨ ਆਰੰਭਿਆ, ਲੋਕ ਵੱਡੀ ਗਿਣਤੀ ਵਿਚ ਇਸ ਨਾਲ ਜੁੜਨ ਲੱਗ ਪਏ।

ਗੁਰੂ ਰਾਮ ਸਿੰਘ ਜੀ ਦਾ ਜਨਮ ਲੁਧਿਆਣੇ ਜ਼ਿਲੇ ਦੇ ਪਿੰਡ ਰਾਈਆਂ ਵਿੱਚ 1816 ਈ. ਨੂੰ ਬਸੰਤ ਪੰਚਮੀ ਵਾਲੇ ਦਿਨ ਹੋਇਆ ਸੀ ਅਤੇ ਜਵਾਨੀ ਵਿੱਚ ਇਹਨਾਂ ਨੇ ਖਾਲਸਾ ਫੌਜ ਦੀ ਕੰਵਰ ਨੌਨਿਹਾਲ ਸਿੰਘ ਰੈਜੀਮੈਂਟ ਵਿੱਚ ਨੌਕਰੀ ਵੀ ਕੀਤੀ ਸੀ। ਮਹਾਰਾਜਾ ਰਣਜੀਤ ਸਿੰਘ ਦੇ ਦੇਵਲੋਕ ਚਲੇ ਜਾਣ ਉਪਰੰਤ ਲਾਹੌਰ ਦਰਬਾਰ ਵਿਚ ਵਾਪਰੀ ਬੁਰਛਾਗਰਦੀ ਅਤੇ ਮਾਰਕਾਟ ਨੂੰ ਗੁਰੂ ਜੀ ਨੇ ਦੇਖਿਆ, ਸੁਣਿਆ ਅਤੇ ਮਹਿਸੂਸ ਕੀਤਾ ਸੀ। ਛੇ ਸਾਲ ਦੇ ਥੋੜ੍ਹੇ ਜਿੰਨੇ ਸਮੇਂ ਵਿਚ ਤੀਹ ਤੋਂ ਵੱਧ ਦਰਬਾਰੀ ਅਤੇ ਰਾਜੇ ਤਲਵਾਰ ਦੀ ਭੇਂਟ ਚੜ੍ਹ ਗਏ ਅਤੇ ਫੌਜ ਆਪ ਮੁਹਾਰੀ ਹੋ ਗਈ। ਅੰਗਰੇਜ਼ਾਂ ਨਾਲ ਪਹਿਲੀ ਲੜਾਈ ਤੋਂ ਪਹਿਲਾਂ ਹੀ ਗੁਰੂ ਰਾਮ ਸਿੰਘ ਜੀ ਨੇ ਹਾਲਾਤ ਨੂੰ ਸਮਝਦਿਆਂ ਹੋਇਆਂ ਬੋਲਾ ਕਰਨਾ ਸ਼ੁਰੂ ਕਰ ਦਿੱਤਾ ਸੀ ਕਿ ਫੌਜ ਦੇ ਸਰਦਾਰ ਵਫਾਦਾਰ ਨਹੀਂ ਹਨ ਅਤੇ ਇਸ ਤਰ੍ਹਾਂ ਜਿੱਤ ਖਾਲਸੇ ਦੀ ਨਹੀਂ ਹੋਵੇਗੀ। ਭਾਵੇਂ ਕਿਸੇ ਨੇ ਵੀ ਇਸ ਬੋਲੇ ਤੇ ਧਿਆਨ ਨਹੀਂ ਦਿੱਤਾ, ਪਰ ਖੁਦ ਗੁਰੂ ਰਾਮ ਸਿੰਘ ਹਰੀਕੇ ਤੋਂ ਹੀ ਫੌਜ ਛੱਡ ਕੇ ਵਾਪਸ ਆਪਣੇ ਪਿੰਡ ਭੈਣੀ ਆ ਗਏ। ਏਥੋਂ ਹੀ ਕੁਝ ਸਮਾਂ ਨਵੇਂ ਹਾਲਾਤ ਉਤੇ ਚਿੰਤਨ ਕਰਨ ਉਪਰੰਤ 1857 ਈ. ਦੀ ਵਸਾਖੀ ਨੂੰ ਆਪਣੇ ਨਿਵਾਸ ਅਸਥਾਨ ਤੇ ਲੋਕਾਈ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਹੋਇਆਂ ਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ਾਂ ਨੂੰ ਦੇਸ਼ ਤੋਂ ਬਾਹਰ ਕੱਢ ਕੇ ਫੇਰ ਤੋਂ ਖਾਲਸਾ ਰਾਜ ਦੀ ਸਥਾਪਨਾ ਲਈ ਜਨ ਅੰਦੋਲਨ ਸ਼ੁਰੂ ਕਰਨ ਦਾ ਐਲਾਨ ਕੀਤਾ ਅਤੇ ਨਾਲ ਹੀ ਲੋਕਾਂ ਦੇ ਪੁਨਰ-ਜਾਗਰਣ ਲਈ ਧਾਰਮਿਕ ਅਤੇ ਸਮਾਜਿਕ ਸੁਧਾਰ ਕਰਨ ਅਤੇ ਪੂਰਵ ਸਤਿਗੁਰੂਆਂ ਦੇ ਉਪਦੇਸ਼ਾਂ ਉੱਤੇ ਚੱਲਣ ਦਾ ਉਪਦੇਸ਼ ਦਿੱਤਾ, ਤਾਂ ਜੋ ਜਨ ਚਰਿਤ੍ਰ ਵਿਚ ਆਈ ਗਿਰਾਵਟ ਨੂੰ ਦੂਰ ਕਰਕੇ ਨਰੋਏ ਵਿਚਾਰਾਂ ਨਾਲ ਅੰਦੋਲਨ ਵਿੱਚ ਅੱਗੇ ਵਧਿਆ ਜਾ ਸਕੇ। ਮੈਂ ਇਸ ਲੇਖ ਵਿਚ ਧਾਰਮਿਕ ਅਤੇ ਸਮਾਜਿਕ ਸੁਧਾਰਾਂ ਬਾਰੇ ਗੱਲ ਨਾ ਕਰਕੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਕੂਕਾ ਅੰਦੋਲਨ ਅਥਵਾ ਨਾਮਧਾਰੀ ਲਹਿਰ ਦੇ ਪ੍ਰਚਾਰ ਵਿਚ ਆਏ ਕੁਝ ਮਹੱਤਵਪੂਰਨ ਤੱਥਾਂ ਬਾਰੇ ਗੱਲ ਕਰਾਂਗਾ।

ਉਦੇਸ਼ ਤੇ ਪ੍ਰਚਾਰ-

ਗੁਰੂ ਰਾਮ ਸਿੰਘ ਜੀ ਦੇ ਪੰਜਾਬ ਵਿਚ ਚਲਾਏ ਜਾ ਰਹੇ ਕੂਕਾ ਅੰਦੋਲਨ ਦੇ ਉਦੇਸ਼ਾਂ ਅਤੇ ਪ੍ਰਚਾਰ ਨੂੰ ਸੁਣ ਕੇ ਲੋਕਾਂ ਨੂੰ ਲੱਗਿਆ ਕਿ ਇਹ ਅੰਦੋਲਨ ਤਾਂ ਉਹਨਾਂ ਦੇ ਮਨੋਭਾਵਾਂ ਦਾ ਹੀ ਪ੍ਰਗਟਾਵਾ ਹੈ ਅਤੇ ਉਹਨਾਂ ਦਾ ਆਪਣਾ ਹੀ ਅੰਦੋਲਨ ਹੈ। ਉਸ ਸਮੇਂ ਪੰਜਾਬ ਵਿਚ ਕੇਵਲ ਤੇ ਕੇਵਲ ਕੂਕਾ ਅੰਦੋਲਨ ਹੀ ਸੀ ਜੋ ਅੰਗਰੇਜ਼ੀ [illegible] ਦੇ ਖਿਲਾਫ ਲਾਮਬੰਦ ਹੋਇਆ ਹੋਇਆ ਸੀ ਅਤੇ ਇਸ ਮਕਸਦ ਦੀ ਪੂਰਤੀ ਲਈ ਗੁਰੂ ਰਾਮ ਸਿੰਘ ਜੀ ਨੇ ਪੰਜਾਬ ਭਰ ਵਿੱਚ ਇਲਾਕਿਆਂ ਦੀ ਵੰਡ ਕਰਕੇ ਪ੍ਰਚਾਰਕ ਨਿਯੁਕਤ ਕਰ ਦਿੱਤੇ ਸਨ। ਗੁਰੂ ਜੀ ਦੇ ਪ੍ਰਚਾਰ ਦੌਰਿਆਂ ਅਤੇ ਸੂਬੇ ਅਥਵਾ ਪ੍ਰਚਾਰਕਾਂ ਦੇ ਭਰਵੇਂ ਪ੍ਰਚਾਰ ਸਦਕਾ ਲੋਕ ਵੱਡੀ ਗਿਣਤੀ ਵਿੱਚ ਅੰਦੋਲਨ ਦੇ ਪ੍ਰਚਾਰ ਝੰਡੇ ਹੇਠ ਇਕੱਠੇ ਹੋਣ ਲੱਗ ਪਏ। ਥੋੜ੍ਹੇ ਸਮੇਂ ਵਿੱਚ ਹੀ ਪੰਜਾਬ ਵਿੱਚ ਨਵ-ਚੇਤਨਾ ਦਾ ਸੰਚਾਰ ਹੋਇਆ। ਛੇਤੀਂ ਹੀ ਇਸ ਅੰਦੋਲਨ ਦਾ ਪ੍ਰਚਾਰ ਪੰਜਾਬ ਦੀਆਂ ਹੱਦਾਂ ਟੱਪ ਕੇ ਕਾਬੁਲ, ਰੂਸ, ਕਸ਼ਮੀਰ ਅਤੇ ਨੇਪਾਲ ਤੱਕ ਜਾ ਪੁੱਜਾ। ਸਰਕਾਰੀ ਦਸਤਾਵੇਜ ਦੱਸਦੇ ਹਨ ਕਿ ਕਿਵੇਂ ਪਿੰਡਾਂ ਦੇ ਪਿੰਡ ਨਾਮਧਾਰੀ ਸਜ ਕੇ ਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਆ ਰਹੇ ਸਨ। ਸਿਆਲਕੋਟ ਜ਼ਿਲ੍ਹੇ ਵਿੱਚ ਇੱਕ ਪੁਲਿਸ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਇਕ ਸਾਲ ਵਿੱਚ ਉਸ ਜ਼ਿਲ੍ਹੇ ਦੇ ਅੱਸੀ ਹਜ਼ਾਰ ਲੋਕਾਂ ਨੂੰ, ਮਾਲਾ ਵੰਡੀਆਂ ਗਈਆਂ ਸਨ। ਲੋਕਾਂ ਵਿੱਚ ਭਾਰੀ ਉਤਸ਼ਾਹ ਜਾਗ ਪਿਆ ਅਤੇ ਉਹ ਅੰਗਰੇਜ਼ਾਂ ਪ੍ਰਤੀ ਆਪਣੇ ਗੁੱਸੇ ਦਾ ਪ੍ਰਗਟਾਵਾ ਕਰਨ ਅਤੇ ਉਹਨਾਂ ਨੂੰ ਆਪਣੇ ਮੁਲਕ ਤੋਂ ਬਾਹਰ ਕੱਢਣ ਲਈ ਉਤਾਵਲੇ ਅਤੇ ਜੋਸ਼ ਵਿੱਚ ਭਰ ਚੁੱਕੇ ਹੋਏ ਸਨ।

ਅੰਗਰੇਜ਼ ਪ੍ਰਸ਼ਾਸਨ ਵੀ ਚੁੱਪ ਕਰਕੇ ਨਹੀਂ ਸੀ ਬੈਠਾ ਹੋਇਆ। ਪੰਜਾਬ ਉੱਤੇ ਕਬਜ਼ਾ ਕੀਤਿਆਂ ਅਜੇ ਥੋੜ੍ਹਾ ਸਮਾਂ ਹੀ ਹੋਇਆ ਸੀ ਅਤੇ ਉਹ ਜਾਣਦੇ ਸਨ ਕਿ ਖਾਲਸਾ ਰਾਜ ਦੇ ਚਲੇ ਜਾਣ ਕਰਕੇ ਪੰਜਾਬ ਦੀ ਆਮ ਜਨਤਾ ਉਹਨਾਂ ਤੋਂ ਖੁਸ਼ ਨਹੀਂ ਸੀ। ਇਸ ਕਰਕੇ ਉਹਨਾਂ ਨੇ ਰਾਜਿਆਂ, ਜਗੀਰਦਾਰਾਂ, ਮਹੰਤਾਂ, ਪੁਜਾਰੀਆਂ ਨੂੰ ਆਪਣਾ ਵਫਾਦਾਰ ਬਣਾ ਲਿਆ ਸੀ ਅਤੇ ਉਹਨਾਂ ਨੂੰ ਸਰਕਾਰੇ - ਦਰਬਾਰੇ ਆਦਰ ਮਾਣ ਦਿੱਤਾ ਜਾਂਦਾ ਸੀ ਤਾਂ ਜੋ ਇਹ ਲੋਕ ਇਕ ਤਾਂ ਆਪਣੇ ਪ੍ਰਭਾਵ ਹੇਠ ਆਉਂਦੇ ਲੋਕਾਂ ਨੂੰ ਅੰਗਰੇਜ਼ਾਂ ਦਾ ਵਫਾਦਾਰ ਬਣਾਈ ਰੱਖਣ ਅਤੇ ਜੇ ਅੰਗਰੇਜ਼ੀ ਸਾਮਰਾਜ ਵਿਰੁੱਧ ਕੋਈ ਵੀ ਹਰਕਤ ਹੋਵੇ, ਰੋਸ ਵਧ ਰਿਹਾ ਹੋਵੇ, ਤੁਰੰਤ ਸਰਕਾਰ ਨੂੰ ਖਬਰ ਦੇਣ। ਇਸ ਪ੍ਰਭਾਵਸ਼ਾਲੀ ਵਰਗ ਨੇ ਸਮਾਜ ਵਿੱਚ ਅੱਗੇ ਆਪਣੀ ਆਦਮੀ ਨਿਯੁਕਤ ਕੀਤੇ ਹੁੰਦੇ ਸਨ, ਜੋ ਦੂਰ ਪਿੰਡਾਂ 'ਚੋਂ ਵੀ ਖਬਰਾਂ ਲਿਆ ਕੇ ਦਿੰਦੇ ਸਨ। ਐਸੇ ਲੋਕਾਂ ਨੂੰ ਪੈਸੇ ਅਤੇ ਲਿਹਾਜ਼ ਮਿਲਦਾ ਸੀ। ਗੁਰੂ ਰਾਮ ਸਿੰਘ ਜੀ ਦੇ ਚਲਾਏ ਜਾ ਰਹੇ ਕੂਕਾ ਅੰਦੋਲਨ ਦੀਆਂ ਰਿਪੋਰਟਾਂ ਇਹਨਾਂ ਟੋਡੀਆਂ ਰਾਹੀਂ ਹੀ ਸਰਕਾਰ ਤੱਕ ਪੁੱਜਣੀਆਂ ਸ਼ੁਰੂ ਹੋ ਗਈਆਂ। ਸਭ ਤੋਂ ਪਹਿਲੀ ਰਿਪੋਰਟ 5 ਅਪ੍ਰੈਲ 1863 ਈ. ਦੀ ਹੈ ਅਤੇ ਦੋ ਮਹੀਨਿਆਂ ਦੇ ਸਮੇਂ ਵਿੱਚ ਹੀ ਅੰਗਰੇਜ਼ੀ ਸਰਕਾਰ ਨੂੰ ਕੂਕਾ ਅੰਦੋਲਨ ਦੀ ਗੰਭੀਰਤਾ ਅਤੇ ਪ੍ਰਭਾਵ ਦਾ ਪਤਾ

Namdhari Elibrary NamdhariElibrary@gmail.com

ਲੱਗ ਗਿਆ ਸੀ। ਇਸ ਸਮੇਂ ਤੋਂ ਗੁਰੂ ਰਾਮ ਸਿੰਘ ਅਤੇ ਕੂਕਾ ਅੰਦੋਲਨ ਬਾਰੇ ਅਨੇਕਾਂ ਰਿਪੋਰਟਾਂ ਸਰਕਾਰ ਪਾਸ ਪੁੱਜਣ ਲੱਗ ਪਈਆਂ ਸਨ ਕਿ ਇਸ ਅੰਦੋਲਨ ਦਾ ਮੁੱਖ ਮਕਸਦ ਅੰਗਰੇਜ਼ੀ ਸਾਮਰਾਜ ਦਾ ਅੰਤ ਕਰਨਾ ਅਤੇ ਖਾਲਸਾ ਰਾਜ ਨੂੰ ਕਾਇਮ ਕਰਨਾ ਹੈ। ਅੰਗਰੇਜ਼ੀ ਸਰਕਾਰ ਲੋੜੀਂਦੀਆਂ ਕਾਰਵਾਈਆਂ ਵਿਚਾਰਨ ਵਿਚ ਲੱਗ ਗਈ ਅਤੇ ਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਸੂਬੇ/ ਪ੍ਰਚਾਰਕ ਆਪਣੇ ਮਕਸਦ ਲਈ ਪ੍ਰਚਾਰ ਵਿਚ ਜੁਟ ਗਏ।

ਅੰਗਰੇਜ਼ ਸਰਕਾਰ ਵਲੋਂ ਗੁਰੂ ਰਾਮ ਸਿੰਘ ਜੀ ਦੀ ਨਜ਼ਰਬੰਦੀ ਕੀਤੀ ਗਈ, ਪ੍ਰਚਾਰ ਰੋਕਣ ਅਤੇ ਅੰਦੋਲਨ ਦੀ ਗੰਭੀਰਤਾ ਨੂੰ ਸਮਝਣ ਅਤੇ ਸੰਭਾਵਤ ਕਾਰਵਾਈ ਕਰਨ ਬਾਰੇ ਸੋਚਿਆ ਗਿਆ। ਜਦੋਂ ਦੋਵੇਂ ਪੱਖ ਆਪਣੇ ਆਪਣੇ ਮਕਸਦ ਵਿੱਚ ਜੁਟੇ ਹੋਏ ਸਨ, ਫੇਰ ਸਾਰੀਆਂ ਜਾਣਕਾਰੀਆਂ ਮੁਖਬਰਾਂ ਵਲੋਂ, ਸਰਕਾਰੀ ਅਫਸਰਾਂ ਅਤੇ ਪੁਲਿਸ ਵਲੋਂ ਅਤੇ ਪਿੰਡਾਂ ਦੇ ਨੰਬਰਦਾਰਾਂ ਅਤੇ ਚੌਕੀਦਾਰਾਂ ਵਲੋਂ ਸਰਕਾਰ ਤੱਕ ਪੁੱਜਦੀਆਂ ਰਹੀਆਂ ਅਤੇ ਜਦੋਂ 1872 ਈ. ਜਨਵਰੀ ਵਿਚ ਮਲੇਰਕੋਟਲੇ ਦੀ ਘਟਨਾ ਤੋਂ ਬਾਅਦ ਗੁਰੂ ਰਾਮ ਸਿੰਘ ਅਤੇ ਉਹਨਾਂ ਦੇ ਪ੍ਰਮੁੱਖ ਸੂਬਿਆਂ ਅਤੇ ਪ੍ਰਚਾਰਕਾਂ ਦੀਆਂ ਗ੍ਰਿਫਤਾਰੀਆਂ ਅਤੇ ਨਿਰਵਾਸਨ ਹੋਏ ਤਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਦੇ ਪ੍ਰਚਾਰਾਂ ਬਾਰੇ ਪੜਤਾਲੀਆ ਰਿਪੋਰਟਾਂ ਅਤੇ ਗਵਾਹੀਆਂ ਇਕੱਠੀਆਂ ਕੀਤੀਆਂ ਗਈਆਂ ਸਨ, ਜੋ ਬਹੁਤ ਹੀ ਮਹੱਤਵਪੂਰਨ ਸਨ ਅਤੇ ਕੂਕਾ ਅੰਦੋਲਨ ਦੀ ਵਿਉਂਤ ਅਤੇ ਪ੍ਰਭਾਵ ਨੂੰ ਦਰਸਾਉਂਦੀਆਂ ਸਨ। ਇਹਨਾਂ ਪੜਤਾਲੀਆ ਰਿਪੋਰਟਾਂ ਅਤੇ ਗਵਾਹੀਆਂ ਦਾ ਖਾਸ ਮਕਸਦ ਸੀ ਕਿ ਸੂਬਿਆਂ ਉੱਤੇ ਸਰਕਾਰ ਵਿਰੁੱਧ ਬਗਾਵਤ ਕਰਨ ਦਾ ਮੁਕੱਦਮਾ ਚਲਾਇਆ ਜਾ ਸਕੇ। ਇਹਨਾਂ ਰਿਪੋਰਟਾਂ ਵਿਚ ਸਭ ਤੋਂ ਵੱਧ ਮਹੱਤਵਪੂਰਨ ਸਨ ਉਹਨਾਂ ਲੋਕਾਂ ਦੀਆਂ ਗਵਾਹੀਆਂ ਜਿਨ੍ਹਾਂ ਨੇ ਨਾਮਧਾਰੀ ਸੂਬਿਆਂ/ਪ੍ਰਚਾਰਕਾਂ ਨੂੰ ਅੰਗਰੇਜ਼ ਸਰਕਾਰ ਦੇ ਵਿਰੁੱਧ ਅਤੇ ਖਾਲਸਾ ਰਾਜ ਨੂੰ ਕਾਇਮ ਕਰਨ ਬਾਰੇ ਪ੍ਰਚਾਰ ਕਰਦਿਆਂ ਨੂੰ ਆਪ ਸੁਣਿਆ ਸੀ।

ਕੂਕਾ ਅੰਦੋਲਨ ਦੀ ਗੰਭੀਰਤਾ-

ਨਾਮਧਾਰੀ ਇਤਿਹਾਸ ਦੇ 'ਕੂਕਾ ਅੰਦੋਲਨ' ਬਾਰੇ ਬਹੁਤ ਸਾਰੇ ਲੇਖਕਾਂ ਨੇ ਆਪੋ ਆਪਣੀ ਜਾਣਕਾਰੀ ਦੀ ਸਮਰੱਥਾ ਦੇ ਅਨੁਸਾਰ ਲਿਖਿਆ ਹੈ। ਹਿੰਦੁਸਤਾਨ ਦੇ ਸੁਤੰਤਰਤਾ ਅੰਦੋਲਨ ਵਿੱਚ ਜਦੋਂ ਵੀ ਪੰਜਾਬ ਦੀ ਗੱਲ ਆਉਂਦੀ ਹੈ, ਕੂਕਾ ਅੰਦੋਲਨ ਬਾਰੇ ਜ਼ਰੂਰ ਹੀ ਜ਼ਿਕਰ ਆਉਂਦਾ ਹੈ, ਇਸ ਤੋਂ ਬਿਨਾਂ ਪੰਜਾਬ ਵਿਚ ਸੁਤੰਤਰਤਾ ਦੀ ਲਹਿਰ ਦਾ ਜ਼ਿਕਰ ਹੋ ਹੀ ਨਹੀਂ ਸਕਦਾ। ਲੇਕਿਨ ਇਸ ਅੰਦੋਲਨ ਦੀ ਗੰਭੀਰਤਾ ਬਾਰੇ ਕਾਫੀ ਘੱਟ ਜਾਣਕਾਰੀਆਂ ਦਰਜ ਮਿਲਦੀਆਂ ਹਨ। ਇਸ ਕਰਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਪ੍ਰਭਾਵਸ਼ਾਲੀ ਸੂਬਿਆਂ ਦੇ ਵਿਰੁੱਧ ਜੋ ਗਵਾਹੀਆਂ ਉਹਨਾਂ ਦੇ ਨਿਰਵਾਸਨ ਤੋਂ ਬਾਅਦ ਸਰਕਾਰ ਨੇ ਇਕੱਠੀਆਂ ਕੀਤੀਆਂ ਸਨ, ਉਹਨਾਂ ਚੋਂ ਕੁਝ ਖਾਸ ਖਾਸ ਜਾਣਕਾਰੀਆਂ ਮੂਲ ਰੂਪ ਵਿਚ ਅੰਗਰੇਜ਼ੀ ਵਿਚ ਇਥੇ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਅੰਦੋਲਨ ਦੀ ਗੰਭੀਰਤਾ ਨੂੰ ਸਮਝਦਿਆਂ ਹੋਇਆਂ ਲੇਖਕ ਜਨ ਵੱਧ ਤੋਂ ਵੱਧ ਪ੍ਰਭਾਵਸ਼ਾਲੀ ਢੰਗ ਨਾਲ 'ਕੂਕਾ ਅੰਦੋਲਨ' ਬਾਰੇ ਲਿਖ ਸਕਣ।

ਅੱਜ ਦਾ ਸਮਾਂ ਬਹੁਤ ਬਦਲਿਆ ਹੋਇਆ ਹੈ ਅਤੇ ਦੁਨੀਆਂ ਬੜੀ ਛੋਟੀ ਹੋ ਗਈ ਹੈ। ਏਨੀ ਛੋਟੀ ਕਿ ਮਨੁੱਖ ਸਾਰੀ ਦੁਨੀਆਂ ਨੂੰ ਜਾਣਕਾਰੀ ਹਿੱਤ ਆਪਣੀ ਜੇਬ ਵਿਚ ਲਈ ਫਿਰਦਾ ਹੈ। ਹਰ ਘਟਨਾ, ਹਰ ਖਬਰ ਮਿੰਟਾਂ ਵਿਚ ਹੀ ਦੁਨੀਆਂ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਪਹੁੰਚ ਜਾਂਦੀ ਹੈ ਅਤੇ ਉਸ ਬਾਰੇ 'ਪ੍ਰਤੀਕਿਰਿਆ' ਹੋਣ ਲੱਗ ਪੈਂਦੀ ਹੈ। ਪਰ ਉਨ੍ਹੀਵੀਂ ਸਦੀ ਵਿਚ ਇਸ ਤਰ੍ਹਾਂ ਦਾ ਵਾਤਾਵਰਨ ਨਹੀਂ ਸੀ। ਵਿਅਕਤੀਗਤ ਪ੍ਰਚਾਰ ਅਤੇ ਸਰੋਤ ਹੀ ਕੰਮ ਆਉਂਦੇ ਸਨ। ਇਸ ਦੇ ਨਾਲ ਨਾਲ ਇਹ ਗੱਲ ਵੀ ਧਿਆਨ ਵਿੱਚ ਰੱਖੀ ਜਾਣੀ ਚਾਹੀਦੀ ਹੈ ਕਿ 'ਨਵੀਂ ਸਰਕਾਰ' ਨੂੰ ਆਇਆਂ ਅਜੇ ਥੋੜ੍ਹਾਂ ਸਮਾਂ ਹੀ ਹੋਇਆ ਸੀ। ਇਸ ਲਈ ਸ਼ਹਿਰਾਂ ਤੋਂ ਦੂਰ, ਪਿੰਡਾਂ ਵਿੱਚ ਬਹੁਤ ਸਾਰੀਆਂ ਵਾਪਰਦੀਆਂ ਘਟਨਾਵਾਂ ਬਾਰੇ ਬਹੁਤ ਘੱਟ ਹੀ ਪਤਾ ਲੱਗਦਾ ਸੀ ਅਤੇ ਨੋਟਿਸ ਲਿਆ ਜਾਂਦਾ ਸੀ। ਜਦ ਕਿ ਅੱਜਕੱਲ ਹਰ ਛੋਟੀ ਘਟਨਾ ਵੀ ਟੈਲੀਵੀਜ਼ਨ ਅਤੇ ਅਖਬਾਰਾਂ ਵਿੱਚ ਨਸ਼ਰ ਹੋ ਜਾਂਦੀ ਹੈ। ਫੇਰ ਵੀ ਜਿੰਨੀਆਂ ਕੁ ਜਾਣਕਾਰੀਆਂ ਕੂਕਾ ਅੰਦੋਲਨ ਬਾਰੇ ਮੁਹੱਈਆਂ ਹੈਨ ਗਵਾਹੀਆਂ ਵਿਚ, ਉਹਨਾਂ ਦੇ ਅਧਾਰ ਤੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਕੁਝ ਖਾਸ ਤੱਥ ਮੈਂ ਪਹਿਲਾਂ ਸੰਖੇਪ ਤੌਰ ਤੇ ਦੇ ਰਿਹਾ ਹਾਂ ਅਤੇ ਉਸ ਤੋਂ ਬਾਅਦ ਗਵਾਹੀਆਂ ਵਿਚੋਂ ਮਿਲੀਆਂ ਜਾਣਕਾਰੀਆਂ ਪਾਠਕਾਂ ਨਾਲ ਸਾਂਝੀਆਂ ਕਰਾਂਗਾ। ਕੂਕਾ

ਅੱਜ ਦਾ ਸਮਾਂ ਬਹੁਤ ਬਦਲਿਆ ਹੋਇਆ ਹੈ ਅਤੇ ਦੁਨੀਆਂ ਬੜੀ ਛੋਟੀ ਹੋ ਗਈ ਹੈ। ਏਨੀ ਛੋਟੀ ਕਿ ਮਨੁੱਖ ਸਾਰੀ ਦੁਨੀਆਂ ਨੂੰ ਜਾਣਕਾਰੀ ਹਿੱਤ ਆਪਣੀ ਜੇਬ ਵਿਚ ਲਈ ਫਿਰਦਾ ਹੈ। ਹਰ ਘਟਨਾ, ਹਰ ਖਬਰ ਮਿੰਟਾਂ ਵਿਚ ਹੀ ਦੁਨੀਆਂ ਦੇ ਇਕ ਕੋਨੇ ਤੋਂ ਦੂਜੇ ਕੋਨੇ ਤੱਕ ਪਹੁੰਚ ਜਾਂਦੀ ਹੈ ਅਤੇ ਉਸ ਬਾਰੇ 'ਪ੍ਰਤੀਕਿਰਿਆ' ਹੋਣ ਲੱਗ ਪੈਂਦੀ ਹੈ। ਪਰ ਉਨ੍ਹੀਵੀਂ ਸਦੀ ਵਿਚ ਇਸ ਤਰ੍ਹਾਂ ਦਾ ਵਾਤਾਵਰਨ ਨਹੀਂ ਸੀ।

Namdhari Elibrary NamdhariElibrary@gmail.com

ਅੰਦੋਲਨ ਦੀਆਂ ਸੰਖੇਪ ਵਿਚ, ਕੁਝ ਵਿਸ਼ੇਸ਼ਤਾਵਾ ਇਹ ਹਨ-

- ਰਾਜ ਪਲਟਾ ਤਾਕਤ ਦੇ ਜ਼ੋਰ ਨਾਲ ਹੋਵੇਗਾ।
- ਰਾਜ ਪਲਟੇ ਲਈ ਚਾਰ ਲੱਖ ਤੋਂ ਉੱਪਰ ਕੂਕੇ ਤਿਆਰ ਸਨ।
- ਅੰਗਰੇਜ਼ੀ ਅਤੇ ਦੇਸੀ ਫੌਜੀ ਪਲਟਣਾਂ ਅਤੇ ਪੁਲਿਸ ਵਿਚ ਵੀ ਬਹੁਤ ਸਾਰੇ ਕੂਕੇ ਅਥਵਾ ਨਵੇਂ ਬਣੇ ਕੂਕੇ ਬਗਾਵਤ ਲਈ ਤਿਆਰ ਸਨ ਅਤੇ ਇਹਨਾਂ ਬਾਰੇ ਖਬਰਾਂ ਗੁਪਤ ਰੱਖੀਆਂ ਗਈਆਂ ਸਨ।
- ਰਾਜ ਪਲਟੇ ਲਈ ਮਾਇਆ ਇਕੱਠੀ ਕੀਤੀ ਜਾ ਰਹੀ ਸੀ ਅਤੇ ਸੰਬੰਧਤ ਨਾਮਧਾਰੀ ਸਮਾਜ ਨੂੰ ਬਾਰ ਬਾਰ ਤਾਕੀਦ ਕੀਤੀ ਜਾ ਰਹੀ ਸੀ ਕਿ ਉਹ ਨਕਦ ਮਾਇਆ ਕੋਲ ਰੱਖਣ ਅਤੇ ਨਾ ਕੋਈ ਜ਼ਮੀਨ ਜ਼ਾਇਦਾਦ ਖਰੀਦਣ ਅਤੇ ਨਾ ਹੀ ਕੋਈ ਨਵੀਂ ਉਸਾਰੀ ਕਰਨ। ਕਿਸੇ ਨੂੰ ਵੀ ਮਾਇਆ ਉਧਾਰ ਨਾ ਦੇਣ, ਸਗੋਂ ਆਪਣੇ ਕੋਲ ਨਕਦ ਤਿਆਰ ਰੱਖਣ ਆਉਂਦੇ ਸਮੇਂ ਲਈ।
- ਬਹੁਤ ਸਾਰੇ ਕੂਕਿਆਂ ਨੇ ਜ਼ਮੀਨਾਂ ਵੇਚ ਦਿੱਤੀਆਂ ਅਤੇ ਮਾਇਆ ਸ੍ਰੀ ਭੈਣੀ ਸਾਹਿਬ ਸਤਿਗੁਰੂ ਰਾਮ ਸਿੰਘ ਜੀ ਨੂੰ ਪਹੁੰਚਾ ਦਿੱਤੀ।
- ਮਾਈਆਂ ਨੂੰ ਵੀ ਆਉਣ ਵਾਲੇ ਸੰਘਰਸ਼ ਲਈ ਅਤੇ ਉਸ ਵਿਚ ਹਿੱਸਾ ਪਾਉਣ ਲਈ ਅੰਮ੍ਰਿਤ ਛਕ ਕੇ, ਕਛਹਿਰੇ ਧਾਰਨ ਕਰਕੇ ਤਿਆਰ-ਬਰ-ਤਿਆਰ ਹੋਣ ਦਾ ਹੋਕਾ ਦਿੱਤਾ ਗਿਆ। ਨਿਕਟ ਭਵਿੱਖ ਵਿੱਚ ਹੋਣ ਵਾਲੇ ਸੁਤੰਤਰਤਾ ਸੰਘਰਸ਼ ਵਿਚ ਮਾਈਆਂ ਵੀ ਭਾਈਆਂ ਦੇ ਨਾਲ ਸਹਿਯੋਗ ਕਰਕੇ ਹਿੱਸਾ ਪਾਉਣਗੀਆਂ।
- ਅੰਗਰੇਜ਼ੀ ਸਰਕਾਰ ਵਿਰੁੱਧ ਬਗਾਵਤ ਦਾ ਸੰਭਾਵਤ ਸਮਾਂ ਚੇਤ, (ਮਾਰਚ/ਅਪ੍ਰੈਲ, 1872) ਮਿਥਿਆ ਗਿਆ ਸੀ। ਇਸ ਸਮੇਂ ਕੁਝ ਨਾ ਕੁਝ ਜ਼ਰੂਰ ਵਾਪਰਨਾ ਸੀ।
- ਕੂਕੇ ਕੁਲਹਾੜੀਆਂ ਰੱਖਣ, ਸਮਾਂ ਆਉਣ ਤੇ ਉਹਨਾਂ ਨੂੰ ਅਸਲ ਹਥਿਆਰ ਮੁਹੱਈਆ ਕਰਵਾ ਦਿੱਤੇ ਜਾਣਗੇ।
- ਤਲਵਾਰਾਂ ਬਣਾਉਣ ਲਈ ਲੋਹੇ ਦੀ ਖਰੀਦ ਕੀਤੀ ਜਾ ਰਹੀ ਸੀ।
- ਪੰਜਾਬ ਤੋਂ ਬਾਹਰੋਂ ਵੀ ਬਗਾਵਤ ਸਮੇਂ ਮਦਦ ਦੀ ਵਿਉਂਤ ਬਣਾਈ ਗਈ ਸੀ।

ਅੰਦੋਲਨ ਦਾ ਅੰਤਿਮ ਮਕਸਦ-

ਜਦੋਂ ਵੀ ਕੋਈ ਅੰਦੋਲਨ ਅਥਵਾ ਲਹਿਰ ਸ਼ੁਰੂ ਕੀਤੀ ਜਾਂਦੀ ਹੈ, ਪਹਿਲਾਂ ਉਸ ਦਾ ਅੰਤਿਮ ਮਕਸਦ ਵਿਚਾਰ ਲਿਆ ਜਾਂਦਾ ਹੈ ਕਿ ਅੰਦੋਲਨ ਕਿਸ ਮੰਤਵ ਦੀ ਪ੍ਰਾਪਤੀ ਲਈ ਕੀਤਾ ਜਾਣਾ ਹੁੰਦਾ ਹੈ। ਫੇਰ ਉਸ ਬਾਰੇ ਪ੍ਰਚਾਰ ਕੀਤਾ ਜਾਂਦਾ ਹੈ ਅਤੇ ਜਿਸ ਵਿਰੁੱਧ ਅੰਦੋਲਨ ਕੀਤਾ ਜਾ ਰਿਹਾ ਹੁੰਦਾ ਹੈ, ਉਸ ਵਿਰੁੱਧ ਉਠ ਖੜ੍ਹੇ ਹੋਣ ਲਈ ਮਾਇਕ ਸਾਧਨ, ਸਹਿਯੋਗੀਆਂ ਦੀ ਤਾਕਤ, ਅਸਲੇ ਦੀ ਪ੍ਰਾਪਤੀ ਅਤੇ ਬਗਾਵਤ ਦਾ ਸੰਭਾਵਤ ਸਮਾਂ ਵਿਚਾਰਿਆ ਜਾਂਦਾ ਹੈ।

ਇਹ ਸਭ ਵਿਸ਼ੇਸ਼ਤਾਵਾਂ ਸਾਨੂੰ ਕੂਕਾ ਅੰਦੋਲਨ ਬਾਰੇ ਦਸਤਾਵੇਜ਼ਾਂ ਅਤੇ ਗਵਾਹੀਆਂ 'ਚੋਂ ਮਿਲਦੀਆਂ ਹਨ। ਸਤਿਗੁਰੂ ਰਾਮ ਸਿੰਘ ਜੀ ਨੇ ਕੂਕਾ ਅੰਦੋਲਨ ਦੇ ਮਨੋਰਥਾਂ ਦਾ ਭਰਵਾਂ ਪ੍ਰਚਾਰ ਕੀਤਾ, ਲੋਕਾਈ ਨੂੰ ਜਾਗ੍ਰਿਤ ਕੀਤਾ, ਮਾਇਕ ਸਾਧਨਾਂ ਦੀ ਪੂਰਤੀ ਲਈ ਹੁਕਮ ਕਰ ਦਿੱਤੇ, ਸੰਭਾਵਤ ਵਿਦਰੋਹ ਵਿੱਚ ਹਿੱਸਾ ਲੈਣ ਵਾਲਿਆਂ ਦੀ ਸਮੇਂ ਸਮੇਂ ਗਿਣਤੀ ਕੀਤੀ ਜਾਂਦੀ ਰਹੀ ਅਤੇ ਇਸ ਵਿਚ ਮਾਈਆਂ ਨੂੰ ਵੀ ਸ਼ਾਮਿਲ ਕਰਨ ਲਈ ਅੰਮ੍ਰਿਤ ਛਕਾ ਕੇ ਤਿਆਰ-ਬਰ-ਤਿਆਰ ਰਹਿਣ ਦੀ ਤਾਕੀਦ ਕੀਤੀ ਗਈ, ਬਿਦੇਸ਼ਾਂ ਨਾਲ ਸੰਬੰਧ ਜੋੜੇ ਗਏ, ਹਥਿਆਰਾਂ ਦੇ ਮੁਮਕਿਨ ਸਰੋਤਾਂ ਦੀ ਤਿਆਰੀ ਕੀਤੀ ਗਈ ਅਤੇ ਅਖੀਰ ਵਿਚ ਬਗਾਵਤ ਦੀ ਸੰਭਾਵਿਤ ਤਾਰੀਖ ਅੰਤਮ ਤੌਰ ਤੇ ਸਾਲ 1872 ਈ. ਦੀ ਚੇਤ (ਮਾਰਚ/ਅਪ੍ਰੈਲ) ਨਿਸਚਿਤ ਕੀਤੀ ਗਈ ਅਤੇ ਉਸ ਅਨੁਸਾਰ ਸਾਰੀਆਂ ਵਿਉਂਤਾਂ ਬਣਾਈਆਂ ਗਈਆਂ ਸਨ, ਜੋ ਗਵਾਹੀਆਂ 'ਚੋਂ ਸਪਸ਼ਟ ਨਜ਼ਰੀਂ ਪੈਂਦੀਆਂ ਹਨ।

ਹੁਣ ਕਈ ਇਹ ਸਵਾਲ ਕਰ ਸਕਦੇ ਹਨ ਕਿ ਅਗਰ ਐਡੀ ਵੱਡੀ ਤਿਆਰੀ ਕੀਤੀ ਗਈ ਸੀ ਤਾਂ ਬਗਾਵਤ ਹੋਈ ਕਿਉਂ ਨਹੀਂ, ਰਾਜ ਪਲਟਾ ਕਿਉਂ ਨਹੀਂ ਹੋਇਆ। ਇਸ ਦੇ ਉੱਤਰ ਵੀ ਮੇਰੇ ਪਾਸ ਹੈਨ, ਪਰ ਏਥੇ ਇਹਨਾਂ ਕਾਰਨਾਂ ਨੂੰ ਵਿਚਾਰਨਾ ਇਸ ਲੇਖ ਤੋਂ ਲਾਂਭੇ ਹਟਣਾ ਹੋਵੇਗਾ ਅਤੇ ਇਸ ਲਈ ਅਲੱਗ ਤੱਥਾਂ ਭਰਪੂਰ ਲੇਖ ਦੀ ਜ਼ਰੂਰਤ ਹੈ, ਜੋ ਫੇਰ ਕਦੇ ਲਿਖਿਆ ਜਾਵੇਗਾ। ਏਥੇ ਮੈਂ ਪਹਿਲਾਂ ਕੀਤੀ ਗਈ ਕਮਿਸ਼ਨਰ ਮੈਕਨਬ ਦੀ ਪੜਤਾਲ ਦੌਰਾਨ ਅਫ਼ਸਰਾਂ ਦੀਆਂ ਕੁਝ ਵਿਚਾਰਾਂ ਅਤੇ ਇਹਨਾਂ ਤੋਂ ਬਾਅਦ ਲੋਕਾਂ ਦੀਆਂ ਗਵਾਹੀਆਂ ਦੇ ਰਿਹਾ ਹਾਂ, ਤਾਂ ਜੋ ਗੁਰੂ ਰਾਮ ਸਿੰਘ ਜੀ ਦੇ ਚਲਾਏ ਗਏ 'ਕੂਕਾ ਅੰਦੋਲਨ' ਦਾ ਮਕਸਦ ਅਤੇ ਪ੍ਰਭਾਵ ਸਾਫ਼ ਤੌਰ ਤੇ ਸਾਹਮਣੇ ਆ ਸਕੇ।

ਅਫ਼ਸਰਾਂ ਦੇ ਵਿਚਾਰ ਅਤੇ ਲੋਕਾਂ ਦੀਆਂ ਗਵਾਹੀਆਂ-

1. Ram Singh was a purely religious one, it is yet apparent that it long since assumed a political character....But once a political end admitted, his disciples became impatient of delay, and more or less behaving in his

Namdhari Elibrary NamdhariElibrary@gmail.com

supernatural powers and eager to gratify their personal ambition, could not understand why he should delay 'to take his raj.'

(ਗੁਰੂ) ਰਾਮ ਸਿੰਘ ਪੂਰੇ ਤੌਰ ਤੇ ਧਾਰਮਿਕ (ਵਿਅਕਤੀ) ਸੀ ਅਤੇ ਇਹ ਹੁਣ ਸਪਸ਼ਟ ਹੈ ਕਿ ਕਾਫੀ ਸਮਾਂ ਪਹਿਲਾਂ ਉਹ ਰਾਜਸੀ ਪ੍ਰਵਿਰਤੀ ਦੇ ਹੋ ਗਏ ਸਨ... ਲੇਕਿਨ ਜਦੋਂ ਇਕ ਵਾਰੀ ਰਾਜਸੀ ਪ੍ਰਵਿਰਤੀ ਧਾਰਨ ਕਰ ਲਈ ਗਈ, ਤਾਂ ਉਹਨਾਂ ਦੇ ਸਿੱਖ ਜੋ ਉਹਨਾਂ ਦੀ ਦੈਵਿਕ ਤਾਕਤ ਤੋਂ ਜਾਣੂੰ ਸਨ, ਉਹ ਆਪਣੇ ਮਨੋਭਾਵਾਂ ਦੀ ਪੂਰਤੀ ਲਈ ਉਤਾਵਲੇ ਹੋ ਗਏ ਅਤੇ ਉਹਨਾਂ ਨੂੰ ਸਮਝ ਨਹੀਂ ਸੀ ਆ ਰਹੀ ਕਿ 'ਆਪਣਾ ਰਾਜ ਪ੍ਰਾਪਤ ਕਰਨ ਲਈ' ਉਹ (ਗੁਰੂ ਰਾਮ ਸਿੰਘ) ਏਨੀ ਦੇਰ ਕਿਉਂ ਲਗਾ ਰਹੇ ਹਨ।)

2. I think, from these papers that his ultimate object, and that of his whole sect, was subversion of all existing government and the establishment of his own political and religious supremacy.

(ਸਾਰੀਆਂ ਜਾਣਕਾਰੀਆਂ ਘੋਖਣ ਤੋਂ ਬਾਅਦ ਮੇਰਾ ਇਹ ਵਿਚਾਰ ਹੈ ਕਿ ਉਸ (ਗੁਰੂ ਰਾਮ ਸਿੰਘ) ਦਾ ਅਤੇ ਸਾਰੇ (ਨਾਮਧਾਰੀ) ਪੰਥ ਦਾ ਇਕੋ ਹੀ ਨਿਸ਼ਾਨਾ ਸੀ - ਵਰਤਮਾਨ (ਅੰਗਰੇਜ਼ੀ) ਸਰਕਾਰ ਦਾ ਸਮੂਲ ਨਾਸ ਕਰਨਾ ਅਤੇ ਆਪਣੀ ਧਾਰਮਿਕ ਅਤੇ ਰਾਜਨੀਤਕ ਸਰਦਾਰੀ ਕਾਇਮ ਕਰਨੀ।)

3. The character of the language attributed to the various persons does not very very materially. It is to the effect that the British Raj will soon be suppressed in favour of Kuka or a Khalsa Raj and that Kukas will then receive rewards.

(ਬਹੁਤ ਸਾਰੇ ਲੋਕਾਂ ਲਈ ਵਰਤੀ ਗਈ ਸ਼ਬਦਾਵਲੀ ਦਾ ਚਰਿਤ੍ਰ ਬਹੁਤਾ ਸਿਧਾਂਤਵਾਦੀ ਨਹੀਂ ਸੀ। ਇਸ ਦਾ ਭਾਵ ਸੀ ਕਿ ਅੰਗਰੇਜ਼ਾਂ ਦੇ ਰਾਜ ਦਾ ਅੰਤ ਹੋ ਜਾਵੇਗਾ ਅਤੇ ਖਾਲਸਾ ਰਾਜ ਕਾਇਮ ਹੋ ਜਾਵੇਗਾ ਅਤੇ ਕੂਕਿਆਂ ਨੂੰ ਇਨਾਮ ਮਿਲੇਗਾ।)

4. The report of the 4th November proves, I think, beyond doubt that Kukaism aims at the restoration of Sikh rule and necessity of the subversion of the British Power.

(4 ਨਵੰਬਰ (1871 ਈ.) ਦੀ ਰਿਪੋਰਟ, ਮੈਂ ਸਮਝਦਾ ਹਾਂ ਕਿ ਕੋਈ ਸ਼ੱਕ ਨਹੀਂ ਰਹਿਣ ਦਿੰਦੀ ਕਿ ਕੂਕਾ ਅੰਦੋਲਨ ਦਾ ਮਕਸਦ ਸਿੱਖ ਰਾਜ ਦੀ ਪੁਨਰ ਸਥਾਪਨਾ ਅਤੇ ਅੰਗਰੇਜ਼ੀ ਰਾਜ ਦਾ ਪੂਰਨ ਨਾਸ ਕਰਨਾ ਸੀ।)

5. Sahib Singh has preached sedition, encouraged the last outbreak, and has taken next to Ram Singh the leading part in propogating the spread of the Kuka sect, of which the avowed subject and consummation is the restoration of the Sikh rule and the expulsion of the British Government.

(ਸਾਹਿਬ ਸਿੰਘ ਨੇ ਦੇਸ਼ ਦ੍ਰੋਹ ਲਈ ਪ੍ਰਚਾਰ ਕੀਤਾ, ਪਿਛੇ (ਜਨਵਰੀ 1872) ਹੋਈ ਬਗਾਵਤ ਲਈ ਪ੍ਰੇਰਿਤ ਕੀਤਾ ਅਤੇ (ਗੁਰੂ) ਰਾਮ ਸਿੰਘ ਤੋਂ ਬਾਅਦ ਕੂਕਾ ਪੰਥ ਦੇ ਪ੍ਰਚਾਰ ਲਈ ਉੱਘਾ ਪ੍ਰਚਾਰ ਕੀਤਾ ਜਿਸ ਦਾ ਮਕਸਦ ਸਾਫ਼ ਤੌਰ ਤੇ ਪੂਰਨ ਤੌਰ ਤੇ ਸਿੱਖ ਰਾਜ ਦ ਸਥਾਪਨਾ ਅਤੇ ਅੰਗਰੇਜ਼ੀ ਸਰਕਾਰ ਨੂੰ ਖਤਮ ਕਰਨਾ ਸੀ।)

ਗਵਾਹਾਂ ਦੀਆਂ ਰਿਪੋਰਟਾਂ-

6. Nothing could be ascertained as to arm, but Ram Singh told them that when they were wanted, they would be forthcoming. -Geindah Singh informer's report

(ਹਥਿਆਰਾਂ ਬਾਰੇ ਕੁਝ ਵੀ ਪਤਾ ਨਹੀਂ ਲੱਗ ਸਕਿਆ, ਪਰ (ਗੁਰੂ) ਰਾਮ ਸਿੰਘ ਨੇ ਉਹਨਾਂ ਨੂੰ ਦੱਸਿਆ ਸੀ ਕਿ ਜਦੋਂ ਵੀ ਇਹਨਾਂ ਦੀ ਲੋੜ ਪਵੇਗੀ, ਮੁਹੱਈਆ ਹੋ ਜਾਣਗੇ।) **-ਗੇਂਦਾ ਜਾਸੂਸ ਦੀ ਰਿਪੋਰਟ**

7. during Sambut 1928 the distinctive arms of the Kookas would be small axes or hatches but that in the following year, all description of arms would be supplied to them by the "Gooroo Sahib" to whome all things are possible....

-Report of DSP Goojranwalla dt 29 March 1871

(ਸੰਮਤ 1928 (1871 ਈ.) ਵਿਚ ਕੂਕਿਆਂ ਦਾ ਹਥਿਆਰ ਛੋਟੀ ਕੁਹਾੜੀ ਜਾਂ ਟਕੂਆ ਹੋਵੇਗਾ ਪਰ ਅਗਲੇ ਸਾਲ ਉਹਨਾਂ (ਕੂਕਿਆਂ) ਨੂੰ 'ਗੁਰੂ ਸਾਹਿਬ' ਵਲੋਂ ਹਰ ਤਰ੍ਹਾਂ ਦੇ ਹਥਿਆਰ ਮੁਹੱਈਆ ਕਰਵਾਏ ਜਾਣਗੇ, ਜੋ ਸਭ ਕੁਝ ਕਰ ਸਕਦੇ ਹਨ...।) **-ਜ਼ਿਲਾ ਗੁਜਰਾਂਵਾਲੇ ਦੇ ਡੀ. ਐਸ. ਪੀ. ਦੀ 29 ਮਾਰਚ 1871 ਦੀ ਰਿਪੋਰਟ**

8. Brahma Singh predicted in Sumbut 1928 their arms would be "Gandasas" and in Sumbut 1929 they would get real arms.

-Statement of Hira Singh Virkh, Head

Namdhari Elibrary NamdhariElibrary@gmail.com

Lumberdar of Jhubber

((ਮੁਖੀਆ) ਬ੍ਰਹਮਾ ਸਿੰਘ ਨੇ ਦੱਸਿਆ ਸੀ ਕਿ ਸੰਮਤ 1928 (1872 ਈ.) ਕੂਕਿਆਂ ਦਾ ਹਥਿਆਰ 'ਗੰਡਾਸੇ' ਹੋਣਗੇ ਅਤੇ ਸੰਮਤ 1929 (1872 ਈ.) ਵਿਚ ਉਹਨਾਂ ਨੂੰ ਅਸਲ ਹਥਿਆਰ ਦਿੱਤੇ ਜਾਣਗੇ।) **-ਪਿੰਡ ਜੁਬੇਰ ਦੇ ਹੀਰਾ ਸਿੰਘ ਵਿਰਕ ਦੀ ਗਵਾਹੀ**

9. that in Sumbut 1928 the weapons of the 'Namdhari's would be clubs and axes or hatchets and in Sumbut 1929 all the weapons of war would be given to them, and they would want for nothing...

-Statement of Inspector Fuzul Kadir Khan of Hoti Mardan, Jillah Peshawar, June 1871

(ਸੰਮਤ 1928 (1871 ਈ.) ਵਿਚ ਨਾਮਧਾਰੀਆਂ ਦਾ ਹਥਿਆਰ ਸੋਟਾ ਅਤੇ ਟਕੂਏ ਹੋਣਗੇ ਅਤੇ ਸੰਮਤ 1929 ਬਿ. (1872 ਈ.) ਵਿਚ ਲੜਾਈ ਦੇ ਸਾਰੇ ਹਥਿਆਰ ਉਹਨਾਂ ਨੂੰ ਦਿੱਤੇ ਜਾਣਗੇ ਅਤੇ ਉਹਨਾਂ ਨੂੰ ਕਿਸੇ ਵੀ ਚੀਜ਼ ਦੀ ਘਾਟ ਨਹੀਂ ਹੋਵੇਗੀ...।) **-ਹੋਤੀ ਮਰਦਾਨ, ਜ਼ਿਲਾ ਪਿਸ਼ਾਵਰ ਦੇ ਇੰਸਪੈਕਟਰ ਫਜ਼ਲ ਕਾਦਰ ਖਾਨ ਦੀ ਜੂਨ 1871 ਈ. ਦੀ ਰਿਪੋਰਟ**

10. This was also heard that iron was being purchased, and it was intended to make swords when occasion required by their own followers.

-From the statements of Jaildars and Numderdars of Phillour and Bohseer dated 19 April 1872 at Moron Phillour

(ਇਹ ਵੀ ਸੁਣਿਆ ਹੈ ਕਿ ਲੋਹੇ ਦੀ ਖਰੀਦ ਕੀਤੀ ਜਾ ਰਹੀ ਸੀ ਤਾਂ ਜੋ ਮੌਕੇ ਤੇ ਲੋੜ ਪੈਣ ਲਈ, ਉਸ (ਗੁਰੂ ਰਾਮ ਸਿੰਘ) ਦੇ ਪੈਰੋਕਾਰਾਂ ਦੀਆਂ ਲੋੜਾਂ ਲਈ ਤਲਵਾਰਾਂ ਬਣਾਈਆਂ ਜਾ ਸਕਣ।) **-ਫਿਲੌਰ ਦੇ ਨੰਬਰਦਾਰ ਅਤੇ ਜੈਲਦਾਰਾਂ ਦੀਆਂ 19 ਅਪ੍ਰੈਲ 1872 ਦੀਆਂ ਗਵਾਹੀਆਂ**

11. Their Guru, Ram Singh had declared for the restoration of the Khalsa . I asked them what they could do without arms or anything else, and they said that the Guru had only to give orders, the arms would be theirs.

-Deposition of Ganesha Singh Lambardar of Dangarh 13 April 1872

(ਉਹਨਾਂ (ਕੂਕਿਆਂ) ਦੇ ਗੁਰੂ ਰਾਮ ਸਿੰਘ ਨੇ ਖਾਲਸਾ ਰਾਜ ਦੀ ਸਥਾਪਨਾ ਦਾ ਐਲਾਨ ਕੀਤਾ ਸੀ। ਮੇਰੇ ਪੁੱਛਣ ਤੇ ਕਿ ਉਹ ਹਥਿਆਰਾਂ ਤੋਂ ਬਗੈਰ ਕੀ ਕਰ ਸਕਣਗੇ, ਉਹਨਾਂ ਦੱਸਿਆ ਸੀ ਕਿ ਗੁਰੂ ਜੀ ਨੇ ਤਾਂ ਸਿਰਫ ਹੁਕਮ ਹੀ ਕਰਨਾ ਸੀ, ਹਥਿਆਰ ਉਹਨਾਂ ਕੋਲ ਹੋਣਗੇ।) **-ਗਣੇਸ਼ਾ ਸਿੰਘ ਨੰਬਰਦਾਰ ਦੀ ਗਵਾਹੀ, 13 ਅਪ੍ਰੈਲ 1872**

12. Burmah Singh told the people that those who did not become Kookas would regret it when presently the Raj of Gooroo Ram Singh commenced. All people will get arms.

-Deposition of Govind Brahmin of Jhubber before D.C. Gujranwala.

(ਬ੍ਰਹਮਾ ਸਿੰਘ ਨੇ ਲੋਕਾਂ ਨੂੰ ਕਿਹਾ ਸੀ ਕਿ ਜੋ ਕੂਕੇ ਨਹੀਂ ਬਣਨਗੇ ਉਹ ਗੁਰੂ ਰਾਮ ਸਿੰਘ ਦਾ ਰਾਜ ਆਉਣ ਤੇ ਪਛਤਾਉਣਗੇ। ਸਭਨਾਂ ਨੂੰ (ਅੰਗਰੇਜ਼ਾਂ ਵਿਰੁੱਧ ਲੜਾਈ ਲਈ) ਹਥਿਆਰ ਦਿੱਤੇ ਜਾਣਗੇ।) **-ਪਿੰਡ ਜੁਬੇਰ, ਜ਼ਿਲਾ ਗੁਜਰਾਂਵਾਲੇ ਦੇ ਬ੍ਰਾਹਮਣ ਗੋਬਿੰਦ ਦਾ ਬਿਆਨ**

13. He (Burmah Singh) said they were to collect in a corner of the kingdom at Anandpore and commence operation in two or three months time. He said that Ram Singh had a collection of arms in his house.

-Deposition of Kootubdeen Lambardhar of Bairal before Assistance Commissioner, Sealkote

(ਉਸ (ਬ੍ਰਹਮਾ ਸਿੰਘ) ਨੇ ਕਿਹਾ ਸੀ ਕਿ ਉਹ ਮੁਲਕ ਦੇ ਕੋਨੇ, ਅਨੰਦਪੁਰ ਵਿਖੇ ਇਕੱਠੇ ਹੋ ਕੇ ਦੋ ਤਿੰਨ ਮਹੀਨਿਆਂ 'ਚ (ਅੰਗਰੇਜ਼ਾਂ ਵਿਰੁੱਧ) ਕਾਰਵਾਈ ਸ਼ੁਰੂ ਕਰਨਗੇ। ਉਹਨਾਂ ਨੇ ਦੱਸਿਆ ਸੀ ਕਿ (ਗੁਰੂ) ਰਾਮ ਸਿੰਘ ਦੀ ਰਿਹਾਇਸ਼ ਵਿਚ ਹਥਿਆਰਾਂ ਦਾ ਭੰਡਾਰ ਪਿਆ ਹੈ।) **-ਬੜਿਆਲ, ਸਿਆਲਕੋਟ ਦੇ ਨੰਬਰਦਾਰ**

(ਉਹ (ਸੂਬੇ) ਲਗਾਤਾਰ ਅੰਗਰੇਜ਼ੀ ਸਰਕਾਰ ਵਿਰੁੱਧ ਉਠ ਖੜ੍ਹੇ ਹੋਣ ਦੇ ਠੀਕ ਸਮੇਂ ਬਾਰੇ ਵਿਚਾਰਾਂ ਕਰਦੇ ਰਹੇ ਅਤੇ ਉਹਨਾਂ ਨੇ ਤਿੰਨ ਸੌ ਤੋਂ ਚਾਰ ਸੌ ਹਜ਼ਾਰ ਆਦਮੀਆਂ ਦੀ ਗਿਣਤੀ ਦਾ ਅਨੁਮਾਨ ਲਗਾਇਆ ਅਤੇ ਬਹੁਤ ਸਾਰੇ ਕੂਕਿਆਂ ਨੂੰ ਜ਼ਮੀਨਾਂ ਵੇਚ ਦੇਣ ਲਈ ਪ੍ਰੇਰਿਤ ਕੀਤਾ।)

Namdhari Elibrary NamdhariElibrary@gmail.com

ਕੁਤਬਦੀਨ ਦਾ ਬਿਆਨ

14. In Kartic the Khalsa Raj would begin, that they were about to arm themselves...He gave it to be understood that the new reign was to be established by force. -Arjun Lambardar of Ala, Sealkote dt 18 April 1872

(ਕੱਤਕ ਵਿਚ ਖਾਲਸਾ ਰਾਜ ਕਾਇਮ ਹੋ ਜਾਵੇਗਾ, ਉਹ (ਕੂਕੇ) ਆਪਣੇ ਆਪ ਨੂੰ ਹਥਿਆਰਬੰਦ ਕਰਨ ਵਾਲੇ ਹਨ...ਉਹਨਾਂ ਦੱਸਿਆ ਹੈ ਕਿ ਨਵਾਂ ਰਾਜ ਤਾਕਤ ਦੇ ਜ਼ੋਰ ਨਾਲ ਕਾਇਮ ਹੋਵੇਗਾ।) **-ਅਲਾ, ਸਿਆਲਕੋਟ ਦਾ ਨੰਬਰਦਾਰ ਅਰਜਨ**

15. They constantly preached sedition against the British Government and frequently consulted at their durbars concerning the proper time they ought to rise against the British Government. A large number of Kookas sold their lands and property and paid the proceeds to Ram Singh at the suggestion of his Soobas...., The number of Kookas, as represented by Ram Singh's Soobas, is 4,30,500 men. -Deposition of Dewa Singh of Kattani Kallan

(ਉਹ (ਕੂਕੇ ਸੂਬੇ) ਲਗਾਤਾਰ ਅੰਗਰੇਜ਼ੀ ਸਰਕਾਰ ਵਿਰੁੱਧ ਪ੍ਰਚਾਰ ਕਰਦੇ ਰਹੇ ਅਤੇ ਆਪਣੇ ਇਕੱਠਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਬਗਾਵਤ ਕਰਨ ਬਾਰੇ ਲਗਾਤਾਰ ਵਿਚਾਰ ਵਟਾਂਦਰਾ ਕਰਦੇ ਰਹੇ ਸਨ। ਵੱਡੀ ਗਿਣਤੀ ਵਿਚ ਕੂਕਿਆਂ ਨੇ ਜ਼ਮੀਨਾਂ ਅਤੇ ਜ਼ਾਇਦਾਦਾਂ ਵੇਚ ਕੇ ਰਕਮ ਸੂਬਿਆਂ ਦੇ ਕਹਿਣ ਤੇ (ਗੁਰੂ) ਰਾਮ ਸਿੰਘ ਨੂੰ ਦੇ ਦਿੱਤੀ। ਕੂਕਿਆਂ ਦੀ, ਸੂਬਿਆਂ ਅਨੁਸਾਰ 4,30,000 ਤਾਦਾਦ ਦੱਸੀ ਗਈ।) **-ਕਟਾਣੀ ਕਲਾਂ ਦੇ ਦੇਵਾ ਸਿੰਘ ਦਾ ਬਿਆਨ**

16. They frequently debated whether it was time to rise or not against the English Government and consulted their numbers to the extent of three or four hundred thousand men....and urged rebellion against the British Government..... they induced several Kookas to sell their landed property.

-Deposition of Partap Singh of village Jundiala, Sahnewal

(ਉਹ (ਸੂਬੇ) ਲਗਾਤਾਰ ਅੰਗਰੇਜ਼ੀ ਸਰਕਾਰ ਵਿਰੁੱਧ ਉਠ ਖੜ੍ਹੇ ਹੋਣ ਦੇ ਠੀਕ ਸਮੇਂ ਬਾਰੇ ਵਿਚਾਰਾਂ ਕਰਦੇ ਰਹੇ ਅਤੇ ਉਹਨਾਂ ਨੇ ਤਿੰਨ ਸੌ ਤੋਂ ਚਾਰ ਸੌ ਹਜ਼ਾਰ ਆਦਮੀਆਂ ਦੀ ਗਿਣਤੀ ਦਾ ਅਨੁਮਾਨ ਲਗਾਇਆ ਅਤੇ ਬਹੁਤ ਸਾਰੇ ਕੂਕਿਆਂ ਨੂੰ ਜ਼ਮੀਨਾਂ ਵੇਚ ਦੇਣ ਲਈ ਪ੍ਰੇਰਿਤ ਕੀਤਾ।)

-ਜੰਡਿਆਲਾ, ਸਾਹਨੇਵਾਲ ਦੇ ਪ੍ਰਤਾਪ ਸਿੰਘ ਦਾ ਬਿਆਨ

17. They openly preached sedition against the British Government, invited people to embrass the Kooak faith.....They reckon their number at about 4,00,000 men.

-Nihal Singh of village Bohlapore, Sanewal

(ਉਹਨਾਂ (ਸੂਬਿਆਂ ਨੇ ਬ੍ਰਿਟਿਸ਼ ਸਰਕਾਰ ਵਿਰੁੱਧ ਵਿਦ੍ਰੋਹ ਦਾ ਪ੍ਰਚਾਰ ਕੀਤਾ... ਲੋਕਾਂ ਨੂੰ ਕੂਕੇ ਬਣਨ ਲਈ ਪ੍ਰੇਰਿਤ ਕੀਤਾ...ਉਹਨਾਂ ਨੇ 400,000 (ਲੜਾਈ ਲਈ) ਆਦਮੀ ਹੋਣ ਦਾ ਅਨੁਮਾਨ ਲਗਾਇਆ।) **-ਬੋਹਲਪੁਰ, ਸਾਹਨੇਵਾਲ ਦੇ ਨਿਹਾਲ ਸਿੰਘ**

18. They used to declare Ram Singh will shortly be king. The current month of Chait was fixed for the great event. They told people it was useless cultivating as the Raj will shortly pass to the Kookas. These Soobas constantly told people there were three to four hundred thousand Kookas. -Bella of Saniwal, Ludhiana

(ਉਹ (ਸੂਬੇ) ਐਲਾਨ ਕਰਦੇ ਸਨ ਕਿ (ਗੁਰੂ) ਰਾਮ ਸਿੰਘ ਛੇਤੀਂ ਹੀ ਰਾਜਾ ਬਣਨਗੇ। ਇਸ ਮਹਾਨ ਘਟਨਾ (ਰਾਜ ਪਲਟੇ) ਲਈ ਵਰਤਮਾਨ ਚੇਤ ਮਹੀਨਾ (ਮਾਰਚ/ਅਪ੍ਰੈਲ 1872) ਨੀਯਤ ਕੀਤਾ ਗਿਆ ਸੀ। ਉਹਨਾਂ ਨੇ ਲੋਕਾਂ ਨੂੰ ਕਿਹਾ ਸੀ ਕਿ ਖੇਤੀ ਵਾਹੁਣੀ ਵਿਅਰਥ ਹੈ ਕਿਉਂਕਿ ਛੇਤੀਂ ਹੀ ਕੂਕਿਆਂ ਦਾ ਰਾਜ ਕਾਇਮ ਹੋ ਜਾਵੇਗਾ। ਇਹ ਸੂਬੇ ਲਗਾਤਾਰ ਲੋਕਾਂ ਨੂੰ ਦੱਸਦੇ ਰਹੇ ਕਿ ਤਿੰਨ ਤੋਂ ਚਾਰ ਸੌ ਹਜ਼ਾਰ ਕੂਕੇ (ਲੜਾਈ ਲਈ) ਤਿਆਰ ਹਨ।) **-ਸਾਹਨੇਵਾਲ ਲੁਧਿਆਣੇ ਦਾ ਬੇਲਾ**

19. Lukka Singh came to Muthendee and advised the Zamindars not to sow their crops, as they would never reap it , as Ram Singh's troops would treat it under feet when he had his fight with Government . which would be shortly. **-Yeajmal Singh Lumbardar of Phillour**

(ਲੱਖਾ ਸਿੰਘ ਮੁਠੱਡੇ ਆਇਆ ਅਤੇ ਜ਼ਿਮੀਂਦਾਰਾਂ ਨੂੰ ਫਸਲ ਨਾ ਬੀਜਣ ਦੀ ਸਲਾਹ ਦਿੱਤੀ ਕਿਉਂਕਿ ਉਹ ਫਸਲ ਕੱਟ ਨਹੀਂ ਸਕਣਗੇ, ਕਿਉਂਕਿ ਛੇਤੀਂ ਹੀ ਸਰਕਾਰ

Namdhari Elibrary NamdhariElibrary@gmail.com

ਨਾਲ ਜੰਗ ਦੌਰਾਨ (ਗੁਰੂ) ਰਾਮ ਸਿੰਘ ਦੀਆਂ ਫੌਜਾਂ ਦੇ ਪੈਰਾਂ ਥੱਲੇ ਕੁਚਲੀਆਂ ਜਾਣਗੀਆਂ।)

-ਫਿਲੌਰ ਦਾ ਨੰਬਰਦਾਰ ਧਜਮਲ ਸਿੰਘ

20. The Soobas always described the ruling power as the "dust" (bitter enemies) and the Kooka Gooroo, as an incarnation of the " Deity" . specially sent to destroy it. They openly told people that Ram Singh and his Kookas would shortly rule the country extending from Calcutta to Ghaznee. **-Bhola of Kuttani Kalan**

(ਸੂਬਿਆਂ ਨੇ ਰਾਜ ਕਰ ਰਹੀ (ਗੋਰੀ) ਸਰਕਾਰ ਨੂੰ ਸਦਾ 'ਦੁਸ਼ਟ' ਹੀ ਕਿਹਾ ਅਤੇ ਕੂਕਾ ਗੁਰੂ ਦੇਵੀ ਅਵਤਾਰ ਹੋਣ ਕਰਕੇ, ਉਚੇਚੇ ਤੌਰ ਤੇ ਉਸ (ਸਰਕਾਰ) ਨੂੰ ਖਤਮ ਕਰਨ ਲਈ ਭੇਜਿਆ ਗਿਆ। ਉਹਨਾਂ ਨੇ ਖੁਲ੍ਹੇ ਤੌਰ ਤੇ ਲੋਕਾਂ ਨੂੰ ਬੋਲਾ ਕੀਤਾ ਸੀ ਕਿ (ਗੁਰੂ) ਰਾਮ ਸਿੰਘ ਅਤੇ ਉਹਨਾਂ ਦੇ ਕੂਕੇ ਛੇਤੀਂ ਹੀ ਕਲਕੱਤੇ ਤੋਂ ਲੈ ਕੇ ਗਜ਼ਨੀ ਤੱਕ ਰਾਜ ਕਰਨਗੇ।)

-ਕਟਾਣੀ ਕਲਾਂ ਦਾ ਭੋਲਾ

21. These Soobas have given out that in Chait this year (March / April 1872) all this would come to past. -Dewa Singh of Kuttani

(ਸੂਬਿਆਂ ਨੇ (ਲੋਕਾਂ ਨੂੰ) ਦੱਸਿਆ ਸੀ ਇਸ ਸਾਲ ਚੇਤ (ਮਾਰਚ/ਅਪ੍ਰੈਲ 1872 ਈ.) ਇਹ ਸਭ (ਰਾਜ ਪਲਟਾ) ਹੋ ਕੇ ਰਹੇਗਾ।) **-ਕਟਾਣੀ ਦਾ ਦੇਵਾ ਸਿੰਘ**

22. I have often heard four Sooba acquaintances proclaim that there would be a Kooka raj, that those who became Kookas would be benefitted with jageers and lands, and that Chait (March / April 1872), all this was to come to past. -Partap Singh of Jundialee . Ludhiana

ਮੈਂ ਚਾਰ ਸੂਬਿਆਂ (ਸੂਬਾ ਸਾਹਿਬ ਸਿੰਘ, ਸੂਬਾ ਲੱਖਾ ਸਿੰਘ, ਸੂਬਾ ਕਾਨ੍ਹ ਸਿੰਘ ਅਤੇ ਸਰਦਾਰ ਮੰਗਲ ਸਿੰਘ) ਨੂੰ ਸਹਿਮਤੀ ਨਾਲ ਐਲਾਨ ਕਰਦਿਆਂ ਅਕਸਰ ਸੁਣਿਆ ਸੀ ਕਿ ਖਾਲਸਾ ਰਾਜ ਹੋ ਜਾਣਾ ਹੈ ਅਤੇ ਜੋ ਕੂਕੇ ਬਣਨਗੇ ਉਹ ਜਗੀਰਾਂ ਅਤੇ ਜ਼ਮੀਨ ਨਾਲ ਲਾਹੇਵੰਦ ਹੋ ਜਾਣਗੇ ਅਤੇ ਚੇਤ (ਮਾਰਚ/ਅਪ੍ਰੈਲ 1872 ਈ.) ਨੂੰ ਇਹ ਸਭ ਹੋਣ ਵਾਲਾ ਹੈ।)

-ਜੰਡਿਆਲੀ, ਲੁਧਿਆਣਾ ਦਾ ਪ੍ਰਤਾਪ ਸਿੰਘ ਨੰਬਰਦਾਰ

23. I heard him (Burmah Singh) with my own ears say on that occasion that the raj would " change in 2 or 2.5 months, and raj of the Kookas begin."

-Shabuz Khan of Jandiala, Gujranwala.

(ਮੈਂ ਉਸ (ਬ੍ਰਹਮਾ ਸਿੰਘ) ਨੂੰ ਆਪਣੇ ਕੰਨਾਂ ਨਾਲ ਕਹਿੰਦਿਆਂ ਸੁਣਿਆ ਸੀ ਕਿ ਦੋ ਜਾਂ ਢਾਈ ਮਹੀਨਿਆਂ ਵਿਚ ਸਰਕਾਰ ਬਦਲ ਜਾਏਗੀ ਅਤੇ ਕੂਕਿਆਂ ਦਾ ਰਾਜ ਹੋ ਜਾਵੇਗਾ।)

-ਜੰਡਿਆਲਾ, ਗੁਜਰਾਂਵਾਲੇ ਦਾ ਸਬਾਜ ਖਾਨ

24. He (Burmah Singh) said that houses etc. should be sold and only cash kept, as it would be useful by and by. He said before me that in 2 or $2\frac{1}{2}$ months Gooroo Ram Singh's raj would begin. -Heerah Singh Virakh of Jubber, Gujranwala

(ਉਸ (ਬ੍ਰਹਮਾ ਸਿੰਘ) ਨੇ ਕਿਹਾ ਸੀ ਕਿ ਮਕਾਨ ਆਦਿ ਵੇਚ ਦਿੱਤੇ ਜਾਣ ਅਤੇ ਮਾਇਆ ਨਕਦ ਰੱਖੀ ਜਾਵੇ, ਜੋ ਅੱਗੇ ਲਾਹੇਵੰਦ ਹੋਵੇਗੀ। ਉਸ ਨੇ ਮੇਰੇ ਸਾਹਮਣੇ ਕਿਹਾ ਸੀ ਕਿ ਦੋ ਜਾਂ ਢਾਈ ਮਹੀਨਿਆਂ ਵਿਚ ਗੁਰੂ ਰਾਮ ਸਿੰਘ ਦਾ ਰਾਜ ਕਾਇਮ ਹੋ ਜਾਵੇਗਾ।)

-ਜੁਬੇਰ ਦਾ ਹੀਰਾ ਸਿੰਘ ਵਿਰਕ

25. I noted arrangements made for watching Brahma Singh, and my conviction that the Kookas meant mischief, my belief that there was a general and decided impression among them that the period for restoration of Sikh supremacy in the Panjab was close at hand.

-E.L.èChard, District Supdt. Of Police, Goojranwala, 29 March 1872.

(ਮੈਂ ਬ੍ਰਹਮਾ ਸਿੰਘ ਦੀ ਨਿਗਰਾਨੀ ਲਈ ਇਤਜ਼ਾਮ ਕੀਤੇ ਸਨ, ਮੇਰਾ ਕਹਿਣਾ ਹੈ ਕਿ ਕੂਕਿਆਂ ਨੇ ਸ਼ਰਾਰਤ (ਬਗਾਵਤ ਦੀ) ਕਰਨੀ ਸੀ ਅਤੇ ਮੈਨੂੰ ਯਕੀਨ ਸੀ ਕਿ ਇਹਨਾਂ ਵਿਚ ਆਮ ਕਰਕੇ ਸਹਿਮਤੀ ਸੀ ਕਿ ਪੰਜਾਬ ਵਿੱਚ ਸਿੱਖ ਸਰਦਾਰੀ ਬਿਲਕੁਲ ਨੇੜੇ ਸੀ।)

-ਡਿਪਟੀ ਸੁਪਰਡੈਂਟ ਪੁਲੀਸ, ਗੁਜਰਾਂਵਾਲਾ, ਈ. ਐਲ. ਚਾਰਡ

26. It was notorious that he (Burmah Singh) used to say, 'now is the time, become Kookas, and those who don't will be sorry, as in two and two and a half months Raj (Government) of the Gooroo Khalsa is to come.' -Goordit Singh Zaildar of Mirza

(ਇਹ ਗੱਲ ਕੁਖਿਆਤ ਸੀ ਕਿ ਉਹ (ਬ੍ਰਹਮਾ ਸਿੰਘ) ਕਿਹਾ ਕਰਦਾ ਸੀ- 'ਹੁਣ ਸਮਾਂ ਹੈ ਕੂਕੇ ਬਣ ਜਾਓ

Namdhari Elibrary NamdhariElibrary@gmail.com

ਅਤੇ ਜੋ ਨਹੀਂ ਬਣਨਗੇ ਉਹ ਘਾਟੇ ਵਿਚ ਰਹਿਣਗੇ, ਕਿਉਂਕਿ ਦੋ ਜਾਂ ਢਾਈ ਮਹੀਨਿਆਂ ਨੂੰ ਗੁਰੂ ਖਾਲਸੇ ਦਾ ਰਾਜ ਕਾਇਮ ਹੋ ਜਾਣ ਵਾਲਾ ਹੈ।)'

-ਮਿਰਜ਼ੇ ਦਾ ਗੁਰਦਿੱਤ ਸਿੰਘ ਜੈਲਦਾਰ

27. Kookas (Kahn Singh and others) openly told the people that in Sumbut 1928, their rule would be established, and they advised people to join them if they wanted to become well off. -Ram Singh of Chugran , Hoshiarpur

(ਕੂਕਿਆਂ (ਸੂਬਾ ਕਾਹਨ ਸਿੰਘ ਅਤੇ ਸਾਥੀਆਂ) ਨੇ ਖੁਲ੍ਹੇ ਤੌਰ ਤੇ ਲੋਕਾਂ ਨੂੰ ਕਿਹਾ ਸੀ ਕਿ ਸੰਮਤ 1928 ਵਿਚ ਉਹਨਾਂ ਦਾ ਰਾਜ ਕਾਇਮ ਹੋ ਜਾਵੇਗਾ ਅਤੇ ਉਹਨਾਂ ਨੇ ਲੋਕਾਂ ਨੂੰ ਪ੍ਰੇਰਿਆ ਕਿ ਅਗਰ ਉਹ ਸੁਖੀ ਰਹਿਣਾ ਚਾਹੁੰਦੇ ਹਨ ਤਾਂ ਲੋਕ ਵੀ ਉਹਨਾਂ ਨਾਲ ਸ਼ਾਮਲ ਹੋ ਜਾਣ।) **-ਰਾਮ ਸਿੰਘ, ਹੁਸ਼ਿਆਰਪੁਰ**

28. They advised us all to turn Kookas, as in 1928 Sumbat the Kooka rule would be established. -Lehna of Chhugran, Hoshiuarpur

(ਉਹਨਾਂ (ਸੂਬਿਆਂ) ਨੇ ਸਾਨੂੰ ਸਭ ਨੂੰ ਕਿਹਾ ਕਿ ਕੂਕੇ ਬਣ ਜਾਓ ਕਿਉਂਕਿ ਸੰਮਤ 1928 ਵਿਚ ਕੂਕਾ ਰਾਜ ਕਾਇਮ ਹੋ ਜਾਵੇਗਾ।) **-ਲਹਿਣਾ, ਹੁਸ਼ਿਆਰਪੁਰ**

29. He (Nihal Singh of Singpore) said that Ram Singh was an incarnation of Guru Govind, the tenth Badsha, and it would be well for those who believe this, and in 1928 the Khalsa rule would begin. -Heera Singh of Dasondhi, Hoshiarpur

(29. ਉਸ (ਸਿੰਘਪੁਰ ਦੇ ਨਿਹਾਲ ਸਿੰਘ) ਨੇ ਕਿਹਾ ਕਿ (ਗੁਰੂ) ਰਾਮ ਸਿੰਘ - ਗੁਰੂ ਗੋਬਿੰਦ (ਸਿੰਘ) ਦਸਮ ਪਾਤਸ਼ਾਹ ਦਾ ਅਵਤਾਰ ਹੈ ਅਤੇ ਜੋ ਇਹ ਮੰਨਦੇ ਹਨ ਉਹਨਾਂ ਲਈ ਠੀਕ ਹੋਵੇਗਾ ਅਤੇ 1928 ਬਿਕ੍ਰਮੀ ਵਿਚ ਖਾਲਸਾ ਰਾਜ ਸ਼ੁਰੂ ਹੋ ਜਾਵੇਗਾ।)

-ਦਸੌਂਧੀ, ਹੁਸ਼ਿਆਰਪੁਰ ਦਾ ਹੀਰਾ ਸਿੰਘ

30. They were talking and saying that Bhai Ram Singh was a Guru as had been Govind, and that either in 1927 or 1928 he would ascert the throne of Lahore, and the Khalsa rule would begin. -Heera Lambardar of Bichoi, Hoshiarpur

(ਉਹ (ਕੂਕੇ) ਗੱਲਾਂ ਕਰਦੇ ਹੋਏ ਕਹਿ ਰਹੇ ਸਨ ਕਿ (ਗੁਰੂ) ਗੋਬਿੰਦ (ਸਿੰਘ) ਵਾਂਗੂ ਭਾਈ ਰਾਮ ਸਿੰਘ ਵੀ ਗੁਰੂ ਹੈਨ ਅਤੇ 1927 ਜਾਂ 1928 ਬਿਕ੍ਰਮੀ ਵਿਚ ਉਹ ਲਾਹੌਰ ਦੀ ਗੱਦੀ ਤੇ ਬੈਠਣਗੇ ਅਤੇ ਖਾਲਸਾ ਰਾਜ ਸ਼ੁਰੂ ਹੋ ਜਾਵੇਗਾ।) **-ਬਿਛੋਹੀ ਦਾ ਹੀਰਾ ਨੰਬਰਦਾਰ**

31. He (Man Singh) told me that in 1928, the English rule was to end and the Khalsa Raj reestablished. Other Kookas have repeatedly said the same thing to me.

(ਉਸ (ਮਾਨ ਸਿੰਘ) ਨੇ ਮੈਨੂੰ ਦੱਸਿਆ ਸੀ ਕਿ ਸੰਮਤ 1928 ਵਿਚ ਅੰਗਰੇਜ਼ੀ ਰਾਜ ਖਤਮ ਹੋ ਜਾਵੇਗਾ ਅਤੇ ਖਾਲਸਾ ਰਾਜ ਕਾਇਮ ਹੋ ਜਾਵੇਗਾ। ਹੋਰਨਾਂ ਕੂਕਿਆਂ ਨੇ ਵੀ ਮੈਨੂੰ ਇਹ ਗੱਲ ਕਹੀ ਸੀ।)

32. I have on several occasions heard him (Suba Jowahir Singh) also say that in 1928 the English rule was to come to an end, and the Khalsa to be reestablished. He used to announce this to the crowds who came to hear him.

-Jowahir Singh Lambardar of Samad Bhai, Ferozepur.

(ਮੈਂ ਕਈ ਮੌਕਿਆਂ ਤੇ ਉਸ ਨੂੰ (ਸੂਬਾ ਜਵਾਹਰ ਸਿੰਘ ਨੂੰ) ਕਹਿੰਦਿਆਂ ਸੁਣਿਆ ਸੀ ਕਿ ਸੰਮਤ 1928 ਵਿਚ ਅੰਗਰੇਜ਼ੀ ਰਾਜ ਖਤਮ ਹੋ ਜਾਵੇਗਾ ਖਾਲਸਾ ਰਾਜ ਫੇਰ ਤੋਂ ਕਾਇਮ ਹੋ ਜਾਵੇਗਾ। ਉਸ ਨੇ ਇਹ ਗੱਲ ਉਹਨਾਂ ਲੋਕਾਂ ਸਾਹਮਣੇ ਆਖੀ ਜੋ ਉਸਨੂੰ ਸੁਣਨ ਲਈ ਆਏ ਹੋਏ ਸਨ।)

-ਸਮਾਧ ਭਾਈ ਦਾ ਜਵਾਹਰ ਸਿੰਘ ਨੰਬਰਦਾਰ

33 (a). It is generally known and I speak from personal knowledge also , that Ram Singh and these Soobas , who are now in custody, preached sedition against the British Government. They openly told people that Ram Singh and his Kookas will very shortly govern the country from Calcutta to Ghazni.

(ਇਹ ਭਾਵੇਂ ਸਭ ਨੂੰ ਪਤਾ ਸੀ, ਪਰ ਮੈਂ ਆਪਣੀ ਨਿਜੀ ਜਾਣਕਾਰੀ ਦੇ ਅਧਾਰ ਤੇ ਕਹਿੰਦਾ ਹਾਂ ਕਿ (ਗੁਰੂ ਰਾਮ ਸਿੰਘ ਅਤੇ ਇਹ ਸੂਬੇ ਜੋ ਹੁਣ ਹਿਰਾਸਤ ਵਿਚ ਹਨ, ਨੇ ਅੰਗਰੇਜ਼ੀ ਸਰਕਾਰ ਵਿਰੁੱਧ ਵਿਦਰੋਹ ਦਾ ਪ੍ਰਚਾਰ ਕੀਤਾ। ਉਹਨਾਂ ਨੇ ਖੁਲ੍ਹੇਆਮ ਲੋਕਾਂ ਨੂੰ ਕਿਹਾ ਕਿ (ਗੁਰੂ) ਰਾਮ ਸਿੰਘ ਅਤੇ ਉਸਦੇ ਕੂਕੇ ਛੇਤੀਂ ਹੀ ਕਲਕੱਤੇ ਤੋਂ ਲੈ ਕੇ ਗਜ਼ਨੀ ਤੱਕ ਰਾਜ ਕਰਨਗੇ।)

33. (b) Their teachings exercised great influence on the minds of people. Even women were inspired with the desire of participating in a general rising against the British Government. -Bhola of Village Kuttani Kullan, Sahnewal

Namdhari Elibrary NamdhariElibrary@gmail.com

(ਇਹਨਾਂ (ਸੂਬਿਆਂ) ਦੇ ਉਪਦੇਸ਼ਾਂ ਨੇ ਲੋਕਾਂ ਦੇ ਦਿਮਾਗ ਤੇ ਬਹੁਤ ਅਸਰ ਕੀਤਾ। ਏਥੇ ਤੱਕ ਕਿ ਔਰਤਾਂ ਵਿਚ ਅੰਗਰੇਜ਼ਾਂ ਵਿਰੁੱਧ ਵਿਦ੍ਰੋਹ ਵਿਚ ਹਿੱਸਾ ਲੈਣ ਲਈ ਉਤਸ਼ਾਹ ਜਾਗ ਪਿਆ।

-ਕਟਾਣੀ ਕਲਾਂ ਦਾ ਭੋਲਾ

34. (a) They openly preached sedition against the English Government and increased their converts by giving out that Ram Singh will shortly become king.....They freely discussed the propriety of rising against the British Government......One plan was that as soon as Kukas take up arms against the Government, the Russians will invade the country.

(ਉਹਨਾਂ ਨੇ ਖੁਲ੍ਹੇਆਮ ਅੰਗਰੇਜ਼ੀ ਸਰਕਾਰ ਵਿਰੁੱਧ ਬਗਾਵਤ ਪ੍ਰਚਾਰ ਕੀਤਾ ਅਤੇ ਆਪਣੇ ਭਾਈਚਾਰੇ ਦੀ ਇਹ ਕਹਿ ਕੇ ਤਾਦਾਦ ਵਧਾਈ ਕਿ (ਗੁਰੂ) ਰਾਮ ਸਿੰਘ ਛੇਤੀਂ ਹੀ ਰਾਜਾ ਬਣ ਜਾਣਗੇ.....ਉਹਨਾਂ ਇਲਾਕਾ ਪਤੀ ਬਣਨ ਲਈ ਅੰਗਰੇਜ਼ ਸਰਕਾਰ ਵਿਰੁੱਧ ਵਿਦਰੋਹ ਲਈ ਖੁਲ੍ਹ ਕੇ ਵਿਚਾਰ ਵਟਾਂਦਰਾ ਕੀਤਾ...ਇਕ ਯੋਜਨਾ ਇਹ ਸੀ ਕਿ ਜਦੋਂ ਕੂਕੇ ਸਰਕਾਰ ਵਿਰੁੱਧ ਬਗਾਵਤ ਲਈ ਹਥਿਆਰ ਚੁੱਕ ਲੈਣਗੇ, ਰੂਸ ਇਸ ਮੁਲਕ ਤੇ ਹਮਲਾ ਕਰ ਦੇਵੇਗਾ।)

34. (b) Ram Singh and his Lieutenants urged all Kookas to sell their landed property to people who are not Kookas, and made over the proceeds to Ram Singh, who, on shortly getting the raj, will forcibly recover all from the purchasers and restore them to the original owners. Many acted on this advice, believing every thing to be true.

((ਗੁਰੂ) ਰਾਮ ਸਿੰਘ ਅਤੇ ਉਸਦੇ ਸੂਬਿਆਂ ਨੇ ਕੂਕਿਆਂ ਨੂੰ ਆਪਣੀ ਜ਼ਮੀਨ ਗੈਰ ਕੂਕਿਆਂ ਨੂੰ ਵੇਚ ਦੇਣ ਅਤੇ ਰਕਮ (ਗੁਰੂ) ਰਾਮ ਸਿੰਘ ਨੂੰ ਦੇਣ ਲਈ ਪ੍ਰੇਰਨਾ ਦਿੱਤੀ ਜੋ ਛੇਤੀਂ ਹੀ ਰਾਜ ਪ੍ਰਾਪਤ ਕਰਨ ਉਪਰੰਤ ਜ਼ਮੀਨਾਂ ਖਰੀਦਣ ਵਾਲਿਆਂ ਪਾਸੋਂ ਜ਼ਬਰੀ ਵਾਪਸ ਲੈ ਲੈਣਗੇ ਅਤੇ ਪੁਰਾਣੇ ਮਾਲਕਾਂ ਨੂੰ ਵਾਪਿਸ ਕਰ ਦੇਣਗੇ। ਬਹੁਤ ਸਾਰਿਆਂ ਨੇ ਇਸ ਗੱਲ ਤੇ ਯਕੀਨ ਕਰਦਿਆਂ ਹੋਇਆਂ ਇਸ ਵਿਚਾਰ ਤੇ ਅਮਲ ਕੀਤਾ।)

34. (c) I joned the Kooka sect to watch their movements and an intimitaly acquainted with their doings. -Sookhoo Singh , Lambardar of Bhainee.

(ਮੈਂ ਕੂਕਾ ਭਾਈਚਾਰੇ ਦੀਆਂ ਹਰਕਤਾਂ ਉਤੇ ਨਜ਼ਰ ਰੱਖਣ ਅਤੇ ਉਹਨਾਂ ਦੀਆਂ ਗਤੀਵਿਧੀਆਂ ਬਾਰੇ (ਸਰਕਾਰ ਨੂੰ) ਖਬਰਾਂ ਦੇਣ ਲਈ ਹੀ ਇਹਨਾਂ ਵਿਚ ਸ਼ਾਮਲ ਹੋਇਆ ਸੀ।) **-ਭੈਣੀ ਦਾ ਨੰਬਰਦਾਰ ਸੁਖੂ ਸਿੰਘ**

35. (a) (Brahma Singh) made some converts, and proclaimed the following orders of Ram Singh, viz, first- that women who had received the "amrath" (Sikh Baptism) should not wear their hair in a top knot; secondly, that they should wear " jangias" or short trousers, under their petticoats; thirdly, that all the disciples, whether males or females, ought at once to liquidate and adjust their accounts and debts, and for the future neither borrow or lend; fourthly, that they should build no houses until further orders, but keep cash in their possession......

(ਬ੍ਰਹਮਾ ਸਿੰਘ ਨੇ ਕਈ ਕੂਕੇ ਸਜਾਏ ਅਤੇ ਗੁਰੂ ਰਾਮ ਸਿੰਘ ਦੇ ਇਹਨਾਂ ਹੁਕਮਾਂ ਦੇ ਐਲਾਨ ਕੀਤੇ, ਪਹਿਲਾ - ਔਰਤਾਂ, ਜਿਨਾਂ ਨੇ ਅੰਮ੍ਰਿਤ ਛਕਿਆ ਹੈ ਉਹ ਗੁੱਤਾਂ ਦੀ ਬਜਾਏ ਜੂੜਾ ਕਰਨ, ਦੂਸਰਾ - ਉਹ ਕਛਹਿਰੇ ਧਾਰਨ ਕਰਨ, ਤੀਸਰਾ - ਸਾਰੇ ਮਾਈ ਅਤੇ ਭਾਈ ਆਪਣੇ ਆਪਣੇ ਹਿਸਾਬ ਕਿਤਾਬ ਅਤੇ ਕਰਜ਼ ਆਦਿ ਸਾਫ਼ ਕਰਨ ਅਤੇ ਭਵਿਖ ਵਿਚ ਨਾ ਤਾਂ ਕਿਸੇ ਪਾਸੋਂ ਉਧਾਰ ਲੈਣ ਅਤੇ ਨਾ ਕਿਸੇ ਨੂੰ ਉਧਾਰ ਦੇਣ, ਚੌਥੀ ਗੱਲ - ਅਗਲੇ ਹੁਕਮਾਂ ਤੀਕ ਕੋਈ ਮਕਾਨ ਆਦਿ ਨਾ ਬਣਾਉਣ, ਸਗੋਂ ਨਕਦ ਮਾਇਆ ਆਪਣੇ ਕੋਲ ਰੱਖਣ।)

35. (b) I intimated the following as the purport of an explanatory sermon preached by Brahma Singh at the request of his Kooka disciples, who sought explanation on certain points mooted in his first address to them; first in regard to the prohibition against building houses and lending money to others, and the request that Kookas should keep as much available cash as they can collect, the motive is this they should be prepared for the war or disturbance which will shortly occur at the command of Gooroo Hargobind Sahib; for money in cash will then be very useful, and this war will commence in Kartik and Mugghr, Sumbut 1928 (October and November 1871),

Namdhari Elibrary NamdhariElibrary@gmail.com

ਮਲੇਰਕੋਟਲੇ ਦੀ ਘਟਨਾ ਜਨਵਰੀ 1872 ਈ. ਵਿਚ ਵਾਪਰੀ ਸੀ। ਇਸ ਘਟਨਾ ਨੇ ਕੂਕਾ ਅੰਦੋਲਨ ਉਤੇ ਬਹੁਤ ਹੀ ਗੰਭੀਰ ਅਸਰ ਪਾਇਆ। ਇਸ ਤੱਥ ਦੀ ਪੁਸ਼ਟੀ ਖੁਦ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ ਨੇ 21 ਜਨਵਰੀ 1872 ਈ. ਨੂੰ ਕੀਤੀ।

secondly in respect of the "Jangias" which women are ordered to wear, the motive is that their modesty may not be outraged, as in the war the women will take an active part in the proportion of one women to every two men, and many would become martyrs; thirdly, that the Maharaja of Nepal, the Rajas and Sirdars of the Punjab, had for the purposes of this war, all subordinated themselves to Gooroo Ram Singh, and would help with arms, men and money. -E.L.Chard, Deputy Supdt. of Police

(ਬ੍ਰਹਮਾ ਸਿੰਘ ਨੇ ਜਦੋਂ ਆਪਣੇ ਕੂਕੇ ਭਾਈਚਾਰੇ ਦੇ ਸੇਵਕਾਂ ਦੀ ਬੇਨਤੀ ਉਤੇ, ਜੋ ਕਈ ਤੱਥਾਂ ਬਾਰੇ ਜਾਣਕਾਰੀਆਂ ਲੈਣਾ ਚਾਹੁੰਦੇ ਸਨ, ਉਹਨਾਂ ਬਾਰੇ ਜੋ ਦਲੀਲਾਂ ਅਤੇ ਬਚਨ ਕੀਤੇ ਸਨ, ਮੈਂ ਉਹਨਾਂ ਉਪਦੇਸ਼ਾਂ ਦੇ ਨਿਚੋੜਾਂ ਬਾਰੇ (ਸਰਕਾਰ ਨੂੰ) ਜਾਣਕਾਰੀ ਦਿੱਤੀ ਸੀ। ਉਸ ਦੱਸਿਆ ਪਹਿਲੀ ਗੱਲ ਮਕਾਨ ਬਣਾਉਣ, ਦੂਸਰਿਆਂ ਨੂੰ ਰਕਮ ਉਧਾਰ ਦੇਣ ਅਤੇ ਕੂਕੇ ਜ਼ਿਆਦਾ ਤੋਂ ਜ਼ਿਆਦਾ ਰਕਮ ਆਪਣੇ ਕੋਲ ਇਕੱਠੀ ਕਰਨ ਬਾਰੇ ਹੈ। ਇਸ ਦਾ ਮਕਸਦ ਹੈ ਕਿ ਉਹਨਾਂ ਨੂੰ ਲੜਾਈ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ ਜੋ ਛੇਤੀਂ ਹੀ ਗੁਰੂ ਹਰਗੋਬਿੰਦ ਸਾਹਿਬ ਦੀ ਅਗਵਾਈ ਵਿਚ ਸ਼ੁਰੂ ਹੋਵੇਗੀ। (ਗੁਰੂ ਹਰਗੋਬਿੰਦ ਸਾਹਿਬ ਸੰਕੇਤਕ ਸ਼ਬਦ ਵਜੋਂ ਵਰਤਿਆ ਜਾਪਦਾ ਹੈ - ਲੇਖਕ) ਉਸ ਹਾਲਾਤ ਵਿਚ ਨਕਦ ਮਾਇਆ ਬੜੀ ਲਾਹੇਵੰਦ ਸਾਬਤ ਹੋਵੇਗੀ, ਦੂਸਰਾ - ਕਛਹਿਰਿਆਂ ਬਾਰੇ ਹੈ ਜੋ ਮਾਈਆਂ ਨੂੰ ਧਾਰਨ ਕਰਨ ਬਾਰੇ ਕਿਹਾ ਗਿਆ ਹੈ - ਇਸ ਦਾ ਮਤਲਬ ਇਹ ਹੈ ਕਿ ਲੜਾਈ ਵਿਚ ਔਰਤਾਂ ਨੇ ਵੀ ਦੋ ਮਰਦਾਂ ਦੇ ਨਾਲ ਇਕ ਔਰਤ ਦੇ ਹਿਸਾਬ ਨਾਲ ਹਿੱਸਾ ਲੈਣਾ ਹੈ ਅਤੇ ਇਸ ਦੌਰਾਨ ਉਹ ਸ਼ਹੀਦ ਹੋ ਸਕਦੀਆਂ ਹਨ, ਇਸ ਲਈ ਉਹਨਾਂ ਦੀ ਇੱਜ਼ਤ ਬਣੀ ਰਹੇ, ਇਸ ਲਈ ਇਹ ਹੁਕਮ ਕੀਤਾ ਹੈ ਅਤੇ ਤੀਸਰੀ ਗੱਲ - ਮਹਾਰਾਜਾ ਨਿਪਾਲ ਅਤੇ ਪੰਜਾਬ ਦੇ ਰਾਜੇ ਅਤੇ ਜਗੀਰਦਾਰ ਗੁਰੂ ਰਾਮ ਸਿੰਘ ਦੀ ਅਗਵਾਈ ਵਿਚ ਸ਼ਾਮਲ ਹੋਣਗੇ ਅਤੇ ਹਥਿਆਰਾਂ, ਫੌਜੀਆਂ ਅਤੇ ਧਨ ਨਾਲ ਮਦਦ ਕਰਨਗੇ।)

-ਗੁਜਰਾਂਵਾਲੇ ਦਾ ਡਿਪਟੀ ਸੁਪਰਡੈਂਟ ਪੁਲਿਸ, ਈ. ਐਲ. ਚਾਰਡ

36. He (Brahma Singh) used to say, 'become Kookas or you will be sorry for it. In about two and a half months the Gooroo Sahib's 'Raj' will come....there is a short time for the advent or obtaining of the Sultnut or Government. -Heera Singh Virkh of Jubber

(ਉਸ (ਬ੍ਰਹਮਾ ਸਿੰਘ) ਲੋਕਾਂ ਨੂੰ ਕਹਿੰਦਾ ਰਹਿੰਦਾ ਸੀ ਕਿ ਤੁਸੀਂ ਕੂਕੇ ਬਣ ਜਾਵੋ ਨਹੀਂ ਤਾਂ ਤੁਹਾਨੂੰ ਪਛਤਾਉਣਾ ਪਵੇਗਾ। ਦੋ ਜਾਂ ਢਾਈ ਮਹੀਨਿਆਂ ਵਿਚ ਗੁਰੂ ਸਾਹਿਬ ਦਾ ਰਾਜ ਸ਼ੁਰੂ ਹੋ ਜਾਵੇਗਾ...ਸਲਤਨਤ ਅਥਵਾ ਰਾਜ ਪ੍ਰਾਪਤੀ ਨੂੰ ਥੋੜ੍ਹਾ ਹੀ ਸਮਾਂ ਰਹਿ ਗਿਆ ਹੈ।) **-ਹੀਰਾ ਸਿੰਘ**

37. There are number of Kookas in all the native armies. There are thousands in the English army. Jowahir Singh Baba has given orders that the number of Kookas in the army is not to be made known.

(ਸਾਰੀਆਂ ਦੇਸੀ ਫੌਜਾਂ ਵਿਚ ਬਹੁਤ ਸਾਰੇ ਕੂਕੇ ਹਨ ਅਤੇ ਹਜ਼ਾਰਾਂ ਹੀ ਅੰਗਰੇਜ਼ੀ ਰੈਜੀਮੈਂਟ ਵਿਚ ਵੀ ਹਨ। (ਸੂਬਾ) ਜਵਾਹਰ ਸਿੰਘ ਬਾਬੇ ਨੇ ਤਾਕੀਦ ਕੀਤੀ ਹੋਈ ਹੈ ਕਿ ਫੌਜਾਂ ਵਿਚ ਕੂਕਿਆਂ ਦੀ ਤਾਦਾਦ ਬਾਰੇ ਪਤਾ ਨਾ ਲੱਗਣ ਦਿੱਤਾ ਜਾਵੇ।) **-ਗਿਆਨੀ ਰਤਨ ਸਿੰਘ**

(-Gyanee Rattan Singh Mandi. accused in Raikot murder and hanged on 26 November 1871 in Ludhiana Civil Jail.)

ਮਲੇਰਕੋਟਲੇ ਦੀ ਘਟਨਾ ਜਨਵਰੀ 1872 ਈ. ਵਿਚ ਵਾਪਰੀ ਸੀ। ਇਸ ਘਟਨਾ ਨੇ ਕੂਕਾ ਅੰਦੋਲਨ ਉਤੇ ਬਹੁਤ ਹੀ ਗੰਭੀਰ ਅਸਰ ਪਾਇਆ। ਇਸ ਤੱਥ ਦੀ ਪੁਸ਼ਟੀ ਖੁਦ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਕਾਵਨ ਨੇ 21 ਜਨਵਰੀ 1872 ਈ. ਨੂੰ ਕੀਤੀ ਇਸ ਤਰ੍ਹਾਂ ਸੀ - "The Later Information received confirms the belief that a serious outbreak was intended, and that matters were precipitated by the hast action of this fanatical party before the

Namdhari Elibrary NamdhariElibrary@gmail.com

arrangements of the leaders was fully matured for severeal days. ਅਰਥਾਤ ਬਾਅਦ ਦੀਆਂ ਖਬਰਾਂ ਤੋਂ ਇਹ ਤੱਥ ਸਿੱਧ ਹੋ ਗਿਆ ਕਿ ਇਕ ਗੰਭੀਰ ਬਗਾਵਤ ਹੋਣੀ ਸੀ, ਪਰ ਉਸ ਦੇ ਸਿਰੇ ਚੜ੍ਹਨ ਤੋਂ ਕੁਝ ਸਮਾਂ ਪਹਿਲਾਂ ਹੀ ਮਸਤਾਨਿਆਂ ਦੀ ਕਾਹਲੀ ਕਰਕੇ ਇਹ ਸਭ ਅਸਫਲ ਹੋ ਗਿਆ। ਏਥੇ ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਕੂਕਾ ਅੰਦੋਲਨ ਦੇ ਹੈਡ ਕੁਆਟਰ ਅਤੇ ਸਤਿਗੁਰੂ ਰਾਮ ਸਿੰਘ ਜੀ ਦਾ ਪਿੰਡ ਭੈਣੀਆਲਾ ਲੁਧਿਆਣੇ ਜ਼ਿਲੇ ਵਿਚ ਪੈਂਦਾ ਸੀ ਅਤੇ ਸਤਿਗੁਰੂ ਜੀ ਅਤੇ ਕੂਕਾ ਅੰਦੋਲਨ ਅਤੇ ਇਸ ਦੇ ਪ੍ਰਚਾਰ ਬਾਰੇ ਸੱਹੀਆਂ ਖਬਰਾਂ ਦੀ ਜਾਣਕਾਰੀ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਨੂੰ ਜ਼ਰੂਰ ਦਿੱਤੀਆਂ ਜਾਂਦੀਆਂ ਸਨ। ਉਪਰੋਕਤ ਸਾਰੀਆਂ ਹਲਚਲਾਂ ਬਾਰੇ ਅਤੇ ਅੰਗਰੇਜ਼ੀ ਸਾਮਰਾਜ ਨੂੰ ਖਤਮ ਕਰਕੇ ਖਾਲਸਾ ਰਾਜ ਦੀ ਸਥਾਪਤੀ ਬਾਰੇ ਕੀਤੇ ਜਾ ਰਹੇ ਪ੍ਰਚਾਰ ਅਤੇ ਜਤਨਾਂ ਦੀ ਜਾਣਕਾਰੀ ਸਰਕਾਰ ਨੂੰ ਲਗਾਤਾਰ ਮਿਲਦੀ ਰਹਿੰਦੀ ਸੀ, ਤਾਂ ਹੀ ਲੁਧਿਆਣੇ ਦੇ ਕਿਲ੍ਹੇ ਵਿਚ ਗੋਰਖਾ ਫੌਜ ਲਿਆ ਬਿਠਾਈ ਹੋਈ ਸੀ ਅਤੇ ਗੁਰੂ ਰਾਮ ਸਿੰਘ ਜੀ ਨੂੰ ਜਨਵਰੀ 1872 ਈ. ਤੋਂ ਬਿਨਾ ਇਜਾਜ਼ਤ ਦੇ ਪਿੰਡ ਤੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ ਹੋਈ ਸੀ।

ਇਕ ਗੱਲ ਹੋਰ, ਪੰਜਾਬ ਸਰਕਾਰ ਨੂੰ ਮਾਰਚ/ਅਪ੍ਰੈਲ 1872 ਈ. ਵਿਚ ਉਹਨਾਂ ਵਿਰੁੱਧ ਹੋਣ ਵਾਲੀ ਬਗਾਵਤ ਦੀ ਜਾਣਕਾਰੀ ਪਹਿਲਾਂ ਤੋਂ ਹੀ ਮਿਲੀ ਹੋਈ ਸੀ। ਸਰਦਾਰ ਅਤਰ ਸਿੰਘ ਭਦੌੜ ਅੰਗਰੇਜ਼ਾਂ ਲਈ ਕੂਕਿਆਂ ਦੀ ਜਾਸੂਸੀ ਕਰਦਾ ਹੁੰਦਾ ਸੀ ਅਤੇ ਉਸਨੇ ਬਹੁਤ ਸਾਰੇ ਆਪਣੇ ਆਦਮੀ ਨਾਮਧਾਰੀ ਬਣਾ ਕੇ, ਲੁਧਿਆਣੇ ਜ਼ਿਲੇ ਅਤੇ ਸ੍ਰੀ ਭੈਣੀ ਸਾਹਿਬ ਛੱਡੇ ਹੋਏ ਸਨ। ਸਰਦਾਰ ਆਪ ਵੀ ਲੁਧਿਆਣੇ ਭਦੌੜ ਹਾਊਸ ਵਿਚ ਰਹਿੰਦਾ ਸੀ। ਉਸਨੇ ਨਵੰਬਰ 1871 ਈ. ਨੂੰ ਪੰਜਾਬ ਸਰਕਾਰ ਨੂੰ ਸੂਚਨਾ ਦੇ ਦਿੱਤੀ ਸੀ ਕਿ ਉਹਨਾਂ ਵਿਰੁੱਧ ਗੁਰੂ ਰਾਮ ਸਿੰਘ ਨੇ ਬਗਾਵਤ ਦੀ ਪੂਰੀ ਤਿਆਰੀ ਕੀਤੀ ਹੋਈ ਹੈ। ਇਸ ਕਰਕੇ ਹੀ ਪੁਲਿਸ ਮਹਿਕਮੇ ਨੂੰ ਦਸੰਬਰ ਵਿਚ ਚੌਕਸ ਕਰ ਦਿੱਤਾ ਗਿਆ ਸੀ ਅਤੇ ਸਤਿਗੁਰੂ ਜੀ ਦੇ ਪਿੰਡ ਤੋਂ ਬਾਹਰ ਜਾਣ ਤੇ ਪਾਬੰਦੀ ਲਗਾ ਦਿੱਤੀ ਗਈ ਸੀ। ਲੋੜ ਪੈਣ ਤੇ ਕਿਸ ਕਿਸ ਦੀ ਗ੍ਰਿਫਤਾਰੀ ਕੀਤੀ ਜਾਣੀ ਸੀ ਅਤੇ ਕੀ ਕੀ ਕਾਰਵਾਈਆਂ ਕੀਤੀਆਂ ਜਾਣੀਆਂ ਸਨ ਇਹਨਾਂ ਬਾਰੇ ਵੀ ਸਰਕਾਰ ਵਲੋਂ ਤਿਆਰੀ ਕਰ ਲਈ ਗਈ ਸੀ ਅਤੇ ਜਦੋਂ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਸੂਬਿਆਂ ਨੂੰ ਪੰਜਾਬ ਤੋਂ ਬਾਹਰ ਇਲਾਹਾਬਾਦ ਭੇਜ ਦਿੱਤਾ ਗਿਆ ਸੀ, ਸਰਕਾਰ ਅੰਗਰੇਜ਼ੀ ਨੇ 'ਸੰਭਾਵਿਤ ਵਿਦ੍ਰੋਹ' ਨੂੰ ਧਿਆਨ ਵਿਚ ਰਖਦਿਆਂ ਹੋਇਆਂ ਕਾਰਵਾਈ ਵਜੋਂ ਫੌਜਾਂ ਅਤੇ ਪੁਲਿਸ ਚੋਂ ਬਹੁਤ ਸਾਰੇ ਕੂਕਿਆਂ ਨੂੰ ਨੌਕਰੀ ਤੋਂ ਹਟਾ ਦਿੱਤਾ ਸੀ ਅਤੇ ਕਈਆਂ ਨੂੰ ਦੂਰ ਇਲਾਕਿਆਂ ਵਿਚ ਬਦਲ ਕੇ ਭੇਜ ਦਿੱਤਾ ਅਤੇ ਕੂਕਾ ਅੰਦੋਲਨ ਦੇ ਹੈਡ ਕੁਆਟਰ ਭੈਣੀ ਸਾਹਿਬ ਸਤਿਗੁਰੂ ਜੀ ਦੀ ਰਿਹਾਇਸ਼ ਗਾਹ ਦੇ ਦਰਵਾਜ਼ੇ ਅਗੇ ਸਥਾਈ ਪੁਲਿਸ ਚੌਕੀ ਬਿਠਾ ਦਿੱਤੀ ਗਈ। ਪੰਜਾਬ ਭਰ ਵਿਚ ਔਂਦੇ ਸਮੇਂ ਨੂੰ ਧਿਆਨ ਵਿਚ ਰਖਦਿਆਂ ਹੋਇਆਂ, ਪੰਜ ਤੋਂ ਵਧ ਕੂਕਿਆਂ ਦ ਇਕਠੇ ਹੋਣ ਤੇ ਪਾਬੰਦੀ ਲਗਾ ਦਿੱਤੀ ਗਈ। ਕੂਕਾ ਅੰਦੋਲਨ ਦੇ ਹੈਡ ਕੁਆਟਰ ਸ੍ਰੀ ਭੈਣੀ ਸਾਹਿਬ ਸਤਿਗੁਰੂ ਜੀ ਦੀ ਰਿਹਾਇਸ਼ਗਾਹ ਨੂੰ ਹਥਿਆਰਾਂ ਦੀ ਭਾਲ ਵਿਚ ਕਾਫੀ ਡੂੰਘੇ ਤਕ ਖੋਦ ਕੇ ਪੜਤਾਲ ਕੀਤੀ ਗਈ।

1872 ਈ. ਦਾ ਹੋਲਾ 26 ਮਾਰਚ ਨੂੰ ਸੀ। 'ਚੇਤ' ਮਹੀਨੇ ਤੋਂ ਡਰੀ ਹੋਈ ਗੋਰੀ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ 10 ਮਾਰਚ ਨੂੰ ਇਲਾਹਾਬਾਦ ਤੋਂ ਵੀ ਅਗੇ ਬਰਮਾ ਦੇਸ ਦੇ ਰੰਗੂਨ ਸ਼ਹਿਰ ਵਿਚ ਭੇਜ ਦਿੱਤਾ। ਫਿਲੌਰੀ ਛਾਵਣੀ ਵਿਚ ਕੁਝ ਕੂਕੇ ਸਿੱਖ ਫੌਜੀਆਂ ਨਾਲ ਮਿਲਦੇ ਦੇਖੇ ਗਏ। ਝਟ ਹੀ ਸਰਕਾਰ ਨੇ ਸਿੱਖ ਪਲਟਨ ਨੂੰ ਬਦਲ ਕੇ ਹਿੰਦਸਤਾਨੀ ਰੈਜੀਮੈਂਟ ਲੈ ਆਂਦੀ ਪਰ ਉਸ ਤੇ ਵੀ ਭਰੋਸਾ ਨਾ ਹੋਣ ਕਰਕੇ ਉਸਨੂੰ ਵੀ ਬਦਲ ਕੇ ਗੋਰਾ ਫੌਜ ਫਿਲੌਰ ਲਿਆ ਬਿਠਾਈ। 1872 ਦੇ ਹੋਲੇ ਦੌਰਾਨ ਲੈਫਟੀਨੈਂਟ ਗਵਰਨ ਆਪ ਅੰਮ੍ਰਿਤਸਰ ਲਾਵ-ਲਸ਼ਕਰ ਨਾਲ ਹਾਜ਼ਰ ਰਿਹਾ ਜੋ ਇੱਕ ਵਿਲੱਖਣ ਗੱਲ ਸੀ ਅਤੇ ਵਸਾਖੀ ਸਮੇਂ ਅਨੰਦਪੁਰ ਸਾਹਿਬ ਵੀ ਵਡੀ ਗਿਣਤੀ ਵਿਚ ਪੁਲਿਸ ਅਤੇ ਅਫਸਰ ਤਾਇਨਾਤ ਕੀਤੇ ਰਖੇ। ਸਤਿਗੁਰੂ ਰਾਮ ਸਿੰਘ ਜੀ ਫੌਜੀ ਰਹਿ ਚੁਕੇ ਸਨ ਅਤੇ ਉਹ ਜਾਣਦੇ ਸਨ ਕਿ ਕਿਸੇ ਸਰਕਾਰ ਵਿਰੁੱਧ ਵਿਦ੍ਰੋਹ ਕਰਨ ਲਈ ਹਥਿਆਰ ਚਾਹੀਦੇ ਹੁੰਦੇ ਹਨ, ਮਾਇਆ ਚਾਹੀਦੀ ਹੈ, ਵਡੀ ਗਿਣਤੀ ਵਿਚ ਬੰਦਿਆਂ ਦੀ ਲੋੜ ਹੁੰਦੀ ਹੈ ਅਤੇ ਆਖੀਰ ਵਿਚ ਬਾਹਰੀ ਮਦਦ ਦੀ ਵੀ ਲੋੜ ਪੈਂਦੀ ਹੈ। ਇਹ ਸਾਰੀਆਂ ਗੱਲਾਂ ਦੱਸਣ ਦਾ ਮਤਲਬ ਹੈ ਕਿ ਜੋ ਜਾਣਕਾਰੀਆਂ ਸਰਕਾਰੀ ਅਫਸਰਾਂ ਅਤੇ ਗਵਾਹਾਂ ਨੇ ਕੂਕਾ ਵਿਦ੍ਰੋਹ ਬਾਰੇ, ਹਥਿਆਰ ਇਕਠੇ ਕਰਨ ਬਾਰੇ ਅਥਵਾ ਕੂਕਿਆਂ ਨੂੰ ਇਕਜੁਟ ਕਰਕੇ ਵਿਦ੍ਰੋਹ ਹੋਣ ਦੇ ਸੰਭਾਵਤ ਸਮੇਂ ਬਾਰੇ ਦੱਸੀਆਂ ਸਨ, ਉਹ ਠੀਕ ਸਨ ਤਾਂ ਹੀ ਸਰਕਾਰ ਨੂੰ ਜਨਵਰੀ 1872 ਈ. ਤੋਂ ਬਾਅਦ ਵੀ ਹਫੜਾ ਦਫੜੀ ਪਈ ਰਹੀ ਸੀ। ਅਗਰ ਮਸਤਾਨੇ ਜਲਦਬਾਜੀ ਨਾ ਕਰਦੇ ਤਾਂ ਸ਼ਾਇਦ 1872 ਈ. ਤੋਂ ਬਾਅਦ ਦਾ ਇਤਿਹਾਸ ਹੋਰ ਹੁੰਦਾ। ਇਸ ਲਈ ਇਹਨਾਂ ਗਵਾਹੀਆਂ ਵਿਚ ਆਈਆਂ ਜਾਣਕਾਰੀਆਂ ਨੂੰ ਘੋਖਦਿਆਂ ਹੋਇਆਂ ਹੀ ਕੂਕਾ ਅੰਦੋਲਨ ਦੇ ਆਜ਼ਾਦੀ ਸੰਘਰਸ਼ ਨੂੰ ਲਿਖਿਆ ਜਾਣਾ ਚਾਹੀਦਾ ਹੈ। ■

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦੇ ਸੂਬਿਆਂ ਦਾ ਸੁਤੰਤਰਤਾ ਸੰਗਰਾਮ ਵਿਚ ਯੋਗਦਾਨ

✍ ਸੁਵਰਨ ਸਿੰਘ ਵਿਰਕ

ਸੂਬਾ ਪ੍ਰਣਾਲੀ ਕੂਕਾ ਜਥੇਬੰਦੀ ਦਾ ਕੋਣਵੀਂ ਪੱਥਰ ਸਿੱਧ ਹੋਈ। ਭਾਈ ਸੰਤੋਖ ਸਿੰਘ ਬਾਹੋਵਾਲ ਦੇ ਅਨੁਸਾਰ ਸੂਬਿਆਂ ਦੀ ਸਥਾਪਨਾ ਹਰਿਦੁਆਰ ਦੀ ਅਰਧ ਕੁੰਭੀ ਤੋਂ ਆਉਣ ਬਾਅਦ ਕੀਤੀ। ਬਹੁਤ ਸਾਰੇ ਜਲਾਵਤਨ ਸੂਬਿਆਂ ਦੇ, ਕਮਿਸ਼ਨਰ ਮੈਕਨਬ ਦੇ ਸਾਹਮਣੇ ਬਿਆਨਾਂ ਤੋਂ ਸਿੱਧ ਹੁੰਦਾ ਹੈ ਕਿ 1865 ਈ. ਤੱਕ ਕਈ ਮਹੱਤਵਪੂਰਨ ਸੂਬਿਆਂ ਦੀ ਘੋਸ਼ਣਾ ਸਤਿਗੁਰੂ ਜੀ ਵਲੋਂ ਕੀਤੀ ਜਾ ਚੁੱਕੀ ਸੀ।

ਸਿਖ ਪੁਨਰ ਜਾਗਰਣ ਤੇ ਕੌਮੀ ਮੁਕਤੀ-

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਸੰਤ ਖਾਲਸੇ ਦੀ, ਸ੍ਰੀ ਭੈਣੀ ਸਾਹਿਬ ਵਿਖੇ 12 ਅਪ੍ਰੈਲ 1857 ਈ. ਨੂੰ ਸਥਾਪਨਾ, ਸਿੱਖ ਪੁਨਰ ਜਾਗਰਣ ਅਤੇ ਕੌਮੀ ਮੁਕਤੀ ਅੰਦੋਲਨ ਨੂੰ ਪ੍ਰਚੰਡ ਕਰਨ ਲਈ ਕੀਤੀ ਸੀ। ਲਾਹੌਰ ਦਰਬਾਰ ਦੀ ਸੈਨਾ ਵਿਚ 9 ਵਰ੍ਹੇ ਲੰਮਾ ਅਰਸਾ (1837-45 ਈ.) ਬਿਤਾਉਣ ਕਾਰਨ, ਉਹਨਾਂ ਨੇ ਸਿੱਖ ਰਹੁ-ਰੀਤਾਂ ਅਤੇ ਮਾਣ ਮਰਯਾਦਾ ਦਾ ਘਾਣ ਹੁੰਦਾ ਨੇੜਿਓਂ ਦੇਖਿਆ ਸੀ। ਉਹਨਾਂ ਨੇ ਮਹਿਸੂਸ ਕੀਤਾ ਕਿ ਜੇ ਸਿੱਖੀ ਕਿਸੇ ਤਰ੍ਹਾਂ ਕਾਇਮ ਰਹਿ ਜਾਂਦੀ ਤਾਂ ਸਿੱਖਾਂ ਦਾ ਰਾਜ ਭਾਗ ਵੀ ਸਲਾਮਤ ਰਹਿ ਸਕਦਾ ਸੀ। ਮਹਾਰਾਜਾ ਰਣਜੀਤ ਸਿੰਘ ਆਪਣੇ ਰਾਜ ਭਾਗ ਨੂੰ ਸਮੂਹ ਪੰਜਾਬੀਆਂ ਦਾ ਸਾਂਝਾ ਧਰਮ-ਨਿਰਪੇਖ ਰਾਜ ਬਣਾਉਣ ਵਿੱਚ ਤਾਂ ਬੇਸ਼ੱਕ ਸਫਲ ਹੋਇਆ ਪਰ ਉਸ ਦੀ ਰਾਜ ਪ੍ਰਣਾਲੀ ਸਾਮੰਤੀ ਢਾਂਚੇ ਤੇ ਆਧਾਰਿਤ ਹੋਣ ਕਾਰਨ ਉਸ ਰਾਜ ਪ੍ਰਣਾਲੀ ਵਿੱਚ ਨਾ ਬਦਲ ਸਕੀ, ਜੋ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖਿਆ ਦੇ ਸਾਰ ਤੱਤ ਵਜੋਂ ਸਿੱਖ ਰਾਜ ਸ਼ਾਸਨ ਦੇ ਅਨੁਕੂਲ ਹੁੰਦੀ। ਗੁਰੂ ਆਸ਼ੇ ਵਾਲੀ ਰਾਜ ਬਣਤਰ ਵਿੱਚ, ਮਿਹਨਤ-ਕਸ਼ ਜਨਤਾ ਦੀ ਲੁੱਟ-ਖਸੁੱਟ ਦੀ ਬਜਾਏ ਸਾਂਝੀਵਾਲਤਾ ਤੇ ਅਧਾਰਿਤ ਉਹ ਹਲੇਮੀ ਰਾਜ ਵਿਵਸਥਾ ਸੀ, ਜਿਥੇ ਦੁੱਖ ਦਲਿਦਰ ਲਈ ਅਤੇ ਖੌਫ ਖਤੇ ਲਈ ਕੋਈ ਵੀ ਥਾਂ ਨਾ ਹੋ ਕੇ, ਸਭ ਨੂੰ ਮਿਲਾਉਣ ਵਿਗਸਣ ਅਤੇ ਸਭ ਨੂੰ ਸਮਾਨ ਅਵਸਰ ਮਿਲਣੇ ਸਨ। ਸੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਇਸ ਕਥਿਤ ਸਿੱਖ ਰਾਜ ਤੋਂ ਮਗਰਲੀ ਸਥਿਤੀ ਵਿੱਚ, ਸਿੱਖ ਆਤਮਾ ਨਾਲ ਪੁਨਰ ਸੰਵਾਦ ਰਚਾਉਣ ਦਾ ਕਾਰਜ ਵੀ ਆਰੰਭਿਆ। ਧਰਮ ਪ੍ਰਚਾਰ, ਅੰਮ੍ਰਿਤ ਸੰਚਾਰ, ਗੁਰਮਤ ਜੀਵਨ ਜਾਚ ਤੇ ਅਧਾਰਿਤ ਸਾਦਾ ਰਹਿਣੀ ਬਹਿਣੀ ਨੂੰ ਉਤਸ਼ਾਹਿਤ ਕੀਤਾ। ਸਿੱਖੀ ਦੀ ਬੁਨਿਆਦ ਸੇਵਾ, ਨਾਮ ਬਾਣੀ ਤੇ ਵਿਸ਼ੇਸ਼ ਜ਼ੋਰ ਦਿੱਤਾ। ਗੁਰੂ ਅਤੇ ਉਸ ਦੀ ਸੰਗਤ ਵਿਚਾਲੇ ਸੰਪਰਕ ਸੂਤਰ ਵਿਕਸਿਤ ਕਰਨ ਲਈ, ਪਹਿਲੇ ਸਤਿਗੁਰੂ ਸਾਹਿਬਾਨ ਵੇਲੇ ਦੀ ਮੰਜੀ ਅਸਥਾਪਨ ਪ੍ਰੰਪਰਾ ਨੂੰ, ਅਜੋਕੇ ਹਾਲਤ ਵਿਚ ਵਿਕਸਿਤ ਕਰਕੇ ਸੂਬਾ ਪ੍ਰਣਾਲੀ ਦੀ ਸਥਾਪਨਾ ਕੀਤੀ।

ਸੂਬਾ ਪ੍ਰਣਾਲੀ ਕੂਕਾ ਜਥੇਬੰਦੀ ਦਾ ਕੋਣਵੀਂ ਪੱਥਰ ਸਿੱਧ ਹੋਈ। ਭਾਈ ਸੰਤੋਖ ਸਿੰਘ ਬਾਹੋਵਾਲ ਦੇ ਅਨੁਸਾਰ ਸੂਬਿਆਂ ਦੀ ਸਥਾਪਨਾ ਹਰਿਦੁਆਰ ਦੀ ਅਰਧ ਕੁੰਭੀ ਤੋਂ ਆਉਣ ਬਾਅਦ ਕੀਤੀ। ਬਹੁਤ ਸਾਰੇ ਜਲਾਵਤਨ ਸੂਬਿਆਂ ਦੇ, ਕਮਿਸ਼ਨਰ ਮੈਕਨਬ ਦੇ ਸਾਹਮਣੇ ਬਿਆਨਾਂ ਤੋਂ ਸਿੱਧ ਹੁੰਦਾ ਹੈ ਕਿ 1865 ਈ. ਤੱਕ ਕਈ ਮਹੱਤਵਪੂਰਨ ਸੂਬਿਆਂ ਦੀ ਘੋਸ਼ਣਾ ਸਤਿਗੁਰੂ ਜੀ ਵਲੋਂ ਕੀਤੀ ਜਾ ਚੁੱਕੀ ਸੀ।[2] ਪਹਿਲੀ ਪਾਲ ਦੇ ਸੂਬਿਆਂ ਦੀ ਸਥਾਪਨਾ 1862 ਤੋਂ 1864 ਈ. ਦੇ ਵਿਚਾਲੇ ਕੀਤੀ ਜਾ ਚੁੱਕੀ ਸੀ ਅਤੇ ਨਾਮਧਾਰੀ ਰਵਾਇਤ ਮੁਤਾਬਿਕ ਖੋਟਿਆਂ ਦੇ ਅਨੰਦ ਮਰਯਾਦਾ ਮੇਲੇ ਤੋਂ ਬਾਅਦ, ਜਦੋਂ ਸ੍ਰੀ ਸਤਿਗੁਰੂ ਜੀ ਉਤੇ ਸ੍ਰੀ ਭੈਣੀ ਸਾਹਿਬ ਤੋਂ ਬਾਹਰ ਕਿਤੇ

Namdhari Elibrary NamdhariElibrary@gmail.com

ਵੀ ਜਾਣ ਉਤੇ, ਜੂਨ 1863 ਈ. ਵਿਚ ਰੋਕ ਲਾ ਦਿੱਤੀ ਗਈ ਤਾਂ ਆਪ ਜੀ ਨੇ ਪੰਥਕ ਪ੍ਰਚਾਰ ਜਾਰੀ ਰੱਖਣ ਲਈ ਸੂਬਿਆਂ ਦੀ ਸਥਾਪਨਾ ਕੀਤੀ। ਸੰਤ ਨਿਧਾਨ ਸਿੰਘ ਆਲਿਮ ਸੂਬਿਆਂ ਦੀ ਸਥਾਪਨਾ ਨੂੰ "ਕੂਕਾ ਜਥੇਬੰਦੀ ਦਾ ਆਰੰਭ" ਦੱਸਦੇ ਹੋਏ ਲਿਖਦੇ ਹਨ : "3 ਜੁਲਾਈ (1863 ਈ.) ਤੋਂ ਹੀ ਸ੍ਰੀ ਭੈਣੀ ਸਾਹਿਬ ਵਿਖੇ ਪੁਲਿਸ ਦਾ ਇਕ ਹਵਾਲਦਾਰ ਤੇ ਸਿਪਾਹੀ ਨੀਯਤ ਕੀਤੇ ਗਏ ਜਿਨ੍ਹਾਂ ਦਾ ਕੰਮ ਸਤਿਗੁਰੂ ਰਾਮ ਸਿੰਘ ਜੀ ਦੀਆਂ ਕਾਰਵਾਈਆਂ ਦੀ ਨਿਗਰਾਨੀ ਕਰਨਾ ਸੀ। ਖੁਫੀਆ ਪੁਲਿਸ ਦਾ ਪ੍ਰਬੰਧ ਵੀ ਕੀਤਾ ਗਿਆ। ਸਤਿਗੁਰੂ ਜੀ ਨੇ ਦੌਰਿਆਂ ਦੇ ਰੁਝੇਵਿਆਂ ਤੋਂ ਵੇਹਲਿਆਂ ਹੋ ਕੇ, ਦੇਸ਼ ਭਰ ਦੇ ਆਪਣੇ ਸਿੱਖਾਂ ਨੂੰ ਜਥੇਬੰਦ ਕਰਨ ਦੀ ਇਕ ਸਕੀਮ ਤਿਆਰ ਕੀਤੀ, ਜਿਸ ਦੇ ਮੁਤਾਬਿਕ ਉਹਨਾਂ ਨੇ ਪਹਿਲੋਂ ਪੰਜ ਸੂਬੇ (Governers) ਸਥਾਪਿਤ ਕੀਤੇ, ਜਿਹਨਾਂ ਦੇ ਅਧੀਨ ਸਾਰੇ ਪੰਜਾਬ ਦੇ ਸਿੱਖਾਂ ਨੂੰ ਜਥੇਬੰਦ ਕਰਨ ਦੀ ਆਗਿਆ ਦਿੱਤੀ ਗਈ, ਪਰ ਗਵਰਨਮੈਂਟ ਨੇ ਉਹਨਾਂ ਪੰਜਾਂ ਨੂੰ ਝਟਪਟ ਸ੍ਰੀ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿੱਤਾ। ਉਸ ਤੋਂ ਪਿਛੋਂ ਆਪ ਨੇ 17 ਸੂਬੇ ਹੋਰ ਥਾਪੇ। ਉਹਨਾਂ ਨੂੰ ਵੀ ਨਜ਼ਰਬੰਦ ਕਰ ਦਿੱਤਾ ਗਿਆ, ਕੁਝ ਨੂੰ ਸ੍ਰੀ ਭੈਣੀ ਸਾਹਿਬ ਵਿੱਚ ਅਤੇ ਬਾਕੀਆਂ ਨੂੰ ਆਪੋ ਆਪਣੇ ਪਿੰਡਾਂ ਵਿਚ।...

22 ਸੂਬਿਆਂ ਦੇ ਨਜ਼ਰਬੰਦ ਕੀਤੇ ਜਾਣ ਪਿਛੋਂ ਕਮਿਸ਼ਨਰ ਅੰਬਾਲਾ ਸ੍ਰੀ ਭੈਣੀ ਸਾਹਿਬ ਪੁੱਜਾ। ਸਤਿਗੁਰਾਂ ਨੂੰ ਪੁੱਛਿਆ ਕਿ, "ਆਪ ਨੂੰ ਨਜ਼ਰਬੰਦ ਕੀਤਾ ਤਾਂ ਆਪ ਨੇ ਪੰਜ ਸੂਬੇ ਥਾਪੇ ਉਹਨਾਂ ਨੂੰ ਨਜ਼ਰਬੰਦ ਕਰਨ ਪਿਛੋਂ ਆਪ ਨੇ 17 ਹੋਰ ਨੀਯਤ ਕੀਤੇ, ਅਸਾਂ ਉਹਨਾਂ ਨੂੰ ਵੀ ਨਜ਼ਰਬੰਦ ਕਰ ਦਿੱਤਾ, ਇਸ ਲਈ ਆਪ ਦੱਸੋ ਕਿ ਹੁਣ ਕੀ ਕਰੋਗੇ? ਸਤਿਗੁਰੂ ਜੀ ਨੇ ਮਸਤਾਨਾ ਅੰਦਾਜ਼ ਵਿਚ ਕਿਹਾ "ਹੁਣ ਮੈਂ ਘਰ ਘਰ ਵਿਚ ਰਾਮ ਸਿੰਘ ਪੈਦਾ ਕਰਾਂਗਾ।"[3]

ਗਿਆਨੀ ਗਿਆਨ ਸਿੰਘ ਸਮਕਾਲੀ ਸਿੱਖ ਇਤਿਹਾਸਕਾਰ, ਸੂਬਿਆਂ ਦੀ ਸਥਾਪਨਾ ਦੀ ਤੁਲਨਾ, ਬਾਦਸ਼ਾਹ ਅਕਬਰ ਵਲੋਂ ਸਾਰੇ ਹਿੰਦੁਸਤਾਨ ਨੂੰ ਬਾਈ ਸੂਬਿਆਂ ਵਿਚ ਵੰਡਣ ਨਾਲ ਕਰਦਾ ਹੈ। ਆਪਣੇ ਇਤਿਹਾਸਕ ਗਰੰਥ, ਪੰਥ ਪਰਕਾਸ਼ ਦੇ ਕੂਕਿਆਂ ਬਾਰੇ 28 ਕਬਿੱਤਾਂ ਵਿਚ ਲਿਖਦੇ ਹਨ-

ਸੂਬੇ ਕੀਨੇ ਬਾਈ ਤਿੰਨ ਅਕਬਰ ਸ਼ਾਹ ਨਿਆਈ।।
ਤਿਨ ਕੀ ਜ਼ੁਬਾਨ ਮੈ ਤਾਸੀਰ ਥਾਈ ਵੈਸ ਹੀ।

ਸੂਬਿਆਂ ਬਾਰੇ ਇਤਿਹਾਸਕ ਸਰੋਤ-

ਪਰ ਕੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਥਾਪੇ ਸੂਬੇ ਬਾਈ ਹੀ ਸਨ। ਇਤਿਹਾਸਕ ਦਸਤਵੇਜ਼ਾਂ ਅਤੇ ਕੂਕਿਆਂ ਦੇ ਇਤਿਹਾਸਕ ਸਰੋਤਾਂ ਦੇ ਅਧਾਰ ਤੇ ਇਹ ਗਿਣਤੀ ਸਿਰਫ ਬਾਈ ਤੱਕ ਹੀ ਸੀਮਿਤ ਨਹੀਂ ਕੀਤੀ ਜਾ ਸਕਦੀ ਕਿਉਂਕਿ ਸੂਬਿਆਂ ਦੀ ਸਥਾਪਨਾ ਜਾਂ ਸੇਵਾ ਮੁਕਤੀ ਨਿਰੋਲ ਸਤਿਗੁਰੂ ਜੀ ਦਾ ਵਿਸ਼ੇਸ਼ਾਧਿਕਾਰ ਸੀ। ਸੂਬਿਆਂ ਦਾ ਕਾਰਜਕਾਲ ਜਾਂ ਗਿਣਤੀ ਸਤਿਗੁਰੂ ਜੀ ਦੀ ਖੁਸ਼ੀ ਤੇ ਨਿਰਭਰ ਕਰਦੀ ਸੀ। ਇਸ ਲਈ ਇਸ ਵਿਚ ਵਾਧੇ ਘਾਟੇ ਦੀ ਗੁੰਜਾਇਸ਼ ਰਹਿੰਦੀ ਸੀ। ਹੁਸ਼ਿਆਰਪੁਰ ਜ਼ਿਲ੍ਹੇ ਦੇ ਕਾਰਜਕਾਰੀ ਜ਼ਿਲ੍ਹਾ ਪੁਲਿਸ ਕਪਤਾਨ ਟੀ. ਏ. ਓ. ਕੂਨਰ ਦੀ ਆਈ. ਜੀ. ਪੰਜਾਬ ਪੁਲਿਸ ਨੂੰ ਭੇਜੀ ਸੂਚਨਾ, ਜਿਸ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਮੇਤ 50 ਕੂਕਾ ਆਗੂਆਂ ਦੀ ਸੂਚੀ ਸੀ, ਇਸ ਵਿਚੋਂ 45 ਸੂਬੇ ਦੱਸੇ ਗਏ ਸਨ। ਜਿਹੜੇ ਕੁਝ ਖਾਸ ਡੇਰਿਆਂ ਦੇ ਮੁਖੀ ਸਨ, ਉਹ ਸੂਬੇ ਅਤੇ ਮਹੰਤ ਦੋਵੇਂ ਕਾਰਜ ਕਰਦੇ ਦੱਸੇ ਗਏ ਹਨ।[4]

ਦੋ ਨਾਮਧਾਰੀ ਲੇਖਕਾਂ ਜਿਹਨਾਂ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਲ ਉਮਰ ਦਾ ਵੱਡਾ ਭਾਗ ਬਿਤਾਉਣ ਦਾ ਮੌਕਾ ਮਿਲਿਆ ਸੀ ਸੰਤ ਨਿਧਾਨ ਸਿੰਘ ਆਲਿਮ ਅਤੇ ਇੰਦਰ ਸਿੰਘ ਚੱਕਰਵਰਤੀ ਸਨ ਕਿਉਂਕਿ ਇਹ ਦੋਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਆਸ਼ੇ ਅਨੁਸਾਰ ਇਤਿਹਾਸ ਖੋਜ ਵਿਚ ਵੀ ਰੁਝੇ ਰਹੇ ਸਨ ਪਰ ਸਤਿਗੁਰੂ ਜੀ ਦੇ ਆਧੁਨਿਕ ਇਤਿਹਾਸਕ ਨਜ਼ਰੀਏ ਤੋਂ ਭਲੀਭਾਂਤ ਜਾਣੂੰ ਹੋਣ ਵਾਲੇ, ਸ. ਨਾਹਰ ਸਿੰਘ ਐਮ. ਏ. ਤੋਂ 'ਨਾਮਧਾਰੀ ਇਤਿਹਾਸ' ਲਿਖਵਾਇਆ ਸੀ ਜੋ ਸਰਕਾਰੀ ਦਸਤਾਵੇਜ਼ਾਂ ਅਤੇ ਸੰਤੋਖ ਸਿੰਘ ਬਾਹੋਵਾਲ ਦੇ ਸਤਿਗੁਰੂ ਬਿਲਾਸ ਤੇ ਅਧਾਰਿਤ ਹੈ। ਨਾਹਰ ਸਿੰਘ ਹੋਰਾਂ ਦੀ ਸੂਬਿਆਂ ਦੀ ਹੇਠਲੀ ਸੂਚੀ ਨੂੰ ਅਸੀਂ ਇਤਿਹਾਸਕ ਨਜ਼ਰੀਏ ਤੋਂ ਪ੍ਰਮਾਣਿਕ ਮੰਨ ਸਕਦੇ ਹਾਂ : 'ਕੇਂਦਰ ਦੇ ਪੰਚਾਇਤੀ ਸੂਬੇ ਇਹ ਸੱਜਣ ਸਨ :

(1) ਬਾਬਾ ਜਵਾਹਰ ਸਿੰਘ ਪਿੰਡ ਡਰੋਲੀ ਜ਼ਿਲਾ ਫਿਰੋਜ਼ਪੁਰ

(2) ਬਾਬਾ ਕਾਹਨ ਸਿੰਘ ਜੀ ਪਿੰਡ ਚੱਕ ਕਲਾਂ ਰਿਆਸਤ ਮਲੇਰਕੋਟਲਾ

(3) ਬਾਬਾ ਸੁੱਧ ਸਿੰਘ ਪਿੰਡ ਮਢੌਰ ਜ਼ਿਲਾ ਅੰਬਾਲਾ

(4) ਬਾਬਾ ਸਾਹਿਬ ਸਿੰਘ ਪਿੰਡ ਬਨਵਾਲੀ (ਬੰਗਾਲੀ) ਪੁਹ ਜ਼ਿਲਾ ਅੰਮ੍ਰਿਤਸਰ

(5) ਬਾਬਾ ਲੱਖਾ ਸਿੰਘ ਪਿੰਡ ਮਲੌਦ ਜ਼ਿਲਾ ਲੁਧਿਆਣਾ

ਦੂਸਰੇ ਸੂਬਿਆਂ ਦੇ ਨਾਮ ਇਹ ਸਨ :

(6) ਬਾਬਾ ਸਰਮੁਖ ਸਿੰਘ ਪਿੰਡ ਲੱਲੂਵਾਲ ਰਿਆਸਤ ਪਟਿਆਲਾ

(7) ਬਾਬਾ ਗੁਪਾਲ ਸਿੰਘ ਪੁੱਤਰ ਸਾਹਿਬ ਸਿੰਘ ਪਿੰਡ ਰੱਖੜ ਮੰਢੋੜ ਰਿਆਸਤ ਪਟਿਆਲਾ

Namdhari Elibrary NamdhariElibrary@gmail.com

(8) ਬਾਬਾ ਹੁਕਮਾ ਸਿੰਘ ਸਪੁੱਤਰ ਮੇਹਰ ਸਿੰਘ ਪਿੰਡ ਪਿੱਥੋਂ ਰਿਆਸਤ ਨਾਭਾ

(9) ਰਤਨ ਸਿੰਘ ਉਰਫ ਗਿਆਨ ਸਿੰਘ ਪੁੱਤਰ ਰਾਮ ਕਿਸ਼ਨ ਪਿੰਡ ਮੰਡੀ (ਕਲਾਂ) ਰਿਆਸਤ ਪਟਿਆਲਾ

(10) ਬਾਬਾ ਖੁਸ਼ਹਾਲ ਸਿੰਘ ਪੁੱਤਰ ਕਰਮ ਸਿੰਘ ਪਿੰਡ ਥਰਾਜ ਜ਼ਿਲਾ ਹਿਸਾਰ

(11) ਬਾਬਾ ਬ੍ਰਹਮਾ ਸਿੰਘ ਪੁੱਤਰ ਗੁਲਾਬ ਸਿੰਘ ਪਿੰਡ ਦਰਿਆਪੁਰ, ਜ਼ਿਲਾ ਕਰਨਾਲ

(12) ਬਾਬਾ ਪਹਾੜਾ ਸਿੰਘ ਪਿੰਡ ਮਲੌਦ ਜ਼ਿਲਾ ਲੁਧਿਆਣਾ

(13) ਬਾਬਾ ਨਰਾਇਣ ਸਿੰਘ ਪੁੱਤਰ ਸੰਤਾ ਸਿੰਘ ਪਿੰਡ ਘਟੜਾ ਜ਼ਿਲਾ ਲੁਧਿਆਣਾ

(14) ਬਾਬਾ ਮਾਨ ਸਿੰਘ ਪੁੱਤਰ ਮੱਖਣ ਸਿੰਘ ਪਿੰਡ ਮਿੱਦਾਂ ਜ਼ਿਲ੍ਹਾ ਫਿਰੋਜ਼ਪੁਰ

(15) ਬਾਬਾ ਮਲੂਕ ਸਿੰਘ ਪੁੱਤਰ ਸੁੱਖਾ ਸਿੰਘ ਪਿੰਡ ਫੂਲੇਵਾਲ ਜ਼ਿਲ੍ਹਾ ਫਿਰੋਜ਼ਪੁਰ

(16) ਬਾਬਾ ਸਮੁੰਦ ਸਿੰਘ ਪੁੱਤਰ ਵਸਾਵਾ ਸਿੰਘ ਪਿੰਡ ਖੋਟੇ ਜ਼ਿਲ੍ਹਾ ਫਿਰੋਜ਼ਪੁਰ

(17) ਬਾਬਾ ਖਜ਼ਾਨ ਸਿੰਘ ਪੁੱਤਰ ਮਨੀ ਸਿੰਘ ਪਿੰਡ ਲਧਾਣਾ ਜ਼ਿਲ੍ਹਾ ਜਲੰਧਰ

(18) ਬਾਬਾ ਰੂੜ ਸਿੰਘ ਸਪੁੱਤਰ ਦਿਆਲ ਸਿੰਘ ਪਿੰਡ ਬੰਗਾਲੀਪੁਰ ਜ਼ਿਲ੍ਹਾ ਅੰਮ੍ਰਿਤਸਰ

(19) ਬਾਬਾ ਭਗਵਾਨ ਸਿੰਘ ਪਿੰਡ ਫੱਤੇਵਾਲ ਜ਼ਿਲ੍ਹਾ ਅੰਮ੍ਰਿਤਸਰ

(20) ਬਾਬਾ ਜਮੀਅਤ ਸਿੰਘ ਸਪੁੱਤਰ ਚੰਦਾ ਸਿੰਘ ਪਿੰਡ ਗਿੱਲ ਜ਼ਿਲ੍ਹਾ ਸਿਆਲਕੋਟ

(21) ਬਾਬਾ ਰਾਜਾ ਸਿੰਘ ਪਿੰਡ ਤਰਾਂਡੀ ਜ਼ਿਲ੍ਹਾ ਸਿਆਲਕੋਟ

(22) ਬਾਬਾ ਜੇਤਾ ਸਿੰਘ ਪੁੱਤਰ ਰਤਨ ਸਿੰਘ ਪਿੰਡ ਢਪਈ ਜ਼ਿਲ੍ਹਾ ਸਿਆਲਕੋਟ [5]

ਇਹਨਾਂ ਸੂਬਿਆਂ ਦੇ ਜ਼ੁੰਮੇ ਮੁੱਖ ਕੰਮ ਬੇਸ਼ੱਕ ਕੂਕਾ ਸੰਗਠਨ ਨੂੰ ਵਿਆਪਕ ਆਧਾਰ ਪ੍ਰਦਾਨ ਕਰਨਾ, ਸਤਿਗੁਰੂ ਜੀ ਵਲੋਂ ਦੱਸੀ ਰਹਿਤ ਮਰਯਾਦਾ ਵਿਚ ਹਰ ਸਿੱਖ ਨੂੰ, ਸਿੰਘਣੀ ਨੂੰ ਪਰਪੱਕ ਕਰਨਾ, ਮਰਯਾਦਾ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਤਿਗੁਰੂ ਜੀ ਦੇ ਧਿਆਨ ਵਿਚ ਲਿਆਉਣਾ, ਲਹਿਰ ਦੇ ਰਾਜਸੀ ਨਿਸ਼ਾਨਿਆਂ ਦੇ ਅਨੁਰੂਪ ਸਮਾਨੰਤਰ ਸੰਗਠਨ ਵਿਕਸਿਤ ਕਰਕੇ, ਸਵਦੇਸ਼ੀ ਵਸਤੂਆਂ ਅਤੇ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਕੇ, ਬਰਤਾਨਵੀ ਮਾਲ ਅਤੇ ਸੰਸਥਾਵਾਂ ਨਾਲ ਬਾਈਕਾਟ ਅਤੇ ਅਸਹਿਯੋਗ ਦੁਆਰਾ ਸਿਝਣਾ ਸੀ।

ਉਪਰੋਕਤ ਸੂਚੀ ਦਰਜ ਕਰਨ ਤੋਂ ਪਹਿਲਾਂ, ਸ. ਨਾਹਰ ਸਿੰਘ ਨੇ ਕੂਕਾ ਜਥੇਬੰਦੀ ਕਾਇਮ ਕਿਵੇਂ ਕੀਤੀ ਗਈ, ਇਸ ਬਾਰੇ ਮਹੱਤਵਪੂਰਨ ਪਰ ਸੰਖੇਪ ਜਾਣਕਾਰੀ ਰਚਨਾ ਵਿਚ ਦਰਜ ਕਰਦੇ ਹਨ-

"ਸੰਨ 1857 ਤੋਂ ਹੀ ਗੁਰੂ ਰਾਮ ਸਿੰਘ ਜੀ ਨੇ ਨਾਮਧਾਰੀਆਂ ਦੀ ਜਥੇਬੰਦੀ ਯਾ ਸੰਗਠਨ ਸ਼ੁਰੂ ਕਰ ਦਿੱਤਾ ਸੀ। ਜਥੇਬੰਦੀ ਦਾ ਮੁੱਢ ਪਿੰਡਾਂ ਵਿਚ ਰੱਖਿਆ ਗਿਆ। 8 ਜਾਂ 9 ਸਾਲ ਦੇ ਥੋੜ੍ਹੇ ਅਰਸੇ ਵਿਚ ਹੀ ਜਥੇਬੰਦੀ ਦੀ ਇਹ ਸ਼ਕਲ ਬਣ ਗਈ ਸੀ। ਹਰ ਪਿੰਡ ਦੇ ਨਾਮਧਾਰੀਆਂ ਅਤੇ ਹੋਰ ਸੰਗੀਆਂ ਦੀ ਇਕ ਸੰਗਤ ਸੀ। ਇਹ ਆਪਸ ਵਿਚ ਇਕ ਟੱਬਰ ਦੇ ਜੀਅ ਵਾਕਰ ਮਿਲਦੇ ਰਹਿੰਦੇ। ਦਿਨ ਦੇ ਕੰਮਾਂ-ਕਾਜਾਂ ਤੋਂ ਵੇਹਲੇ ਹੋ ਕੇ ਰਾਤ ਸਮੇਂ ਢੋਲਕੀ ਛੈਣਿਆਂ ਨਾਲ ਸ਼ਬਦ ਪੜ੍ਹਦੇ ਅਤੇ ਭਜਨ ਬੰਦਗੀ ਕਰਦੇ। ਸੰਗਤ ਦੇ ਇਕੱਠਿਆਂ ਹੋਣ ਵਾਲੀ ਜਗ੍ਹਾ ਦਾ ਨਾਮ ਧਰਮਸ਼ਾਲਾ ਰੱਖਿਆ। ਸੰਗਤਾਂ ਦੇ ਆਗੂ ਭਾਈ ਗਰੰਥੀ ਸਨ, ਜੋ ਧਰਮਸ਼ਾਲਾ ਵਿਖੇ ਬੱਚੇ ਬੱਚੀਆਂ ਨੂੰ ਗੁਰਮੁਖੀ ਵਿਦਿਆ ਪੜ੍ਹਾਉਂਦੇ, ਗੁਰਬਾਣੀ ਯਾਦ ਕਰਾਂਦੇ ਅਤੇ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਕਰਕੇ ਮੇਲਾ ਯਾ ਦਿਵਾਨ ਕਰਕੇ ਭੋਗ ਪਾਉਂਦੇ। ਇਹਨਾਂ ਤੋਂ ਉਪਰ ਤਪਿਆਂ ਦੇ ਜਥੇਦਾਰ ਸਨ। ਕਈ ਕਈ ਜਥੇਦਾਰ ਇਕ ਨਾਇਬ ਸੂਬੇ ਦੇ ਮਤੈਹਤ ਸਨ। ਇਲਾਕੇ ਦੀ ਜਥੇਬੰਦੀ ਦਾ ਆਗੂ ਸੂਬਾ ਸੀ। ਇਸ ਜਥੇਬੰਦੀ ਦਾ ਪ੍ਰਬੰਧ ਕਰਨ ਲਈ ਕੇਂਦਰਯ ਭੈਣੀ (ਸਾਹਿਬ) ਵਿਖੇ ਪੰਜਾਂ ਸੂਬਿਆਂ ਦੀ ਵੱਡੀ ਪੰਚੈਤ ਸੀ, ਜਿਨਾਂ ਦੇ ਮੁਖੀ ਬਾਬਾ ਜਵਾਹਰ ਸਿੰਘ ਪਿੰਡ ਡਰੋਲੀ ਤਹਿਸੀਲ ਮੋਗਾ ਜ਼ਿਲਾ ਫੀਰੋਜ਼ਪੁਰ ਦੇ ਵਸਨੀਕ ਸਨ। ਇਸ ਜਥੇਬੰਦੀ ਦੇ ਸ਼੍ਰੋਮਣੀ ਗੁਰੂ ਰਾਮ ਸਿੰਘ ਜੀ ਸਨ। [6]

ਇਹਨਾਂ ਸੂਬਿਆਂ ਦੇ ਜ਼ੁੰਮੇ ਮੁੱਖ ਕੰਮ ਬੇਸ਼ੱਕ ਕੂਕਾ ਸੰਗਠਨ ਨੂੰ ਵਿਆਪਕ ਆਧਾਰ ਪ੍ਰਦਾਨ ਕਰਨਾ, ਸਤਿਗੁਰੂ ਜੀ ਵਲੋਂ ਦੱਸੀ ਰਹਿਤ ਮਰਯਾਦਾ ਵਿਚ ਹਰ ਸਿੱਖ ਨੂੰ, ਸਿੰਘਣੀ ਨੂੰ ਪਰਪੱਕ ਕਰਨਾ, ਮਰਯਾਦਾ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਤਿਗੁਰੂ ਜੀ ਦੇ ਧਿਆਨ ਵਿਚ ਲਿਆਉਣਾ, ਲਹਿਰ ਦੇ ਰਾਜਸੀ ਨਿਸ਼ਾਨਿਆਂ ਦੇ ਅਨੁਰੂਪ ਸਮਾਨੰਤਰ ਸੰਗਠਨ ਵਿਕਸਿਤ ਕਰਕੇ, ਸਵਦੇਸ਼ੀ ਵਸਤੂਆਂ ਅਤੇ ਪ੍ਰਣਾਲੀਆਂ ਨੂੰ ਉਤਸ਼ਾਹਿਤ ਕਰਕੇ, ਬਰਤਾਨਵੀ ਮਾਲ ਅਤੇ ਸੰਸਥਾਵਾਂ ਨਾਲ ਬਾਈਕਾਟ ਅਤੇ ਅਸਹਿਯੋਗ ਦੁਆਰਾ ਸਿਝਣਾ ਸੀ। ਫਿਰ ਵੀ ਜਦੋਂ ਲਹਿਰ ਦੇ ਕਲੇਵਰ ਵਿਚ ਸੈਂਕੜੇ ਜਾਂ ਹਜ਼ਾਰਾਂ ਤੱਕ ਨਹੀਂ ਸਗੋਂ ਲੱਖਾਂ ਦੀ ਗਿਣਤੀ ਵਿਚ ਲੋਕ ਜੁੜ ਰਹੇ ਹੋਣ ਤਾਂ ਅਜੇਹੇ ਲੋਕਾਂ ਦੇ ਵਿਚਾਲੇ ਆਪਸੀ ਜਾਂ ਗੈਰ ਨਾਮਧਾਰੀਆਂ ਨਾਲ ਵੀ ਕਈ ਮਸਲੇ ਖੜ੍ਹੇ ਹੋ ਜਾਂਦੇ ਸਨ। ਇਹਨਾਂ

Namdhari Elibrary NamdhariElibrary@gmail.com

ਮਸਲਿਆਂ ਦੇ ਨਿਪਟਾਰਿਆਂ ਲਈ ਸੂਬਾ ਪ੍ਰਣਾਲੀ ਕਿਵੇਂ ਕਾਰਜਸ਼ੀਲ ਸੀ, ਭਾਈ ਨਾਹਰ ਸਿੰਘ ਫਿਰ ਸਾਡੀ ਰਹਿਨੁਮਾਈ ਕਰਦੇ ਹਨ :

"ਸੂਬਿਆਂ ਨੂੰ ਵੱਖ ਵੱਖ ਇਲਾਕੇ ਯਾ ਤੱਪੇ ਸੰਗਠਨ ਅਤੇ ਪ੍ਰਚਾਰ ਲਈ ਸੌਂਪੇ ਹੋਏ ਸਨ।। ਇਕ ਇਲਾਕੇ ਦੇ ਸੂਬੇ ਦਾ ਦੂਜੇ ਇਲਾਕੇ ਦੇ ਸੂਬੇ ਨਾਲ ਡਾਕ ਪ੍ਰਬੰਧ ਅਤੇ ਤਾਲ ਮੇਲ ਕਾਇਮ ਕੀਤਾ ਹੋਇਆ ਸੀ। ਇਹ ਤਾਲ ਮੇਲ ਇਸ ਕਿਸਮ ਦਾ ਪੱਕਾ ਸੀ ਕਿ ਕੇਂਦਰ ਦੀ ਖ਼ਬਰ, ਹੁਕਮ ਯਾਂ ਹਦਾਇਤਾਂ ਅੱਠ ਪਹਿਰ ਦੇ ਅੰਦਰ ਅੰਦਰ ਸਾਰੇ ਪੰਜਾਬ ਵਿਚ ਥਾਈਂ ਥਾਈਂ ਪਹੁੰਚ ਜਾਂਦੀਆਂ ਸਨ।

"ਆਪਸ ਦੇ ਝਗੜੇ ਨਿਪਾਟਵਨ ਲਈ ਕੂਕਿਆਂ ਦੀਆਂ ਆਪਣੀਆਂ ਹੀ ਅਦਾਲਤਾਂ ਯਾ ਪੰਚੈਤਾਂ ਸਨ। ਪਿੰਡਾਂ ਦੀਆਂ ਪੰਚੈਤਾਂ, ਪਟੜੀ ਦੀਆਂ ਫੇਰ ਪੰਚੈਤਾਂ, ਤੱਪਿਆਂ ਦੀਆਂ ਪੰਚੈਤਾਂ, ਬਰਾਦਰੀਆਂ ਦੀਆਂ ਪੰਚੈਤਾਂ ਤੋਂ ਉਪਰ ਸੂਬੇ ਅਦਾਲਤੀ ਸਨ। ਗਿਆਨਾ ਸਿੰਘ ਯਾ ਰਤਨ ਸਿੰਘ ਮੰਡੀ ਵਾਲੇ ਮਾਲਵੇ ਦੇ ਇਲਾਕਿਆਂ ਦੇ ਅਦਾਲਤੀ ਸਨ। ਇਸ ਤਰ੍ਹਾਂ ਬਾਕੀ ਹੋਰ ਸੂਬੇ ਵੀ ਅਦਾਲਤੀ ਸਨ। ਪੰਚੈਤਾਂ ਇਹ ਝਗੜੇ ਭਾਰਤ ਦੇ ਸੈਂਕੜੇ ਸਾਲਾਂ ਤੋਂ ਸੀਨਾ ਬਸੀਨਾ ਚਲੇ ਆ ਰਹੇ ਲੋਕ ਕਾਨੂੰਨ ਅਤੇ ਭਾਈਚਾਰੇ ਦੇ ਰਵਾਜਾਂ ਅਨੁਸਾਰ ਹੱਲ ਕਰਦੀਆਂ। ਨਾਮਧਾਰੀ ਹੋਰਨਾਂ ਲੋਕਾਂ ਨੂੰ ਵੀ ਇਹੋ ਪ੍ਰੇਰਨਾ ਕਰਦੇ ਸਨ ਕਿ ਉਹ ਵੀ ਆਪਸ ਦੇ ਝਗੜੇ ਸਰਕਾਰੀ ਅਦਾਲਤਾਂ ਵਿਚ ਲੈ ਜਾਣ ਦੀ ਥਾਂ ਆਪਣੀਆਂ ਪੰਚੈਤਾਂ ਕਰਕੇ ਨਿਬੇੜਨ। ਸਰਕਾਰੀ ਅਦਾਲਤਾਂ ਵਿਚ ਧਰਮ ਅਤੇ ਰੱਬ ਦੇ ਨਾਂ ਦੀਆਂ ਸੁਗੰਧਾਂ ਚੁੱਕ ਕੇ ਝੂਠੀਆਂ ਗਵਾਹੀਆਂ ਦੇਵਣ ਦੀ ਥਾਂ ਆਪਣੇ ਹੀ ਭਾਈਆਂ ਦਾ ਨਿਆਉ ਕਬੂਲ ਕਰਨ।"[7]

ਸੂਬਿਆਂ ਦੀ ਇਲਾਕਾ ਵੰਡ-

ਸੂਬਿਆਂ ਦੇ ਇਲਾਕਾ ਵੰਡ ਦੇ ਸੰਬੰਧ ਵਿਚ ਅਤੇ ਪਹਿਲੇ ਪੰਜ ਸੂਬੇ ਸਨ ਜਾਂ ਵੱਧ, ਡਾ. ਜੋਗਿੰਦਰ ਸਿੰਘ ਹੁਰੀਂ "ਸਮਾਜਿਕ ਧਾਰਮਕ ਸੁਧਾਰਾਂ ਦੇ ਪ੍ਰੋਗਰਾਮਾਂ ਨੂੰ ਲਾਗੂ ਕਰਨ ਵਿਚ ਸੂਬਾ ਪ੍ਰਣਾਲੀ ਨੂੰ ਬਹੁਤ ਮਹੱਤਵਪੂਰਨ ਕਾਰਵਾਈ" ਦੱਸਦਿਆਂ ਲਿਖਦੇ ਹਨ ਕਿ ਮੁਢਲੇ ਦੌਰ ਵਿਚ ਸੂਬਾ ਕੌਂਸਲ ਦੇ 6 ਮੈਂਬਰ ਸਨ ਅਤੇ ਉਹਨਾਂ ਦੇ ਕਾਰਜ ਖੇਤਰ ਵਿਚ ਇਉਂ ਨਿਯੁਕਤ ਕੀਤਾ ਗਿਆ- ਜਵਾਹਰ ਸਿੰਘ ਅੰਮ੍ਰਿਤਸਰ ਵਿਚ, ਕਾਹਨ ਸਿੰਘ ਨਾਭਾ ਪਟਿਆਲਾ ਅਤੇ ਸੰਗਰੂਰ (ਸਿੱਖ ਰਿਆਸਤਾਂ) ਵਿਚ, ਸਾਹਿਬ ਸਿੰਘ ਅਤੇ ਬ੍ਰਹਮਾ ਸਿੰਘ ਮਾਝਾ ਖੇਤਰ ਵਿਚ, ਸੁੱਧ ਸਿੰਘ ਅਤੇ ਲੱਖਾ ਸਿੰਘ ਦੁਆਬੇ ਵਾਸਤੇ ਮੁਕਰਰ ਕੀਤੇ ਗਏ।"[8] ਡਾ. ਸਾਹਿਬ ਮੁਤਾਬਿਕ ਬ੍ਰਹਮਾ ਸਿੰਘ ਜਿਹਾ ਮਹੱਤਵਪੂਰਨ ਸੂਬਾ ਪਹਿਲੋਂ ਬਣਾਈ ਟੀਮ ਦਾ ਹੀ ਮੈਂਬਰ ਹੋ ਸਕਦਾ ਹੈ ਕਿਉਂਕਿ ਇਹ ਉਹ 1864-65 ਵਿਚ ਸੂਬੇ ਥਾਪੇ ਜਾਣ ਤੋਂ ਪਹਿਲਾਂ ਡੇਰੇ ਭੈਣੀ ਸਾਹਿਬ ਪੁੱਜ ਚੁੱਕਾ ਹੈ। ਨਾਮਧਾਰੀ ਮਿਸ਼ਨ ਦੇ ਕੁਝ ਕੁ ਸਾਲਾਂ ਵਿਚ ਹੀ ਅਭੂਤਪੂਰਵ ਵਿਕਾਸ ਨੇ, ਜਦੋਂ ਇਸ ਦੀਆਂ ਹੱਦਾਂ ਅਟਕ ਤੋਂ ਜਮਨਾ ਦਰਿਆਵਾਂ ਦੇ ਵਿਚਲੇ ਖੇਤਰ ਵਿਚ ਫੈਲ ਚੁੱਕੀਆਂ ਸਨ, ਸੂਬਿਆਂ ਦੀ ਸੰਗਠਨ ਸਮਰਥਾ ਪ੍ਰਾਪੇਗੰਡਾ ਮਿਸ਼ਨਰੀ ਦੀ ਸੁਚੱਜੀ ਵਰਤੋਂ ਦੀ ਯੋਗਤਾ ਨੂੰ ਜੱਗ ਜ਼ਾਹਿਰ ਕਰਕੇ, ਅੰਗਰੇਜ਼ ਸਰਕਾਰ ਦੇ ਅਧਿਕਾਰੀਆਂ ਨੂੰ ਇਸ ਹੱਦ ਤੱਕ ਸੁਚੇਤ ਕਰ ਦਿੱਤਾ ਸੀ ਕਿ ਉਹਨਾਂ ਨੂੰ ਆਪਣੇ ਰਿਕਾਰਡ ਵਿਚ ਸੂਬਿਆਂ ਦੀ ਹਮਲਾਵਰ ਸ਼ਕਤੀ ਦਾ ਲੋਹਾ ਮੰਨਣਾ ਪਿਆ। ਫਜ਼ਲ ਹੁਸੈਨ, ਹੁਸ਼ਿਆਰਪੁਰ ਪੁਲਿਸ ਦਾ ਇੰਸਪੈਕਟਰ, ਜਿਸ ਦੇ ਜ਼ੁੰਮੇ ਅਨੰਦਪੁਰ ਸਾਹਿਬ ਦੇ 1867 ਵਾਲੇ ਹੋਲੇ ਮਹੱਲੇ ਤੇ ਅਮਨ ਕਾਨੂੰਨ ਕਾਇਮ ਰੱਖਣ ਦੀ ਜ਼ੁੰਮੇਵਾਰੀ ਸੀ, 20 ਮਾਰਚ 1867 ਨੂੰ ਗੁਰੂ ਰਾਮ ਸਿੰਘ ਅਤੇ ਕੂਕਾ ਮਿਸ਼ਨ ਬਾਰੇ ਵਿਸਤਰਿਤ ਰਿਪੋਰਟ ਵਿਚ ਲਿਖਦਾ ਹੈ:

"(ਗੁਰੂ) ਰਾਮ ਸਿੰਘ ਨਾਲ ਇਕ ਨਿਜੀ ਮੁਲਾਕਾਤ ਬਾਅਦ, ਮੈਂ ਕਹਿ ਸਕਦਾ ਹਾਂ ਕਿ ਉਹ ਕਿਸੇ ਵੀ ਢੰਗ ਨਾਲ ਬਰਤਾਨਵੀ ਹਕੂਮਤ ਦੇ ਵਿਰੁਧ ਕੰਮ ਨਹੀਂ ਕਰਦਾ। ਪ੍ਰੰਤੂ ਉਹਦੇ ਕੁਝ ਕੁ ਸੂਬੇ (ਲਫਟੈਣ) ਭੈੜੇ ਬੰਦੇ ਹਨ, ਜਿਹਨਾਂ ਕਰਕੇ ਉਹਦੀ ਵੀ ਪ੍ਰਸਿੱਧੀ ਵਿਚ ਫਰਕ ਪੈਂਦਾ ਹੈ।"[9]

ਭੈਣੀ ਸਾਹਿਬ ਦਾ ਸਮੀਪਵਰਤੀ ਰੇਲਵੇ ਸਟੇਸ਼ਨ ਦੋਰਾਹਾ (ਰਿਆਸਤ ਪਟਿਆਲਾ) ਦਾ ਸ੍ਰੀਮਾਨ ਜੇ. ਦੋਨੋਵਨ, ਦਿੱਲੀ ਰੇਲਵੇ ਦੇ ਕਰਮਚਾਰੀ ਨੇ, ਹਿੰਦ ਦੇ ਵਾਇਸਰਾਏ ਸਰ ਜਾਹਨ ਲਾਰੈਂਸ ਨੂੰ 30 ਸਤੰਬਰ 1868 ਨੂੰ ਇਸ ਆਸ਼ੇ ਦੇ ਆਪਣੇ ਤੀਜੇ ਪੱਤਰ ਰਾਹੀਂ, ਕੂਕਿਆਂ ਤੋਂ ਵਧਦੇ ਖਤਰੇ ਪ੍ਰਤੀ ਸੁਚੇਤ ਕੀਤਾ। ਕੂਕੇ ਜਿਹੜੇ ਕਿ ਪੰਜਾਬ ਵਿਚ ਸਰਕਾਰ ਬਰਤਾਨਵੀ ਦੇ ਵਿਰੋਧੀ ਹਨ। ਇਹਨਾਂ ਦਾ ਸਰਕਾਰ ਨੂੰ ਇਸ ਸਮੇਂ, ਏਨਾ ਖਤਰਾ ਪੈਦਾ ਹੋ ਚੁੱਕਾ ਹੈ (ਕਿਉਂਕਿ ਉਹ ਹਿੰਦੁਸਤਾਨ ਵਿਚ ਰਾਜ ਕਰਨ ਵਾਲੀ ਸਾਰੀ ਇਸਾਈ ਨਸਲ ਦੇ ਖਾਤਮੇ ਦੀ ਗੱਲ ਕਰਦੇ ਹਨ) ਸਾਰੇ ਕੂਕਿਆਂ ਨੂੰ ਸਮੇਤ ਗੁਰੂ ਰਾਮ ਸਿੰਘ ਤੁਰੰਤ ਫਾਹੇ ਟੰਗ ਦਿੱਤਾ ਜਾਣਾ ਚਾਹੀਦਾ ਹੈ।....... ਅੱਗੇ ਚਲਕੇ ਦੋਨੋਵਨ ਆਪਣੇ ਇਸ ਖਤ ਵਿਚ ਲਿਖਦਾ ਹੈ ਕਿ

"ਕੂਕੇ ਇਸ ਸਮੇਂ ਖੂਨ ਦੇ ਤਿਹਾਏ ਲੋਕ ਹਨ। ਕੂਕਿਆਂ ਨੂੰ ਸਰਕਾਰ ਵਿਰੁੱਧ ਖੜ੍ਹੇ ਵੇਖਣ ਦੀ ਰੋਜ਼ ਤਵੱਕੋ ਕੀਤੀ ਜਾਂਦੀ ਹੈ ਅਤੇ ਸਾਰੇ ਹੀ ਦੇਸੀ ਰਿਆਸਤਾਂ ਦੇ ਮੁਖੀਆਂ ਨੇ ਅਜਿਹੀ ਬਗਾਵਤ ਦੇ ਸਮੇਂ ਕੂਕਿਆਂ ਦਾ ਸਾਥ ਦੇਣ ਦੀ ਸਹੁੰ ਖਾਧੀ ਹੈ। ਕੂਕਾ ਸਮੂਹ ਦੇ ਉਹ ਲੋਕ ਜਿਹੜੇ ਦੇਸ਼ ਦੇ ਲੋਕਾਂ ਨੂੰ ਸਰਕਾਰ ਵਿਰੁੱਧ ਵਿਦ੍ਰੋਹ ਕਰਨ ਲਈ ਤਿਆਰ ਕਰ ਰਹੇ ਹਨ, ਉਹਨਾਂ ਨੂੰ ਸੂਬੇ

Namdhari Elibrary NamdhariElibrary@gmail.com

ਕਿਹਾ ਜਾਂਦਾ ਹੈ। ਉਹਨਾਂ ਦੀ ਗਿਣਤੀ 22 ਹੈ। (ਇਹ ਉਤਨੀ ਹੀ ਗਿਣਤੀ ਹੈ ਜਿਤਨੀ ਗਿਣਤੀ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਮੁਗਲਾਂ ਦੀ ਸਰਕਾਰ ਨਾਲ ਯੁੱਧ ਸਮੇਂ ਆਪਣੇ ਆਗੂਆਂ ਦੀ ਸਥਾਪਨਾ ਕੀਤੀ ਸੀ।)[10] ਇਹ ਭਾਵ 22 ਮੰਜੀਆਂ ਤੋਂ ਹੋ ਸਕਦਾ ਹੈ, ਡੋਨੋਵਨ ਦੀ ਸਿੱਖ ਇਤਿਹਾਸ ਦੀ ਸਮਝ ਸੁਣੀ ਸੁਣਾਈ ਹੀ ਮਾਲੂਮ ਹੁੰਦੀ ਹੈ।

1867 ਦੀ ਦੀਪਮਾਲਾ ਦੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਨੇ ਅੰਮ੍ਰਿਤਸਰ ਵਿਖੇ 15 ਤੋਂ 20 ਹਜ਼ਾਰ ਸੰਗਤਾਂ ਦੇ ਇਕੱਠ ਸਮੇਤ ਭਾਗ ਲਿਆ। ਇਸ ਪੁਰਬ ਤੇ ਸਿੱਖੀ ਦੇ ਬੁਨਿਆਦੀ ਪ੍ਰਸ਼ਨਾਂ ਬਾਰੇ ਪੁਜਾਰੀਆਂ ਨਾਲ ਚਰਚਾ ਹੋਈ ਅਤੇ ਸਤਿਗੁਰੂ ਜੀ ਨੇ ਕੂਕੇ ਸਿੰਘਾਂ ਦੁਆਰਾ ਉਚ ਜੀਵਨ ਮੁੱਲਾਂ ਦੀ ਪਾਲਣਾ ਅਤੇ ਭਜਨ ਬਾਣੀ ਦੇ ਨਿਤਨੇਮ ਵਿਚ ਪਰਪੱਕ ਹੋਣ, ਮਾਸ ਮਦਰਾ ਅਤੇ ਹੋਰ ਨਸ਼ਿਆਂ ਦਾ ਤਿਆਗ ਸਦਕਾ, ਉਹਨਾਂ ਨੂੰ ਪੁਜਾਰੀਆਂ ਦੁਆਰਾ ਪਰਚਾਰੀ ਅਤੇ ਅਖਤਿਆਰੀ ਕੀਤੀ ਗਈ ਸਿੱਖੀ ਤੋਂ, ਬੇਹਤਰ ਸਿੱਧ ਕੀਤਾ। ਇਸ ਸਮੇਂ ਨਰਾਇਣ ਸਿੰਘ ਪੁਲਿਸ ਇੰਸਪੈਕਟਰ ਅੰਮ੍ਰਿਤਸਰ ਨੂੰ ਪੁਲਿਸ ਵਲੋਂ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਛੱਡਿਆ ਗਿਆ। ਸਰਕਾਰ ਨੇ ਉਹਨਾਂ ਸਾਰੇ ਸੂਬਿਆਂ ਬਾਰੇ ਜੋ ਇਸ ਦਿਵਾਲੀ ਤੇ ਅੰਮ੍ਰਿਤਸਰ ਪੁੱਜੇ ਸਨ, ਜੋ ਰਿਪੋਰਟ ਤਿਆਰ ਕੀਤੀ ਉਸ ਵਿਚ ਉਹਨਾਂ ਸੂਬਿਆਂ ਦੀ ਵਲਦੀਅਤ ਅਤੇ ਪਿੰਡ ਪੀਹੜ ਬਾਰੇ ਬੜੀ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ, ਜਿਸ ਵਿਚ ਉਹਨਾਂ ਦੇ ਕਾਰਜ ਖੇਤਰ ਦਾ ਵੇਰਵਾ ਵੀ ਹੈ ਭਾਵੇਂ ਕਿ ਜਿਵੇਂ ਪਹਿਲਾਂ ਦੱਸਿਆ ਹੈ ਸਭ ਕੁਝ ਸਤਿਗੁਰੂ ਜੀ ਦੀ ਖੁਸ਼ੀ ਤੇ ਨਿਰਭਰ ਹੋਣ ਕਾਰਨ ਇਹ ਕਾਰਜ ਖੇਤਰ ਬਦਲਦਾ ਰਹਿੰਦਾ ਹੈ।

ਪਹਿਲਾ : ਲਾਭ ਸਿੰਘ ਪੁੱਤਰ ਜੀਤਾ ਸਿੰਘ, ਵਾਹੀਵਾਨ (ਵੜਿੰਗ - ਗੋਤ) ਨਿਵਾਸੀ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ, ਦੋਹਾਂ ਅੱਖਾਂ ਤੋਂ ਬਿਲਕੁਲ ਨਹੀਂ ਵੇਖ ਸਕਦਾ, ਉਮਰ 40 ਸਾਲ, ਇਹ ਵਿਅਕਤੀ ਅੰਮ੍ਰਿਤਸਰ ਅਤੇ ਜਲੰਧਰ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਦਾ ਹੈ।

ਦੂਜਾ : ਲੱਖਾ ਸਿੰਘ ਪੁੱਤਰ ਰਾਮ ਸਿੰਘ, ਵਾਹੀਵਾਨ (ਸੁਰਾਇ - ਗੋਤ), ਨਿਵਾਸੀ : ਮਲੌਦ ਜ਼ਿਲ੍ਹਾ ਲੁਧਿਆਣਾ, ਪ੍ਰੰਤੂ ਇਸ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ ਰਹਿ ਰਿਹਾ ਹੈ। ਉਮਰ 28 ਸਾਲ। ਇਹ ਵਿਅਕਤੀ ਹੁਸ਼ਿਆਰਪੁਰ ਅਤੇ ਜਲੰਧਰ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਦਾ ਹੈ ਅਤੇ ਕੂਕੇ ਬਣਾਉਂਦਾ ਹੈ।

ਤੀਜਾ : ਰਾਮ ਜੱਸ ਪੁੱਤਰ ਨੰਦ ਚੰਦ, ਜਾਤੀ ਬ੍ਰਾਹਮਣ, ਨਿਵਾਸੀ ਜਗਰਾਉਂ, ਜ਼ਿਲ੍ਹਾ ਲੁਧਿਆਣਾ, 70 ਸਾਲ, ਲੁਧਿਆਣੇ ਜ਼ਿਲ੍ਹੇ ਵਿਚ ਪ੍ਰਚਾਰ ਕਰਦਾ ਹੈ।

ਚੌਥਾ : ਸਾਹਿਬ ਸਿੰਘ ਪੁੱਤਰ ਦਿਆਲ ਸਿੰਘ, ਜਾਤੀ ਤਰਖਾਣ, ਉਮਰ 34 ਸਾਲ, ਨਿਵਾਸੀ ਬਨਵਾਲੀਪੁਰ (ਬੰਗਾਲੀਪੁਰ), ਜ਼ਿਲ੍ਹਾ ਅੰਮ੍ਰਿਤਸਰ। ਇਹ ਵਿਅਕਤੀ ਹਮੇਸ਼ਾ (ਗੁਰੂ) ਰਾਮ ਸਿੰਘ ਜੀ ਦੀ ਨਿਜੀ ਹਜ਼ੂਰੀ ਵਿਚ ਰਹਿੰਦਾ ਹੈ। ਇਹ ਗੁਰੂ ਦਾ ਮੁੱਖ ਲਫਟੈਣ ਅਤੇ ਪ੍ਰਸਿੱਧੀ ਪ੍ਰਾਪਤ ਗੁਰੂ ਦਾ ਉਤਰਾਧਿਕਾਰੀ ਹੈ।

ਪੰਜਵਾਂ : ਕਾਹਨ ਸਿੰਘ ਪੁੱਤਰ ਨੱਥਾ ਸਿੰਘ, ਜਾਤੀਵਾਨ (ਜਾਂ ਜੱਟ) (ਗੋਤ ਬੋਪਾਰਾਇ), ਨਿਵਾਸੀ ਚੱਕ ਰਿਆਸਤ ਮਲੇਰਕੋਟਲਾ, ਉਮਰ 60 ਵਰ੍ਹੇ, ਇਸ ਸਮੇਂ ਬਿਲੋਲ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਰਹਿ ਰਿਹਾ ਹੈ। ਇਹ ਵਿਅਕਤੀ ਇਕ ਵੱਡਾ ਨਿਹੰਗ ਹੈ, ਬੇਸ਼ੱਕ ਉਹ ਇਕ ਕੂਕਾ ਵੀ ਹੈ, ਇਸ ਦੇ ਪ੍ਰਚਾਰ ਖੇਤਰ ਵਿਚ ਹੋਸ਼ਿਆਰਪੁਰ, ਅੰਬਾਲਾ, ਮਾਲਵਾ ਅਤੇ ਕੋਰਿਤਸਾਨ ਹਨ।

ਛੇਵਾਂ : ਨਰਾਇਣ ਸਿੰਘ ਪੁੱਤਰ ਸੰਤ ਸਿੰਘ, ਜਾਤੀ ਤਰਖਾਣ ਨਿਵਾਸੀ ਖੇੜੀ (ਨਹੀਂ ਖਟੜੇ) ਜ਼ਿਲ੍ਹਾ ਲੁਧਿਆਣਾ, ਉਮਰ 32 ਸਾਲ, ਮੁਕਤਸਰ ਅਤੇ ਫਿਰੋਜ਼ਪੁਰ ਜ਼ਿਲੇ ਦੇ ਹੋਰ ਇਲਾਕਿਆਂ ਵਿਚ ਪ੍ਰਚਾਰ ਕਰਦਾ ਹੈ।

ਸੱਤਵਾਂ : ਹੁਕਮਾ ਸਿੰਘ ਪੁੱਤਰ ਮੋਹਰ ਸਿੰਘ; ਜਾਤੀ ਵਾਹੀਵਾਨ (ਮਾਨ - ਗੋਤ) ਨਿਵਾਸੀ ਪਿਥੋਂ ਰਿਆਸਤ ਨਾਭਾ, ਉਮਰ 25 ਸਾਲ, ਲੁਧਿਆਣੇ ਅਤੇ ਮਾਝੇ ਵਿਚ ਪ੍ਰਚਾਰ ਕਰਦਾ ਹੈ ਅਤੇ ਸਤਿਗੁਰੂ ਜੀ ਦੀ ਸੰਗਤ ਵੀ ਕਰਦਾ ਹੈ।

ਅੱਠਵਾਂ : ਪਹਾੜਾ ਸਿੰਘ ਪੁੱਤਰ ਹੇਮਾ ਸਿੰਘ, ਜਾਤੀ ਵਾਹੀਵਾਨ (ਪੰਧੇਰ - ਗੋਤ), ਨਿਵਾਸੀ ਮਲੌਦ, ਜ਼ਿਲ੍ਹਾ ਲੁਧਿਆਣਾ, ਲੁਧਿਆਣਾ, ਗੁਜਰਾਂਵਾਲਾ, ਵਿਚ ਪ੍ਰਚਾਰ ਕਰਦਾ ਹੈ। ਇਹ ਵੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੀ ਰਹਿੰਦਾ ਹੈ।

ਨੌਵਾਂ : ਜਵਾਹਰ ਸਿੰਘ ਪੁੱਤਰ ਦਲ ਸਿੰਘ, ਜਾਤੀ ਵਾਹੀਵਾਨ (ਸੋਹਲ), ਨਿਵਾਸੀ ਭੋਲੇਕੀ, ਹਾਲ ਦੀ ਘੜੀ ਤਖਤੂਪੁਰਾ ਜ਼ਿਲ੍ਹਾ ਫਿਰੋਜਪੁਰ ਵਿਚ ਰਹਿ ਰਿਹਾ ਹੈ, ਉਮਰ 46 ਸਾਲ। ਪ੍ਰਚਾਰ ਖੇਤਰ ਵਿਚ ਫਿਰੋਜ਼ਪੁਰ ਅਤੇ ਆਸ ਪਾਸ ਦੇ ਇਲਾਕੇ ਹਨ।

ਦਸਵਾਂ : ਸਮੁੰਦ ਸਿੰਘ ਪੁੱਤਰ ਵਸਾਵਾ ਸਿੰਘ, ਜਾਤੀ ਵਾਹੀਵਾਨ (ਸਿੱਧੂ) ਨਿਵਾਸੀ ਖੋਟੇ, ਜ਼ਿਲ੍ਹਾ ਫਿਰੋਜ਼ਪੁਰ, ਉਮਰ 40 ਸਾਲ, ਫਿਰੋਜ਼ਪੁਰ ਜ਼ਿਲ੍ਹੇ ਵਿਚ ਪ੍ਰਚਾਰ ਕਰਦਾ ਹੈ।

ਗਿਆਰਵਾਂ : ਅਰੂੜ ਸਿੰਘ ਪੁੱਤਰ ਦਿਆਲ ਸਿੰਘ, ਜਾਤੀ ਤਰਖਾਣ, ਨਿਵਾਸੀ ਬਨਵਾਲੀਪੁਰ (ਬੰਗਾਲੀਪੁਰ) ਜ਼ਿਲ੍ਹਾ ਅੰਮ੍ਰਿਤਸਰ, ਅੰਮ੍ਰਿਤਸਰ ਜ਼ਿਲ੍ਹੇ ਵਿਚ ਪ੍ਰਚਾਰ ਕਰਦਾ ਹੈ।

ਬਾਰ੍ਹਵਾਂ : ਵਸਾਵਾ ਸਿੰਘ ਪੁੱਤਰ ਖੜਗ ਸਿੰਘ, ਜਾਤੀ ਵਾਹੀਵਾਨ (ਠੌਂਗ), ਨਿਵਾਸੀ ਅਨੂਲ, ਜ਼ਿਲ੍ਹਾ

Namdhari Elibrary NamdhariElibrary@gmail.com

ਕਰਨਾਲ, ਉਮਰ 50 ਸਾਲ, ਕਰਨਾਲ ਅਤੇ ਅੰਬਾਲਾ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਦਾ ਹੈ।

ਤੇਰ੍ਹਵਾਂ : ਮੁਸੰਮਤ ਹੁਕਮੀ ਪੁੱਤਰੀ ਰਤਨ ਸਿੰਘ ਵਾਹੀਵਾਨ (ਸੰਧੂ), ਨਿਵਾਸੀ ਵਰਿਆਂਹ ਜ਼ਿਲ੍ਹਾ ਅੰਮ੍ਰਿਤਸਰ, ਉਮਰ 20 ਸਾਲ, ਇਹ ਬੀਬੀ ਉਪਰ 5 ਨੰਬਰ ਤੇ ਆਏ ਕਾਹਨ ਸਿੰਘ ਨਿਹੰਗ ਦੀ ਸੰਗਤ ਵਿਚ ਵੀ ਰਹਿ ਕੇ ਬੜੀ ਸਫਲਤਾ ਨਾਲ ਹੁਸ਼ਿਆਰਪੁਰ, ਅੰਮ੍ਰਿਤਸਰ ਅਤੇ ਹੋਰ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਦੀ ਰਹੀ ਹੈ।

ਚੌਧਵਾਂ : ਜੇਤਾ ਸਿੰਘ ਪੁੱਤਰ ਰਤਨ ਸਿੰਘ, ਜਾਤੀ ਘੁਮਿਆਰ, ਨਿਵਾਸੀ ਢੱਪਈ, ਜ਼ਿਲ੍ਹਾ ਸਿਆਲਕੋਟ, ਉਮਰ 35 ਸਾਲ, ਸਿਆਲਕੋਟ ਅਤੇ ਲਾਹੌਰ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਦਾ ਹੈ।

ਪੰਧਰਵਾਂ : ਗੋਪਾਲ ਸਿੰਘ ਪੁੱਤਰ ਸਾਹਿਬ ਸਿੰਘ, ਜਾਤੀ ਵਾਹੀਵਾਨ (ਧਾਰੀਵਾਲ), ਨਿਵਾਸੀ ਮਢੌਰ ਪਟਿਆਲਾ ਰਿਆਸਤ, ਪ੍ਰਚਾਰ ਜ਼ਿਲ੍ਹਾ ਲੁਧਿਆਣਾ ਵਿਚ ਕਰਦਾ ਹੈ ਅਤੇ ਮਹੰਤ (ਸਤਿਗੁਰੂ) ਰਾਮ ਸਿੰਘ ਦੇ ਘਰ ਵਿਚ ਇਕ ਦੁਕਾਨ ਵੀ ਚਲਾਉਂਦਾ ਹੈ।

ਸੋਲ੍ਹਵਾਂ : ਬ੍ਰਹਮਾ ਸਿੰਘ ਪੁੱਤਰ ਗੁਲਾਬ ਸਿੰਘ, ਜਾਤੀ ਵਾਹੀਵਾਨ (ਕੈਲਾਨਾ), (ਦਰਿਆਪੁਰ ਦੇ ਪਾਸ) ਜ਼ਿਲ੍ਹਾ ਅੰਬਾਲਾ, ਉਮਰ 45 ਸਾਲ, ਪ੍ਰਚਾਰ ਖੇਤਰ ਜਲੰਧਰ, ਗੁਜਰਾਂਵਾਲਾ, ਲਾਹੌਰ ਅਤੇ ਸਿਆਲਕੋਟ ਜ਼ਿਲ੍ਹੇ ਹਨ।

ਸਤਾਰ੍ਹਵਾਂ : ਖਜ਼ਾਨ ਸਿੰਘ ਪੁੱਤਰ ਮਨੀ ਸਿੰਘ ਜਾਤੀ ਤਰਖਾਣ, ਨਿਵਾਸੀ ਲਧਾਣਾ, ਜ਼ਿਲ੍ਹਾ ਜਲੰਧਰ, ਉਮਰ 35 ਸਾਲ, ਲਾਹੌਰ ਅੰਮ੍ਰਿਤਸਰ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਦਾ ਹੈ ਅਤੇ (ਸਤਿਗੁਰੂ ਜੀ ਦੀ) ਹਜ਼ੂਰੀ ਵਿਚ ਵੀ ਰਹਿੰਦਾ ਹੈ।

ਅਠ੍ਹਾਰਵਾਂ : ਸਰੁਮੁੱਖ ਸਿੰਘ ਪੁੱਤਰ ਵਸਾਵਾ ਸਿੰਘ, ਜਾਤੀ ਤਰਖਾਣ, ਨਿਵਾਸੀ ਡੇਹਲੋਂ, ਰਿਆਸਤ ਪਟਿਆਲਾ, ਉਮਰ 30 ਸਾਲ, ਪਟਿਆਲਾ ਰਿਆਸਤ ਵਿਚ ਪ੍ਰਚਾਰ ਕਰਦਾ ਹੈ।

ਉਨ੍ਹੀਵਾਂ : ਹਰਨਾਮ ਸਿੰਘ ਪੁੱਤਰ ਆਸਾ ਸਿੰਘ, ਜਾਤੀ ਵਾਹੀਵਾਨ, ਨਿਵਾਸੀ ਮੰਡੀ ਕਲਾਂ, ਰਿਆਸਤ ਜੀਂਦ, ਉਮਰ 28 ਸਾਲ, ਪਟਿਆਲਾ ਅਤੇ ਜੀਂਦ ਰਿਆਸਤਾਂ ਵਿਚ ਪ੍ਰਚਾਰ ਕਰਦਾ ਹੈ।

ਵੀਹਵਾਂ : ਜਮੀਅਤ ਸਿੰਘ ਪੁੱਤਰ ਚੰਦਾ ਸਿੰਘ, ਜਾਤੀ ਵਾਹੀਵਾਨ, ਨਿਵਾਸੀ ਪਿੰਡ ਗਿੱਲ, ਜ਼ਿਲ੍ਹਾ ਸਿਆਲਕੋਟ, ਉਮਰ 50 ਸਾਲ, ਸਿਆਲਕੋਟ ਅਤੇ ਨਾਲ ਲੱਗਦੇ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਦਾ ਹੈ।

ਇੱਕੀਵਾਂ : ਮਲੂਕ ਸਿੰਘ, ਜਾਤੀ ਵਾਹੀਵਾਨ, ਨਿਵਾਸੀ ਭੋਲੇਵਾਲ, ਜ਼ਿਲ੍ਹਾ ਫਿਰੋਜ਼ਪੁਰ, ਉਮਰ 35 ਸਾਲ ਫਿਰੋਜ਼ਪੁਰ ਅਤੇ ਆਸ ਪਾਸ ਦੇ ਇਲਾਕਿਆਂ ਵਿਚ ਪ੍ਰਚਾਰ ਕਰਦਾ ਹੈ।

> ***ਜਿਹੜੇ ਜ਼ਿਲ੍ਹੇ ਹਰ ਸੂਬੇ ਦੇ ਨਾਂ ਦੇ ਸਾਹਵੇਂ ਲਿਖੇ ਗਏ ਹਨ, ਉਹਨਾਂ ਵਿਚ ਪ੍ਰਚਾਰ ਕਰਨ ਤੋਂ ਇਲਾਵਾ ਇਹ ਸਾਰੇ ਲਫਟੈਣ (ਸੂਬੇ) (ਗੁਰੂ) ਰਾਮ ਸਿੰਘ ਦੀ ਆਗਿਆ ਨਾਲ ਹੋਰ ਵੀ ਬਹੁਤ ਸਾਰੀਆਂ ਥਾਵਾਂ ਤੇ ਪ੍ਰਚਾਰ ਕਰਦੇ ਹਨ।***

ਬਾਈਵਾਂ : ਸਾਧੂ ਸਿੰਘ, ਨਿਵਾਸੀ ਘਣਗੂਰ, ਜ਼ਿਲ੍ਹਾ ਲੁਧਿਆਣਾ, ਜਾਤੀ ਉਦਾਸੀ ਸਾਧ, ਉਮਰ 32 ਸਾਲ, ਲੁਧਿਆਣਾ ਅਤੇ ਆਸ ਪਾਸ ਦੇ ਜ਼ਿਲ੍ਹਿਆਂ ਵਿਚ ਪ੍ਰਚਾਰ ਕਰਦਾ ਹੈ।

ਜਿਹੜੇ ਜ਼ਿਲ੍ਹੇ ਹਰ ਸੂਬੇ ਦੇ ਨਾਂ ਦੇ ਸਾਹਵੇਂ ਲਿਖੇ ਗਏ ਹਨ, ਉਹਨਾਂ ਵਿਚ ਪ੍ਰਚਾਰ ਕਰਨ ਤੋਂ ਇਲਾਵਾ ਇਹ ਸਾਰੇ ਲਫਟੈਣ (ਸੂਬੇ) (ਗੁਰੂ) ਰਾਮ ਸਿੰਘ ਦੀ ਆਗਿਆ ਨਾਲ ਹੋਰ ਵੀ ਬਹੁਤ ਸਾਰੀਆਂ ਥਾਵਾਂ ਤੇ ਪ੍ਰਚਾਰ ਕਰਦੇ ਹਨ।[11]

ਡਾ. ਫੌਜਾ ਸਿੰਘ ਬਾਜਵਾ ਅਤੇ ਐਮ. ਐਮ. ਆਲੂਵਾਲੀਆ ਨੇ ਸਰਕਾਰੀ ਰਿਕਾਰਡ ਮੁਤਾਬਿਕ ਰਚਨਾਵਾਂ ਵਿਚ 22 ਸੂਬਿਆਂ ਦੀ ਜਿਹੜੀ ਸੂਚੀ ਦਿਤੀ ਹੈ ਉਸ ਵਿਚ ਰਾਮ ਜੱਸ ਦੀ ਥਾਂ ਸੂਬਾ ਸੁੱਧ ਸਿੰਘ ਦਰਜ਼ ਹੈ। ਬਾਕੀ ਸੂਚੀ ਉਪਰੋਕਤ ਹੈ। ਸੁੱਧ ਸਿੰਘ ਹੋ ਸਕਦਾ ਹੈ ਦਿਵਾਲੀ 1867 ਵਿਚ ਨਾ ਜਾਣ ਕਾਰਨ ਰਹਿ ਗਏ। ਸਰਕਾਰੀ ਅਤੇ ਨਾਮਧਾਰੀਆਂ ਦੀ ਪ੍ਰੰਪਰਾਗਤ ਸੂਚੀ ਬਾਰੇ ਵੀ ਫੌਜਾ ਸਿੰਘ ਹੋਰੀਂ ਜੋ ਵਖਰੇਵਾਂ ਹੈ ਉਸ ਦਾ ਜ਼ਿਕਰ ਕਰਦਿਆਂ ਇਸ ਲਈ ਜ਼ਿੰਮੇਵਾਰ ਕਾਰਨ ਵੀ ਗਿਣਾਉਂਦੇ ਹਨ। :

"ਇਹ ਲਿਸਟ (ਉਪਰ ਵਰਣਿਤ) (ਇਕ ਰਾਮ ਜੱਸ ਵਾਲਾ ਫਰਕ ਕੱਢ ਕੇ) ਸੰਤ ਨਿਧਾਨ ਸਿੰਘ ਆਲਿਮ ਅਤੇ ਨਾਹਰ ਸਿੰਘ ਹੋਰਾਂ ਦੀਆਂ ਦਿੱਤੀਆਂ ਸੂਚੀਆਂ ਨਾਲ ਪੂਰਾ ਮੇਲ ਨਹੀਂ ਖਾਂਦੀ। ਮਿਸਾਲ ਵਜੋਂ ਰਤਨ ਸਿੰਘ, ਖੁਸ਼ਹਾਲ ਸਿੰਘ, ਮਾਨ ਸਿੰਘ, ਭਗਵਾਨ ਸਿੰਘ, ਰਾਜਾ ਸਿੰਘ ਦੇ ਨਾਮ, ਜੋ ਇਹਨਾਂ ਲੇਖਕਾਂ ਨੇ ਸੂਬਿਆਂ ਦੀ ਸੂਚੀ ਵਿਚ ਲਿਖੇ ਹਨ, ਉਪਰ ਵਰਣਿਤ ਸੂਚੀ ਵਿਚ ਨਹੀਂ ਆਉਂਦੇ। ਸ਼ਾਇਦ ਮੁਸ਼ਕਿਲ ਦੇ ਇਕ ਹਿੱਸੇ ਦਾ ਹੱਲ ਇਹ ਕਹਿ ਕੇ ਕੱਢਿਆ ਜਾ ਸਕਦਾ ਹੈ ਕਿ ਸਰਕਾਰੀ ਸੂਹੀਏ ਲੋਕਾਂ ਦੀਆਂ ਸੂਚਨਾਵਾਂ, ਮੁਕੰਮਲ ਤੌਰ

Namdhari Elibrary NamdhariElibrary@gmail.com

ਤੇ ਭਰੋਸੇਮੰਦ ਨਹੀਂ ਹੁੰਦੀਆਂ ਅਤੇ ਦੂਸਰਾ ਇਹ ਵੀ ਸੰਭਵ ਹੈ ਕਿ ਨਵੇਂ ਹਾਸਿਲ ਕੀਤੇ ਅਨੁਭਵਾਂ ਦੇ ਅਧਾਰ ਤੇ ਵਕਤਨ ਬਵਕਤਨ ਸੂਬਿਆਂ ਵਿਚ ਕੁਝ ਤਬਦੀਲੀਆਂ ਵੀ ਕੀਤੀਆਂ ਜਾ ਸਕਦੀਆਂ ਹਨ। ਉਪਰ ਵਰਣਿਤ ਸੂਬਿਆਂ ਵਿੱਚੋਂ ਕੁਝ ਕੁ ਸ਼ਕਤੀਸ਼ਾਲੀ ਸ਼ਖਸੀਅਤਾਂ ਦੇ ਸੁਆਮੀ ਸਨ ਅਤੇ ਪ੍ਰਸਿੱਧੀ ਦੀ ਹੱਦ ਤੱਕ ਸਫਲ ਸਨ। ਉਹਨਾਂ ਵਿਚ ਜਵਾਹਰ ਸਿੰਘ, ਸਾਹਿਬ ਸਿੰਘ, ਬ੍ਰਹਮਾ ਸਿੰਘ, ਬੀਬੀ ਹੁਕਮੀ, ਸੁੱਧ ਸਿੰਘ ਅਤੇ ਕਾਹਨ ਸਿੰਘ ਸ਼ਾਮਿਲ ਸਨ। ਕੁਝ ਸੂਬੇ ਪੰਜਾਬ ਤੋਂ ਬਾਹਰ ਕਾਰਜ ਕਰਨ ਲਈ ਨਿਯੁਕਤ ਕੀਤੇ ਗਏ ਸਨ, ਜਿਹਾ ਕਿ :

(1) ਸੂਬਾ ਬਿਸ਼ਨ ਸਿੰਘ - ਕਾਬਲ

(2) ਸੂਬਾ ਨਰਾਇਣ ਸਿੰਘ - ਗਵਾਲੀਅਰ ਅਤੇ ਮੱਧ ਭਾਰਤ

(3) ਸੂਬਾ ਕਾਹਨ ਸਿੰਘ - ਬਨਾਰਸ

(4) ਸੂਬਾ ਨਿਹੰਗ ਸਿੰਘ - ਨੇਪਾਲ

(5) ਸੂਬਾ ਹੇਮਾ ਸਿੰਘ - ਕਸ਼ਮੀਰ [12]

ਉਪਰ ਨੰਬਰ (3) ਅਤੇ (4) ਵਿਚ ਵਰਣਿਤ ਦੋਵੇਂ ਸੂਬੇ ਦਰਅਸਲ ਇਕੋ ਸੂਬਾ ਹੈ : ਸੂਬਾ ਕਾਹਨ ਸਿੰਘ ਨਿਹੰਗ ਚੱਕ ਵਾਲਾ। ਇਸ ਤਰ੍ਹਾਂ (5) ਨੰਬਰ ਤੇ ਕਸ਼ਮੀਰ ਲਈ ਥਾਪਿਆ। ਸੂਬਾ ਹੇਮਾ ਸਿੰਘ ਜੋ ਅੰਗਰੇਜ਼ੀ ਵਿਚ Hema ਅਤੇ Heera ਦੇ ਰਲਦੇ ਮਿਲਦੇ ਸਪੈਲਿੰਗ ਵੇਖੀਏ ਤਾਂ ਇਹ ਸੂਬਾ ਹੀਰਾ ਸਿੰਘ ਲੰਮੂ ਸਢੋਰੇ ਵਾਲਾ ਵੀ ਹੋ ਸਕਦਾ ਹੈ। ਹੁਣ ਅਸੀਂ ਟੀ. ਏ. ਓ. ਕੂਨਰ ਵਾਲੀ ਕੂਕਾ ਮੁਖੀਆਂ ਦੀ ਸੂਚੀ ਦਾ ਜੇ ਅਵਲੋਕਨ ਕਰੀਏ ਤਾਂ ਸਾਨੂੰ ਉਪਰੋਕਤ ਤੋਂ ਇਲਾਵਾ ਹੋਰਨਾਂ ਸੂਬਿਆਂ ਦਾ, ਉਹਨਾਂ ਦੁਆਰਾ ਸੈਨਾ ਜਾਂ ਪੁਲਿਸ ਵਿਚ ਰਹਿਣ ਦਾ ਅਤੇ ਕੂਕਾ ਬਣਨ ਤੋਂ ਪਹਿਲਾਂ ਉਹ ਕਿਸ ਸੰਪ੍ਰਦਾਇ ਵਿਚ ਸਨ, ਇਸ ਬਾਰੇ ਵੱਡਮੁਲੀ ਜਾਣਕਾਰੀ ਮਿਲਦੀ ਹੈ। ਇਹ ਠੀਕ ਹੈ ਕਿ ਨਾਂ, ਥਾਂ, ਪਿਤਾ, ਕਿੱਤੇ ਜਾਤੀ ਆਦਿ ਬਾਰੇ ਕੁਝਨਾਂ ਸੂਬਿਆਂ ਬਾਰੇ ਭਰਾਂਤੀਜਨਕ ਸੂਚਨਾਵਾਂ ਵੀ ਹਨ ਫਿਰ ਵੀ ਅਸੀਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਥਾਪੇ ਸੂਬਿਆਂ ਦੀ ਕਾਰਜ ਪ੍ਰਣਾਲੀ, ਉਹਨਾਂ ਦਾ ਸਮਾਜਿਕ, ਆਰਥਿਕ, ਧਾਰਮਿਕ ਆਧਾਰ ਪਰਖਣ ਲਈ ਇਸ ਸੂਚੀ ਤੋਂ ਲਾਭਵੰਤ ਹੋਣ ਦਾ ਯਤਨ ਛੱਡ ਨਹੀਂ ਸਕਦੇ।

(1) (ਸਤਿਗੁਰੂ) ਰਾਮ ਸਿੰਘ ਪੁੱਤਰ ਜੱਸਾ ਸਿੰਘ, ਭੈਣੀ, ਲੁਧਿਆਣਾ, ਸੰਪ੍ਰਦਾਇ ਦਾ ਮੁਖੀ, ਸਿੱਖ ਰਾਜ ਸਮੇਂ ਨੌਨਿਹਾਲ ਸਿੰਘ ਰੈਜੀਮੈਂਟ ਵਿਚ ਸਿਪਾਹੀ

(2) ਸਾਹਿਬ ਸਿੰਘ ਪੁੱਤਰ ਲਾਲ (ਦਿਆਲ) ਸਿੰਘ ਸੰਮਣਵਾਲੀ, ਤਰਨਤਾਰਨ ਅੰਮ੍ਰਿਤਸਰ ਪ੍ਰੰਤੂ ਹੁਣ ਭੈਣੀ (ਸਾਹਿਬ) ਵਿਖੇ ਹੀ ਰਹਿੰਦਾ ਹੈ, ਸੂਬਾ (ਗੁਰੂ) ਰਾਮ ਸਿੰਘ ਦਾ ਭਰੋਸੇਮੰਦ, ਕਾਹਨ ਸਿੰਘ ਦੇ ਨਾਲ ਨੇਪਾਲ ਗਿਆ।

(3) ਕਾਹਨ ਸਿੰਘ ਉਰਫ ਨਿਹੰਗ ਸਿੰਘ, ਪੁੱਤਰ ਨੱਥਾ ਸਿੰਘ ਜੱਟ, (ਰਿਆਸਤ ਮਲੇਰਕੋਟਲਾ), ਸੂਬਾ, ਨੌਨਿਹਾਲ ਰੈਜੀਮੈਂਟ ਵਿਚ ਹਵਾਲਦਾਰ ਸੀ। (ਸੂਬਾ ਜੀ ਦੇ ਚਾਲ ਚਲਣ ਬਾਰੇ ਦੁਸ਼ਮਣ ਸਰਕਾਰ ਪ੍ਰਤੀਕੂਲ ਟਿਪਣੀ ਕਰਦੀ ਹੈ), ਕੋਈ ਇੱਕ ਪੱਕਾ ਟਿਕਾਣਾ ਨਹੀਂ, ਇਕ ਤੋਂ ਦੂਜੇ ਜ਼ਿਲ੍ਹੇ ਤੱਕ ਘੁੰਮਦਾ ਫਿਰਦਾ ਰਹਿੰਦਾ ਹੈ।

(4) ਲੱਖਾ ਸਿੰਘ ਪੁੱਤਰ ਰੂੜ ਸਿੰਘ ਜੱਟ, ਛੱਤ ਬਨੂੜ ਪਟਿਆਲਾ, ਸੂਬਾ, ਦੂਜੀ ਪੁਲਿਸ ਬਟਾਲੀਅਨ (ਸ਼ੇਰ ਦਿਲ) ਵਿਚ ਸਿਪਾਹੀ, ਉਹ ਡਰਿਲ ਇਨਸਟਰਕਟਰ ਸੀ, ਝਗੜਾਲੂ ਤੇ ਕੱਟੜ ਬਿਰਤੀ ਵਾਲਾ, ਗੜਬੜ ਪੈਦਾ ਕਰ ਸਕਦਾ ਹੈ। ਹੁਣੇ ਜਿਹੇ ਪਟਿਆਲੇ ਵਿਚ ਕੈਦ ਹੋਇਆ ਸੁਣਿਆ ਹੈ।

(5) ਮੰਗਲ ਸਿੰਘ ਜੱਟ, ਪਟਿਆਲਾ, ਧੌਲਪੁਰ, ਸਿਰਦਾਰ ਸੂਬਾ, ਫੌਜੀ ਨੌਕਰੀ ਬਾਰੇ ਪਤਾ ਨਹੀਂ, ਕਿਹਾ ਜਾਂਦਾ ਹੈ ਕਿ ਪਟਿਆਲੇ ਦੇ ਰਾਜੇ ਨੇ ਉਹਨੂੰ ਕੂਕਿਆਂ ਨੂੰ ਛੱਡਣ ਲਈ ਕਈ ਪ੍ਰਲੋਭਨ ਦਿੱਤੇ ਪ੍ਰੰਤੂ ਉਹ ਇਹਨਾਂ ਨੂੰ ਨਹੀਂ ਛੱਡੇਗਾ। ਉਸਨੂੰ ਪਟਿਆਲਾ ਵਿਚੋਂ ਕੱਢ ਦਿੱਤਾ ਗਿਆ ਹੈ ਅਤੇ ਹੁਣ ਉਹ (ਗੁਰੂ) ਰਾਮ ਸਿੰਘ ਦੇ ਨਾਲ ਹੀ ਰਹਿੰਦਾ ਹੈ।

(6) ਹੀਰਾ ਸਿੰਘ ਲੰਬਾ ਜਾਂ ਲੰਬੂ, ਜਗਾਧਾਰੀ ਨੇੜੇ ਦੁਰਗਾਪੁਰ - ਅੰਬਾਲਾ, ਜਗੀਰਦਾਰ ਸੂਬਾ, ਸਿੱਖਾਂ ਦੇ ਵੇਲੇ ਘੋੜ ਚੜ੍ਹਿਆਂ ਵਿਚ ਰਿਹਾ, ਕਸ਼ਮੀਰ ਰਾਜ ਦੀ ਸੇਵਾ ਵਿਚ ਸੀ ਪਰ ਹੁਣ ਬਰਤਰਫ ਕਰ ਦਿੱਤਾ ਗਿਆ ਹੈ।

(7) ਮੋਤੀ ਸਿੰਘ ਪੋਤਰਾ (ਜਰਨੈਲ) ਹਰੀ ਸਿੰਘ ਨਲਵਾ ਖੱਤਰੀ ਗੁਜਰਾਂਵਾਲਾ ਜ਼ਿਲੇ ਦਾ ਨਿਵਾਸੀ, ਪ੍ਰੰਤੂ ਪਿਛਲੇ ਅੱਠ ਸਾਲਾਂ ਤੋਂ ਛੀਨੀਘਾਟੀ, ਮਾਹਲਪੁਰ ਹੁਸ਼ਿਆਰਪੁਰ ਵਿਖੇ ਰਹਿ ਰਿਹਾ ਹੈ, ਸੂਬਾ ਨੇਪਾਲ ਸੈਨਾ ਵਿਚ ਕਪਤਾਨ ਦੇ ਅਹੁਦੇ ਤੇ ਸੇਵਾ ਰਤ।

(8) ਹੀਰਾ ਸਿੰਘ ਮਧਰੂ - ਜੱਟ, ਸਢੌਰਾ, ਜਗਾਧਾਰੀ, ਅੰਬਾਲਾ, ਜਗੀਰਦਾਰ।

(9) ਮਹਾਂ ਸਿੰਘ ਪੁੱਤਰ ਟਹਿਲ ਸਿੰਘ, ਜੱਟ, ਚੱਕ, ਮਲੇਰਕੋਟਲਾ, ਸੂਬਾ (ਉਪਰ ਵਰਣਿਤ) ਨੰ. 3 ਦਾ ਨਿਜੀ ਮਿੱਤਰ

(10) ਕਿਸ਼ਨ ਸਿੰਘ ਪੁੱਤਰ ਨਵਦਿੱਤ (ਹਰਦਿੱਤ) ਸਿੰਘ, ਕਲਾਲ, ਗਰੰਥਗੜ੍ਹ, ਅੰਮ੍ਰਿਤਸਰ, ਸੂਬਾ, ਸਿੱਖ ਤੋਪਖਾਨੇ ਵਿਚ ਗੋਲੰਦਾਜ਼ ਰਿਹਾ, ਹੁਣ ਨੇਪਾਲ ਵਿਚ ਹੈ, ਕਿਸ ਨੌਕਰੀ ਤੇ ਇਹ ਪਤਾ ਨਹੀਂ।

(11) ਗੋਪਾਲ ਸਿੰਘ ਪੁੱਤਰ ਸਾਹਿਬ (ਸਿੰਘ) ਜੱਟ, ਪਟਿਆਲਾ, ਸੂਬਾ, ਸੈਨਿਕ ਜੀਵਨ ਨਹੀਂ, ਭੈਣੀ (ਸਾਹਿਬ) ਵਿਖੇ ਹੀ ਮੁੱਖ ਤੌਰ ਤੇ ਰਹਿੰਦਾ ਹੈ।

Namdhari Elibrary NamdhariElibrary@gmail.com

(12) ਬਾਬਾ ਬੂਟਾ ਸਿੰਘ, ਲਾਹੌਰ, ਸੂਬਾ

(13) ਕਰਤਾਰ ਸਿੰਘ, ਬੇਦੀ, ਡੇਰਾ ਬਾਂਬਾ ਨਾਨਕ, ਗੁਰਦਾਸਪੁਰ, ਸੂਬਾ, ਕੁਝ ਪੁਰਾਤਨ ਦੇਸੀ ਕਾਗਜ਼ ਪੱਤਰਾਂ ਦਾ ਸੁਆਮੀ

(14) ਫਤੇਹ ਸਿੰਘ ਪੁੱਤਰ ਪਰਤਾਪ ਸਿੰਘ ਸੋਢੀ, ਅਨੰਦਪੁਰ, ਹੁਸ਼ਿਆਰਪੁਰ, ਸੂਬਾ

(15) ਭਗਵਾਨ ਸਿੰਘ ਪੁੱਤਰ ਸੁਖੂ ਰਾਮ, ਨਵਾਂ ਸ਼ਹਿਰ, ਬੰਗਾ, ਜਲੰਧਰ, ਸੂਬਾ, ਭਿਆਨਕ ਤੌਰ ਤੇ ਕੱਟੜ, ਉਹਨੇ ਮੇਜਰ ਬਰਾਊਨ ਦੇ ਤਹਿਤ ਦੂਜੀ ਕੈਵੇਂਟਰੀ ਵਿਚ 5 ਸਾਲ ਨੌਕਰੀ ਕੀਤੀ। ਗਦਰ ਵੇਲੇ ਹਡਸਨ ਹਾਰਸ ਵਿਚ ਨਾਇਬ ਰਸਾਲਦਾਰ ਸੀ। 1860 ਵਿਚ ਅਸਤੀਫਾ ਦਿੱਤਾ।

(16) ਰੂੜ ਸਿੰਘ ਪੁੱਤਰ ਲਾਲ (ਦਿਆਲ) ਸਿੰਘ, ਜੱਟ, ਥੰਮਣਵਾਲੀ, ਤਰਨਤਾਰਨ, ਅੰਮ੍ਰਿਤਸਰ, ਸੂਬਾ, ਮੁੱਖ ਤੌਰ ਤੇ ਅੰਮ੍ਰਿਤਸਰ (ਸ਼ਹਿਰ) ਵਿਚ ਰਹਿੰਦਾ ਹੈ, ਨੰਬਰ 2 ਦਾ ਭਰਾ ਹੈ।

(17) ਜਵਾਹਰ ਸਿੰਘ ਪੁੱਤਰ ਦਲ ਸਿੰਘ ਜੱਟ, ਤਖਤਗੜ੍ਹ, ਧਰਮਕੋਟ, ਫੀਰੋਜ਼ਪੁਰ, ਸੂਬਾ, ਸਿੱਖਾਂ ਦੇ ਵੇਲੇ ਘੋੜ ਸਵਾਰ ਸੈਨਾ ਵਿਚ ਰਿਹਾ, ਰਹਿਣ ਦਾ ਕੋਈ ਮਿਥਿਆ ਟਿਕਾਣਾ ਨਹੀਂ, ਕੂਕਾ ਮੱਤ ਦੇ ਪ੍ਰਚਾਰ ਲਈ ਘੁਮੰਡੂ ਹੈ।

(18) ਗਿਆਨੀ ਸਿੰਘ ਉਰਫ ਰਤਨ ਸਿੰਘ, ਜੱਟ, ਮਨੌਰ, ਪਟਿਆਲਾ, ਸੂਬਾ

(19) ਮਲੂਕ ਸਿੰਘ, ਜੱਟ, ਭੇਲੇਵਾਲ, ਮੁਕਤਸਰ, ਫੀਰੋਜ਼ਪੁਰ, ਸੂਬਾ, 1857-58 ਵਿਚ ਕਿਸੇ ਰੈਜੀਮੈਂਟ ਵਿਚ ਨੌਕਰੀ ਕਰਦਾ ਰਿਹਾ।

(20) ਸੁੱਧ ਸਿੰਘ ਪੁੱਤਰ ਜਗਤ ਸਿੰਘ ਜੱਟ, ਦੁਰਗਾਪੁਰ, ਬੰਗਾ, ਜਲੰਧਰ, ਸੂਬਾ, ਚੌਥੀ ਅਨਿਯਮਤ ਘੋੜ ਸਵਾਰ ਦੀ ਫੌਜ ਵਿਚ ਸੁਆਰ ਰਿਹਾ, ਭਿਆਨਕ ਤੌਰ ਤੇ ਕੱਟੜ ਅਤੇ ਗੜਬੜ ਕਰਨ ਦੇ ਸਮਰੱਥ।

(21) ਬ੍ਰਹਮਾ ਸਿੰਘ ਪੁੱਤਰ ਗੁਲਾਬ ਸਿੰਘ, ਜੱਟ, ਕੈਲਾਨਾ, ਸਾਹਬਾਦ, ਅੰਬਾਲਾ, ਸੂਬਾ, ਕੋਈ ਪੱਕਾ ਟਿਕਾਣਾ ਨਹੀਂ, ਪ੍ਰਚਾਰ ਕਰਦਾ ਘੁੰਮਦਾ ਫਿਰਦਾ ਹੈ।

(22) ਜੇਤਾ ਸਿੰਘ ਪੁੱਤਰ ਰਤਨ ਸਿੰਘ, ਕੁਮਹਾਰ, ਦੁਰੇਬ (ਢੱਪਈ) ਸਿਆਲਕੋਟ, ਸੂਬਾ, ਪੱਕਾ ਟਿਕਾਣਾ ਨਹੀਂ, ਘੁਮੰਡੂ ਪ੍ਰਚਾਰਕ ਹੈ।

(23) ਪਹਾੜਾ ਸਿੰਘ ਪੁੱਤਰ ਹੇਮ ਸਿੰਘ, ਜੱਟ, ਮੁਠੱਡਾ, ਫਲੌਰ, ਜਲੰਧਰ, ਸੂਬਾ।

(24) ਖਜਾਨ ਸਿੰਘ ਪੁੱਤਰ ਪ੍ਰੇਮ ਸਿੰਘ, ਲੋਹਾਰ, ਮੁਠੱਡਾ, ਫਲੌਰ, ਜਲੰਧਰ, ਸੂਬਾ।

(25) ਦੇਵਾ ਸਿੰਘ ਪੁੱਤਰ ਜੈਮਲ ਸਿੰਘ, ਤਰਖਾਨ, ਲਾਹੌਰ (ਸ਼ਹਿਰ), ਸੂਬਾ।

(26) ਗੋਪਾਲ ਸਿੰਘ ਪੁੱਤਰ ਜੋਗਾ (ਸਿੰਘ), ਬ੍ਰਾਹਮਣ, ਭੈਣੀ, ਪਟਿਆਲਾ, ਸੂਬਾ, ਪਹਿਲੋਂ ਉਦਾਸੀ ਫਕੀਰ ਸੀ।

(27) ਸੁੰਦਰ ਸਿੰਘ ਪੁੱਤਰ ਰਣ ਸਿੰਘ, ਜੱਟ, ਮਾਹਲਪੁਰ, ਹੋਸ਼ਿਆਰਪੁਰ, ਸੂਬਾ

(28) ਪਹਾੜਾ ਸਿੰਘ ਪੁੱਤਰ ਸੁਹੇਲ ਸਿੰਘ, ਜੱਟ, ਭੈਣੀ, ਪਟਿਆਲਾ, ਸੂਬਾ

(29) ਮੀਹਾਂ ਸਿੰਘ ਪੁੱਤਰ ਕਿਰਪਾਲ ਸਿੰਘ, ਤਰਖਾਣ, ਸੌਨਾਵਰ (ਜਾਂ ਸਨੌਰ), ਪਟਿਆਲਾ, ਸੂਬਾ

(30) ਜੋਗਾ ਸਿੰਘ ਪੁੱਤਰ ਮਾਨ ਸਿੰਘ, ਜੱਟ, ਮਹਿਰਾਜ, ਬਾਘਾਪੁਰਾਣਾ, ਫੀਰੋਜ਼ਪੁਰ, ਸੂਬਾ, ਕੋਈ ਪੱਕਾ ਟਿਕਾਣਾ ਨਹੀਂ, ਘੁਮੰਡੂ ਕੂਕਾ ਪ੍ਰਚਾਰਕ, ਪਹਿਲੋਂ ਉਦਾਸੀ ਫਕੀਰ ਰਿਹਾ।

(31) ਸਮੁੰਦ ਸਿੰਘ ਪੁੱਤਰ ਜਗਤ ਸਿੰਘ, ਤਰਖਾਣ, ਪੂਹਲਾ, ਪਟਿਆਲਾ, ਸੂਬਾ।

(32) ਜਮੀਅਤ ਸਿੰਘ ਪੁੱਤਰ ਝੰਡਾ (ਚੰਦਾ) ਸਿੰਘ, ਜੱਟ, ਗਿੱਲ, ਪਸਰੂਰ, ਸਿਆਲਕੋਟ, ਸੂਬਾ ਅਤੇ ਮਹੰਤ।

(33) ਨਿਧਾਨ ਸਿੰਘ ਪੁੱਤਰ ਅਰੂੜ ਸਿੰਘ, ਜੱਟ, ਡੱਡੀਆਂ, ਨਾਰੋਵਾਲ, ਸਿਆਲਕੋਟ, ਸੂਬਾ ਅਤੇ ਮਹੰਤ।

(34) ਕਾਹਨ ਸਿੰਘ ਪੁਤਰ ਸੁੱਧ ਸਿੰਘ, ਜੱਟ, ਡੱਡੀਆਂ, ਨਾਰੋਵਾਲ, ਸਿਆਲਕੋਟ, ਸੂਬਾ ਅਤੇ ਮਹੰਤ।

(35) ਬੁੱਢਾ ਸਿੰਘ 'ਨਿਕਾ' ਪੁੱਤਰ ਵਰਿਆਮ ਸਿੰਘ, ਜੱਟ, ਉਗੂ ਚੱਕ, ਸਠਿਆਬ, ਸਿਆਲਕੋਟ, ਸੂਬਾ ਅਤੇ ਮਹੰਤ।

(36) ਰਾਮ ਸਿੰਘ, ਤਰਖਾਣ, ਕਟੜਾ ਗਰਬਾ ਸਿੰਘ, ਸੁਲਤਾਨਵਿੰਡ ਗੇਟ (ਅੰਮ੍ਰਿਤਸਰ) ਦੇ ਲਾਗੇ, ਸੂਬਾ ਅਤੇ ਮਹੰਤ, ਪੂਰਵ ਸੈਨਿਕ ਜੀਵਨ ਜਾਂ ਹੁਣ ਦੀ ਕਿਤੇ ਨੌਕਰੀ ਬਾਰੇ ਜਾਣਕਾਰੀ ਨਹੀਂ, ਹਾਲੀਆ ਵਕਤ ਵਿਚ ਹੀ ਕੂਕਾ ਬਣਿਆ ਹੈ, ਪਹਿਲੋਂ ਗੁਲਾਬ ਸਿੰਘ ਦਾਸੀਆ ਸਾਧ ਸੀ।

(37) ਬ੍ਰਹਮਾ ਸਿੰਘ ਪੁੱਤਰ ਉਤਮ ਸਿੰਘ, ਤਰਖਾਣ, ਮੁਠੱਡਾ, ਫਲੌਰ, ਜਲੰਧਰ ਸੂਬਾ ਅਤੇ ਮਹੰਤ।

(38) ਜੇਤਾ ਸਿੰਘ ਪੁੱਤਰ ਬਾਲ ਸਿੰਘ, ਜੱਟ, ਢਪਈ, ਪਸਰੂਰ, ਸਿਆਲਕੋਟ, ਸੂਬਾ ਅਤੇ ਮਹੰਤ।

(39) ਪਰਾਗ ਦਾਸ ਪੁੱਤਰ ਬੈਰਾਗੀ, ਘੁੰਮਾਣਾ, ਪਟਿਆਲਾ, ਸੂਬਾ ਅਤੇ ਮਹੰਤ।

(40) ਹੀਰਾ ਸਿੰਘ ਪੁੱਤਰ ਮਾਲੀ ਸਿੰਘ ਬਾਬਾ, ਭਰੋਵਾਲ ਬਾਬਾ, ਅੰਮ੍ਰਿਤਸਰ, ਸੂਬਾ ਅਤੇ ਮਹੰਤ।

(41) ਗੁਲਾਬ ਸਿੰਘ ਪੁੱਤਰ ਬਾਲਾ, ਗੁੱਜਰਪੁਰ, ਬਟਾਲਾ, ਗੁਰਦਾਸਪੁਰ, ਸੂਬਾ ਅਤੇ ਮਹੰਤ।

(42) ਹੀਰਾ ਸਿੰਘ ਪੁੱਤਰ ਸੁਹੇਲ ਸਿੰਘ, ਛੀਂਬਾ, ਘੁੰਮਾਣਾ, ਬਟਾਲਾ, ਗੁਰਦਾਸਪੁਰ, ਸੂਬਾ ਅਤੇ ਮਹੰਤ, ਕੋਈ ਪੱਕਾ ਟਿਕਾਣਾ ਨਹੀਂ, ਘੁਮੰਡੂ ਕੂਕਾ ਪ੍ਰਚਾਰਕ ਹੈ।

(43) ਮੋਹਰ ਸਿੰਘ ਪੁੱਤਰ ਰਾਮ ਸਿੰਘ, ਤਰਖਾਣ,

Namdhari Elibrary NamdhariElibrary@gmail.com

ਅੱਪਰਾ, ਫਲੌਰ, ਜਲੰਧਰ, ਸੂਬਾ, ਪਹਿਲੋਂ ਇਕ ਗੁਲਾਬੀਆ ਦਾਸ ਸਾਧ ਸੀ।

(44) ਮੀਹਾਂ ਸਿੰਘ ਪੁੱਤਰ ਜੱਸਾ ਸਿੰਘ, ਝੀਵਰ, ਮਲਕਪੁਰਾ, ਰੋਪੜ, ਲੁਧਿਆਣਾ, ਨਾਇਬ ਸੂਬਾ।

(45) ਪਰੇਮ ਸਿੰਘ ਪੁੱਤਰ ਖੁਸ਼ਹਾਲ ਸਿੰਘ, ਜੱਟ, ਧਰਮਸਾਲਪੁਰ, ਰੋਪੜ, ਲੁਧਿਆਣਾ, ਸੂਬਾ, ਚੌਥੀ ਪੰਜਾਬ ਕੈਵੈਲਰੀ ਵਿਚ ਜਿਥੇ ਉਹ ਦਫੇਦਾਰ ਸੀ, 1862 ਵਿਚ ਅਸਤੀਫਾ ਦਿੱਤਾ।

(46) ਮੁਸੰਮਤ ਹੁਕਮੀ ਵਿਧਵਾ ਨੰਦ ਸਿੰਘ, ਜੱਟ, ਧਰਮਾਣਾ, ਮਹਿਲਪੁਰ, ਹੁਸ਼ਿਆਰਪੁਰ, ਇਸਤਰੀ ਸੂਬਾ।

(47) ਮੁਸੰਮਤ ਹੁਕਮੀ ਵਿਧਵਾ ਕਿਸ਼ਨ ਸਿੰਘ, ਕਲਾਲ, ਹੁਸ਼ਿਆਰਪੁਰ, ਇਸਤਰੀ ਸੂਬਾ।

(48) ਸਿਰਦਾਰ ਮਾਨ ਸਿੰਘ ਪੁੱਤਰ ਸਿਰਦਾਰ ਮਾਨ ਸਿੰਘ ਖੱਤਰੀ, ਪੁਰ ਹੀਰਾਂ, ਹੁਸ਼ਿਆਰਪੁਰ, ਜਾਗੀਰਦਾਰ, ਇਸ ਵਿਅਕਤੀ ਦੀ ਭੈਣ ਸਵਰਗਵਾਸੀ 'ਟਿੱਕਾ ਸਾਹਿਬ' ਅਨੰਦਪੁਰ ਦੇ ਛੋਟੇ ਭਰਾ ਸ. ਨਰਿੰਦਰ ਸਿੰਘ ਨਾਲ ਵਿਆਹੀ ਹੈ।

(49) ਸਿਰਦਾਰ ਚੰਦਾ ਸਿੰਘ ਪੁੱਤਰ ਖੁਸ਼ਹਾਲ ਸਿੰਘ, ਜੱਟ, ਕਾਲੂ ਵਾਹਰ, ਹਰਿਆਣਾ, ਹੁਸ਼ਿਆਰਪੁਰ, ਸੂਬਾ। ਇਸ ਵਿਅਕਤੀ ਦੀ ਪੁੱਤਰੀ ਬਿਛੋਕੜ ਦੇ ਲਾਲ ਸਿੰਘ ਜਗੀਰਦਾਰ ਨਾਲ ਵਿਆਹੀ ਹੈ, ਇਸ ਦੇ ਪੁੱਤਰ ਚਾਰ ਖਾਲਸਾ ਹਨ ਅਤੇ ਚਾਰ ਹੀ ਕੂਕੇ ਹਨ।

(50) ਹੁਕਮਾ ਸਿੰਘ ਉਰਫ ਗ੍ਰੰਥੀ, ਪੁੱਤਰ ਮੋਹਰ ਸਿੰਘ, ਜੱਟ, ਲੁੱਪਰ, ਨਾਭਾ, ਸੂਬਾ

ਹੁਸ਼ਿਆਰਪੁਰ ਟੀ. ਏ. ਓ. ਕਨੂਰ

22 ਨਵੰਬਰ 1871 ਕਾਰਜ਼ਕਾਰੀ ਜ਼ਿਲਾ ਪੁਲਿਸ ਕਪਤਾਨ [13]

ਉਪਰੋਕਤ ਸੂਚੀ ਵਿਚ ਪਹਾੜਾ ਸਿੰਘ, ਬ੍ਰਹਮਾ ਸਿੰਘ, ਗੋਪਾਲ ਸਿੰਘ, ਜੋਤਾ ਸਿੰਘ, ਮੁਸੰਮਤ ਹੁਕਮੀ ਆਦਿ ਸੂਬਿਆਂ ਦੇ ਨਾਂ, ਪਿਤਾ, ਪਤੀ, ਜਾਤ ਅਤੇ ਨਿਵਾਸ ਦੇ ਕੁਝ ਫਰਕ ਨਾਲ ਦੋ ਵੇਰ ਆ ਗਏ ਹਨ। ਜਦੋਂ ਕਿ ਅਸਲੀਅਤ ਵਿਚ ਇਸ ਨਾਮ ਦਾ ਇੱਕ ਇੱਕ ਸੂਬਾ ਹੀ ਨਾਮਧਾਰੀ ਇਤਿਹਾਸ ਵਿਚ ਮਿਲਦਾ ਹੈ। ਮੰਗਲ ਸਿੰਘ (ਖਿਮਨਪੁਰਾ ਦੋਰਾਹੇ ਪਾਸ) ਦਾ ਜਗੀਰਦਾਰ ਸੀ। ਸੂਬਾ ਨਹੀਂ ਸੀ। ਉਂਝ ਕੂਕਾ ਅੰਦੋਲਨ ਵਿਚ ਉਸ ਦੀ ਅਹਿਮ ਭੂਮਿਕਾ ਸੀ। ਸੂਚੀ ਨੰ. 33 ਤੋਂ 42 ਤੱਕ ਸੂਬਾ ਜਮੀਅਤ ਸਿੰਘ ਗਿੱਲ ਅਤੇ ਜੋਤਾ ਸਿੰਘ ਢਪਈ ਨੂੰ ਛਡਕੇ ਬਾਕੀ ਸਾਰੇ ਆਪੋ ਆਪਣੇ ਡੇਰਿਆਂ ਦੇ ਮਹੰਤ ਸਨ ਸੂਬੇ ਨਹੀਂ ਸਨ। ਜੋਗਾ ਸਿੰਘ ਦਾ ਪਿੰਡ ਧੂੜਕੋਟ (ਫੀਰੋਜ਼ਪੁਰ) ਸੀ ਅਤੇ ਉਹ ਨਾਇਬ ਸੂਬਾ ਸੀ। ਇਕ ਮੋਟੇ ਅੰਦਾਜ਼ੇ ਮੁਤਾਬਿਕ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਉਹਨਾਂ ਦੁਆਰਾ ਥਾਪੇ ਗਏ ਸੂਬਿਆਂ ਦੀ ਸੰਖਿਆ, ਕੁਝ ਵਾਧੇ ਘਾਟੇ ਨਾਲ 30 ਤੋਂ 35 ਤੱਕ ਹੋ ਸਕਦੀ ਹੈ। ਉਪਰ ਦਿੱਤੀ ਗਈ ਸੂਚੀ, 1867 ਵਾਲੀ ਸੂਚੀ ਅਤੇ ਕੁਝ ਹੋਰ ਸਰੋਤਾਂ ਨੂੰ ਮਿਲਾਕੇ ਆਪ ਜੀ ਦੇ ਸਮੇਂ ਦੇ ਨਾਮਧਾਰੀ ਸੂਬਿਆਂ ਦੀ ਪ੍ਰਮਾਣਿਕ ਸੂਚੀ ਤਿਆਰ ਕੀਤੀ ਜਾ ਸਕਦੀ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਦੁਆਰਾ ਥਾਪੇ ਸੂਬਿਆਂ ਦੀ ਇਕ ਹੋਰ ਵਿਸ਼ੇਸ਼ਤਾ ਇਹ ਸੀ ਕਿ ਉਹਨਾਂ ਵਿਚੋਂ ਕੁਝ ਕੁ ਪੂਰਵ ਸੈਨਿਕ ਰਹਿ ਚੁੱਕੇ ਸਨ। ਕੁਝ ਕੁ ਉਦਾਸੀ, ਨਿਰਮਲੇ, ਨਹਿੰਗ, ਗੁਲਾਬਦਾਸੀਏ, ਅੱਡਣ ਸ਼ਾਹੀਏ, ਸੇਵਾ ਪੰਥੀਏ, ਬੈਰਾਗੀ ਆਦਿ ਸੰਪ੍ਰਦਾਵਾਂ ਵਿਚੋਂ ਆਏ ਸਨ ਅਤੇ ਇਉਂ ਉਹਨਾਂ ਨੂੰ ਆਪੋ ਆਪਣੇ ਭੇਖਾਂ ਵਿਚ ਰਹਿ ਕੇ ਮੰਡਲੀਆਂ ਫੇਰਨ ਅਤੇ ਸਧਾਰਨ ਜਨਤਾਂ ਦੀ ਨਬਜ਼ ਪਛਾਨਣ ਦੇ ਮੌਕੇ ਮਿਲਦੇ ਰਹੇ ਸਨ। ਇਸ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਾਜੇ ਨਾਮਧਾਰੀ ਸੰਤ ਖਾਲਸੇ ਵਿਚ ਸ਼ਾਮਲ ਹੋ ਕੇ, ਆਪਣੇ ਪਹਿਲੇ ਧਾਰਮਿਕ ਸੈਨਿਕ ਜੀਵਨ ਦੇ ਅਨੁਭਵ ਤੋਂ ਲਾਭ ਉਠਾਉਂਦਿਆਂ ਉਹਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਦਿਸ਼ਾ ਨਿਰਦੇਸ਼ਨ ਵਿਚ ਕੂਕਾ ਲਹਿਰ ਨੂੰ ਅਜਿਹੀ ਸੁਚੱਜੀ ਅਗਵਾਈ ਪ੍ਰਦਾਨ ਕੀਤੀ ਕਿ ਸੂਬੇ ਥਾਪਣ ਦੇ ਇਸ ਕਾਲ (1864 ਤੋਂ 1867 ਈ.) ਵਿਚ ਨਾਮਧਾਰੀਆਂ ਦੀ ਸੰਖਿਆ ਸਰਕਾਰੀ ਅੰਦਾਜ਼ੇ ਮੁਤਾਬਿਕ 2 ਲੱਖ ਅਤੇ ਕੂਕਿਆਂ ਦੇ ਅਨੁਮਾਨ ਅਨੁਸਾਰ ਸੱਤ ਲੱਖ ਤੱਕ ਪੁਜ ਗਈ। ਸਰਕਾਰੀ ਅਨੁਮਾਨ ਦੋਰਾਹਾ ਦੇ ਦਿੱਲੀ ਰੇਲਵੇ ਦੇ ਅਧਿਕਾਰੀ ਦੋਨੋਵਨ ਦੇ ਪੱਤਰ ਵਿਚੋਂ ਮਿਲਦਾ ਹੈ।[14]

ਅੰਮ੍ਰਿਤਸਰ ਦੀ 1867 ਈ. ਦੀ ਦਿਵਾਲੀ ਵਾਲੀ ਕੂਕਿਆਂ ਸੂਬਿਆਂ ਦੀ ਲਿਸਟ ਦੇ ਅਧਾਰ ਤੇ ਡਾ. ਜੋਗਿੰਦਰ ਸਿੰਘ ਹੋਰਾਂ ਕੁਝ ਦਿਲਚਸਪ ਅੰਕੜੇ ਪੇਸ਼ ਕੀਤੇ ਹਨ : ਜਾਤੀ, ਧੰਦੇ ਅਤੇ ਆਯੂ ਵਰਗ ਇਹਨਾਂ ਸੂਬਿਆਂ ਦਾ ਨੋਟ ਕਰਨ ਯੋਗ ਹੈ। 63 ਫੀਸਦੀ ਤੋਂ ਵਧ ਸੂਬੇ ਵਾਹੀਵਾਨ ਹਨ। ਇਹਨਾਂ ਤੋਂ ਬਾਅਦ 22.72 ਫੀਸਦੀ ਕਾਰੀਗਰ ਸਨ। ਬਾਕੀਆਂ ਵਿਚੋਂ ਇਕੋ ਬ੍ਰਾਹਮਣ, ਇਕ ਕੁਮਹਾਰ ਅਤੇ ਇਕ ਉਦਾਸੀ ਸਾਧ ਸੀ। ਇਸ ਰਚਨਾ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਨਾਮਧਾਰੀ ਗੁਰੂ ਦੇ ਪ੍ਰਚਾਰ ਦੇ ਨਿਸ਼ਾਨ ਤੇ ਪੇਂਡੂ ਲੋਕ ਸਨ। ਭਾਵੇਂ ਸ਼ਹਿਰੀ ਖੇਤਰਾਂ ਵਿਚ ਵੀ ਕੁਝ ਕੁ ਪ੍ਰਭਾਵ ਪਾਇਆ ਜਾਂਦਾ ਹੈ। ਇਸ ਤੋਂ ਵੱਧ ਨਾਮਧਾਰੀ ਗੁਰੂ ਆਯੂ ਤੱਤ ਪ੍ਰਤੀ ਵੀ ਸੁਚੇਤ ਹਨ। ਸੂਬਿਆਂ ਦੀ ਔਸਤ ਉਮਰ 38.5 ਸਾਲ ਬਣਦੀ ਹੈ। ਜਿਸ ਤੋਂ ਪਤਾ ਚਲਦਾ ਹੈ ਕਿ ਨਾਮਧਾਰੀ ਗੁਰੂ (ਸਾਹਿਬ) ਦੇ ਨਿਕਟ ਵਿਸ਼ਵਾਸ ਪਾਤਰ ਮਧਿਅਮ ਆਯੂ ਵਰਗ ਨਾਲ ਸਬੰਧਿਤ ਸਨ, ਤਿੰਨ ਅਪਵਾਦ ਹਨ ਜਿਹੜੇ ਵੀਹਵਿਆਂ ਦੇ ਆਖਰੀ ਸਾਲਾਂ ਵਿਚ ਹਨ।[16]

Namdhari Elibrary NamdhariElibrary@gmail.com

1871 ਵਾਲੀ ਟੀ. ਏ. ਪ. [illegible] ([illegible]), ਵਾਲੀ ਉਪਰਲੀ 50 ਕੂਕਿਆਂ ਦੀ ਰਿਪੋਰਟ ਵਿਚੋਂ ਵੀ ਜੋਗਿੰਦਰ ਸਿੰਘ ਕੁਝ ਕੁ ਅੰਕੜੇ ਪ੍ਰਸਤੁਤ ਕਰਦੇ ਹਨ। ਇਹਨਾਂ ਮੁਖੀਆਂ ਵਿਚੋਂ ਕਈ ਉਹ ਸੂਬੇ ਹਨ ਜਿਹੜੇ ਹਕੀਕੀ ਤੌਰ ਤੇ ਜਗੀਰਦਾਰ ਜਾਂ ਸਰਦਾਰ ਹਨ। ਇਕ ਇਸਤਰੀ ਸੂਬਾ ਵੀ ਸੀ। ਪੰਜ ਸੂਬਿਆਂ ਨੇ ਲਾਹੌਰ ਦੀ ਸਿੱਖ ਸੈਨਾ ਵਿਚ ਅਤੇ ਪੰਜਾਂ ਨੇ ਬਰਤਾਨਵੀ ਸੈਨਾ ਵਿਚ ਨੌਕਰੀ ਕੀਤੀ ਸੀ ਜਿਥੋਂ ਜਾਂ ਉਹ ਆਪ ਅਸਤੀਫਾ ਦੇ ਕੇ ਆ ਗਏ ਸਨ ਅਤੇ ਜਾਂ ਉਹਨਾਂ ਨੂੰ ਅੰਗਰੇਜ਼ ਨੇ ਬਰਤਰਫ ਕਰ ਦਿੱਤਾ ਗਿਆ ਸੀ। ਲੱਖਾ ਸਿੰਘ ਪੁੱਤਰ ਰੂੜ ਸਿੰਘ, ਜੱਟ, ਨਿਵਾਸੀ ਛੱਤ ਬਨੂੜ - ਪਟਿਆਲਾ (ਨਹੀਂ ਮਲੌਦ - ਲੁਧਿਆਣਾ), ਦੂਜੀ ਪੁਲਿਸ ਬਟਾਲੀਅਨ (ਸ਼ੇਰਦਿਲ) ਵਿਚ ਸਿਪਾਹੀ ਸੀ, ਜਿਥੇ ਉਹ ਡਿਰਗਿੱਤ ਸਿਪਾਉਂਦਾ ਸੀ। ਉਸਨੂੰ ਹੁਣੇ ਜਿਹੇ ਪਟਿਆਲੇ ਵਿਖੇ ਕੈਦ ਕੀਤਾ ਗਿਆ ਸੀ। .... ਇਸੇ ਤਰ੍ਹਾਂ ਉਹ (ਪ੍ਰੋ. ਜੋਗਿੰਦਰ ਸਿੰਘ) ਭਗਵਾਨ ਸਿੰਘ ਪੁੱਤਰ ਸੁੱਖੂ ਰਾਮ, ਮਲੂਕ ਸਿੰਘ ਭੋਲੇਵਾਲ (ਨਹੀਂ ਫੂਲੇਵਾਲ), ਪਰੇਮ ਸਿੰਘ ਬੁਰਸਾਲਪੁਰ ਆਦਿ ਦੀਆਂ ਸੈਨਿਕ ਜੀਵਨ ਦੀਆਂ ਕਾਰਵਾਈਆਂ ਦਾ ਹਵਾਲਾ (ਜੋ ਉਪਰ ਆ ਚੁੱਕਾ ਹੈ) ਦਿੰਦੇ ਹਨ। .... ਬਰਤਾਨਵੀ ਅਧਿਕਾਰੀਆਂ ਦੁਆਰਾ ਇਹਨਾਂ ਦੀ ਬਰਤਰਫੀ ਜਾਂ ਇਹਨਾਂ ਦਾ ਅਸਤੀਫਾ ਦੇ ਆਉਣਾ ਮੰਨਦਾ ਸੀ ਕਿ ਇਹ ਵਿਅਕਤੀ ਸਰਕਾਰ ਦੇ ਵਫਾਦਾਰ ਨਹੀਂ ਸਨ। ਸਗੋਂ ਉਹ ਨਾਮਧਾਰੀ ਗੁਰੂ ਜੀ ਦੇ ਵਫਾਦਾਰ ਸਨ, ਜਿਹਨਾਂ ਨੇ ਉਹਨਾਂ ਨੂੰ ਸੂਬੇ ਥਾਪਿਆ। (ਇਸ ਗੱਲ ਦੀ ਅੱਗੋਂ ਹੋਰ ਵਧੇਰੇ ਲੋੜ ਹੈ ਕਿ ਉਹ ਕਾਰਨ ਜਾਂ ਹਾਲਾਤ ਲੱਭੇ ਜਾਣ ਜਿਹਨਾਂ ਕਰਕੇ ਉਹਨਾਂ ਸੂਬਿਆਂ ਨੇ ਆਪਣੀਆਂ ਨੌਕਰੀਆਂ ਤਿਆਗੀਆਂ ਸਨ।) ਬਹੁਤ ਸਾਰੇ ਸੂਬੇ ਅਤੇ ਕਾਰਕੁੰਨ ਸਰਕਾਰੀ ਹਲਕਿਆਂ ਮੁਤਾਬਿਕ ਹੋਰ ਜ਼ਿਆਦਾ ਖਤਰਨਾਕ ਸਨ। ਉਹਨਾਂ ਵਿਚੋਂ ਧੌਲਪੁਰ ਪਟਿਆਲਾ ਰਿਆਸਤ ਦਾ ਸਰਦਾਰ ਮੰਗਲ ਸਿੰਘ ਸੀ।...... ਇਸ ਦੇ ਨਾਲ ਹੀ ਕੁਝ ਸੂਬਿਆਂ ਨੂੰ ਭਿਆਨਕ ਤੌਰ ਤੇ ਕੱਟੜ ਦੱਸਦਿਆਂ ਹੋਇਆਂ ਕੋਈ ਵੀ ਗੜਬੜ ਫੈਲਾ ਸਕਣ ਦੇ ਸਮਰੱਥ ਦੱਸਿਆ ਗਿਆ।[16]

ਸੂਬਾ ਬ੍ਰਹਮਾ ਸਿੰਘ ਜੋ ਆਪਣੀ ਪਹਿਚਾਣ ਸੌਖੇ ਕੀਤਿਆਂ ਪ੍ਰਗਟ ਨਹੀਂ ਸੀ ਕਰਦਾ, ਇਕ ਤੋਂ ਵੱਧ ਸਿਰਨਾਵੇਂ ਦੱਸਦਾ ਰਹਿੰਦਾ ਹੈ, ਸੂਬਾ ਲੱਖਾ ਸਿੰਘ - ਸਤਿਗੁਰੂ ਰਾਮ ਸਿੰਘ ਜੀ ਦਾ ਮਿਲਟਰੀ ਸਕੱਤਰ, ਸੂਬਾ ਭਗਵਾਨ ਸਿੰਘ ਬੀਗਾ, ਸੂਬਾ ਮਲੂਕ ਸਿੰਘ ਫੂਲੇਵਾਲ, ਪਰੇਮ ਸਿੰਘ ਬਰਸਾਲਪੁਰ (ਹੁਸ਼ਿਆਰਪੁਰ) ਆਦਿ ਇਹ ਕੂਕੇ ਸੂਬੇ ਹਨ, ਜਿਹਨਾਂ ਉਤੇ ਕਿਸੇ ਨਾ ਕਿਸੇ ਰੂਪ ਵਿਚ 1857 ਦੇ ਪਹਿਲੇ ਸੈਨਿਕ ਵਿਦਰੋਹ ਦਾ ਪਰਛਾਵਾਂ [illegible] ਨਜ਼ਰ ਆਉਂਦਾ ਹੈ। ਸੋ 1857 ਦਾ ਜਨ ਵਿਦਰੋਹ ਅਤੇ ਕੂਕਾ ਅੰਦੋਲਨ ਜੋ ਇਕ ਦੂਜੇ ਦੇ ਪੂਰਕ ਹਨ, ਇਸ ਸੰਬੰਧੀ ਭਾਵੀ ਇਤਿਹਾਸ ਦੀ ਹੋਰ ਛਾਣਬੀਣ ਕਰਨੀ ਬਹੁਤ ਜ਼ਰੂਰੀ ਹੈ।

ਹੁਣ ਜਦੋਂ ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਇਹਨਾਂ ਕੂਕਿਆਂ ਸੂਬਿਆਂ ਦੀ ਘਾਲ ਕਮਾਈ ਦਾ ਲੇਖਾ ਜੋਖਾ ਕਰਦੇ ਹਾਂ ਤਾਂ ਇਹਨਾਂ ਦੇ ਅਪੂਰਵ ਬਲੀਦਾਨ ਅੱਗੇ ਸਾਡਾ ਸਿਰ ਸ਼ਰਧਾ ਅਤੇ ਸਤਿਕਾਰ ਨਾਲ ਬਦੋਬਦੀ ਝੁਕ ਜਾਂਦਾ ਹੈ। ਜਿਹਨਾਂ ਸੂਬਿਆਂ ਨੇ ਆਪਣੀਆਂ ਜਾਨਾਂ ਕੌਮੀ ਮੁਕਤੀ ਅੰਦੋਲਨ ਦੀ ਬਣੀ ਵੇਦੀ ਤੇ ਤਿਲ ਤਿਲ ਕਰਕੇ ਹੋਮ ਕੀਤੀਆਂ ਅਤੇ ਹੋਰ ਅਕਹਿ ਅਤੇ ਅਸਹਿ ਕਸ਼ਟ, ਮਾਤ ਭੂਮੀ, ਸੱਜਣਾਂ, ਪਿਆਰਿਆਂ, ਘਰ ਪਰਿਵਾਰ ਦੇ ਜੀਆਂ ਤੋਂ ਲੰਮੇ ਵਿਛੋੜੇ, ਬਿਨਾਂ ਕੋਈ ਸੁਖ ਸੁਨੇਹਾ ਵਸੂਲਿਆਂ ਕੱਟੇ। ਉਹਨਾਂ ਦੀ ਕਰਨੀ ਸਾਡੇ ਸ਼ਾਨਾਂਮੱਤੇ ਮੁਕਤੀ ਸੰਗਰਾਮ ਦਾ ਗੌਰਵਸ਼ਾਲੀ ਅਧਿਆਇ ਬਣ ਚੁੱਕੀ ਹੈ। ਉਹਨਾਂ ਬਾਰੇ ਵਿਸਥਾਰ ਵਿਚ ਵੀ ਇਸ ਲੇਖਕ ਨੇ, ਵਰਿਆਮ ਜਲੰਧਰ ਤੋਂ ਛਪਣ ਵਾਲੇ ਪੰਜਾਬੀ ਮਾਸਕ ਦੇ ਲੜੀਵਾਰ ਲੇਖਾਂ ਵਿਚ ਲਿਖਿਆ ਹੈ, ਪਰ ਇਥੇ ਅਸੀਂ ਸਥਾਨਾਭਾਵ ਕਾਰਨ ਉਸ ਤੇ ਪੰਛੀ ਝਾਤ ਪਾਉਣ ਦਾ ਹੀ ਉਪਰਾਲਾ ਕਰਾਂਗੇ।

(1) ਸੂਬਾ ਰਤਨ ਸਿੰਘ ਉਰਫ ਗਿਆਨ ਸਿੰਘ

(2) ਨਾਇਬ ਸੂਬਾ ਰਤਨ ਸਿੰਘ (ਵੱਡੇ ਰਤਨ ਸਿੰਘ)-ਹਰਿਆਣਾ ਦੇ ਫਤੇਹਾਬਾਦ ਜ਼ਿਲ੍ਹੇ ਦੇ ਉਘੇ ਪਿੰਡ ਬੜੋਪਲ ਦੇ ਰਾਮਕਿਸ਼ਨ ਜਾਟ ਦੇ ਪੁੱਤਰ ਸਨ। ਪਰਿਵਾਰ ਮੰਡੀ ਕਲਾਂ (ਰਿਆਸਤ ਸੰਗਰੂਰ) ਵਿਚ ਜਾ ਵੱਸਿਆ ਸੀ। ਰਤਨ ਸਿੰਘ ਬਹੁਤ ਪੜ੍ਹੇ ਲਿਖੇ ਅਤੇ ਵਿਦਵਾਨ ਸਨ ਜਿਸ ਕਾਰਨ ਉਹਨਾਂ ਨੂੰ ਗਿਆਨੀ ਸਿੰਘ ਜਾਂ ਗਿਆਨਾ ਸਿੰਘ ਵੀ ਕਿਹਾ ਜਾਣ ਲੱਗ ਪਿਆ। ਉਹਨਾਂ ਦਾ ਜਨਮ 1836 ਈ. ਦੇ ਲਾਗੇ ਚਾਗੇ ਦਾ ਹੈ। ਉਹ

> ***ਸੁਣ ਓਏ ਬਿਲਿਆ ਤੇਰੀ ਮੱਤ ਮਾੜੀ ਦੇਖੀ ਹੈ। ਤੁਹਾਡੀ ਅਦਾਲਤ ਨਹੀਂ ਹੈ। ਬੇਅਦਾਲਤੀ ਹੋਣੇ ਲੱਗੀ ਹੈ। ਮੈਨੂੰ ਮਾਰ ਕੇ ਕੋਈ ਅੱਗੇ ਬੰਦ ਤਾਂ ਨਹੀਂ ਹੋ ਜਾਣੇ ਹੈਂ। ਜਿਹਨਾਂ ਤੁਹਾਨੂੰ ਮਾਰਨਾ ਹੈ। ਰਾਮਦਾਸਪੁਰੇ ਮੈਂ ਬੈਠਾ ਹੈ। ਪਾਛੇ ਤੁਹਾਡਾ ਨਾਸ ਕਰੇਗਾ। ਏਹ ਤਾਂ ਅਜੇ ਮੁੰਡਿਆਂ ਕੀ ਖੇਡ ਹੋਈ ਹੈ। ਸ਼ੇਸ਼ਨਾਗ ਤਾਂ ਬੈਠਾ ਹੈ। ਜੇ ਇਕ ਦੋ ਸਰਪ ਮਾਰ ਦੀਏ ਤਾਂ ਕੀ ਹੂਆ? ਤੁਹਾਡਾ ਕਾਲ ਤੁਹਾਡੇ ਸਿਰ ਉਤੇ ਬੈਠਾ ਹੈ।***

Namdhari Elibrary NamdhariElibrary@gmail.com

1846-65 ਈ. ਤੱਕ ਕੂਕਾ ਬਣ ਚੁੱਕਾ ਸੀ। ਉਸਨੂੰ ਸੂਬਾ ਪਦਵੀ 1866 ਈ. ਤੱਕ ਮਿਲ ਗਈ ਸੀ ਕਿਉਂਕਿ 1867 ਈ. ਵਾਲੀ ਫਜ਼ਲ ਹੁਸੈਨ ਦੀ ਅਨੰਦਪੁਰ ਦੇ ਹੋਲੇ ਮਹੱਲੇ ਵਾਲੀ ਰਿਪੋਰਟ ਵਿਚ ਸੂਬਿਆਂ ਦੀ ਸੂਚੀ ਵਿਚ ਰਤਨ ਸਿੰਘ ਦਾ ਨਾਂ ਆਉਂਦਾ ਹੈ। ਸੰਨ 1868 ਈ. ਦੀ ਦੀਪਮਾਲਾ ਸਮੇਂ ਵੀ ਉਹ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਦੇ ਨਾਲ ਪੁੱਜਦਾ ਹੈ ਸ੍ਰੀ ਅੰਮ੍ਰਿਤਸਰ ਵਿਖੇ। ਸੰਨ 1869 ਈ. ਦੇ ਸਿਆਲਕੋਟ ਦੇ ਮਾਨਾਂਵਾਲਾ ਕਾਲਰ ਵਿਖੇ ਸ. ਹੀਰਾ ਸਿੰਘ ਮਾਨ (ਸ. ਸਿਮਰਨਜੀਤ ਸਿੰਘ ਮਾਨ ਦਾ ਵਡੇਰਾ) ਦੁਆਰਾ ਕਰਵਾਏ ਹੋਲੇ ਮਹੱਲੇ ਸਮੇਂ ਸੂਬਾ ਗਿਆਨੀ ਸਿੰਘ ਦੇ ਹਾਜ਼ਰ ਹੋਣ ਵਾਲਾ ਪ੍ਰਸੰਗ ਨਾਮਧਾਰੀ ਇਤਿਹਾਸ ਦਾ ਹਿੱਸਾ ਬਣ ਚੁੱਕਾ ਹੈ। ਉਸ ਦੇ ਜ਼ਿੰਮੇ ਮਾਲਵੇ ਦੀਆਂ ਸਿੱਖ ਰਿਆਸਤਾਂ ਦੇ ਨਾਮਧਾਰੀ ਦੇ ਆਪਸੀ ਜਾਂ ਹੋਰਨਾਂ ਲੋਕਾਂ ਜਾਂ ਰਿਆਸਤੀ ਹਾਕਮਾਂ ਨਾਲ ਮਸਲੇ ਨਿਬੇੜਨ ਦੀ ਉਹਦੀ ਸੇਵਾ ਲਾਈ ਜਾਂਦੀ ਸੀ। ਇਸ ਲਈ ਉਹਨਾਂ ਨੂੰ ਕੂਕਾ ਇਤਿਹਾਸ ਵਿਚ ਅਦਾਲਤੀ ਸੂਬੇ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ।

ਰਾਇਕੋਟ ਬੁੱਚੜਬੱਧ ਦੇ ਸਾਕੇ ਵਿਚ ਤਿੰਨ ਨਾਮਧਾਰੀ ਸਿੰਘਾਂ ਨੂੰ 5 ਅਗਸਤ 1871 ਈ. ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ ਸੀ। ਇਸ ਸਾਕੇ ਦੇ ਬਹਾਨੇ ਸਰਕਾਰ ਨੇ ਕੂਕਾ ਅੰਦੋਲਨ ਦੇ ਇਕ ਸਰਗਰਮ ਪ੍ਰਚਾਰਕ ਸਰਕਾਰ ਬਰਤਾਨੀਆ ਅਤੇ ਉਹਦੇ ਚਾਟੜੇ ਦੇਸੀ ਰਿਆਸਤਾਂ ਦੇ ਮਾਲਕਾਂ ਦੇ ਕੱਟੜ ਵਿਰੋਧੀ, ਸੂਬਾ ਗਿਆਨੀ ਸਿੰਘ ਅਤੇ ਉਸ ਦੇ ਇਕ ਸਾਥੀ, ਨਾਇਬ ਸੂਬੇ, ਉਹਦੇ ਸਰਨਾਂਵੀਏ ਰਤਨ ਸਿੰਘ ਨਾਈਵਾਲਾ ਨੂੰ ਵੀ ਆਪਣੇ ਮੁੱਲ ਖਰੀਦੇ ਵਾਅਦਾ ਮੁਆਫ ਗਵਾਹਾਂ ਦੁਆਰਾ, ਰਾਇਕੋਟ ਕਾਂਡ ਦੀ ਸਾਜਿਸ਼ ਘੜਨ ਦੇ ਕਥਿਤ ਦੋਸ਼ ਹੇਠ, ਸਜਾਏ ਮੌਤ ਸੁਣਾ ਦਿੱਤੀ। ਸਰਕਾਰੀ ਰਿਕਾਰਡ ਵਿਚ (1) ਰਤਨ ਸਿੰਘ ਪੁੱਤਰ ਬੁੱਧ ਸਿੰਘ ਜਾਤ ਕੂਕਾ, ਉਮਰ 28 ਸਾਲ ਪਿੰਡ ਨਾਈਵਾਲਾ ਅਤੇ (2) ਗਿਆਨੀ ਉਰਫ ਰਤਨ ਸਿੰਘ ਪੁੱਤਰ ਰਾਮਕਿਸ਼ਨ, ਜਾਤ ਕੂਕਾ, ਉਮਰ 35 ਸਾਲ ਪਿੰਡ ਮੰਡੀ, ਜ਼ੁਰਮ ਕਤਲ ਕਰਵਾਉਣ ਦੀ ਚੁਕਣਾ ਦੇਣੀ, ਹੇਠ ਹਿੰਦ ਦੰਡਾਵਲੀ ਦੀਆਂ ਧਾਰਾ 109 ਅਤੇ 302 ਅਧੀਨ ਮੁਕੱਦਮਾ ਚਲਿਆ।

"ਇਹ ਮੁਕੱਦਮਾ ਚੀਫ ਕੋਰਟ ਤੇ ਤਿੰਨ ਜੱਜਾਂ ਸੀ. ਬੋਲੀਨੋਸ, ਸੀ. ਆਰ. ਲਿੰਡਸੇ ਅਤੇ ਜੇ. ਸੀ. ਕੈਮਪਬੈਲ ਦੇ ਬੈਂਚ ਦੇ ਸਾਹਮਣੇ ਪੇਸ਼ ਹੋਇਆ। .... ਜੱਜ ਬੋਲੀਨੋਸ ਨੇ ਹੇਠਲੀ ਅਦਾਲਤ ਵਲੋਂ ਉਪਰ ਵਰਣਿਤ ਦੋਹਾਂ ਕੂਕਾ ਆਗੂਆਂ ਦੀ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲਣ ਦੀ ਸਜ਼ਾ ਸੁਣਾਈ।[17]

ਬਾਕੀ ਦੋਹਾਂ ਜੱਜਾਂ ਨੇ ਮੌਤ ਦੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ। ਇਹਨਾਂ ਦੋਹਾਂ ਕੂਕਾ ਮੁਖੀਆਂ ਨੂੰ 26 ਨਵੰਬਰ 1871 ਨੂੰ ਲੁਧਿਆਣਾ ਜੇਹਲ ਦੇ ਬਾਹਰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ। ਇਤਿਹਾਸਕਾਰ ਦੋਹਾਂ ਕੂਕਿਆਂ ਸੂਬਿਆਂ ਨੂੰ ਦਿੱਤੀ ਮੌਤ ਦੀ ਸਜ਼ਾ ਨੂੰ 'ਅਦਾਲਤੀ ਕਤਲਾਂ' ਦੀ ਸੰਗਿਆ ਦੇਂਦੇ ਹਨ। ਭਾਈ ਸੰਤੋਖ ਸਿੰਘ ਬਾਹੋਵਾਲ ਨੇ ਗਿਆਨੀ ਸਿੰਘ ਦੇ ਅੰਤ ਸਮੇਂ ਨੂੰ ਇਉਂ ਚਿਤਰਿਆ ਹੈ :

"ਜਾਂ ਬਾਬਾ ਗਿਆਨੀ ਸਿੰਘ ਤਖਤੇ ਪਰ ਚੜ੍ਹੇ ਤਾਂ ਬੋਲਾ ਕੀਤਾ, "ਬਿੱਲਿਆ ਮੂੰਹ ਤਾਂ ਸਾਹਮਣੇ ਰੱਖ ਜਵਾਈ ਵੰਨੇ। ਪਿੱਠ ਕਿਉਂ ਕੀਤੀ ਹੈ। ਦਸ ਮਹੀਨੇ ਕਿਸੇ ਜੱਟੀ ਦੀ ਕੁੱਖ ਵਿਚ ਕੱਟ ਕੇ ਫੇਰ ਆਇਆ ਜਾਣ ਜੁਆਨ ਹੋ ਕੇ ਬਦਲਾ ਲਵਾਂਗਾ। ਸੁਣ ਓਏ ਬਿਲਿਆ ਤੇਰੀ ਮੱਤ ਮਾੜੀ ਦੇਖੀ ਹੈ। ਤੁਹਾਡੀ ਅਦਾਲਤ ਨਹੀਂ ਹੈ। ਬੇਅਦਾਲਤੀ ਹੋਣੇ ਲੱਗੀ ਹੈ। ਮੈਨੂੰ ਮਾਰ ਕੇ ਕੋਈ ਅੱਗੇ ਬੰਦ ਤਾਂ ਨਹੀਂ ਹੋ ਜਾਣੇ ਹੈਂ। ਜਿਹਨਾਂ ਤੁਹਾਨੂੰ ਮਾਰਨਾ ਹੈ। ਰਾਮਦਾਸਪੁਰੇ ਮੈਂ ਬੈਠਾ ਹੈ। ਪਾਛੇ ਤੁਹਾਡਾ ਨਾਸ ਕਰੇਗਾ। ਏਹ ਤਾਂ ਅਜੇ ਮੁੰਡਿਆਂ ਕੀ ਖੇਡ ਹੋਈ ਹੈ। ਸ਼ੇਸ਼ਨਾਗ ਤਾਂ ਬੈਠਾ ਹੈ। ਜੇ ਇਕ ਦੋ ਸਰਪ ਮਾਰ ਦੀਏ ਤਾਂ ਕੀ ਹੂਆ? ਤੁਹਾਡਾ ਕਾਲ ਤੁਹਾਡੇ ਸਿਰ ਉਤੇ ਬੈਠਾ ਹੈ।

"ਹਿੰਦੂਆਂ ਨੂੰ ਬੋਲਾ ਕੀਤਾ ਰਾਮ ਰਾਮ ਕਾ ਜਾਪ ਕਰੋ। ਮੁਸਲਮਾਨਾਂ ਨੂੰ ਕਿਹਾ, 'ਤੁਸੀਂ ਖੁਦਾਇ ਖੁਦਾਇ ਜਪੋ। ਬੋਲਾ ਕੀਤਾ :

ਸਾਈਂ ਨਾਲ ਤਿੰਨਾਂ ਦਾ ਦਾਵਾ,
ਜਿੰਨਾ ਸਿਰ ਸਾਈਂ ਨੂੰ ਦਿੱਤਾ।
ਹੋਰੀਂ ਵਲੋਂ ਚਿੱਤ ਚਾਇ ਖਲੋਤਾ,
ਇਕ ਸਾਕ ਸਾਂਈ ਨਾਲ ਕਿੱਤਾ।
ਜੈਸੀ ਲਾਵਣ ਤੋੜ ਨਿਭਾਵਣ,
ਕਦੇ ਨਾਂ ਫੇਰਨ ਚਿੱਤਾ।
ਬਿਨ ਸਿਰ ਦਿੱਤਿਆਂ ਸਹੁ ਨਹੀਂ ਮਿਲਦਾ
ਲੱਖਾਂ ਜੇਹੀ ਗੱਲ ਇਕਾ। [18]

ਸੂਬਾ ਗਿਆਨੀ ਸਿੰਘ ਅਵਿਵਾਹਿਤ ਸਨ। ਉਹਨਾਂ ਦੇ ਕਾਨੂੰਨੀ ਕਤਲ ਨੇ ਜੋ ਅੱਗ ਭੜਕਾਈ ਉਸਨੇ ਕੂਕੇ ਮਸਤਾਨਿਆਂ ਦੀ ਸੀਨੇ ਛਾਲਿਉ ਛਾਲੀ ਕਰ ਦਿੱਤੇ। ਉਹਨਾਂ ਨੇ ਮਲੇਰਕੋਟਲਾ ਤੇ ਹਮਲਾ, ਗਿਆਨੀ ਸਿੰਘ ਦੇ ਗੈਰਕਾਨੂੰਨੀ ਅਦਾਲਤੀ ਕਤਲ ਦੇ ਬਦਲੇ ਵਜੋਂ ਕੀਤਾ ਸੀ। ਇਹ ਹੱਲੇ ਵਿਚ ਸ਼ਾਮਿਲ ਹੋਣ ਵਾਲਿਆਂ ਨੂੰ ਇਹ ਕਹਿ ਕੇ ਪ੍ਰੇਰਦੇ ਸਨ ਕਿ ਆਉ ਜਿਹਨੇ ਗਿਆਨੀ ਸਿੰਘ ਦੀ ਜੰਞ ਚੜਨਾ ਹੈ, ਸਾਡੇ ਨਾਲ ਰਲੇ। ਭਾਈ ਚੰਦਾ ਸਿੰਘ ਦੇ ਬਾਰਾਮਾਂਹ ਦੀਆਂ ਸਤਰਾਂ ਇਸ ਦੀ ਤਸਦੀਕ ਕਰਦੀਆਂ ਹਨ :

ਚੰਦਾ ਸਿੰਘ ਗੁਰ ਰਚਿਆ ਭਾਣਾ,

Namdhari Elibrary NamdhariElibrary@gmail.com

ਸਿੰਘ ਕਰਦੇ ਜ਼ੋਰ ਧਿੰਙਾਣਾ।
ਕਹਿੰਦੇ ਮਲੇਰਕੋਟਲੇ ਧਾਣਾ,
ਜੰਞੇ ਗਿਆਨ ਸਿੰਘ ਦੀ ਜਾਣਾ।
ਬਦਲਾ ਲੈਣਾ ਪਾਸ ਪਠਾਣਾ,
ਇਹ ਮਨ ਵਿਚਾਰਦੇ।

(3) **ਸੂਬਾ ਜਵਾਹਰ ਸਿੰਘ**- ਆਪ ਕੂਕਿਆਂ ਦੀ ਸੂਬਾ ਪੰਚਾਇਤ ਦੇ ਮੁਖੀ ਸਨ। ਜਨਮ ਮਾਝੇ ਦੇ ਸੋਹਲ ਨਗਰ ਦਾ ਸੀ। ਵੱਡੇ ਹੋ ਕੇ ਪਿਤਾ ਗੁਜ਼ਰ ਜਾਣ ਤੋਂ ਬਾਅਦ ਮਾਤਾ ਦੇ ਨਾਲ ਆਪਣੇ ਨਾਨਕੇ ਭਾਈ ਕੀ ਡਰੋਲੀ (ਮੋਗਾ) ਆ ਗਏ। ਇਕ ਭੈਣ ਆਪ ਤੋਂ ਢਾਈ ਸਾਲ ਛੋਟੀ ਸੀ। ਡਰੋਲੀ ਭਾਈ ਕੀ ਵਿਚ ਨਿਰਮਲੇ ਸੰਤ ਮਹੰਤ ਸਰਦੂਲ ਸਿੰਘ। ਇਹਨਾਂ ਤੋਂ ਸੂਬਾ ਜੀ ਨੇ ਬਚਪਨ ਵਿਚ ਆਦਿ ਸ੍ਰੀ ਗ੍ਰੰਥ ਸਾਹਿਬ ਅਤੇ ਵੇਦਾਂਤ ਪੜ੍ਹਿਆ। ਸੈਨਿਕ ਜੀਵਨ ਦਾ ਵਰਨਣ ਉਪਰ ਸਰਕਾਰੀ ਰਿਕਾਰਡ ਵਿਚ ਆ ਚੁੱਕਾ ਹੈ। 1850 ਤੋਂ ਆਪ ਦੇਸ਼ ਰਟਨ ਲਈ ਬਨਾਰਸ ਵਾਇਆ ਹਰਦੁਆਰ ਪੁੱਜੇ। ਇਥੇ ਰਹਿ ਕੇ ਸੰਸਕ੍ਰਿਤ ਤੇ ਹੋਰ ਵਿਦਿਆ ਪੜ੍ਹੀ। ਫਿਰ ਲੋਖੋ ਪਿੰਡ ਦੇ ਬਾਹਰ ਇਕ ਨਿਰਮਲੇ ਸਾਧੂ ਦੀ ਕੁਟੀਆ ਵਿਚ ਰਹਿ ਕੇ ਨਿਰਮਲ ਭੇਖ ਵਿਚ ਪਰਿਪੱਕ ਹੋਏ। ਬਲਾਸਪੁਰ, ਤਖਤੂਪਰਾ ਆਦਿ ਫਿਰੋਜ਼ਪੁਰ ਜ਼ਿਲੇ ਦੇ ਪਿੰਡਾਂ ਵਿਚ ਹੀ ਡੇਰਾ ਰੱਖਿਆ। ਸਮੁੰਦ ਸਿੰਘ ਖੋਟੇ ਦੀ ਸੰਗਤ ਵਿਚ 1861 ਈ. ਵਿਚ ਬਸੰਤ ਪੰਚਮੀ ਦੇ ਮੇਲੇ ਤੇ ਭੈਣੀ ਸਾਹਿਬ ਆ ਕੇ ਕੂਕੇ ਬਣ ਗਏ। ਫਿਰ ਕੱਖਾਂ ਦੀ ਕੁੱਲੀ ਪਾ ਕੇ ਇਥੇ ਹੀ ਰਹਿਣ ਲੱਗੇ। ਸਤਿਗੁਰੂ ਜੀ ਨੇ ਅੰਮ੍ਰਿਤ ਆਪ ਜੀ ਪਾਸੋਂ ਖੁਦ ਛਕਿਆ ਅਤੇ ਸਾਰੇ ਪਰਵਾਰ ਨੂੰ ਵੀ ਛਕਾਇਆ। ਜਦੋਂ ਕਦੇ ਸੂਬਾ ਜੀ ਦਿਵਾਨ ਸਜੇ ਵਿਚ ਬਾਅਦ ਵਿਚ ਪੁਜਦੇ ਤਾਂ ਸਤਿਗੁਰੂ ਰਾਮ ਸਿੰਘ ਆਪ ਦਾ ਖੜ੍ਹੇ ਹੋ ਕੇ ਸਤਿਕਾਰ ਕਰਦੇ। ਸੂਬਾ ਜੀ ਦਾ ਜਨਮ 1800 ਤੋਂ 1805 ਈ. ਦਾ ਕਿਸੇ ਸਾਲ ਵਿਚ ਹੋਇਆ। ਉਹਨਾਂ ਨੂੰ ਸੂਬਾ 1864 ਜਾਂ 65 ਵਿਚ ਥਾਪਿਆ ਗਿਆ। ਸਤਿਗੁਰੂ ਜੀ ਦੀ ਨਜ਼ਰਬੰਦੀ (1863-66) ਤੋਂ ਕੁਝ ਸਮਾਂ ਬਾਅਦ ਹੀ ਸੂਬਾ ਜਵਾਹਰ ਸਿੰਘ ਹੋਰਾਂ ਨੂੰ ਸ੍ਰੀ ਭੈਣੀ ਸਾਹਿਬ ਵਿਚ 1866 ਦੇ ਅਖੀਰ ਤੱਕ ਨਜ਼ਰਬੰਦ ਰੱਖਿਆ। ਜਦੋਂ ਕਿਸੇ ਮਸਤਾਨੇ ਜਾਂ ਸੂਬੇ ਤੋਂ ਅਵੱਗਿਆ ਸਵਰੂਪ ਸਤਿਗੁਰੂ ਜੀ ਨਾਰਾਜ਼ ਹੋ ਜਾਂਦੇ ਤਾਂ ਉਹਨਾਂ ਦੀ ਬਖਸ਼ਬੰਦੀ ਸੂਬਾ ਜਵਾਹਰ ਸਿੰਘ ਹੀ ਕਰਵਾਇਆ ਕਰਦੇ ਸਨ। ਇਸ ਲਈ ਕਈ ਵੇਰ ਸਤਿਗੁਰੂ ਜੀ ਨੇ ਕਹਿਣਾ - "ਬਾਬਾ! ਪੱਟੇ ਤੇਰੀ ਦੈਆ ਨੇ।"-

ਮਲੇਰਕੋਟਲੇ ਦੀ ਘਟਨਾ ਬਾਅਦ ਸਤਿਗੁਰੂ ਜੀ ਦੇ ਨਾਲ ਹੀ ਜਲਾਵਤਨ ਹੋ ਜਾਣ ਵਾਲੇ ਸੂਬਿਆਂ ਵਿਚ ਬਾਬਾ ਜਵਾਹਰ ਸਿੰਘ ਸ਼ਾਮਲ ਸਨ। ਜਿਹੜੇ ਪਹਿਲਾਂ ਅਲਾਹਾਬਾਦ ਕਿਲੇ ਵਿਚ ਰਹੇ ਅਤੇ ਫਿਰ ਜਦੋਂ 1818 ... ਦੀ ਰੈਗੂਲੇਸ਼ਨ 3 ਤਹਿਤ ਆਪ ਜੀ ਦੇ ਵੀ ਵਾਰੰਟ ਜਾਰੀ ਹੋ ਗਏ ਕਿਉਂਕਿ ਮੈਕਨੇਬ ਨੇ ਆਪਣੀ ਰਿਪੋਰਟ ਵਿਚ ਆਪ ਨੂੰ ਭਾਵੇਂ ਫਕੀਰ ਲਿਖਿਆ ਹੈ ਫਿਰ ਵੀ ਸਾਰੀ ਉਮਰ ਨਿਰਵਾਸਣ ਵਿਚ ਰੱਖਣ ਦੀ ਸਿਫਾਰਸ਼ ਕੀਤੀ ਸੀ। 14 ਦਸੰਬਰ 1872 ਨੂੰ ਸੂਬਾ ਜਵਾਹਰ ਸਿੰਘ, ਸੂਬਾ ਬ੍ਰਹਮਾ ਸਿੰਘ ਅਤੇ ਸੂਬਾ ਲੱਖਾ ਸਿੰਘ ਨੂੰ ਅਲਾਹਾਬਾਦ ਤੋਂ ਕਲਕੱਤੇ ਪਹੁੰਚਾਇਆ ਸਮੁੰਦਰੀ ਜਹਾਜ਼ ਦੁਆਰਾ। ਤਿੰਨੇ ਸੂਬਾ 30 ਦਸੰਬਰ 1872 ਨੂੰ ਮੋਲਮੀਨ ਪੁੱਜੇ। ਬ੍ਰਿਟਿਸ਼ ਬਰਮਾ ਦੀ ਕਿਢਨਕਤਾਨ - ਮੋਲਮੀਨ ਜੇਹਲ ਵਿਚ ਸੂਬਾ ਜੀ 29 ਦਸੰਬਰ 1883 ਨੂੰ ਸ਼ਹੀਦੀ ਪਾ ਗਏ। ਸੂਬਾ ਜੀ ਦਾ ਜੇਹਲ ਜੀਵਨ ਬਾਰਾਂ ਸਾਲ ਤੋਂ ਪੌਣੇ ਕੁ ਦੋ ਮਹੀਨੇ ਘੱਟ ਬਣਦਾ ਹੈ। ਸਤਿਗੁਰੂ ਜੀ ਦਾ ਦਰਸ਼ਨ ਕਰਨ ਬਰਮਾ ਆਉਣ ਵਾਲੇ ਬਹੁਤ ਸਾਰੇ ਸਿੰਘ ਆਪ ਜੀ ਦੇ ਦਰਸ਼ਨਾਂ ਨੂੰ ਮੋਲਮੀਨ ਵਿਖੇ ਪੁਜਦੇ ਸਨ। ਉਹ ਜੋ ਮਾਇਆ ਆਪ ਨੂੰ ਭੇਂਟ ਕਰਦੇ ਆਪ ਵਾਪਿਸ ਸਤਿਗੁਰੂ ਜੀ ਪਾਸ ਰੰਗੂਨ ਭੇਜ ਦਿੰਦੇ। ਜਿਥੋਂ ਹਜ਼ੂਰ ਉਸ ਮਾਇਆ ਨੂੰ ਭੈਣੀ ਸਾਹਿਬ ਲੰਗਰ ਵਿਚ ਸਿੰਘਾਂ ਦੇ ਹੱਥ ਪਹੁੰਚਾ ਦਿੰਦੇ। ਸੂਬਾ ਜਵਾਹਰ ਸਿੰਘ ਦੇਸ਼ ਪਰੇਮ, ਨਾਮਧਾਰੀ ਰਹਿਤ ਮਰਯਾਦਾ ਅਤੇ ਗੁਰਸਿਖੀ ਦੇ ਰੰਗ ਵਿਚ ਅੰਦਰੋਂ ਬਾਹਰੋਂ ਰੰਗੇ ਹੋਏ ਸਨ। ਲੰਮੇ ਜਿਹਲ ਜੀਵਨ ਅਤੇ ਓਪਰੀ ਧਰਤੀ ਦੀਆਂ ਗੋਰੀ ਹਕੂਮਤ ਦੀਆਂ ਬੰਦਸ਼ਾਂ ਆਪ ਨੇ ਖਿੜੇ ਮੱਥੇ ਭੁਗਤੀਆਂ।

(4) **ਸੂਬਾ ਸਾਹਿਬ ਸਿੰਘ**-ਵੈਸੇ ਤਾਂ ਸਾਰੇ ਸਿਖ ਸੰਗੀ ਸਤਿਗੁਰੂ ਦੇ ਪੁੱਤਰ ਧੀਆਂ ਹੀ ਹੁੰਦੇ ਹਨ ਪ੍ਰੰਤੂ ਇਕ ਸਮਕਾਲੀ ਕਵੀ ਭਾਈ ਖਜ਼ਾਨ ਸਿੰਘ ਨੇ ਸੂਬਾ ਸਾਹਿਬ ਸਿੰਘ ਹੋਰਾਂ ਬਾਰੇ ਲਿਖਿਆ ਸੀ :

ਸੰਗਤਾਂ ਬਣਾਈਆਂ ਗੁਰੂ ਰਾਮ ਸਿੰਘ ਚਾਰ ਤਰਫ।
ਸਾਹਿਬ ਸਿੰਘ ਲਾਡਲਾ, ਸਪੂਤ ਜਾ ਕੋ ਸੁੱਤ ਸੀ।

ਸੋ ਸਾਰੇ ਨਾਮਧਾਰੀ ਸੰਤ ਖਾਲਸੇ ਵਿਚੋਂ ਜਿਸਨੂੰ ਸਮਕਾਲੀ ਕਵੀ ਜਾਂ ਰਾਗੀ ਸਿੰਘ ਨੇ 'ਲਾਡਲਾ ਸਪੂਤ' ਲਿਖਿਆ ਸੀ ਉਹ ਕਿਹੋ ਜਿਹਾ ਹੋਏਗਾ? ਉਸ ਨੂੰ ਵਕਤ ਦੇ ਅੰਗਰੇਜ਼ ਹਾਕਮ ਸਤਿਗੁਰੂ ਰਾਮ ਸਿੰਘ ਜੀ ਦਾ ਸਿਆਸੀ ਉਤਰਾਧਿਕਾਰੀ ਲਿਖਦੇ ਹਨ। ਉਹਨਾਂ ਦੀ ਬੋਲਚਾਲ ਤੀਖਣ ਬੁੱਧੀ, ਮੌਕੇ ਤੇ ਫੈਸਲਾ ਲੈਣ ਦੀ ਜੁਰਅੱਤ, ਦਲੇਰੀ, ਨਿਰਭੈਅਤਾ, ਅਡੋਲਤਾ, ਸੰਜਮੀ ਅਤੇ ਸਿਰੜੀ ਜੀਵਨ, ਸਤਿਗੁਰੂ ਜੀ ਅਤੇ ਉਹਨਾਂ ਦੁਆਰਾ ਮਿੱਥੇ ਕੌਮੀ ਮੁਕਤੀ ਸੰਗਰਾਮ ਪ੍ਰਤੀ ਮੁਕੰਮਲ ਸਮਰਪਣ ਦੀ ਭਾਵਨਾ, ਦੂਰ ਅੰਦੇਸ਼ੀ, ਵੈਰੀ ਦੀਆਂ ਸਾਰੀਆਂ ਚਾਲਾਂ ਦਾ ਜਵਾਬ ਦੇਣ ਲਈ ਨਵੀਂ ਵਿਉਂਤ ਰਚਨਾ ਕਰ ਲੈਣਾ, ਕਸ਼ਟਾਂ ਦੀ ਕਠਿਨਾਈ ਵਿਚ ਦੇਹੀ ਨੂੰ ਢਾਲ ਕੇ ਕੁੰਦਨ ਬਣਾਣ ਦੀ ਸਮਰਥਾ ਨੇ, ਉਸ ਨੂੰ ਕੂਕਾ ਅੰਦੋਲਨ ਦਾ ਅਮਰ ਨਾਇਕ ਬਣਾ ਦਿਤਾ ਹੈ। ਉਹ

Namdhari Elibrary NamdhariElibrary@gmail.com

ਮਨੁੱਖ ਮੁਕਤੀ ਯੁੱਧ ਵਿਚ ਉਹਨਾਂ ਦੁਆਰਾ ਪਾਇਆ ਯੋਗਦਾਨ, ਉਹਨਾਂ ਨੂੰ ਸਮੇਂ, ਸਥਾਨ ਅਤੇ ਦੇਸ਼ ਕਾਲ ਦੇ ਬੰਧਨਾਂ ਤੋਂ ਵੀ ਉਪਰ ਉਠ ਕੇ ਵਿਸ਼ਵ ਇਤਿਹਾਸ ਦੇ ਪੰਨਿਆਂ ਤੇ ਚਮਕਣ ਵਾਲੇ ਨਾਵਾਂ ਦੀ ਸੂਚੀ ਵਿਚ ਦਾਖਲ ਕਰ ਦਿੰਦਾ ਹੈ। ਉਹਨਾਂ ਦਾ ਜੀਵਨ ਕੁਤਬ ਤਾਰੇ ਜਿਉਂ ਬੇਯਕੀਨੀ ਦੀ ਹਾਲਾਤ ਵਾਲੀਆਂ ਰਾਤਾਂ ਵਿਚ ਮਾਰਗ ਦਰਸ਼ਕ ਬਣ ਜਾਂਦਾ ਹੈ। ਉਹਨਾਂ ਦੀ ਕੀਰਤੀ ਕੌਮਾਂ ਨੂੰ ਆਪਣੇ ਜੀਵਨ ਦੇ ਉਤਰਾਵਾਂ ਚੜ੍ਹਾਵਾਂ ਦੀ ਤਰਾਸਦਿਕ ਸਥਿਤੀ ਵਿਚੋਂ ਉਤਰਨ ਦੀ, ਇਕ ਸ਼ਕਤੀਸ਼ਾਲੀ ਵਾਹਕ ਬਣਦੀ ਹੈ।

ਉਹਨਾਂ ਸੂਰਬੀਰਾਂ ਅਤੇ ਸੰਗਰਾਮੀਆਂ ਵਿਚੋਂ ਹੈ ਜੋ ਆਪਣੇ ਛੋਟੇਰੇ ਜੀਵਨ ਕਾਲ ਵਿਚ ਵੀ ਵੱਡੀਆਂ ਪ੍ਰਾਪਤੀਆਂ ਕਰਕੇ, ਇਤਿਹਾਸ ਦੀ ਹਿੱਕੜੀ ਤੇ ਆਪਣੀਆਂ ਪੈੜਾਂ ਸਦੀਵੀਂ ਕਾਲ ਲਈ ਅੰਕਿਤ ਕਰ ਜਾਂਦੇ ਹਨ। ਮਨੁੱਖ ਮੁਕਤੀ ਯੁੱਧ ਵਿਚ ਉਹਨਾਂ ਦੁਆਰਾ ਪਾਇਆ ਯੋਗਦਾਨ, ਉਹਨਾਂ ਨੂੰ ਸਮੇਂ, ਸਥਾਨ ਅਤੇ ਦੇਸ਼ ਕਾਲ ਦੇ ਬੰਧਨਾਂ ਤੋਂ ਵੀ ਉਪਰ ਉਠ ਕੇ ਵਿਸ਼ਵ ਇਤਿਹਾਸ ਦੇ ਪੰਨਿਆਂ ਤੇ ਚਮਕਣ ਵਾਲੇ ਨਾਵਾਂ ਦੀ ਸੂਚੀ ਵਿਚ ਦਾਖਲ ਕਰ ਦਿੰਦਾ ਹੈ। ਉਹਨਾਂ ਦਾ ਜੀਵਨ ਕੁਤਬ ਤਾਰੇ ਜਿਉਂ ਬੇਯਕੀਨੀ ਦੀ ਹਾਲਾਤ ਵਾਲੀਆਂ ਰਾਤਾਂ ਵਿਚ ਮਾਰਗ ਦਰਸ਼ਕ ਬਣ ਜਾਂਦਾ ਹੈ। ਉਹਨਾਂ ਦੀ ਕੀਰਤੀ ਕੌਮਾਂ ਨੂੰ ਆਪਣੇ ਜੀਵਨ ਦੇ ਉਤਰਾਵਾਂ ਚੜ੍ਹਾਵਾਂ ਦੀ ਤਰਾਸਦਿਕ ਸਥਿਤੀ ਵਿਚੋਂ ਉਤਰਨ ਦੀ, ਇਕ ਸ਼ਕਤੀਸ਼ਾਲੀ ਵਾਹਕ ਬਣਦੀ ਹੈ। ਉਹ ਮਨੁੱਖੀ ਬਰਕਤਾਂ ਦਾ ਮੁਜੱਸਮਾ ਬਣ ਕੇ, ਇਨਾਸਨੀ ਸਮਰੱਥਾਵਾਂ ਦੀ ਬੇਪਨਾਹ ਬੁਲੰਦੀ ਦੇ ਦਰਸ਼ਨ ਕਰਵਾਉਂਦੇ ਹਨ। ਉਹਨਾਂ ਦੇ ਪੈਰਾਂ ਵਿਚ ਧਰਤੀ ਦੀ ਤੋਰ, ਸੀਨਿਆਂ ਵਿਚ ਸਾਗਰਾਂ ਦਾ ਜੋਸ਼, ਹੱਥਾਂ ਵਿਚ ਪੌਣਾਂ ਦੀ ਫੁਰਤੀ, ਨੇਤਰਾਂ ਵਿਚ ਚੜ੍ਹਦੇ ਸੂਰਜ ਦੀ ਚਮਕ ਅਤੇ ਮੱਥੇ ਵਿਚ ਦ੍ਰਿੜ੍ਹ ਵਿਸ਼ਵਾਸਾਂ ਦੇ ਦੀਪਕ ਜਗਮਗਾਉਂਦੇ ਹਨ। ਉਹ ਸਧਾਰਨ ਜਨਾਂ ਵਿਚੋਂ ਹੁੰਦਿਆਂ ਹੋਇਆਂ ਵੀ, ਲਹਿਰਾਂ ਦੇ ਕੰਧਾੜਿਆਂ ਤੇ ਚੜ੍ਹਕੇ ਆਸਧਾਰਨ ਕਾਰੇ ਕਰ ਜਾਂਦੇ ਹਨ। ਚਰਿੱਤਰ ਦੇ ਇਹਨਾਂ ਮੀਰੀ ਗੁਣਾਂ ਦੇ ਕਾਰਨ ਹੀ, ਪੰਜਾਬ ਦੇ ਮੋਢੀ ਸੁਤੰਤਰਤਾ ਸੰਗਰਾਮੀ - ਸਤਿਗੁਰੂ ਰਾਮ ਸਿੰਘ ਜੀ ਦਾ 'ਲਾਡਲਾ ਸਪੂਤ' ਦਾ ਸ਼ਰਫ ਸੂਬਾ ਸਾਹਿਬ ਸਿੰਘ ਜੀ ਦੇ ਹਿੱਸੇ ਆਇਆ।[19]

ਅਪਰੈਲ 1872 ਵਿਚ ਅਲਾਹਾਬਾਦ ਕਿਲੇ ਵਿਚ ਮੈਕਨੇਬ ਦੇ ਸਾਹਮਣੇ ਦਿੱਤੇ ਬਿਆਨਾਂ ਮੁਤਾਬਿਕ ਸਾਹਿਬ ਸਿੰਘ ਦਾ ਪਿੰਡ ਬਨਵਾਲੀ (ਬੰਗਾਲੀ ਪੁਰ) ਹੈ। ਉਸਨੇ ਨਾਮਧਾਰੀ ਮੱਤ ਦੀ ਦੀਖਿਆ 1859 ਈ. ਵਿਚ ਹਜਰੋਂ ਵਿਖੇ ਗੁਰੂ ਬਾਲਕ ਸਿੰਘ ਤੋਂ ਲਈ। ਉਸ ਦੇ ਦੋ ਹੋਰ ਭਾਈ ਸਨ - ਹੀਰਾ ਸਿੰਘ ਤੇ ਰੂੜ ਸਿੰਘ। ਰੂੜ ਸਿੰਘ ਉਸ ਤੋਂ ਤਿੰਨ ਵਰ੍ਹੇ ਵੱਡਾ ਸੀ।। ਇਹ ਦੋਵੇਂ ਗ੍ਰਹਿਸਤੀ ਸਨ। ਰੂੜ ਸਿੰਘ ਨੂੰ ਵੀ ਸਤਿਗੁਰੂ ਜੀ ਨੇ ਸੂਬਾ ਥਾਪਿਆ ਸੀ। 1859-60 ਵਿਚ ਭੈਣੀ ਸਾਹਿਬ ਪੁੱਜਣ ਤੋਂ ਪਹਿਲਾਂ ਸਾਹਿਬ ਸਿੰਘ 8-9 ਵਰ੍ਹੇ ਉਦਾਸੀ ਸਾਧੂਆਂ ਦੇ ਭੇਸ ਵਿਚ ਉਹਨਾਂ ਦੇ ਨਾਲ ਦੇਸਰਟਨ ਕਰਦਾ ਹੈ। ਉਸ ਦਾ ਜਨਮ 1834 ਈ. ਦਾ ਹੈ। ਇਉਂ ਜੁਆਨੀ ਵਿਚ ਪੈਰ ਧਰਦਿਆਂ ਹੀ ਘਰੋਂ ਨਿਕਲ ਕੇ ਪਹਿਲਾਂ ਸਾਧੂਆਂ ਨਾਲ ਅਤੇ ਫਿਰ ਸਤਿਗੁਰੂ ਰਾਮ ਸਿੰਘ ਜੀ ਨਾਲ ਵਿਚਰਕੇ ਘਰ ਵਸਾਉਣ ਦੀ ਬਜਾਏ, ਦੇਸ ਕੌਮ ਦੀ ਵਿਗੜੀ ਬਣਾਉਣ ਦੇ ਰਾਹੇ ਤੁਰਿਆ ਅਤੇ ਤੁਰਿਆ ਹੀ ਰਿਹਾ। ਸੂਬਾ ਜੀ ਬਾਰੇ ਸੰਤ ਬਾਹੋਵਾਲ ਦੇ ਸ਼ਬਦਾਂ ਵਿਚ 'ਲੰਕਾ ਜਦ ਡੰਕਾ ਬਜਾ ਕੇ ਫਤੇ ਕੀਤੀ ਸੀ ਤਾਂ ਹਨੂੰਮਾਨ ਜੀ ਵਰ ਮੰਗਿਆ ਸੀ ਕਿ ਜੇ ਮਾਤਲੋਕ ਮੈਂ ਆਵੇ ਤਾਂ ਨਾਲ ਹੀ ਆਈਏ, ਜੇ ਬੈਕੁੰਠ ਜਾਵੇ ਤਾਂ ਨਾਲ ਹੀ ਜਾਈਏ।'' ਖੜੀ ਮਾਰ ਗ੍ਰਿਭਿਤ ਟਿਪਣੀ ਹੈ। ਸਾਹਿਬ ਸਿੰਘ ਦੇ ਬਿਆਨਾਂ ਮੁਤਾਬਿਕ ਉਸਨੂੰ 1865 ਈ. ਵਿਚ ਸੂਬਾ ਬਣਾਇਆ ਸੀ। ਉਹ ਪਹਿਲੇ ਥਾਪੇ ਪੰਜ ਸਤਿਕਾਰਤ ਸੂਬਿਆਂ ਵਿਚੋਂ ਇਕ ਸੀ। ਉਹ ਬੱਚਿਆਂ ਨੂੰ ਵਿਦਿਆ ਦੇਣ, ਗੁਰਬਾਣੀ ਪੜ੍ਹਾਉਣ ਦੇ ਕਾਰਜ ਤੋਂ ਇਲਾਵਾ ਡੇਰੇ ਵਿਚ ਆਉਣ ਸਮੇਂ ਪਸ਼ੂਆਂ ਦੀ ਸੇਵਾ ਸੰਭਾਲ ਦਾ ਕਾਰਜ ਵੀ ਕਰਦਾ ਰਿਹਾ। ਸੂਬਾ ਸਾਹਿਬ ਸਿੰਘ ਨੂੰ ਸੰਤ ਨਿਧਾਨ ਸਿੰਘ ਆਲਿਮ 'ਪਰਧਾਨ ਸੂਬਾ' ਵੀ ਲਿਖਦੇ ਹਨ। ਉਹਨਾਂ ਦੀ ਪੰਥ ਅਤੇ ਦੇਸ ਨੂੰ ਅਦੁੱਤੀ ਦੇਣ 'ਕੂਕਾ ਡਾਕ ਪ੍ਰਬੰਧ' ਸੀ। ਕੂਕਿਆਂ ਦੀ ਡਾਕ ਦੀ ਸਫਲ ਕਾਰਵਾਈ ਸਦਕਾ ਅੰਗਰੇਜ਼ ਸਰਕਾਰ ਸਾਹਿਬ ਸਿੰਘ ਦੀ ਤੀਖਣ ਬੁੱਧੀ ਦੀ ਕਾਇਲ ਹੋਈ। ਇਹ ਡਾਕ ਸਰਕਾਰੀ ਡਾਕ ਤੋਂ ਤੇਜ਼ ਰਫਤਾਰ ਅਤੇ ਬਿਨਾਂ ਉਹਨਾਂ ਦੇ ਕਾਬੂ ਆਇਆਂ ਜਾਂਦੀ ਸੀ। ਕੂਕਾ ਲਹਿਰ ਨੂੰ ਧਾਰਮਿਕ ਦੀ ਬਜਾਏ ਸਿਆਸੀ ਮੰਨਣ ਪਿਛੇ ਉਹਨਾਂ 'ਚ ਡਾਕ ਸਿਸਟਮ ਵੀ, ਅੰਗਰੇਜ਼ ਸਰਕਾਰ ਇਕ ਕਾਰਨ ਗਿਣਤੀ ਸੀ। ਸਤਿਗੁਰੂ ਜੀ ਦੇ ਦੋ ਮਹੱਤਪਵੂਰਨ ਵਿਭਾਗ ਗ੍ਰਹਿ ਅਤੇ ਵਿਦੇਸ਼ ਸਾਹਿਬ ਸਿੰਘ ਦੇ ਹਿੱਸੇ ਆਏ ਸਨ। ਉਹਨਾਂ ਨੂੰ ਕਾਹਨ ਸਿੰਘ ਨਿਹੰਗ ਦੇ ਨਾਲ 1870-71 ਈ. ਦੀਆਂ ਸਰਦੀਆਂ ਵਿਚ ਨੇਪਾਲ ਸਰਕਾਰ ਨਾਲ, ਸੰਬੰਧ ਵਿਕਸਿਤ ਕਰਨ ਲਈ ਭੇਜਿਆ ਗਿਆ। ਇਤਿਹਾਸਕਾਰ 'ਕੂਕਾ - ਨੇਪਾਲ ਰਾਜ ਸੰਧੀ' ਨੂੰ ਦੋ ਬਰਾਬਰ ਧਿਰਾਂ ਵਿਚ ਹੋਈ ਸੰਧੀ ਨੂੰ ਮੰਨਦੇ ਹਨ। ਬੇਸ਼ੱਕ ਇਹ ਸੰਧੀ ਵਕਤ ਦੀ ਰਵਾਇਤ ਮੁਤਾਬਿਕ

Namdhari Elibrary NamdhariElibrary@gmail.com

ਲਿਖਤੀ ਨਾ ਹੋ ਕੇ ਮੌਖਿਕ ਸੀ ਅਤੇ ... ... ਇਸ ਤੋਂ ਬਹੁਤ ਤਿਲਮਲਾਈ ਸੀ। ਸਾਹਿਬ **ਸਿੰਘ** ਵੀ ਅਕਾਲ ਹਜ਼ੂਰੀ ਵਿਚ ਰਹਿਣ ਵਾਲਾ ਸੂਬਾ ਸੀ। ਸੋ ਸਤਿਗੁਰੂ ਜੀ ਦੀ ਗ੍ਰਿਫਤਾਰੀ ਸਮੇਂ ਉਹ ਵੀ ਗੱਡੇ ਤੇ ਸਫਰ ਦਾ ਸਾਥੀ ਸੀ ਅਤੇ ਨਾਲ ਹੀ ਅਲਾਹਾਬਾਦ ਕਿਲੇ ਵਿਚ ਪਹੁੰਚਾਇਆ ਗਿਆ। .

ਪੁਲਿਸ ਅਧਿਕਾਰੀ ਦੇ ਦਸਤਾਵੇਜਾਂ ਮੁਤਾਬਿਕ ਉਹ (ਗੁਰੂ) 'ਗੁਰੂ ਰਾਮ ਸਿੰਘ ਜੀ ਦਾ ਸੰਭਾਵਿਤ ਉਤਰਾਧਿਕਾਰੀ' ਹੈ। ਉਸਦਾ ਵਿਸ਼ਵਾਸਪਾਤਰ ਅਤੇ ਗੁੱਝੇ ਭੇਦ ਜਾਨਣ ਵਾਲਾ ਸੂਬਾ ਹੈ। ਸਾਰੇ ਸੂਬਿਆਂ ਵਿਚ ਸਭ ਤੋਂ ਵੱਧ ਜਾਣਿਆਂ ਜਾਣ ਵਾਲਾ ਸੂਬਾ ਹੈ। ਮੈਕਨੇਬ ਦੇ ਮੁਤਾਬਿਕ ਉਹ ਪੜ੍ਹਿਆ ਲਿਖਿਆ, ਮਹੱਤਵਕਾਂਸ਼ੀ, ਹਮੇਸ਼ਾ ਨਵੀਆਂ ਗੋਂਦਾਂ ਗੁੰਦਣ ਵਾਲਾ ਵੀ ਹੈ।.. ਉਸਨੇ ਹੀਰਾ ਸਿੰਘ ਲਹਿਣਾ ਸਿੰਘ ਦੇ ਸ਼ਹੀਦੀ ਜਥੇ ਨੂੰ ਉਕਸਾਉਣ ਵਾਲਾ ਵੀ ਲਿਖਿਆ ਹੈ। ਜਦੋਂ ਮਸਤਾਨੇ ਮਲੇਰਕੋਟਲੇ ਵੱਲ ਜਾ ਰਹੇ ਸਨ ਤਾਂ ਸਾਹਿਬ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਸੂਬਿਆਂ ਦੀ ਇਕ ਮੀਟਿੰਗ ਬੁਲਾ ਕੇ ਉਸ ਵਿਚ ਖੁਦ ਨੂੰ 'ਪਾਤਸ਼ਾਹ ਘੋਸ਼ਿਤ ਕਰਨ' ਦਾ ਐਲਾਨ ਕਰਨ ਲਈ ਵੀ ਕਿਹਾ ਸੀ ਤਾਂਕਿ ਫੈਸਲਾਕੁੰਨ ਜੰਗ ਦੁਸ਼ਮਣ ਦੇ ਹੱਥ ਆਉਣ ਤੋਂ ਪਹਿਲਾਂ ਹੀ ਵਿੱਢ ਦਿੱਤੀ ਜਾਏ। ਉਸਨੂੰ ਕੂਕਾ ਪੰਥ ਦਾ 'ਕ੍ਰਿਆਸ਼ੀਲ ਅਤੇ ਸਿਆਸੀ ਭਾਗ' ਦਾ ਆਗੂ ਲਿਖਿਆ ਗਿਆ ਹੈ। ਇਹ ਵੀ ਦਰਜ ਹੈ ਕਿ ਕਈ ਵੇਰ ਉਹ ਸੰਗਤਾਂ ਵਿਚ (ਸਤਿਗੁਰੂ) ਰਾਮ ਸਿੰਘ ਹੋਰਾਂ ਤੋਂ ਵੀ ਵਧ ਸੁਣਿਆ ਜਾਂਦਾ ਹੈ। ਸਤਿਗੁਰੂ ਆਪਣੇ ਸਿੱਖਾਂ ਨੂੰ ਜੇ ਆਪਣੇ ਜਿਹੇ ਜਾਂ ਦੋ ਰੱਤੀਆਂ ਵੱਧ ਨਾ ਬਣਾਵੇ ਤਾਂ ਉਹਦੀਆਂ ਬਰਕਤਾਂ ਨੂੰ ਕੌਣ ਸਮਝੇ।

ਅਲਾਹਾਬਾਦ ਤੋਂ ਸੂਬਾ ਸਾਹਿਬ ਸਿੰਘ ਅਤੇ ਕਾਹਨ ਸਿੰਘ 1818 ਐਕਟ ਦੀ ਧਾਰਾ 3 ਹੇਠ 24 ਮਾਰਚ 1873 ਈ. ਨੂੰ ਅਦਨ ਜੇਹਲ ਵਿਚ ਪੁੱਜੇ। ਇਥੇ ਭਿਆਨਕ ਗਰਮੀ ਸੀ। ਦੋਹਾਂ ਸੂਬਿਆਂ ਨੂੰ ਇਹ ਮੌਸਮ ਰਾਸ ਨਾ ਆਇਆ। ਸੋ ਮਈ 1875 ਵਿਚ ਦੋਵੇਂ ਸੂਬੇ ਹਜਾਰੀਬਾਗ (ਅਜਕਲ ਝਾਰਖੰਡ) ਜਿਹਲ ਵਿਚ ਭੇਜ ਦਿਤੇ ਗਏ। ਯੂਰਪੀਨ ਵਾਰਡ ਵਿਚ ਦੋਹੀਂ ਪਾਸੀਂ 16-16 ਕੋਠੜੀਆਂ ਇਸ ਜਿਹਲ ਵਿਚ ਸਨ। ਇਕ ਪਾਸੇ ਕਾਹਨ ਸਿੰਘ ਅਤੇ ਇਕ ਪਾਸੇ ਸਾਹਿਬ ਸਿੰਘ ਬੰਦ ਸਨ। ਕੈਸਾ ਖੌਫ ਸੀ ਕੂਕਿਆਂ ਸੂਬਿਆਂ ਦਾ ਕਿ ਦੋਵੇਂ ਇਕੱਠੇ ਵੀ ਨਹੀਂ ਸਨ ਰਹਿ ਸਕਦੇ। ਸ਼ੱਕਰ ਰੋਗ ਦੇ ਭਿਆਨਕ ਹੱਲੇ ਅਤੇ ਅੰਗਰੇਜ਼ੀ ਸਰਕਾਰ ਦੇ ਕਠੋਰ ਮਲੂਕ ਕਾਰਨ ਸੂਬਾ ਸਾਹਿਬ ਸਿੰਘ ਬੀਮਾਰੀ ਨਾਲ ਘੁਲ ਘੁਲ ਕੇ 10 ਜੂਨ 1879 ਈ. ਨੂੰ ਹਜਾਰੀ ਬਾਗ ਜੇਹਲ ਵਿਚ ਦਮ ਤੋੜ ਗਿਆ। ਉਹ ਜਲਾਵਤਨ ਕੂਕਿਆਂ ... ਜਿਹੜੋਂ ਸਭ ਤੋਂ ਪਹਿਲਾ ਸ਼ਹੀਦੀ ਬਾਟਾ ਛਕਣ ਵਾਲਾ ਸੂਰਮਾ ਹੋ ਨਿਬੜਿਆ। ਕਵੀ ਦੇ ਸ਼ਬਦਾਂ ਵਿਚ-

ਪਿਆਰ ਸਾਡੇ ਦੀ ਪਰਖ,
ਇਸ ਵਤਨ ਦੀ ਮਿਟੀ ਕਰੇ।
ਦੇਸ਼ ਦੀ ਸਵਾਧੀਨਤਾ ਪਲਦੀ ਲਹੂ ਦੇ ਆਸਰੇ।
ਮਿਟ ਗਏ ਜੋ ਵਤਨ ਦੀ ਇਜ਼ਤ ਲਈ,
ਯਾਦ ਉਹਨਾਂ ਦੀ ਸਦਾ
ਸੱਜਰੀ ਰਹੇ ਮਘਦੀ ਰਹੇ।

(5) **ਸੂਬਾ ਪਹਾੜਾ ਸਿੰਘ**- ਇਸਨੂੰ ਸਤਿਗੁਰੂ ਜੀ ਦੇ ਸੂਚਨਾ ਸਕੱਤਰ ਤੇ ਤੌਰ ਤੇ ਯਾਦ ਕੀਤਾ ਜਾਂਦਾ ਹੈ। 1867 ਈ. ਦੀ ਅੰਮ੍ਰਿਤਸਰ ਦੀ ਦਿਵਾਲੀ ਦੀ ਸਤਿਗੁਰੂ ਜੀ ਦੀ ਯਾਤਰਾ ਦੇ ਸੰਬੰਧਿਤ ਰਿਕਾਰਡ ਵਿਚ ਆਪ ਦੁਆਰਾ ਥਾਪੇ 11 ਨਵੇਂ ਸੂਬਿਆਂ ਵਾਲੀ ਸੂਚੀ ਵਿਚ ਪਹਾੜਾ ਸਿੰਘ ਦਾ ਨਾਂ ਬੋਲਦਾ ਹੈ। ਉਹਨੇ ਪਹਾੜੀ ਜਿਹੀ ਵਿਸ਼ਾਲ ਸ਼ਕਤੀ, ਬਰਤਾਨਵੀ ਹਕੂਮਤ ਨਾਲ ਮੱਥਾ ਲਾ ਕੇ, ਆਪਣੇ ਨਾਮ ਦੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਵਿੱਢੇ ਮੁਕਤੀ ਅੰਦੋਲਨ ਦੀ ਸਾਰਥਿਕਤਾ ਸਿੱਧ ਕੀਤੀ। ਅਲਾਹਾਬਾਦ ਕਿਲੇ ਵਿਚ ਮੈਕਨਬ, ਕਮਿਸ਼ਨਰ ਦੇ ਸਾਹਮਣੇ ਦਿੱਤੇ ਬਿਆਨਾਂ ਵਿਚ ਸੂਬਾ ਜੀ ਆਪਣੇ ਬਾਰੇ ਇਹ ਜਾਣਕਾਰੀ ਦਰਜ ਕਰਵਾਉਂਦੇ ਹਨ, "ਪਹਾੜਾ ਸਿੰਘ ਪੁੱਤਰ ਹੇਮਾ, ਜਾਤੀ ਜੱਟ, ਉਮਰ 42 ਸਾਲ, ਨਿਵਾਸੀ ਮਲੌਦ।

"ਮੈਂ ਸਰਦਾਰ ਮਿੱਤ ਸਿੰਘ (ਮਲੌਦ) ਪਾਸ ਨੌਕਰੀ ਕਰਦਾ ਸਾਂ। (ਹੋ ਸਕਦਾ ਹੈ ਕਿ ਇਹ ਅੰਗ ਰੱਖਿਅਕ ਜਿਹਾ ਨੌਕਰ ਹੋਵੇ), ਪ੍ਰੰਤੂ ਗਦਰ ਵਾਲੇ ਸਾਲ ਨੌਕਰੀ ਛੱਡ ਦਿੱਤੀ ਅਤੇ ਇਕ ਨਿਰਮਲਾ ਸਾਧ ਬਣ ਗਿਆ। (ਗੁਰੂ) ਰਾਮ ਸਿੰਘ ਨੇ ਮੈਨੂੰ ਸੰਬਤ 1971 ਬਿਕਰਮੀ (ਮੁਤਾਬਿਕ 1860-61 ਈ) ਵਿਚ ਕੂਕਾ ਬਣਾਇਆ ਸੀ ਅਤੇ ਕੋਈ 5 ਵਰ੍ਹੇ ਪਹਿਲਾਂ ਮੈਨੂੰ ਸੂਬਾ ਬਣਾ ਦਿੱਤਾ ਗਿਆ ਸੀ।

ਉਸ ਸਮੇਂ ਤੋਂ ਹੁਣ ਤਕ ਮੈਂ ਪਿੰਡ ਸਿਹਾੜ (ਥਾਣਾ - ਡੇਹਲੋਂ - ਜ਼ਿਲਾ ਲੁਧਿਆਣਾ) ਵਿਖੇ ਰਹਿੰਦਾ ਆ ਰਿਹਾ ਸਾਂ। ਇਥੇ ਮੇਰੇ ਬਹੁਤ ਸਾਰੇ ਰਿਸ਼ਤੇਦਾਰ ਅਤੇ ਨਾਮ ਭਾਈ ਕੂਕੇ ਵੀ ਰਹਿੰਦੇ ਹਨ। ਮੈਂ (ਗੁਰੂ) ਰਾਮ ਸਿੰਘ ਨਾਲ ਸਾਰੇ ਹੀ ਮੇਲਿਆਂ ਤੇ ਹਮੇਸ਼ਾ ਜਾਂਦਾ ਰਿਹਾ ਸਾਂ।

ਨੋਟ : ਇਕ ਖਤਰਨਾਕ ਕੱਟੜ ਦਿਖ ਵਾਲਾ ਵਿਅਕਤੀ....ਉਸਦੇ ਚਿਹਰੇ ਤੋਂ ਉਸਦੇ ਇਰਾਦੇ ਦੀ ਪਕਿਆਈ ਟਪਕਦੀ ਹੈ।" ਅੱਗੇ ਚਲ ਕੇ ਮੈਕਨਬ ਲਿਖਦਾ ਹੈ, " ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਪਹਾੜਾ ਸਿੰਘ ਵਿਆਪਕ ਪ੍ਰਭਾਵ ਵਾਲਾ ਸੂਬਾ ਹੈ ਅਤੇ ਫੈਸਲਾਕੁੰਨ ਤੌਰ ਤੇ ਇਕ ਖਤਰਨਾਕ ਵਿਅਕਤੀ ਹੈ।"

Namdhari Elibrary NamdhariElibrary@gmail.com

"ਹੋ ਸਕਦਾ ਹੈ ਕਿ (ਕੁਝ ਦੂਜੇ ਸੂਬਿਆਂ ਦੇ ਮੁਕਾਬਲੇ), ਉਹ ਘੱਟ ਅਸਰ ਰਸੂਖ ਰੱਖਦਾ ਹੋਵੇ, ਪਰ ਮੈਂ ਇਹ ਸੋਚਣ ਲਈ ਮਜ਼ਬੂਰ ਹਾਂ ਕਿ ਉਹ (ਸੂਬਾ) ਬ੍ਰਹਮਾ ਸਿੰਘ ਤੋਂ ਵਧ ਖਤਰਨਾਕ ਹੈ ਅਤੇ ਮੈਂ ਸਿਫਾਰਸ਼ ਕਰਾਂਗਾ ਕਿ ਉਸ ਨੂੰ ਘੱਟੋ ਘੱਟ ਦਸ ਵਰ੍ਹਿਆਂ ਲਈ ਦੇਸ਼ ਨਿਕਾਲਾ ਦਿੱਤਾ ਜਾਵੇ, ਇਸ ਸਮੇਂ ਤੋਂ ਬਾਅਦ ਦੇਸ਼ ਦੇ ਹਾਲਾਤ ਨੂੰ ਧਿਆਨ ਵਿਚ ਰੱਖਦੇ ਹੋਏ, ਉਸ ਦੇ ਮਾਮਲੇ ਨੂੰ ਮੁੜ ਵਿਚਾਰਿਆ ਜਾਵੇ ਅਤੇ ਜੇ ਉਸਨੂੰ ਮੁੜ ਆਉਣ ਦੀ ਮਨਜ਼ੂਰੀ ਦਿੱਤੀ ਜਾਵੇ, ਤਾਂ ਉਸਨੂੰ ਪਿੰਡ ਵਿਚ ਪੁਲਿਸ ਨਿਗਰਾਨੀ ਹੇਠ ਰੱਖਿਆ ਜਾਏ ਅਤੇ ਇਕੱਠ ਕਰਨ ਦੀ ਜਾਂ ਮੇਲਿਆਂ ਵਿਚ ਸ਼ਾਮਿਲ ਹੋਣ ਦੀ ਇਜਾਜ਼ਤ ਨਾ ਦਿੱਤੀ ਜਾਵੇ।[20]

ਫੀਰੋਜ਼ਪੁਰ ਦੇ ਪੁਲਿਸ ਕਪਤਾਨ ਆਰ. ਐਚ. ਵਾਲ. ਮੇਜਰ ਨੇ ਅਲਾਹਾਬਾਦ ਵਿਚ ਬੰਦੀ ਸੂਬਿਆਂ ਬਾਰੇ ਆਪਣੀ ਰਿਪੋਰਟ ਵਿਚ ਪਹਾੜਾ ਸਿੰਘ ਬਾਰੇ ਲਿਖਿਆ ਕਿ ਉਸ ਦਾ ਕਿੱਤਾ ਕੋਈ ਨਹੀਂ 'ਫਕੀਰ' ਹੈ। ਉਹ ਕਿਸੇ ਖਾਸ ਜ਼ਿਲੇ ਦਾ ਇੰਚਾਰਜ਼ ਨਹੀਂ। ਉਹ (ਗੁਰੂ) ਰਾਮ ਸਿੰਘ ਲਈ ਸੂਚਨਾਵਾਂ ਇਕੱਤਰ ਕਰਦਾ ਹੈ। ਉਸਨੂੰ 'ਮਹੱਤਵਪੂਰਨ' ਸੂਬਾ ਦੱਸਿਆ ਹੈ।[21]

"ਡਿਪਟੀ ਇੰਸਪੈਕਟਰ ਜਨਰਲ ਪੁਲਿਸ ਅੰਬਾਲਾ, ਉਸਨੂੰ ਇਕ ਫਕੀਰ ਹੀ ਸਮਝਦਾ ਸੀ, ਪਰ ਇਸ ਅਹੁਦੇ ਦੇ ਲਾਹੌਰ ਸਥਿਤ ਪੁਲਿਸ ਅਫਸਰ ਦਾ ਵਿਚਾਰ ਸੀ ਕਿ ਅੰਮ੍ਰਿਤਸਰ ਦੇ ਬੁੱਚੜਬੱਧ ਦੀ ਯੋਜਨਾ ਲੈ ਕੇ ਗੁਰੂ ਰਾਮ ਸਿੰਘ ਪਾਸ ਜਾਣ ਵਾਲਾ ਵਿਅਕਤੀ, ਇਹੋ ਸੂਬਾ ਪਹਾੜਾ ਸਿੰਘ ਹੀ ਸੀ, ਜੋ ਉਕਤ ਘਟਨਾ ਤੋਂ ਪਹਿਲਾਂ ਲੋਪੋਕੀਂ ਵਿਚ ਹੋਈ ਇਕੱਤਰਤਾ ਵਿਚ ਆਪਣੀ ਸ਼ਮੂਲੀਅਤ ਦਾ ਇਕਬਾਲ, ਇਕ ਪੁਲਿਸ ਅਫਸਰ ਕੋਲ ਕਰ ਚੁੱਕਾ ਸੀ।[22]

ਕਟਾਣੀ ਕਲਾਂ (ਭੈਣੀ ਸਾਹਿਬ ਦੇ ਗੁਆਂਢੀ ਪਿੰਡ) ਦਾ ਲੰਬੜਦਾਰ 'ਭਲਾ ਪੁੱਤਰ ਬਗਲਾ' ਪਹਾੜਾ ਸਿੰਘ ਸਮੇਤ 10 ਸੂਬਿਆਂ ਅਤੇ ਸ. ਮੰਗਲ ਸਿੰਘ ਨੂੰ ਨਿਜੀ ਤੌਰ ਤੇ ਜਾਣਦਾ ਪਹਿਚਾਣਦਾ ਹੈ। ਸ. ਬੀਦਨ ਮੈਜਿਸਟਰੇਟ ਲੁਧਿਆਣਾ ਦੀ ਅਦਾਲਤ ਵਿਚ 16 ਅਪਰੈਲ 1872 ਨੂੰ ਦਿੱਤੀ ਗਵਾਹੀ ਵਿਚ ਉਹ ਕਹਿੰਦਾ ਹੈ ਕਿ ਵੈਸੇ ਤਾਂ ਇਹ ਦੱਸੇ ਨਜ਼ਰਬੰਦ ਸੂਬੇ ਹੀਰਾ ਸਿੰਘ ਲਹਿਣਾ ਸਿੰਘ ਨੂੰ ਮਲੌਦ ਅਤੇ ਮਲੇਰਕੋਟਲੇ ਤੇ ਹਮਲਾ ਕਰਨ ਲਈ ਉਕਸਾਉਂਦੇ ਸਨ, ਪਰ ਸਾਹਿਬ ਸਿੰਘ ਲੱਖਾ ਸਿੰਘ ਅਤੇ ਪਹਾੜਾ ਸਿੰਘ ਨੇ ਤਾਂ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਕੋਈ ਕਸਰ ਨਹੀਂ ਛੱਡੀ।[23]

ਇਵੇਂ ਹੀ ਭੈਣੀ ਸਾਹਿਬ ਦੇ ਲੰਬੜਦਾਰ ਘੁਮੰਡੇ ਦੇ ਬਿਆਨ ਵਿਚ ਉਪਰੋਕਤ ਮੈਜਿਸਟਰੇਟ ਸਾਹਮਣੇ ਉਹ ਲੱਖਾ ਸਿੰਘ, ਕਾਹਨ ਸਿੰਘ, ਜਵਾਹਰ ਸਿੰਘ, ਮੰਗਲ ਸਿੰਘ ਅਤੇ ਪਹਾੜਾ ਸਿੰਘ ਨੂੰ 'ਸਭ ਤੋਂ ਭੈੜੇ ਸੂਬੇ' ਦੱਸਦਾ ਹੈ। ਦੌਲਤ ਰਾਮ ਲੰਬੜਦਾਰ ਭੈਣੀ (ਸਾਹਿਬ) ਨੇ ਵੀ ਅਦਾਲਤ ਵਿਚ ਆਪਣੇ ਬਿਆਨਾਂ ਵਿਚ ਪਹਾੜਾ ਸਿੰਘ ਸਮੇਤ ਸੱਤ ਹੋਰ ਸੂਬਿਆਂ ਤੇ ਬਗਾਵਤ ਦਾ ਪ੍ਰਚਾਰ ਕਰਨ ਦਾ ਦੋਸ਼ ਲਾਇਆ ਹੈ।

13 ਅਕਤੂਬਰ 1872 ਨੂੰ ਗਵਰਨਰ ਜਨਰਲ ਇਨ ਕੌਂਸਿਲ ਨੇ ਸੂਬਾ ਪਹਾੜਾ ਸਿੰਘ, ਮਲੂਕ ਸਿੰਘ ਅਤੇ ਰੂੜ ਸਿੰਘ ਦੇ ਬੰਬਈ ਪ੍ਰੈਜ਼ੀਡੈਂਸੀ ਦੇ ਕਿਲਾ ਅਸੀਰਗੜ੍ਹ ਦੇ ਇੰਚਾਰਜ ਅਧਿਕਾਰੀ ਦੇ ਨਾਮ ਵਾਰੰਟ ਜਾਰੀ ਕਰ ਦਿੱਤੇ ਸਨ। ਇਹ ਤਿੰਨੇ ਸੂਬੇ ਅਲਾਹਾਬਾਦ ਕਿਲੇ ਤੋਂ 15 ਦਸੰਬਰ 1872 ਨੂੰ ਅਸੀਰਗੜ੍ਹ ਕਿਲੇ ਵਿਚ ਪੁੱਜੇ ਸਨ। ਖਰਚੇ ਭੱਤੇ ਆਦਿ ਤਹਿ ਕਰਨ ਲਈ, ਇਹਨਾਂ ਦਾ ਰੁਤਬਾ, ਬਾਕੀ ਸੂਬਿਆਂ ਜਿਉਂ ਸਧਾਰਨ ਜ਼ਿਮੀਦਾਰਾਂ ਜਾਂ ਦਸਤਕਾਰਾਂ ਜਿਹਾ ਸੀ।

ਛੇ ਮਹੀਨੇ ਤੱਕ ਇਹ ਸਾਡੇ ਤਿੰਨ ਕੂਕਾ ਸੂਬੇ ਮੰਜੇ ਨਾ ਮਿਲਣ ਕਾਰਨ ਭਿਆਨਕ ਘਾਹ ਬੂਟੇ ਘਿਰੇ ਕਿਲੇ ਵਿਚ ਭੁੰਜੇ ਹੀ ਸੌਂਦੇ ਰਹੇ। ਫਿਰ ਸਿਹਤ ਵਿਗੜਨ ਕਾਰਨ ਮੰਜੇ ਤਾਂ ਮਿਲ ਗਏ। ਜੇਹਲ ਦੇ ਸਰਜਨ ਦੀ ਰਿਪੋਰਟ ਮੁਤਾਬਿਕ, ਦਰਦ ਗੁਰਦਾ ਅਤੇ ਤਿੱਖੀ ਜਲਣ ਮਹਿਸੂਸ ਕਾਰਨ, 20 ਫਰਵਰੀ 1882 ਨੂੰ ਸੂਬਾ ਪਹਾੜਾ ਸਿੰਘ ਨੂੰ ਜੇਹਲ ਦੇ ਸੈਨਿਕ ਹਸਪਤਾਲ ਵਿਚ ਦਾਖਲ ਕੀਤਾ ਸੀ ਅਤੇ 2 ਮਾਰਚ 1882 ਨੂੰ ਸੂਬਾ 5 ਵਜੇ ਉਹ ਆਪਣਾ ਪੰਜ ਭੂਤਕ ਠੀਕਰਾ ਜ਼ਾਲਮ ਗੋਰੀ ਸਰਕਾਰ ਦੇ ਸਿਰ ਭੰਨ ਗਏ।

(6) ਸੂਬਾ ਰੂੜ ਸਿੰਘ–ਆਪ ਸੂਬਾ ਸਾਹਿਬ ਸਿੰਘ ਦੇ ਵੱਡੇ ਭਾਈ ਸਨ। ਸੂਬਾ ਗਿਆਨੀ ਸਿੰਘ ਜੀ ਤੋਂ ਬਾਅਦ ਸੂਬਾ ਸਾਹਿਬ ਸਿੰਘ ਹੋਰਾਂ ਨੂੰ ਵੀ ਇਹ ਸ਼ਰਫ ਹਾਸਿਲ ਹੋਇਆ ਕਿ ਦੋਵੇਂ ਭਾਈ ਸਤਿਗੁਰੂ ਜੀ ਦੇ ਸੂਬੇ ਬਣੇ ਸਨ। ਉਹਨਾਂ ਦਾ ਨਿਵਾਸ ਅੰਮ੍ਰਿਤਸਰ ਸ਼ਹਿਰ ਵਿਖੇ ਹੀ ਸੀ। ਸਰਕਾਰੀ ਰਿਕਾਰਡ ਵਿਚ ਸੂਬਾ ਜੀ ਦੇ ਮੈਕਨਬ ਸਾਹਮਣੇ ਦਿੱਤੇ ਬਿਆਨਾਂ ਵਿਚ ਇਹ ਜਾਣਕਾਰੀ ਮਿਲਦੀ ਹੈ : ਉਹ 1860-61 ਵਿਚ ਕੂਕੇ ਬਣੇ ਤੇ 1866-67 ਵਿਚ ਧਰਮ ਪ੍ਰਚਾਰਕ ਭਾਵ (ਸੂਬਾ) ਥਾਪੇ ਗਏ। ਅਨੰਦਪੁਰ ਦੇ 1867 ਦੇ ਹੋਲੇ ਤੋਂ ਬਾਅਦ ਆਪ ਨੂੰ ਭਜਨ ਦੇਣ ਦਾ ਅਧਿਕਾਰ ਮਿਲਿਆ। ਉਹ ਸਿਰਫ ਅੰਮ੍ਰਿਤਸਰ ਵਿਚ ਹੀ ਪ੍ਰਚਾਰ ਕਰਦੇ ਸਨ। ਮੈਕਨਬ ਇਹ ਲਿਖਣ ਵਿਚ ਟਪਲਾ ਖਾ ਜਾਂਦਾ ਹੈ ਕਿ ਇਸ ਦਾ ਜੋ ਵੀ ਸਥਾਨ ਹੈ ਉਹ ਸਾਹਿਬ ਸਿੰਘ ਦਾ ਭਰਾ ਹੋਣ ਕਾਰਨ ਹੈ। ਮੈਕਨਬ ਨੇ ਪਹਿਲਾਂ ਤਾਂ ਸੂਬਾ ਜੀ ਨੂੰ ਇਕ ਸਾਲ ਅਤੇ ਫਿਰ ਇਹਨਾਂ ਨੂੰ ਦੋ ਸਾਲ ਨਜ਼ਰਬੰਦ ਰੱਖਣ ਦੀ ਸਿਫਾਰਸ਼ ਕੀਤੀ ਸੀ। ਪ੍ਰੰਤੂ ਲਾਟ ਸਾਹਿਬ ਨੇ ਸਜ਼ਾਵਾਂ ਦੀ ਅਵਧੀ ਲਿਖਣ ਦੀ ਬਜਾਏ

Namdhari Elibrary NamdhariElibrary@gmail.com

ਪੰਜਾਬ ਪ੍ਰਾਂਤ ਦੇ ਹਾਲਾਤ ਨੂੰ ਧਿਆਨ ਵਿਚ ਰਖਦੇ ਦ[illegible] ਸਿਫਾਰਸ਼ ਕੀਤੀ ਅਤੇ ਇਹਨਾਂ ਕੇਸਾਂ ਦੀ ਸਾਲਾਨਾ ਨਿਗਰਾਨੀ ਰਿਪੋਰਟ ਭਾਰਤ ਸਰਕਾਰ ਨੂੰ ਭੇਜਣ ਲਈ ਕਿਹਾ। [24]

ਪੰਜਾਬ ਸਰਕਾਰ ਰੂੜ ਸਿੰਘ ਨੂੰ ਅੰਮ੍ਰਿਤਸਰ ਸਾਕੇ ਦੇ ਵਾਪਰਨ ਤੋਂ ਪਹਿਲਾਂ ਇਸ ਦੀ ਜਾਣਕਾਰੀ ਰੱਖਣ ਵਾਲਾ ਸ਼ਖਸ ਸਮਝਦੀ ਸੀ। ਉਸ ਬਾਰੇ ਰਿਕਾਰਡ ਵਿਚ ਇਹ ਵੀ ਦਰਜ ਹੈ ਕਿ ਉਹ ਭੈਣੀ ਸਾਹਿਬ ਤੋਂ 16 ਜਨਵਰੀ 1872 ਨੂੰ 16 ਕੂਕਿਆਂ ਸਮੇਤ ਅੰਮ੍ਰਿਤਸਰ ਨੂੰ ਚਲ ਪਿਆ ਸੀ। ਜੇ ਮਲੇਰਕੋਟਲੇ ਤੇ ਹਮਲਾ ਸਫਲ ਹੋ ਜਾਂਦਾ ਤਾਂ ਉਹ (ਮਾਝੇ ਦੇ) ਕੂਕਿਆਂ ਨੂੰ ਵੀ ਵਿਦਰੋਹ ਵਿਚ ਖੜ੍ਹੇ ਕਰਨ ਲਈ ਹਿੱਸਾ ਪਾਉਂਦਾ। ਭਾਰਤ ਸਰਕਾਰ ਦਾ ਸਕੱਤਰ ਬੇਲੀ ਮੈਕਨਬ ਦੁਆਰਾ ਸੂਬਾ ਰੂੜ ਸਿੰਘ ਦਾ ਮਹੱਤਵ ਘਟਾਉਣ ਤੇ ਹੈਰਾਨੀ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਉਸਨੂੰ ਜਿਤਨੀ ਦੇਰ ਪੰਜਾਬ ਦੇ ਹਾਲਾਤ ਸ਼ਾਂਤ ਨਾ ਹੋਣ, ਖੁੱਲ੍ਹਾ ਨਾ ਛੱਡਿਆ ਜਾਵੇ ਤੇ ਜੇ ਛੱਡਣਾ ਵੀ ਪਵੇ ਤਾਂ ਸਖਤ ਨਿਗਰਾਨੀ ਹੇਠ ਅਜਿਹਾ ਹੋਵੇ। ਅੰਮ੍ਰਿਤਸਰ ਵਿਚੋਂ ਕਿਸੇ ਦਿਸ਼ਾ ਵਲੋਂ ਵੀ ਲੰਘਣ ਵਾਲੇ ਕੂਕੇ ਰੂੜ ਸਿੰਘ ਨੂੰ ਮਿਲਕੇ ਜਾਂਦੇ ਹਨ। ਕੇਂਦਰੀ ਤੇ ਪੱਛਮੀ ਪੰਜਾਬ ਦਾ ਮੁੱਖ ਸੂਬਾ ਬ੍ਰਹਮਾ ਸਿੰਘ ਵੀ ਉਸਦੇ ਪਾਸ ਹੀ ਟਿਕਦਾ ਸੀ। ਸਰਕਾਰੀ ਰਿਪੋਰਟ ਵਿਚ 1866 ਈ. ਦੀ ਦਿਵਾਲੀ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਅੰਮ੍ਰਿਤਸਰ ਜਾਣ ਤੇ ਕੈਪਟਨ ਮੈਂਜ਼ੀਜ਼ ਦੌਰੇ ਨੂੰ ਅਮਨ ਪੂਰਵਕ ਨੇਪਰੇ ਚੜ੍ਹਾਉਣ ਵਿਚ ਰੂੜ ਸਿੰਘ ਦੀ ਭੂਮਿਕਾ ਰੇਖਾਂਕਿਤ ਕਰਦਾ ਹੈ। ਸੂਬਾ ਰੂੜ ਸਿੰਘ ਦਾ ਜਨਮ 1830 ਈ. ਦੇ ਲਾਗੇ ਚਾਗੇ ਦਾ ਹੈ। ਆਪ ਅਸੀਰਗੜ੍ਹ ਕਿਲੇ ਵਿਚ ਸੂਬਾ ਪਹਾੜਾ ਸਿੰਘ ਅਤੇ ਮਲੂਕ ਸਿੰਘ ਹੋਰਾਂ ਨਾਲ ਭੇਜੇ ਗਏ ਸਨ। ਪੌਣੇ ਕੁ ਤੇਰਾਂ ਸਾਲ ਕੈਦ ਕੱਟਣ ਬਾਅਦ ਸੂਬਾ ਰੂੜ ਸਿੰਘ 1884 ਈ. ਦੀ ਆਖਰੀ ਤਿਮਾਹੀ ਜਿਹੇ ਚਲਾਣਾ ਕਰ ਗਏ ਸਨ। ਜਿਹਲ ਵਿਚ ਸ਼ਹੀਦ ਹੋਣ ਵਾਲੇ ਉਹ ਚੌਥੇ ਜਲਾਵਤਨ ਨਾਮਧਾਰੀ ਸੂਬੇ ਸਨ। ਦੋਵੇਂ ਸਕੇ ਭਰਾ, ਦੋਵੇਂ ਜਲਾਵਤਨ ਸੂਬੇ, ਦੋਵੇਂ ਜਿਹਲ ਵਿਚ ਸ਼ਹੀਦ। ਉਹਨਾਂ ਦੇ ਸੰਬੰਧੀਆਂ ਨਾਲ ਕੁਝ ਖਤ ਪੱਤਰਾਂ ਦਾ ਰਿਕਾਰਡ ਵਿਚ ਜ਼ਿਕਰ ਤਾਂ ਹੈ ਪਰ ਜਿਹਨਾਂ ਤੱਕ ਉਹ ਖਤ ਲਿਖੇ ਗਏ ਖਤ ਜਾਂਦਾ ਜਾਂਦਾ ਕਦੋਂ ਅੱਪੜਦਾ ਹੈ, ਜਦੋਂ ਪ੍ਰਾਪਤ ਕਰਤਾ ਚਲਾਣਾ ਕਰ ਜਾਏ।

ਇਹਨਾਂ ਦਸ ਸੂਬਿਆਂ ਵਿਚੋਂ ਮਾਨ ਸਿੰਘ, ਮਲੂਕ ਸਿੰਘ ਅਤੇ ਰੂੜ ਸਿੰਘ ਹੀ ਗ੍ਰਹਿਸਤੀ ਸਨ ਅਤੇ ਇਹਨਾਂ ਦਸਾਂ ਸੂਬਿਆਂ ਵਿਚ ਮਝੈਲ ਸੂਬੇ ਇਹ ਦੋਵੇਂ ਭਾਈ ਹੀ ਸਨ, ਬਾਕੀ ਅੱਠ ਸੂਬੇ ਮਾਲਵਾ ਖਿੱਤੇ ਨਾਲ ਸੰਬੰਧ ਰੱਖਦੇ ਸਨ।

(7) **ਸੂਬਾ ਲੱਖਾ ਸਿੰਘ**-ਕੂਕਿਆਂ ਦੀ ਕੇਂਦਰੀ ਸੂਬਾ [illegible] ਦੇ ਮੈਂਬਰ ਸਨ। ਉਹਨਾਂ ਦਾ ਜਨਮ 1863 ਈ. ਦਾ ਹੈ। ਉਹ ਸੈਨਾ ਦੀ ਸ਼ੇਰਦਿਲ ਰੈਜੀਮੈਂਟ ਵਿਚ ਸਨ। ਜਿਸਨੂੰ 1857 ਦੇ ਗਦਰ ਬਾਅਦ ਤੋੜ ਦਿਤਾ ਗਿਆ ਸੀ। ਫਿਰ ਉਹ ਜਲੰਧਰ ਜ਼ਿਲ੍ਹੇ ਦੀ ਪੁਲਿਸ ਵਿਚ ਭਰਤੀ ਹੋ ਕੇ ਬੰਗੇ ਥਾਣੇ ਵਿਚ ਨੌਕਰੀ ਕਰਦੇ ਰਹੇ। 1860-61 ਵਿਚ ਉਹ ਭੈਣੀ ਸਾਹਿਬ ਆ ਕੇ ਕੂਕੇ ਬਣੇ ਅਤੇ ਫਿਰ 1862 ਈ. ਵਿਚ ਪੁਲਿਸ ਦੀ ਨੌਕਰੀ ਤਿਆਗ ਕੇ ਗੁਰੂ ਕੇ ਲੰਗਰ ਅਤੇ ਮਾਲ ਪਸ਼ੂਆਂ ਦੀ ਸੇਵਾ ਭੈਣੀ ਸਾਹਿਬ ਕਰਨ ਲੱਗ ਪਏ। ਸੂਬਾ ਥਾਪਣ ਸਮੇਂ ਉਹਨਾਂ ਦੇ ਜ਼ਿੰਮੇ ਸਤਿਗੁਰੂ ਜੀ ਦਾ 'ਸੈਨਿਕ ਵਿਭਾਗ' ਲਾਇਆ ਗਿਆ ਕਿਉਂਕਿ ਉਹ ਸਰਕਾਰੀ ਨੌਕਰੀ ਸਮੇਂ ਡਰਿਲ ਇੰਸਪੈਕਟਰ ਸਨ। ਮੈਕਨਬ ਦੀ ਰਿਪੋਰਟ ਵਿਚ ਹੀਰਾ ਸਿੰਘ, ਲਹਿਣਾ ਸਿੰਘ ਦੇ ਜਥੇ ਨੂੰ ਉਤਸ਼ਾਹੀ ਸ਼ਬਦਾਂ ਦੇ ਨਾਲ ਤੋਰਣ ਵਾਲਾ ਲੱਖਾ ਸਿੰਘ ਹੀ ਸੀ। ਮੈਕਨਬ ਮੁਤਾਬਿਕ ਉਹ ਸਭ ਤੋਂ ਵੱਧ ਸਮੱਸਿਆਵਾਂ ਉਪਜਾਉਣ ਵਾਲਾ ਸੂਬਾ ਹੈ ਅਤੇ ਲਗਾਤਾਰ ਬਗਾਵਤ ਦਾ ਪ੍ਰਚਾਰ ਕਰਦਾ ਰਿਹਾ ਹੈ। ਉਸਨੂੰ ਲਗਾਤਰ ਦੇਸ਼ ਨਿਕਾਲੇ ਵਿਚ ਰੱਖਣ ਦੀ ਸਿਫਾਰਸ਼ ਕੀਤੀ ਗਈ ਹੈ। ਭੈਣੀ ਸਾਹਿਬ ਦੇ ਇਕ ਲੰਬੜਦਾਰ ਸੁੱਖੂ ਦੀ ਬੀਡਨ ਦੀ ਅਦਾਲਤ ਵਿਚ ਲੁਧਿਆਣੇ ਦਿੱਤੀ ਗਵਾਹੀ ਲੱਖਾ ਸਿੰਘ ਨੂੰ ਪੰਜਾਬ ਵਿਚ ਮੁੜਕੇ ਆਉਣ ਦੀ ਆਗਿਆ ਨਹੀਂ ਦਿੰਦੀ। ਸੁੱਖੂ ਦਾ ਬਿਆਨ ਹੈ - ਪਿਛਲੀ ਮਾਘੀ ਤੇ ਸਕਰੌਦੀ ਦੇ ਹੀਰਾ ਸਿੰਘ ਅਤੇ ਲਹਿਣਾ ਸਿੰਘ (ਗੁਰੂ) ਰਾਮ ਸਿੰਘ ਅਤੇ ਉਸਦੇ ਸੂਖਿਆਂ ਪਾਸ ਆਏ ਜੋ ਦਰਬਾਰ ਵਿਚ ਬੈਠੇ ਸਨ ਅਤੇ ਕਿਹਾ ਕਿ ਅਸੀਂ ਕੋਟਲੇ ਤੇ ਹਮਲਾ ਕਰਨਾ ਚਾਹੁੰਦੇ ਹਾਂ। ਕੋਟਲੇ ਤੋਂ ਹਥਿਆਰ ਵਗੈਰਾ ਲੈ ਕੇ, ਉਹ ਨਾਭਾ, ਪਟਿਆਲਾ, ਜੀਂਦ, ਫੀਰੋਜ਼ਪੁਰ ਅਤੇ ਦਿੱਲੀ ਤੇ ਕਬਜ਼ਾ ਕਰ ਲੈਣਗੇ। ਉਹਨਾਂ ਨੇ (ਗੁਰੂ) ਰਾਮ ਸਿੰਘ ਤੋਂ ਸਹਾਇਤਾ ਮੰਗੀ। ਲੱਖਾ ਸਿੰਘ ਉਹਨਾਂ ਨਾਲ ਸਹਿਮਤ ਹੋਇਆ ਅਤੇ ਮਦਦ ਦਾ ਵਾਅਦਾ ਕੀਤਾ। ਦੂਜਿਆਂ ਸੂਬਿਆਂ ਨੇ ਕਿਹਾ ਕਿ ਲੱਖਾ ਸਿੰਘ ਵਾਲਾ ਜੁਆਬ ਹੀ ਉਹਨਾਂ ਦਾ ਸਮਝਿਆ ਜਾਵੇ। ....ਸੂਬਾ ਗਿਆਨੀ ਸਿੰਘ ਦੇ ਭਾਈ ਸੂਬਾ ਹਰਨਾਮ ਸਿੰਘ ਅਤੇ ਸੂਬਾ ਲੱਖਾ ਸਿੰਘ ਨੇ ਉਹਨਾਂ ਮਸਤਾਨਿਆਂ ਨੂੰ ਕਿਹਾ ਕਿ ਤੁਸੀਂ ਚਲੋਂ ਅਸੀਂ ਤੁਹਾਡੇ ਮਗਰ ਹੀ ਆਇ ਰਲਦੇ ਹਾਂ। [25] ਇਸੇ ਤਰ੍ਹਾਂ ਕੁਝ ਲੰਬੜਦਾਰ, ਜ਼ੈਲਦਾਰ ਜੋ ਜਲੰਧਰ ਜ਼ਿਲੇ ਦੇ ਵੱਖ ਵੱਖ ਪਰਗਣਿਆਂ ਨਾਲ ਸੰਬੰਧਿਤ ਸਨ, ਆਪਣੇ ਬਿਆਨਾਂ ਵਿਚ ਲੱਖਾ ਸਿੰਘ ਬਾਰੇ ਕਿਹਾ

....'ਉਹ ਬੜਾ ਚੁਸਤ, ਚਲਾਕ ਸੀ, ਇਸ ਲਈ (ਗੁਰੂ) ਰਾਮ ਸਿੰਘ ਨੇ ਉਹਨੂੰ ਸੂਬਾ ਬਣਾਇਆ। ਲੜਨ ਝਗੜਨ ਲਈ ਵੀ ਤਿਆਰ ਰਹਿੰਦਾ ਸੀ। ਉਹ ਹਮੇਸ਼ਾ

Namdhari Elibrary NamdhariElibrary@gmail.com

1857 ਦੇ ਅਸਫਲ ਸੈਨਿਕ ਵਿਦਰੋਹ ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਏ ਕੂਕਾ ਅੰਦੋਲਨ ਵਿਚ ਇਕ ਮਹੱਤਵਪੂਰਨ ਕੜੀ ਸੂਬਾ ਬ੍ਰਹਮਾ ਸਿੰਘ ਸੀ ਜੋ ਗਦਰ ਤੋਂ ਬਾਅਦ ਅੰਗਰੇਜ਼ੀ ਸੈਨਾ ਵਿਚ ਰੂਪੋਸ਼ ਹੋ ਗਿਆ ਸੀ। ਉਸਦੇ ਪਿੰਡ ਦਰੀਆਪੁਰ ਬਾਰੇ ਕਈ ਟਪਲੇ ਲਗਦੇ ਰਹੇ ਕਿ ਇਹ ਕਿੱਥੇ ਹੈ, ਕਿਤੇ ਜ਼ਿਲ੍ਹਾ ਅੰਬਾਲਾ, ਕਿਤੇ ਕੈਥਲ, ਕਿਤੇ ਕਰਨਾਲ ਲਿਖਿਆ ਹੈ। ਕਿਤੇ ਕੋਲਾਣਾ ਦਰੀਆਪੁਰ ਲਿਖਿਆ ਹੈ। ਦਰਅਸਲ ਇਹ ਪਿੰਡ ਅੱਜਕਲ ਬੁਢਲਾਢਾ (ਮਾਨਸਾ) ਥਾਣੇ ਦਾ ਪਿੰਡ ਹੈ।

(ਗੁਰੂ) ਰਾਮ ਸਿੰਘ ਦੇ ਨਾਲ ਰਹਿੰਦਾ ਅਤੇ ਖੁਦ ਨੂੰ ਉਸਦਾ ਵਜ਼ੀਰ ਸਮਝਦਾ। ਉਹ ਲੋਕਾਂ ਨੂੰ ਕੂਕੇ ਬਣਨ ਲਈ ਲਗਾਤਾਰ ਹਲੂਣਦਾ ਰਹਿੰਦਾ ਸੀ ਕਿਉਂਕਿ ਉਸਦਾ ਕਹਿਣਾ ਸੀ ਕਿ (ਗੁਰੂ) ਰਾਮ ਸਿੰਘ ਪਾਤਸ਼ਾਹ ਬਣਨ ਵਾਲੇ ਹਨ... ਅਤੇ ਚੁਹੀਆਂ ਕੂੰਟਾਂ ਵਿਚ ਉਹਨਾਂ ਨੇ ਰਾਜ ਕਰਨਾ ਹੈ। ਬੰਦਨ ਸਾਹਵੇਂ ਭੋਲੇ ਲੰਬੜਦਾਰ ਦੀ ਗਵਾਹੀ ਵੀ ਦਰਜ਼ ਹੈ ...``ਕੂਕੇ ਸੂਬੇ ਹਮੇਸ਼ਾ ਰਾਜ ਕਰਦੀ ਧਿਰ ਨੂੰ ਦੁਸ਼ਟ ਕਿਹਾ ਕਰਦੇ ਅਤੇ ਰਾਮ ਸਿੰਘ ਦੇਵਤਿਆਂ ਦਾ ਅਵਤਾਰ ਸੀ ਜੋ ਇਹਨਾਂ ਦੁਸ਼ਟਾਂ ਨੂੰ ਤਬਾਹ ਕਰਨ ਲਈ ਘੱਲਿਆ ਗਿਆ ਸੀ। ਉਹ ਸ਼ਰ੍ਹੇਆਮ ਕਹਿੰਦੇ ਸਨ (ਗੁਰੂ) ਰਾਮ ਸਿੰਘ ਅਤੇ ਉਸਦੇ ਕੂਕੇ ਕਲਕੱਤੇ ਤੋਂ ਲੈ ਕੇ ਗਜ਼ਨੀ ਤੱਕ ਫੈਲੇ ਦੇਸ਼ ਤੇ ਰਾਜ ਕਰਨਗੇ। ....(ਗੁਰੂ) ਰਾਮ ਸਿੰਘ ਅਕਸਰ ਦਰਬਾਰ ਲਾਉਂਦੇ ਜਿਹਨਾਂ ਵਿਚ 11 ਸੂਬੇ (ਜਿਹਨਾਂ ਨੂੰ ਦੇਸ਼ ਨਿਕਾਲਾ ਮਿਲਿਆ ਸੀ ਸਮੇਤ ਸ. ਮੰਗਲ ਸਿੰਘ) ਹਾਜ਼ਰ ਹੁੰਦੇ ਸਨ। ਇਹਨਾਂ ਮੀਟਿੰਗਾਂ ਵਿਚ ਅਕਸਰ ਇਹ ਗਿਣਤੀ ਮਿਣਤੀ ਕੀਤੀ ਜਾਂਦੀ ਸੀ ਕਿ ਕੂਕਿਆਂ ਦੀ ਸੰਖਿਆ 4,32000 ਸੀ।

ਸੋ ਸੂਬਾ ਲੱਖਾ ਸਿੰਘ ਨੂੰ ਹਿੰਦੋਸਤਾਨ ਤੋਂ ਬਾਹਰ ਭੇਜਣ ਵਾਲੇ ਪੰਜ ਖਤਰਨਾਕ ਸੂਬਿਆਂ ਵਿਚ ਸ਼ਾਮਲ ਕਰਕੇ ਜੀਵਨ ਪ੍ਰਯੰਤ ਦੇਸ਼ ਨਿਕਾਲਾ ਦੇ ਕੇ ਮੌਲਮੀਨ ਭੇਜ ਦਿੱਤਾ। ਜਿਥੇ ਸੂਬਾ ਜਵਾਹਰ ਸਿੰਘ ਅਤੇ ਬ੍ਰਹਮਾ ਸਿੰਘ ਵੀ ਕੈਦ ਕੀਤੇ ਗਏ। ਸੂਬਾ ਜਵਾਹਰ ਸਿੰਘ ਤਾਂ ਜੇਹਲ ਵਿਚ ਚੜ੍ਹਾਈ ਕਰ ਗਏ, ਬ੍ਰਹਮਾ ਸਿੰਘ ਨੂੰ 1887 ਵਿਚ ਦੇਸ਼ ਵਾਪਸ ਭੇਜ ਦਿਤਾ ਗਿਆ। ਮਲਕਾ ਵਿਕਟੋਰੀਆ ਦੇ ਰਾਜ ਦੀ ਜੁਬਲੀ ਮਨਾਉਣ ਦੀ ਖੁਸ਼ੀ ਸੂਬਾ ਲੱਖਾ ਸਿੰਘ ਨਾਲ ਸਾਂਝੀ ਕਰਨੀ ਸਰਕਾਰ ਲਈ ਖਤਰਨਾਕ ਸੀ ਕਿਉਂਕਿ ਮਲੌਦ ਦੇ ਸਰਦਾਰ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ 14 ਜਨਵਰੀ 1872 ਈ. ਦੀ ਸ਼ਾਮ ਜਦੋਂ ਮੇਰੇ ਤੇ ਕੂਕਿਆਂ ਨੇ ਹਮਲਾ ਕੀਤਾ ਰਾਤ ਦੇ ਘੁਸਮੁਸੇ ਵਿਚ ਮੈਂ ਮਤਾਬੀ ਜਗਾਈ ਤਾਂ ਪੌੜੀਆਂ ਵਿਚ ਲੱਖਾ ਸਿੰਘ ਖਲੋਤਾ ਸੀ। ਮੈਕਨਬ ਦੀ ਰਿਪੋਰਟ ਉਸਨੂੰ 'ਸਭ ਤੋਂ ਵੱਡਾ ਗੜਬੜ ਬਾਜ਼' ਕਹਿੰਦੀ ਸੀ ਜੋ ਗਵਰਨਰ ਜਨਰਲ ਇਨ ਕੌਂਸਿਲ ਨੇ ਲੱਖਾ ਸਿੰਘ ਦੀ 1887 ਮਾਰਚ ਵਿਚ ਰਿਹਾਈ ਦੇ ਹੁਕਮ ਨਾ ਦਿੱਤੇ। ਪੰਜਾਬ ਸਰਕਾਰ ਨੇ ਇਤਨਾ ਜ਼ਰੂਰ ਕੀਤਾ ਕਿ ਲੱਖਾ ਸਿੰਘ ਨੂੰ ਜੇਹਲੋਂ ਬਾਹਰ ਕੱਢਣਾ ਹੈ, ਤਾਂ ਉਸਨੂੰ ਮੌਲਮੀਨ ਹੀ ਰੱਖਿਆ ਜਾਏ। ਪੰਜਾਬ ਵਿਚ ਉਸਦਾ ਘਰ ਜਾਂ ਜ਼ਮੀਨ ਜਾਇਦਾਦ ਨਾ ਹੋਣਾ, ਸਰਕਾਰ ਦੀਆਂ ਨਜ਼ਰਾਂ ਵਿਚ ਇਕ ਘੁਮੰਡੂ ਬਾਗੀ ਪ੍ਰਚਾਰਕ ਦਾ ਅਕਸ ਉਘੜਦਾ ਸੀ। ਇਸ ਲਈ ਉਹ ਉਹਦੀ ਰਿਹਾਈ ਦੇ ਖਿਲਾਫ ਸੀ। ਉਸਨੂੰ 1896 ਵਿਚ ਜੇਹਲ ਤੋਂ ਬਾਹਰ ਪਰ ਮੌਲਮੀਨ ਵਿਚ ਹੀ ਜੂਹਬੰਦ ਕਰ ਦਿੱਤਾ ਗਿਆ। 1902 ਵਿਚ ਉਹ ਗਠੀਆ ਜੋੜਾਂ ਦੇ ਦਰਦ ਤੋਂ ਪੀੜਤ ਰਹੇ। 5 ਫਰਵਰੀ 1903 ਨੂੰ ਉਹਨਾਂ ਆਪਣੀ ਦੇਹ ਦਾ ਠੀਕਰਾ ਫਰੰਗੀ ਸਰਕਾਰ ਦੇ ਸਿਰ ਭੰਨ ਦਿੱਤਾ। 'ਇਉਂ ਸੂਬਾ ਲੱਖਾ ਸਿੰਘ ਦੇ ਅਕਾਲ ਚਲਾਣੇ ਨਾਲ ਪੰਜਾਬ ਦੇ ਸੁਤੰਤਰਤਾ ਸੰਗਰਾਮ ਦੇ ਇਕ ਸ਼ਾਨਦਾਰ ਅਤੇ ਜਾਨਦਾਰ ਅਧਿਆਇ ਦਾ ਅੰਤ ਹੋ ਜਾਂਦਾ ਹੈ। [26]

(8) ਸੂਬਾ ਬ੍ਰਹਮਾ ਸਿੰਘ-ਪੰਜਾਬ ਬੇਸ਼ੱਕ ਅੰਗਰੇਜ਼ਾਂ ਨੇ ਮਾਰਚ 1849 ਵਿਚ ਆਪਣੇ ਅਧੀਨ ਕਰ ਲਿਆ ਸੀ, ਪਰ ਪੰਜਾਬੀਆਂ ਵਲੋਂ ਕਦੇ ਵੀ ਮੁੜ ਉਠਿਆ ਜਾ ਸਕਦਾ ਸੀ, ਇਹ ਖੁੜਕ ਅੰਗਰੇਜ਼ ਨੂੰ ਰਹਿੰਦੀ ਸੀ, ਇਸ ਲਈ ਬੰਗਾਲ ਵਿਚ ਜਿਥੇ 3000 ਵਿਅਕਤੀਆਂ ਪਿਛੇ ਇਕ ਸਿਪਾਹੀ ਸੀ ਪੰਜਾਬ ਵਿਚ 40 ਜਣਿਆਂ ਪਿਛੇ ਇਕ ਸਿਪਾਹੀ ਰੱਖਿਆ ਗਿਆ ਸੀ। 1857 ਦੇ ਅਸਫਲ ਸੈਨਿਕ ਵਿਦਰੋਹ ਅਤੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਏ ਕੂਕਾ ਅੰਦੋਲਨ ਵਿਚ ਇਕ ਮਹੱਤਵਪੂਰਨ ਕੜੀ ਸੂਬਾ ਬ੍ਰਹਮਾ ਸਿੰਘ ਸੀ ਜੋ ਗਦਰ ਤੋਂ ਬਾਅਦ ਅੰਗਰੇਜ਼ੀ ਸੈਨਾ ਵਿਚ ਰੂਪੋਸ਼ ਹੋ ਗਿਆ ਸੀ। ਉਸਦੇ ਪਿੰਡ ਦਰੀਆਪੁਰ ਬਾਰੇ ਕਈ ਟਪਲੇ ਲਗਦੇ ਰਹੇ ਕਿ ਇਹ ਕਿੱਥੇ ਹੈ, ਕਿਤੇ ਜ਼ਿਲ੍ਹਾ ਅੰਬਾਲਾ, ਕਿਤੇ ਕੈਥਲ, ਕਿਤੇ ਕਰਨਾਲ ਲਿਖਿਆ ਹੈ। ਕਿਤੇ ਕੋਲਾਣਾ ਦਰੀਆਪੁਰ ਲਿਖਿਆ ਹੈ। ਦਰਅਸਲ ਇਹ ਪਿੰਡ ਅੱਜਕਲ ਬੁਢਲਾਢਾ (ਮਾਨਸਾ) ਥਾਣੇ ਦਾ ਪਿੰਡ ਹੈ। ਜ਼ਿਲ੍ਹਿਆਂ ਦੀਆਂ ਹੱਦਾਂ ਬਦਲਦੀਆਂ ਰਹਿੰਦੀਆਂ ਸਨ। ਅੰਗਰੇਜ਼ੀ ਇਲਾਕੇ ਵਿਚੋਂ ਇਹ ਪਿੰਡ ਰਿਆਸਤ ਪਟਿਆਲਾ ਵਿਚ ਕਦੋਂ ਆਇਆ ਇਹ ਖੋਜ ਦਾ ਵਿਸ਼ਾ ਹੈ। ਸੂਬਾ ਬ੍ਰਹਮਾ ਸਿੰਘ ਉਦਾਸੀ ਨਾਗੇ ਸਾਧੂਆਂ ਵਿਚ ਵੀ ਪਹਿਲਾਂ ਰਹੇ। ਸੂਬਾ ਸਾਹਿਬ ਸਿੰਘ ਅਤੇ ਸੂਬਾ ਬ੍ਰਹਮਾ ਸਿੰਘ ਦੋਹਾਂ ਦੇ, ਗੁਰੂ ਬਾਲਕ ਸਿੰਘ ਤੋਂ ਨਾਮ ਲੈਣ ਦਾ ਜ਼ਿਕਰ ਅਲਾਹਾਬਾਦ ਕਿਲੇ

Namdhari Elibrary NamdhariElibrary@gmail.com

ਵਿਚਲੇ ਸੂਬਿਆਂ ਦੋਹਾਂ ਦੇ ਬਿਆ... ਹਰਦੁਆਰ ਦੀ ਅਰਧ ਕੁੰਭੀ (1861 ਈ.) ਵਿਚ ਸਾਹਿਬ ਸਿੰਘ ਦਾ ਜ਼ਿਕਰ ਹੈ, ਬ੍ਰਹਮਾ ਸਿੰਘ ਦਾ ਨਹੀਂ। ਸੋ ਸਾਹਿਬ ਸਿੰਘ ਤੋਂ ਮਗਰੋਂ ਬ੍ਰਹਮਾ ਸਿੰਘ ਭੈਣੀ ਸਾਹਿਬ ਪੁਜਦਾ ਹੈ। ਸਾਹਿਬ ਸਿੰਘ ਪਹਿਲੇ 5 ਜਾਂ 6 ਸੂਬਿਆਂ ਵਿਚ ਆਉਂਦਾ ਹੈ, ਬ੍ਰਹਮਾ ਸਿੰਘ ਬਾਅਦ ਵਿਚ ਬਣਨ ਵਾਲਿਆਂ ਵਿਚ। 1867 ਦੇ ਅਨੰਦਪੁਰ ਦੇ ਹੋਲੇ ਸਮੇਂ ਜਦੋਂ ਪੁਜਾਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸਿੰਘਾਂ ਕੂਕਿਆਂ ਦੀ ਅਰਦਾਸ ਨਹੀਂ ਕਰਦੇ ਤਾਂ ਬਾਹੋਵਾਲ ਜੀ ਮੁਤਾਬਿਕ ਸਤਿਗੁਰਾਂ ਦੇ ਹੁਕਮ ਤੇ ਸੂਬਾ ਬ੍ਰਹਮਾ ਸਿੰਘ ਅਰਦਾਸ ਕਰਦੇ ਹਨ।

ਸੂਬਾ ਬ੍ਰਹਮਾ ਸਿੰਘ ਦੇ ਪ੍ਰਚਾਰ ਸਦਕਾ ਕੇਂਦਰੀ ਅਤੇ ਪੱਛਮੀ ਪੰਜਾਬ ਦੇ ਜ਼ਿਲ੍ਹਿਆਂ ਅੰਮ੍ਰਿਤਸਰ, ਲਾਹੌਰ, ਗੁਜਰਾਂਵਾਲਾ ਅਤੇ ਸਿਆਲਕੋਟ ਵਿਚ ਨਾਮਧਾਰੀ ਮੱਤ ਦਾ ਬੜੀ ਤੇਜ਼ੀ ਨਾਲ ਵਿਕਾਸ ਹੋਇਆ। ਸੂਬਾ ਜਮੀਅਤ ਸਿੰਘ ਗਿੱਲ ਇਸ ਖਿੱਤੇ ਵਿਚ ਪੁਰਾਣੇ ਕੂਕਾ ਮੁਖੀ ਸਨ। ਸੂਬਾ ਜੇਤਾ ਸਿੰਘ ਅਤੇ ਰਾਜਾ ਸਿੰਘ ਤਰਾਂਡੀ ਨੂੰ, ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਬ੍ਰਹਮਾ ਸਿੰਘ ਹੋਰਾਂ ਨਾਲ ਜੋੜ ਕੇ ਪ੍ਰਚਾਰ ਹੋਰ ਤੇਜ਼ ਕਰ ਦਿੱਤਾ। ਬ੍ਰਹਮਾ ਸਿੰਘ ਅੰਮ੍ਰਿਤਸਰ ਬੁੱਚੜਬੱਧ ਸਾਕੇ ਬਾਅਦ ਹੋਰ ਸਰਗਰਮ ਹੋ ਗਿਆ। ਉਹ ਨੇਪਾਲ ਦਰਬਾਰ ਨਾਲ ਕੂਕਿਆਂ ਦੇ ਮੇਲ ਜੋਲ ਦੀ ਚਰਚਾ ਕਰਦਾ। ਬੀਬੀਆਂ ਨੂੰ ਰਹਿਤ ਮਰਯਾਦਾ ਦਾ ਧਾਰਨੀ ਕਰਕੇ ਤਿਆਰ-ਬਰ-ਤਿਆਰ ਹੋਣ ਦਾ ਸੰਦੇਸ਼ ਦਿੰਦਾ ਅਤੇ ਇਹ ਦੱਸਦਾ ਕਿ ਛੇਤੀਂ ਹੀ ਅੰਗਰੇਜ਼ਾਂ ਨੂੰ ਇਥੋਂ ਕੱਢਕੇ ਆਪਣਾ ਰਾਜ ਕਾਇਮ ਕਰ ਲਿਆ ਜਾਏਗਾ। ਇਸ ਲਈ ਜੁਲਾਈ 1871 ਤੋਂ ਸਰਕਾਰ ਉਸ ਦੀਆਂ ਸਰਗਰਮੀਆਂ ਪ੍ਰਤੀ ਬਹੁਤ ਸੁਚੇਤ ਹੋ ਗਈ ਸੀ। ਉਸ ਦੀਆਂ ਬਾਰ ਦੇ ਇਲਾਕੇ ਵਿਚ ਦੈਨਿਕ ਸਰਗਰਮੀਆਂ ਦੀ ਟੋਹ ਉਚ ਜ਼ਿਲਾ ਅਧਿਕਾਰੀਆਂ ਵਲੋਂ ਆਪਣੇ ਮੁਖਬਰਾਂ ਦੁਆਰਾ ਰੱਖੀ ਜਾ ਰਹੀ ਸੀ। ਸਰਕਾਰੀ ਰਿਕਾਰਡ ਵਿਚ ਉਸ ਦਾ ਬਹੁਤ ਜ਼ਿਕਰ ਮਿਲਦਾ ਹੈ। ਸਰਕਾਰ ਉਸਦੀ ਹਰਕਤ 5 ਅਗਸਤ 1871 ਈ. ਦੀ ਰਿਪੋਰਟ ਵਿਚ ਬਹੁਤ ਵਧ ਗਈ ਮਹਿਸੂਸ ਕਰਦੀ ਹੈ, ਜਿਸ ਦਿਨ ਰਾਏਕੋਟ ਸਾਕੇ ਦੇ ਤਿੰਨ ਕੂਕੇ ਫਾਂਸੀ ਦੇ ਕੇ ਸ਼ਹੀਦੀਆਂ ਦਾ ਮੁੱਢ ਬੰਨਿਆ ਜਾਂਦਾ ਹੈ। ਸਰਕਾਰ ਬ੍ਰਹਮਾ ਸਿੰਘ ਦੀਆਂ ਧਾਰਮਿਕ ਸਰਗਰਮੀਆਂ ਦੇ ਲਬਾਦੇ ਵਿਚ ਕੂਕਿਆਂ ਦੇ ਸਿਆਸੀ ਨਿਸ਼ਾਨੇ ਮਹਿਸੂਸ ਕਰ ਰਹੀ ਹੈ ਉਹ ਲਿਖਦੀ ਹੈ- "ਬ੍ਰਹਮਾ ਸਿੰਘ ਦੇ ਇਰਾਦੇ ਸਰਕਾਰ ਲਈ ਭਲੇ ਨਹੀਂ।" ਉਹ ਇਕ ਚੰਗਾ ਘੋੜ ਸਵਾਰ ਹੈ ਤੇ ਲੰਮੇ ਪੈਂਡੇ ਤਹਿ ਕਰਨ ਦਾ ਸਮਰੱਥ ਹੈ। ਸੈਨਿਕ ਦਾਅ ਪੇਚਾਂ ਤੋਂ ਜਾਣੂੰ ਹੈ। ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ ... ਸਿਆਲਕੋਟ ਨਾਲ ਹੀ ਸੰਬਧਿਤ ਹੈ। ਬਾਅਦ ਵਿਚ ਕੂਕਾ ਰੂਸ ਸੰਬੰਧਾਂ ਦਾ ਵਾਹਕ ਬਣਦਾ ਹੈ। ਪਰ ਇਸ ਸਮੇਂ (ਦੇਸ਼ ਨਿਕਾਲੇ ਤੋਂ ਕੁਝ ਸਮਾਂ ਪਹਿਲਾਂ) ਬ੍ਰਹਮਾ ਸਿੰਘ ਇਕ ਊਰਜਾਵਾਨ ਸੂਬਾ ਬਣ ਚੁੱਕਿਆ ਹੈ। ਜਦੋਂ ਗੁਰੂ ਰਾਮ ਸਿੰਘ ਏਧਰ ਵਿਚਰਦੇ ਹਨ ਤਾਂ ਬ੍ਰਹਮਾ ਸਿੰਘ ਉਹਨਾਂ ਦਾ ਵੱਡਾ ਮੁਸਾਹਿਬ ਹੁੰਦਾ ਹੈ। ਉਹ ਕਹਿੰਦਾ ਹੈ ਕਿ ਜਿਹੜੇ ਹੁਣ ਕੂਕੇ ਨਹੀਂ ਬਣਨਗੇ ਖਾਲਸਾ ਰਾਜ ਆਉਣ ਤੇ ਉਹਨਾਂ ਨੂੰ ਪਛਤਾਉਣਾ ਪਵੇਗਾ। ਉਹ ਰਾਜ ਆਉਣ ਬਾਰੇ ਬਹੁਤ ਆਸਵੰਦ ਹੈ। ਸ. ਲਹਿਣਾ ਸਿੰਘ ਘਰਜਾਖੀਏ ਦੀ ਪੁੱਤਰੀ (ਦੋਹਤਰੀ ਜਰਨੈਲ ਹਰੀ ਸਿੰਘ ਨਲੂਆ) ਦੀ ਅਨੰਦ ਰਸਮ ਸਮੇਂ ਬ੍ਰਹਮਾ ਸਿੰਘ ਗੁਜਰਾਂਵਾਲਾ ਨਲਵੇ ਸਰਦਾਰ ਦੀ ਹਵੇਲੀ ਵਿਚ ਠਹਿਰਾ ਹੈ ਸੰਗੀ ਸੂਬਿਆਂ ਸਮੇਤ। ਬ੍ਰਹਮਾ ਸਿੰਘ ਜਦੋਂ ਵੀ ਪਿੰਡ ਵਿਚ ਵਿਚਰਦਾ ਹੈ ਤਾਂ 40-50 ਕੂਕੇ ਉਸਦੇ ਨਾਲ ਹੁੰਦੇ ਹਨ। ਜਦੋਂ ਮੈਨੂੰ ਮੈਕਨਬ ਨੇ ਪੁਛਿਆ ਕਿ ਇਹ ਲੋਕ ਤੇਰੇ ਖਿਲਾਫ ਬਿਆਨ ਕਿਉਂ ਦਿੰਦੇ ਹਨ ਤਾਂ ਬ੍ਰਹਮਾ ਸਿੰਘ ਦਾ ਜੁਆਬ ਸੀ ਕਿ ਇਹ ਚੋਰੀ ਚਕਾਰੀ ਕਰਨ ਵਾਲੇ, ਕੁੜੀਆਂ ਮਾਰਨ ਵਾਲੇ ਜਾਂ ਧੀਆਂ ਭੈਣਾਂ ਦਾ ਪੈਸਾ ਲੈਣ ਵਾਲੇ ਲੋਕ ਸਨ ਅਤੇ ਬ੍ਰਹਮਾ ਸਿੰਘ ਦੇ ਗੁਰੂ ਰਾਮ ਸਿੰਘ ਦੇ ਮਿਸ਼ਨ ਦਾ ਪ੍ਰਚਾਰ ਕਰਨ ਕਾਰਨ, ਉਸ ਨਾਲ ਨਫਰਤ ਕਰਦੇ ਸਨ। ਮੈਕਨਬ ਨੇ ਉਹਦੀ ਵੀ ਤਾਅ ਉਮਰ ਦੇਸ ਨਿਕਾਲੇ ਦ ਸਿਫਾਰਸ਼ ਕੀਤੀ, ਉਹ ਉਸ ਨੂੰ ਧਾਰਮਿਕ ਵਿਅਕਤੀ ਤਾਂ ਮੰਨਦਾ ਹੈ ਪਰ ਇਹ ਵੀ ਲਿਖਦਾ ਹੈ ਕਿ ਉਕਸਾਹਟ ਸਮੇਂ ਉਹ ਜੋਸ਼ ਵਿਚ ਭਰ ਜਾਂਦਾ ਹੈ। ਜਵਾਹਰ ਸਿੰਘ, ਲੱਖਾ ਸਿੰਘ ਹੋਰਾਂ ਨਾਲ ਮੌਲਮੀਨ ਜੇਲ੍ਹ ਵਿਚ ਬੰਦ ਸੂਬਾ ਬ੍ਰਹਮਾ ਸਿੰਘ ਦੇ ਭਾਗਾਂ ਵਿਚ ਇਹੀ ਸੀ ਕਿ ਉਹ 18 ਮਾਰਚ 1887 ਨੂੰ ਮਲਕਾ ਵਿਕਟੋਰੀਆ ਦੀ ਜੁਬਲੀ ਦੀ ਖੁਸ਼ੀ ਵਿਚ ਆਪਣੀ ਰਿਹਾਈ ਦੇ ਆਦੇਸ਼ ਪ੍ਰਾਪਤ ਕਰਦਾ। ਦੇਸ਼ ਵਿਚ ਆ ਕੇ ਉਹ ਕਿਥੇ ਰਿਹਾ (ਸੰਭਾਵਿਤ ਤੌਰ ਤੇ ਉਹ ਆਪਣੇ ਜਨਮ ਨਗਰ ਵਿਚ ਹੀ ਖਾਮੋਸ਼ ਜੀਵਨ ਬਤੀਤ ਕਰ ਗਿਆ ਹੋਵੇਗਾ ਜਾਂ ਫਿਰ ਰੈਹਾਣਾ (ਸਿਆਲਕੋਟ) ਪਿੰਡ ਵਿਖੇ। ਇਸ ਬਾਰੇ ਸਾਡਾ ਇਤਿਹਾਸ ਖਾਮੋਸ਼ ਹੈ। ਦੇਸ਼ ਆਉਣ ਤੋਂ ਬਾਅਦ ਸੂਬਾ ਜੀ ਨੇ ਸ਼ਾਇਦ ਹੀ 5-7 ਸਾਲ ਦੀ ਉਮਰ ਭੋਗੀ ਹੋਵੇਗੀ। ਉਹ ਕੂਕਾ ਅੰਦੋਲਨ ਦੇ ਵੱਡੇ ਥੰਮ ਸਾਬਿਤ ਹੋਏ।

(9) **ਸੂਬਾ ਕਾਹਨ ਸਿੰਘ-** ਆਪ ਸਤਿਗੁਰੂ ਰਾਮ ਸਿੰਘ ਜੀ ਦੇ ਸੈਨਿਕ ਜੀਵਨ ਦੇ ਸਾਥੀ ਸਨ। ਬਾਹੋਵਾਲ ਜੀ ਦੇ ਸਤਿਗੁਰੂ ਬਿਲਾਸ ਦੇ ਭਾਗ ਪਹਿਲੇ ਵਿਚ ਸੈਨਿਕ ਜੀਵਨ ਦੇ ਸਮਾਚਾਰਾਂ ਵਿਚ ਆਪ ਨੂੰ ਸਤਿਗੁਰੂ ਜੀ ਦੀ ਮਸਤਾਨੀ ਬਿਰਤੀ ਕਾਰਨ ਉਹਨਾਂ ਦੇ ਨਿਗਰਾਨ ਜਿਉਂ ਵਿਚਰਦੇ ਸਿੱਧ ਕੀਤਾ ਹੈ। ਗੁਰੂ ਬਾਲਕ ਸਿੰਘ ਜੀ

Namdhari Elibrary NamdhariElibrary@gmail.com

ਤੋਂ ਨਾਮ ਦੀ ਦਾਤ ਲੈਣ ਵਾਲੇ ਹੋਰ ਕਈ ਸੈਨਿਕਾਂ ਵਿਚ, ਕਾਹਨ ਸਿੰਘ ਵੀ ਸ਼ਾਮਿਲ ਸਨ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੂੰ, ਗੁਰੂ ਬਾਲਕ ਸਿੰਘ ਜੀ ਨੇ ਦਸਵੇਂ ਪਾਤਸ਼ਾਹ ਦੀ ਸਿੱਖੀ ਮੁੜ ਤਿਆਰ ਕਰਨ ਦੀ ਇਤਿਹਾਸਕ ਜ਼ਿੰਮੇਵਾਰੀ ਲਾ ਕੇ ਪੰਥ ਦੀ ਅਗਵਾਈ ਕਰਨ ਦੀ, ਦਸਮੇਸ਼ ਜੀ ਦੀ ਅਮਾਨਤ ਸੌਂਪੀ ਸੀ। ਸੂਬਾ ਕਾਹਨ ਸਿੰਘ 12 ਅਪ੍ਰੈਲ 1857 ਨੂੰ ਸੰਤ ਖਾਲਸਾ ਸਾਜਣ ਸਮੇਂ ਪਹਿਲੇ ਪੰਜ ਪਿਆਰਿਆਂ ਵਿਚੋਂ ਵੀ ਇਕ ਸਿੰਘ ਸਨ। ਮੈਕਨਬ ਸਾਹਮਣੇ ਅਲਾਹਾਬਾਦ ਵਿਚ ਦਿਤੇ ਬਿਆਨਾਂ ਮੁਤਾਬਿਕ ਉਹ ਨੌਨਿਹਾਲ ਸਿੱਖ ਰੈਜੀਮੈਂਟ ਵਿਚ ਹਵਾਲਦਾਰ ਸਨ। ਬਰਿਗੇਡ ਮੇਜਰ ਮੈਕਸਨ ਦੇ ਨਾਲ ਡਿਊਟੀ ਤੇ ਰਹੇ। ਰਾਵਲਪਿੰਡੀ ਦੇ ਮਾਰਚ 1849 ਦੇ ਤਲਵਾਰਾਂ ਬੰਦੂਕਾਂ ਸੁਟਾਉਣ ਵਾਲੇ ਦਰਬਾਰ ਬਾਅਦ ਪਿੰਡ ਆ ਗਏ। ਜਦੋਂ ਗੁਰੂ ਰਾਮ ਸਿੰਘ ਜੀ ਨੂੰ 1863 ਜੂਨ ਵਿਚ ਭੈਣੀ ਸਾਹਿਬ ਨਜ਼ਰਬੰਦ ਕੀਤਾ ਤਾਂ ਉਹ ਮੈਕਲਿਓਡ ਸਾਹਿਬ (ਲਾਟ ਪੰਜਾਬ) ਨੂੰ ਮਿਲੇ ਸਨ ਕਿ ਸੰਗਤ ਦੀ ਔਖ ਨੂੰ ਮੱਦੇਨਜ਼ਰ ਸਤਿਗੁਰਾਂ ਤੋਂ ਰੋਕ ਹਟਾਈ ਜਾਵੇ। ਉਹ ਨੈਣਾ ਸਿੰਘ ਨਿਹੰਗ ਦੇ ਚੇਲਿਆਂ ਸਮੇਂ ਹੋਈ ਗੜਬੜ ਸਮੇਂ ਉਥੇ ਨਹੀਂ ਸਗੋਂ ਆਪਣੀ ਰੈਜੀਮੈਂਟ ਵਿਚ ਸਨ। ਨੇਪਾਲ ਗਏ ਸਨ ਪਰ ਮੱਝਾਂ ਤੇ ਖੱਚਰਾਂ ਵੇਚਣ। (ਜੱਟ ਮਚਲਾ ਖੁਦਾ ਨੂੰ ਲੈ ਗਏ ਚੋਰ- ਸ. ਸ. ਵਿਰਕ) ਐਮ੍ਰਿਤਸਰ ਕਤਲਾਂ ਸਮੇਂ ਹੁਸ਼ਿਆਰਪੁਰ ਸੀ ਪ੍ਰੰਤੂ ਰਾਇਕੋਟ ਕਤਲਾਂ ਸਮੇਂ ਤੇ ਹੁਸ਼ਿਆਰਪੁਰ ਜਾਣ ਦੀ ਪਾਬੰਦੀ ਸੀ। ਨਿਗਰਾਨੀ ਹੇਠ ਰੱਖਿਆ ਜਾ ਰਿਹਾ ਸੀ। ਹੁਸ਼ਿਆਰਪੁਰ ਪੁਲਿਸ ਦੇ ਇਕ ਹਵਾਲਦਾਰ ਤੇ 15 ਸਿਪਾਹੀ ਉਸਨੇ ਕੂਕੇ ਬਣਾਏ ਸਨ। ਕੁਝ ਸਰੀਰਕ ਰੋਗਾਂ ਕਾਰਨ ਤੁਰ ਫਿਰ ਨਹੀਂ ਸੀ ਸਕਦਾ। ਮੈਕਨਬ ਉਹਨੂੰ ਬਹੁਤ ਚਲਾਕ ਦੱਸਦਾ ਹੈ ਲੱਖਾ ਸਿੰਘ ਜਿਹਾ। ਮੈਕਨਬ ਦੀ ਰਾਇ ਵਿਚ ਸਾਹਿਬ ਸਿੰਘ, ਮੰਗਲ ਸਿੰਘ ਤੋਂ ਬਾਅਦ ਉਹ ਤੀਜੇ ਨੰਬਰ ਤੇ ਆਉਂਦਾ ਹੈ ਉਮਰ ਭਰ ਨਜ਼ਰਬੰਦ ਰੱਖਿਆ ਜਾਏ। [27]

ਅਦਨ ਜਿਹਲ ਵਿਚ ਸੂਬਾ ਜੀ ਨੂੰ ਗਰਮੀ ਨਾਲ ਫੋੜੇ ਨਿਕਲ ਆਏ ਸਨ। ਹਜਾਰੀ ਬਾਗ ਜੇਹਲ ਵਿਚ ਸਾਹਿਬ ਸਿੰਘ ਹੋਰਾਂ ਦੀ ਸ਼ਹੀਦੀ ਬਾਅਦ ਇਕੱਲੇ ਰਹਿ ਗਏ ਸਨ। ਦੋ ਸਾਲ ਦਾ ਲੰਮਾ ਇਕਲਾਪਾ ਕੱਟਣ ਬਾਅਦ ਮਈ 1880 ਵਿਚ ਸੂਬਾ ਕਾਹਨ ਸਿੰਘ ਨੂੰ ਚੁਨਾਰ ਕਿਲੇ ਵਿਚ ਬੰਦ ਦੋਹਾਂ ਕੂਕਿਆਂ ਸੂਬਿਆਂ ਪਾਸ ਭੇਜ ਦਿਤਾ ਗਿਆ। ਇਥੇ ਭਰ ਪਹਿਲੇ ਕੈਦ ਕੂਕੇ, ਸੂਬੇ 17 ਫਰਵਰੀ 1887 ਨੂੰ ਕੁਝ ਸ਼ਰਤਾਂ ਅਧੀਨ ਪੰਜਾਬ ਭੇਜ ਦਿਤੇ ਗਏ। ਸੂਬਾ ਕਾਹਨ ਸਿੰਘ ਨੂੰ 13 ਮਹੀਨੇ ਫਿਰ ਇਥੇ ਇਕੱਲੇ ਕੱਟਣੇ ਪਏ। ਉਹਨਾਂ ਨੂੰ 30 ਮਾਰਚ 1888 ਨੂੰ ਰਿਹਾਅ ਕੀਤਾ ਗਿਆ। ਉਨ੍ਹੀਵੀਂ ਸਦੀ ਦੇ ਆਖਰੀ ਦਹਾਕੇ ਵਿਚ ਐਮ੍ਰਿਤਸਰ ਸ਼ਹਿਰ ਦੇ ਇਕ ਕੂਕਾ ਮੁਖੀ ਮਿਸਤਰੀ ਨਾਹਰ ਸਿੰਘ ਹੋਰਾਂ ਦੇ ਘਰ ਸੂਬਾ ਕਾਹਨ ਸਿੰਘ ਅਕਾਲ ਚਲਾਣਾ ਕਰ ਗਏ। ਉਹਨਾਂ ਦਾ ਜਨਮ 1805 ਈ. ਦੇ ਆਸ-ਪਾਸ ਹੈ।

(10) ਸੂਬਾ ਮਲੂਕ ਸਿੰਘ ਫੂਲੇਵਾਲ-ਰਿਆਸਤ ਫਰੀਦਕੋਟ ਦੇ ਪਿੰਡ ਅਬਲੂ ਵਿਚ ਪੈਦਾ ਹੋਇਆ। 1832 ਈ. ਤੋਂ ਮੁਕਤਸਰ ਦੇ ਪਾਸ ਪਿੰਡ ਫੂਲੇਵਾਲਾ ਵਿਚ ਖੇਤੀਬਾੜੀ ਕਰਨ ਲਈ ਉਸਦਾ ਪਿਤਾ ਸੁੱਖਾ ਸਿੰਘ ਆ ਵਸਿਆ ਸੀ। ਉਦੋਂ ਜਿਹੇ ਦਾ ਉਸ ਦਾ ਜਨਮ ਹੈ। ਉਹ 1864 ਈ. ਵਿਚ ਕੂਕਾ ਬਣਿਆ ਅਤੇ ਦੋ ਸਾਲ ਬਾਅਦ ਉਸਨੂੰ ਸੂਬਾ ਬਣਾ ਦਿਤਾ ਗਿਆ। ਮਾਲਵੇ ਦੇ ਜੱਟਾਂ ਜਿਮੀਂਦਾਰਾਂ ਨੂੰ ਇਕੱਠਿਆਂ ਕਰਕੇ ਹਰ ਛਿਮਾਹੀ ਭੈਣੀ ਸਾਹਿਬ ਲੈ ਜਾ ਕੇ ਕੂਕੇ ਬਣਾਉਂਦਾ ਸੀ। ਦੇਸ਼ ਨਿਕਾਲੇ ਤੋਂ ਕੁਝ ਮਹੀਨੇ ਪਹਿਲਾਂ ਉਹ ਸਰਹਿੰਦ ਨਹਿਰ ਦੀ ਪੁਟਾਈ ਦੇ ਕੰਮ ਵਿਚ ਵੀ ਰੁਝਾ ਰਿਹਾ। ਜ਼ਮੀਨ ਉਸਦੇ ਭਰਾ ਮਲੂਕ ਸਿੰਘ, ਭੂਪ ਸਿੰਘ ਅਤੇ ਸ਼ੇਰ ਸਿੰਘ ਸਾਂਭਦੇ ਰਹੇ। ਉਸਤੇ 1869 ਦੀ ਕੂਕਾ ਬਗਾਵਤ ਦੇ ਤੌਰ ਤੇ ਪ੍ਰਸਿੱਧ ਥਰਾਜਵਾਲਾ ਘਟਨਾ ਦਾ ਮੁਕੱਦਮਾ ਵੀ ਚੱਲਿਆ ਸੀ ਪਰ ਤਾੜਨਾ ਕਰਕੇ ਛੱਡ ਦਿੱਤਾ ਗਿਆ। ਉਸਨੂੰ ਸਰਕਾਰੀ ਰਿਪੋਰਟਾਂ ਵਿਚ ਇਕ ਸੰਜੀਦਾ ਕੂਕਾ ਆਗੂ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ। ਭੈਣੀ ਸਾਹਿਬ ਤਬੇਲੇ ਵਿਚ ਮਿੱਟੀ ਦੀ ਵੱਡੀ ਸੇਵਾ ਆਪਣੇ ਹੱਥੋਂ ਸੰਪੂਰਨ ਹੋਈ। ਉਸਨੂੰ ਈ. ਸੀ. ਬੇਲੀ. ਨਾਮਧਾਰੀ ਮੱਤ ਦੇ ਮੁਖੀ ਦਾ ਵਿਸ਼ਵਾਸਪਾਤਰ ਲਿਖਦਾ ਹੈ। ਉਹਨਾਂ ਨੇ 15 ਦਸੰਬਰ 1872 ਤੋਂ ਅਸੀਰਗੜ੍ਹ ਕਿਲੇ ਵਿਖੇ 17 ਦਸੰਬਰ 1887 ਤੱਕ ਕੈਦ ਕੱਟੀ। ਇਸ ਤੋਂ ਬਾਅਦ ਉਹਨਾਂ ਨੂੰ ਪਿੰਡ ਦੀ ਜੂਹ ਵਿਚ ਸ਼ਰਤਾਂ ਅਧੀਨ ਨਜ਼ਰਬੰਦ ਰੱਖਿਆ ਗਿਆ। ਉਹਨਾਂ ਨੇ ਅੰਦਾਜ਼ਨ 60-65 ਸਾਲ ਦੀ ਕੁਲ ਉਮਰ ਭੋਗੀ ਸੀ।

(11) ਸੂਬਾ ਹੁਕਮਾ ਸਿੰਘ- ਉਹ 1866-67 ਈ. ਵਿਚ ਸੂਬਾ ਪਦਵੀ ਪ੍ਰਾਪਤ ਕਰਦੇ ਹਨ। ਨਾਮਧਾਰੀ ਮੱਤ ਦੀ ਸਥਾਪਨਾ ਦੇ ਸਮੇਂ ਹੀ ਉਹ ਇਸ ਦੇ ਘੇਰੇ ਵਿਚ ਆ ਗਏ ਸਨ। ਕੂਕਾ ਬਣਨ ਤੋਂ ਪਹਿਲਾਂ ਨਿਰਮਲਾ ਸਾਧ ਸੀ ਅਤੇ 1852 ਈ. ਤੋਂ ਬਾਅਦ ਉਹ ਕਦੇ ਕਦਾਈਂ ਹੀ ਆਪਣੇ ਪਿੰਡ ਪਿਥੋਂ ਗਿਆ ਹੋਵੇਗਾ। ਉਸ ਦਾ ਗ੍ਰਹਿਸਤੀ ਜੀਵਨ ਨਹੀਂ ਸੀ। ਸ੍ਰੀ ਭੈਣੀ ਸਾਹਿਬ ਵਿਖੇ ਆਪ ਗੁਰਬਾਣੀ ਪੋਥੀਆਂ ਦੇ ਉਤਾਰੇ ਕਰਿਆ ਕਰਦੇ ਸਨ। ਉਹਨਾਂ ਨੂੰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਦਾ 'ਮੁੱਖ ਗ੍ਰੰਥੀ' ਹੋਣ ਦਾ ਮਾਣ ਵੀ ਹਾਸਿਲ ਸੀ। ਉਹ ਅਕਸਰ ਨਾਮ ਦੀ ਦਾਤ ਅਭਿਲਾਖੀਆਂ ਨੂੰ ਦਿਆ ਕਰਦੇ ਸਨ। ਮੈਕਨਬ ਦੇ ਮੁਤਾਬਕ ਉਹ ਬਗਾਵਤ ਦਾ ਪ੍ਰਚਾਰ ਕਰਦਾ ਹੈ। ਆਪ ਦੇ ਪਿੰਡ ਦੇ ਤਿੰਨ ਸਿੰਘ

Namdhari Elibrary NamdhariElibrary@gmail.com

ਰਾਇਕੋਟ ਵਿਖੇ ਅਤੇ ਇਕ ਸ... ਸਨ। ਉਹ ਲੁਧਿਆਣੇ ਤੋਂ ਇਲਾਵਾ ਮਾਝੇ ਵਿਚ ਵੀ ਧਰਮ ਪ੍ਰਚਾਰ ਕਰਦੇ ਰਹੇ ਸਨ। 31 ਅਕਤੂਬਰ 1872 ਨੂੰ ਬੰਗਾਲ ਐਕਟ 1818 ਦੀ ਧਾਰਾ 3 ਦੇ ਤਹਿਤ ਹਿੰਦ ਸਰਕਾਰ ਦੇ ਮੁਖੀ ਨੇ ਆਪ ਦੇ ਵਾਰੰਟ ਜਾਰੀ ਕੀਤੇ। 1 ਦਸੰਬਰ 1872 ਈ. ਦੀ ਰਾਤ ਨੂੰ ਹੁਕਮਾ ਸਿੰਘ ਅਤੇ ਮਾਨ ਸਿੰਘ ਚੁਨਾਰ ਕਿਲੇ ਵਿਚ ਪੁੱਜ ਗਏ ਸਨ। ਮੈਕਨਬ ਜਿਸ ਸੂਬਾ ਹੁਕਮਾ ਸਿੰਘ ਨੂੰ 1 ਸਾਲ ਨਜ਼ਰਬੰਦ ਰੱਖਣ ਦੀ ਸਿਫਾਰਸ਼ ਕਰਦਾ ਹੈ, ਉਹਨਾਂ ਨੂੰ 15 ਸਾਲ ਤੋਂ ਵੱਧ ਕੈਦ ਕੱਟਣੀ ਪਈ। ਸੂਬਾ ਹੁਕਮਾ ਸਿੰਘ ਅਤੇ ਮਾਨ ਸਿੰਘ 17 ਫਰਵਰੀ 1887 ਨੂੰ ਚੁਨਾਰ ਕਿਲੇ ਦੇ ਕਮਾਂਡਰ ਦੁਆਰਾ ਪੰਜਾਬ ਵਾਲੀ ਰੇਲ ਤੇ ਬੈਠਾਏ ਗਏ। ਉਹ ਗੱਦਾਂ ਡੱਬ (ਗੁਰੂ ਸਰ) ਦੇ ਸ. ਸੁੰਦਰ ਸਿੰਘ ਸੋਹੂ (ਨਾਨਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) ਅਤੇ ਉਸਦੇ ਘਰੋਂ ਮਾਤਾ ਰਾਮ ਕੌਰ ਦੇ ਅਨੁਰੋਧ ਤੇ ਉਹਨਾਂ ਦੇ ਪਾਸ ਹੀ 1910 ਈ. ਨੂੰ ਅਕਾਲ ਚਲਾਣਾ ਤੱਕ ਜੂਹ ਬੰਦ ਰਹੇ। ਗੁਰੂ ਹਰੀ ਸਿੰਘ ਜੀ ਵੀ ਮੁਕਤਸਰ ਦੇ ਆਪਣੇ ਦੌਰੇ ਸਮੇਂ ਇਸ ਪਿੰਡ ਵਿਚ ਦਰਸ਼ਨ ਦਿਆ ਕਰਦੇ ਸਨ।

(12) ਸੂਬਾ ਮਾਨ **ਸਿੰਘ**-ਆਪ ਵੀ ਚੁਨਾਰ ਕਿਲੇ ਵਿਚ ਕੈਦ ਰਹੇ ਸਨ। ਕਿਉਂਕਿ ਆਪਨੇ ਆਪਣੀ ਜ਼ਮੀਨ ਜਾਇਦਾਦ ਵੇਚ ਕੇ ਕੂਕਾ ਅੰਦੋਲਨ ਦੇ ਲੇਖੇ ਲਾ ਦਿਤੀ ਸੀ। ਸਰਕਾਰ ਆਪ ਨੂੰ ਖਤਰਨਾਕ ਕੂਕਾ ਆਗੂ ਸਮਝਦੀ ਸੀ। ਆਪ ਦੀ ਗੈਰ ਹਾਜ਼ਰੀ ਵਿਚ ਆਪ ਦੀ ਧਰਮ ਪਤਨੀ ਬੀਬੀ ਜੀਵਣੀ ਨੇ ਬਹੁਤ ਮੁਸ਼ਕਲਾਂ ਝਾਗ ਕੇ ਘਰ ਗ੍ਰਿਹਸਤੀ ਚਲਾਈ। ਉਹ ਚੁਨਾਰ ਦੇ ਬੂਹੇ ਅੱਗੇ ਆਪ ਨਾਲ ਮੁਲਾਕਾਤ ਦੀ ਆਸ ਵਿਚ ਕਈ ਦਿਨ ਬੈਠੀ ਰਹੀ। ਸੈਦੋਕੇ (ਫਿਰੋਜ਼ਪੁਰ) ਤੋਂ ਲੰਮਾ ਸਫਰ ਖਰਚ ਖੇਚਲ ਕਰਨ ਬਾਵਜੂਦ ਮਿਲਣ ਨਾ ਦਿਤੀ। ਇਹਨਾਂ ਸੂਬਿਆਂ ਦੇ ਸੰਬੰਧੀਆਂ ਦੇ ਪੱਤਰ ਵੀ ਉਹਨਾਂ ਤੱਕ ਨਹੀਂ ਪਹੁੰਚਾਏ।

ਰੂਸ ਕੂਕਾ ਸੰਬੰਧ ਬਣਾਉਣ ਬਦਲੇ ਸੂਬਾ ਗੁਰਚਰਨ ਸਿੰਘ ਚੱਕ ਰਾਮਦਾਸ (ਸਿਆਲਕੋਟ) 6-7 ਸਾਲ ਮੁਲਤਾਨ ਜੇਹਲ ਵਿਚ ਕੈਦ ਰਹੇ। ਕੂਕੇ ਸੂਬਿਆਂ ਦੀ ਦੇਸ਼ ਭਗਤੀ ਅਤੇ ਲੋਕ ਮੁਕਤੀ ਲਈ ਕੀਤੀਆਂ ਕੁਰਬਾਨੀਆਂ ਨੂੰ ਕਿਸੇ ਇਕ ਲੇਖ ਵਿਚ ਸਮੇਟਣਾ ਔਖਾ ਕਾਰਜ ਹੈ। ਬਾਕੀ ਕਦੇ ਫੇਰ ਸਹੀ।

ਫੁੱਟ ਨੋਟ :

(1) ਸਤਿਗੁਰੂ ਬਿਲਾਸ - ਭਾਗ ਪਹਿਲਾ, ਭਾਈ ਸੰਤੋਖ ਸਿੰਘ ਬਾਹੋਵਾਲ ਸਫਾ 43

(2) ਰੈਬਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - (ਨਾਹਰ ਸਿੰਘ, ਕਿਰਪਾਲ ਸਿੰਘ ਸੰ.) ਸਫਾ 513-18

(3) ਜੁੱਗ ਪਲਟਾਊ ਸਤਿਗੁਰੂ - ਸੰਤ ਨਿਧਾਨ ਸਿੰਘ ਆਲਿਮ - ਦੂਜੀ ਛਾਪ - ਸ੍ਰੀ ਜੀਵਨ ਨਗਰ, ਸਫਾ 73-78

(4) ਰੈਬਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - ਸਫਾ 158-65

(5) ਨਾਮਧਾਰੀ ਇਤਿਹਾਸ - ਨਾਹਰ ਸਿੰਘ ਐਮ. ਏ., ਸਫਾ 219-20

(6) ਉਹੀ ਸਫਾ, 218-19

(7) ਉਹੀ ਸਫਾ, 220-21

(8) ਨਾਮਧਾਰੀ ਗੁਰੂ ਰਾਮ ਸਿੰਘ - ਡਾ. ਜੋਗਿੰਦਰ ਸਿੰਘ ਐਨ. ਬੀ. ਟੀ. ਇੰਡੀਆ, ਸਫਾ 69

(9) ਰੈਬਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - ਸਫਾ 61

(10) ਉਹੀ ਸਫਾ, 91-96

(11) ਉਹੀ ਸਫਾ, 81-83

(12) ਕੂਕਾ ਮੂਵਮੈਂਟ, ਡਾ. ਫੌਜਾ ਸਿੰਘ ਬਾਜਵਾ, ਸਫਾ 33-34

(13) ਰੈਬਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - ਸਫਾ 158-65

(14) ਉਹੀ ਸਫਾ, 87

(15) ਨਾਮਧਾਰੀ ਗੁਰੂ ਰਾਮ ਸਿੰਘ, ਸਫਾ 72-73

(16) ਉਹੀ ਸਫਾ, 92-93

(17) ਨਾਮਧਾਰੀ ਇਤਿਹਾਸ ਸਫਾ 335-48

(18) ਸਤਿਗੁਰੂ ਬਿਲਾਸ, ਭਾਗ ਪਹਿਲਾ, ਸਫਾ 444-45

(19) ਵਰਿਆਮ ਮਾਸਿਕ, ਜਲੰਧਰ, (ਸੰਪਾਦਕ ਜਗਦੀਸ਼ ਸਿੰਘ) ਸਤੰਬਰ 2007, ਸਫਾ 4-5

(20) ਰੈਬਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - ਸਫਾ 518

(21) ਉਹੀ ਸਫਾ, 477

(22) ਸਤਿਜੁਗ ਦਾ ਬਸੰਤ ਅੰਕ, ਜੀਵਨ ਨਗਰ (ਸਿਰਸਾ), 21 ਮਾਘ 2043 ਬਿ., ਵਿਚੋਂ ਉਦਰਿਤ ਸਫਾ 76-77

(23) ਰੈਬਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - ਸਫਾ 486

(24) ਉਹੀ ਸਫਾ, 520-21

(25) ਉਹੀ ਸਫਾ, 533

(26) ਸਤਿਜੁਗ ਦਾ ਬਸੰਤ ਅੰਕ, 2061 ਬਿਕਰਮੀ, ਦਿੱਲੀ ਸਫਾ 48

(27) ਰੈਬਲਜ਼ ਅਗੇਂਸਟ ਦਾ ਬ੍ਰਿਟਿਸ਼ ਰੂਲ - ਸਫਾ 514 ■

Namdhari Elibrary NamdhariElibrary@gmail.com

ਸਤਿਜੁਗ : 1929 (22 ਮਾਘ 1986)
ਬਸੰਤ ਅੰਕ ਦੀ ਇਤਿਹਾਸਕ ਮਹੱਤਤਾ

ਡਾ. ਕੁਲਦੀਪ ਸਿੰਘ

ਐਸੋਸੀਏਟ ਪ੍ਰੋਫੈਸਰ, ਐਸ. ਜੀ. ਏ. ਡੀ. ਕਾਲਜ ਖਡੂਰ ਸਾਹਿਬ (ਤਰਨ ਤਾਰਨ)

ਨਾਮਧਾਰੀਆਂ ਤੋਂ ਬਿਨਾਂ ਸਿੱਖ ਪੰਥ ਵਿੱਚ ਹੋਰ ਵੀ ਕਈ ਫਿਰਕੇ ਸਨ ਜਿਹਨਾਂ ਦੇ ਅਸੂਲਾਂ ਦਾ ਆਪੋ ਵਿੱਚ ਕਾਫ਼ੀ ਭੇਦ ਹੈ ਪਰ ਉਹਨਾਂ ਨਾਲ ਪੰਥ ਵਿੱਚ ਇੰਨੀ ਨਫ਼ਰਤ ਨਹੀਂ ਸੀ। ਇਸ ਦਾ ਕਾਰਨ ਇਹ ਸੀ ਕਿ ਹਕੂਮਤ ਨਾਮਧਾਰੀ ਲਹਿਰ ਨੂੰ ਪਸੰਦ ਨਹੀਂ ਕਰਦੀ ਸੀ। ਮੁਲਕ ਵਿੱਚ ਭਾਰੀ ਗਿਰਾਵਟ ਆ ਚੁੱਕੀ ਸੀ। ਉਹ ਨਾਮਧਾਰੀਆਂ ਖਿਲਾਫ਼ ਨਫ਼ਰਤ ਫੈਲਾ ਕੇ ਹਕੂਮਤ ਦੇ ਵਫ਼ਾਦਾਰ ਹੋਣ ਦਾ ਸਬੂਤ ਦਿੰਦੇ ਸਨ। ਹਕੂਮਤ ਦੇ ਦੁਸ਼ਮਣਾਂ ਖਿਲਾਫ਼ ਨਫ਼ਰਤ ਫੈਲਾ ਕੇ ਹਕੂਮਤ ਤੋਂ ਇਨਾਮ ਵਸੂਲੇ ਜਾਂਦੇ ਸਨ।

ਸਤਿਜੁਗ ਅਖ਼ਬਾਰ ਦਾ ਪਹਿਲਾ ਸਪਤਾਹਿਕ ਅੰਕ ਸੰਨ 1920 ਵਿਚ ਵਰਨਾਂ ਦੇ ਹੋਲੇ ਸਮੇਂ ਨਾਮਧਾਰੀ ਗੁਰੂ ਪ੍ਰਤਾਪ ਸਿੰਘ ਦੁਆਰਾ ਜਾਰੀ ਕੀਤਾ ਗਿਆ। ਪਹਿਲਾਂ ਲਾਹੌਰ ਤੋਂ ਛਪਣਾ ਸ਼ੁਰੂ ਹੋਇਆ ਤੇ 1926 ਵਿਚ ਇਸ ਦੇ ਪ੍ਰਕਾਸ਼ਨ ਦਾ ਕੰਮ ਸ੍ਰੀ ਭੈਣੀ ਸਾਹਿਬ ਵਿਖੇ ਤਬਦੀਲ ਕੀਤਾ ਗਿਆ। ਸਰਕਾਰੀ ਰੁਕਾਵਟਾਂ ਕਾਰਨ ਇਹ ਅਖ਼ਬਾਰ ਵਿਚੋਂ-ਵਿਚੋਂ ਬੰਦ ਹੁੰਦਾ ਰਿਹਾ ਪ੍ਰੰਤੂ ਭੈਣੀ ਸਾਹਿਬ ਵਿਚ ਸੰਨ 1929 ਤੋਂ ਲੈ ਕੇ 1947 ਤੱਕ ਹਰ ਸਾਲ ਇਤਿਹਾਸਕ ਲੇਖਾਂ ਤੇ ਤਸਵੀਰਾਂ ਵਾਲੇ ਬਸੰਤ ਅੰਕ ਪ੍ਰਕਾਸ਼ਿਤ ਹੁੰਦੇ ਰਹੇ।

1947 ਵਿਚ ਸਤਿਜੁਗ ਅਖ਼ਬਾਰ ਦੇ ਪ੍ਰਕਾਸ਼ਨ ਦਾ ਸਥਾਨ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਜੀਵਨ ਨਗਰ ਤਬਦੀਲ ਕਰ ਦਿੱਤਾ ਗਿਆ। ਇਥੇ ਕਈ ਵਿਸ਼ੇਸ਼ ਅੰਕ ਜਿਵੇਂ ਸ੍ਰੀ ਗੁਰੂ ਹਰੀ ਸਿੰਘ ਅੰਕ, ਗਊ ਅੰਕ, ਗੁਰੂ ਨਾਨਕ ਅੰਕ, ਸ੍ਰੀ ਦਸ਼ਮੇਸ਼ ਅੰਕ, ਸ੍ਰੀ ਸਤਿਗੁਰੂ ਰਾਮ ਸਿੰਘ ਸ਼ਤਾਬਦੀ ਅੰਕ, ਗੁਰੂ ਤੇਗ ਬਹਾਦਰ ਅੰਕ ਆਦਿ ਪ੍ਰਕਾਸ਼ਤ ਕੀਤੇ ਜਾਂਦੇ ਰਹੇ। 1992 ਈ. ਤੋਂ ਸਤਿਜੁਗ ਦੀ ਪ੍ਰਕਾਸ਼ਨਾ ਦਿੱਲੀ ਤਬਦੀਲ ਕਰ ਦਿੱਤੀ ਗਈ। ਏਥੋਂ ਸਤਿਜੁਗ ਦਾ ਆਧੁਨਿਕ ਲੀਹਾਂ ਉੱਤੇ ਪ੍ਰਕਾਸ਼ਨ ਕ੍ਰਾਂਤੀਕਾਰੀ ਕਦਮ ਸੀ। ਏਥੋਂ ਵੀ ਹਰ ਸਾਲ ਹੋਲੇ-ਮਹਲੇ/ ਬਸੰਤ ਉੱਤੇ ਹਰ ਸਾਲ ਵਿਸ਼ੇਸ਼ ਅੰਕ ਪ੍ਰਕਾਸ਼ਿਤ ਹੋ ਰਹੇ ਹਨ ਜਿਵੇਂ ਬਸੰਤ ਅੰਕ, 300 ਵੀਂ ਵਿਸਾਖੀ-ਖਾਲਸਾ ਅੰਕ 1999, ਗੁਰਗੱਦੀ ਦੇ ਚਾਲੀ ਸਾਲ, ਸਤਿਜੁਗ ਦੇ 80 ਸਾਲ, ਇਤਿਹਾਸਕ ਸਮਗਰੀ ਅੰਕ, ਨਾਮਧਾਰੀ ਸਾਹਿਤਕਾਰ ਵਿਸ਼ੇਸ਼ ਅੰਕ, ਇਤਿਹਾਸਕ ਸ਼ਤਾਬਦੀਆਂ, ਗੁਰਗੱਦੀ ਸ਼ਤਾਬਦੀ ਅੰਕ, ਕੂਕਾ ਅੰਦੋਲਨ ਦੇ 150 ਸਾਲ, ਗੁਰਗੱਦੀ ਦੀ ਅੱਧੀ ਸਦੀ, ਪਰਉਪਕਾਰਾਂ ਦੀ ਅਰਧ ਸ਼ਤਾਬਦੀ, ਸ੍ਰੀ ਭੈਣੀ ਸਾਹਿਬ ਅੰਕ। ਇਨਾਂ ਪ੍ਰਕਾਸ਼ਤ ਅੰਕਾਂ ਦਾ ਪੰਜਾਬੀ ਸਾਹਿਤ ਦੀ ਦੁਨੀਆਂ ਵਿਚ ਆਪਣਾ ਵਿਸ਼ੇਸ਼ ਸਥਾਨ ਹੈ।

ਸਤਿਜੁਗ ਦਾ ਸਭ ਤੋਂ ਪਹਿਲਾ ਬਸੰਤ ਅੰਕ ਸੰਨ 1929 (22 ਮਾਘ ਸੰਮਤ 1986) ਵਿਚ ਪ੍ਰਕਾਸ਼ਤ ਕੀਤਾ ਗਿਆ ਜੋ ਕਿ ਇਤਿਹਾਸਕ ਅਤੇ ਸਾਹਿਤਕ ਪੱਖ ਤੋਂ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਮੇਰੇ ਲੇਖ ਦਾ ਮੁੱਖ ਵਿਸ਼ਾ 1929 ਦੇ ਬਸੰਤ ਅੰਕ ਦੀ ਇਤਿਹਾਸਕ ਮਹੱਤਤਾ ਦਾ ਲੇਖਾ ਜੋਖਾ ਕਰਨਾ ਹੈ। ਇਸ ਦੇ ਮੁੱਖ ਐਡੀਟਰ ਸੰਤ ਇੰਦਰ ਸਿੰਘ ਚੱਕਰਵਰਤੀ ਸਨ ਤੇ ਪ੍ਰਮੁੱਖ ਲੇਖਕ ਸ੍ਰ. ਸਰਦੂਲ ਸਿੰਘ ਕਵੀਸ਼ਰ, ਸੁਆਮੀ ਸੁਤੰਤਰ-ਨੰਦ, ਭਾਈ ਪਰਮਾਨੰਦ, ਗਿਆਨੀ ਹੀਰਾ ਸਿੰਘ ਦਰਦ, ਸ੍ਰ. ਅਵਤਾਰ ਸਿੰਘ ਆਜ਼ਾਦ, ਲਾਲਾ ਧਨੀ ਰਾਮ ਚਾਤ੍ਰਿਕ, ਸ੍ਰ. ਰਣਜੀਤ ਸਿੰਘ ਤਾਜ਼ਵਰ, ਲਾਲਾ ਗੁਰਦਿੱਤਾ ਖੰਨਾ ਅਤੇ ਭਾਈ ਹਰਦਾਂਸ ਸਿੰਘ ਜੀ ਸਨ। ਇਸ ਅੰਕ ਵਿਚ ਪ੍ਰਮੁੱਖ ਕਵੀਆਂ ਵਜੋਂ ਭਾਈ ਕਾਨ੍ਹ ਸਿੰਘ ਨਾਭਾ, ਸ੍ਰ. ਅਵਤਾਰ ਸਿੰਘ ਆਜ਼ਾਦ, ਬਲਵੰਤ ਸਿੰਘ ਗਜਰਾਜ, ਗਿਆਨੀ ਸਰਦਾਰਾ ਸਿੰਘ, ਕਰਤਾਰ ਸਿੰਘ ਕਲਾਸਵਾਲੀਏ, ਤਰਨ ਸਿੰਘ ਵਹਿਮੀ, ਗਿਆਨੀ ਕਰਤਾਰ ਸਿੰਘ ਹਿਤਕਾਰੀ, ਲੱਖਾ ਸਿੰਘ ਲਾਹੌਰ, ਰਤਨ ਸਿੰਘ ਕੂਕਾ, ਸੁਹੇਲ ਸਿੰਘ ਧੀਰ, ਭਗਤ

Namdhari Elibrary NamdhariElibrary@gmail.com

ਸਿੰਘ ਪ੍ਰੇਮੀ ਅਤੇ ਖਜਾਨ ਸਿੰਘ [illegible] ਹਨ । ਅੰਕ ਦੇ ਤਤਕਰਤਾ ਨੂੰ ਲੇਖ ਮਾਲਾ, ਬਸੰਤ ਸੁਆਗਤ, ਸਮੱਸਯਾ ਪੂਰਤੀ, ਸਮੱਸਯਾ ਪੂਰਤ, ਬਸੰਤ ਸਾਨੂੰ ਭਾਵੇ ਨਾ ਆਦਿ ਸਿਰਲੇਖਾਂ ਹੇਠ ਵੰਡਿਆ ਗਿਆ ਹੈ ।

ਪਹਿਲੇ ਭਾਗ 'ਲੇਖ ਮਾਲਾ' ਵਿੱਚ ਇਸ ਅੰਕ ਦੇ ਐਡੀਟਰ ਸੰਤ ਇੰਦਰ ਸਿੰਘ ਚਕ੍ਰਵਰਤੀ ਦਾ ਲੇਖ "ਗੁਰੂ ਅਵਤਾਰ" ਸਿਰਲੇਖ ਹੇਠ ਦਰਜ ਹੈ ਜੋ ਕਿ 186 ਸਫੇ ਦੇ ਅੰਕ ਵਿਚ ਇਕੱਲਾ ਲੇਖ ਹੀ 75 ਸਫੇ ਦਾ ਹੈ । ਇਸ ਲੇਖ ਦੀ ਇਤਹਾਸਕ ਮਹੱਤਤਾ ਇਹ ਹੈ ਕਿ ਇਸ ਵਿਚ ਪੂਰੇ ਨਾਮਧਾਰੀ ਇਤਹਾਸ ਨੂੰ ਸਿਲਸਲੇਵਾਰ ਇਤਹਾਸਿਕ ਤੱਤਾਂ ਸਹਿਤ ਲਿਖਿਆ ਗਿਆ ਹੈ । ਸਤਯੁਗ, ਤ੍ਰੇਤਾਯੁਗ, ਦੁਆਪਰ ਤੇ ਕਲਯੁਗ ਵਿਚ ਅਵਤਾਰਵਾਦ ਨੂੰ ਧਾਰਮਿਕ ਗ੍ਰੰਥਾਂ ਦੀਆਂ ਪ੍ਰਮਾਣਿਕ ਟੂਕਾਂ ਦੇ ਕੇ ਦਰਸਾਇਆ ਗਿਆ ਹੈ ਕਿ ਕਿਵੇਂ ਕਲਯੁਗ ਵਿਚ ਗੁਰ ਨਾਨਕ ਜੀ ਦੇ ਅਵਤਾਰ ਨੇ ਭੁਲੇ-ਭਟਕੇ ਲੋਕਾਂ ਨੂੰ ਸਤਿਨਾਮ ਦੇ ਜਾਪ ਵੱਲ ਲਗਾਇਆ ਅਤੇ ਉਨ੍ਹਾਂ ਵਿਚ ਸਤਿ, ਸੰਤੋਖ, ਦਯਾ ਅਤੇ ਧਰਮ ਵਰਗੇ ਗੁਣਾਂ ਨੂੰ ਫਿਰ ਤੋਂ ਉਜਾਗਰ ਕੀਤਾ । ਗੁਰੂ ਨਾਨਕ ਦੇਵ ਜੀ ਪਿੱਛੋਂ 8 ਗੁਰੂਆਂ ਨੇ ਏਸ ਬੂਟੇ ਨੂੰ ਹੋਰ ਪ੍ਰਫੁਲਤ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਪ੍ਰੈਲ 1699 ਨੂੰ ਅੰਮ੍ਰਿਤ ਛਕਾ ਕੇ ਮਾਤ੍ਰ ਭੂਮੀ ਤੋਂ ਜਾਨ ਤੀਕ ਕੁਰਬਾਨ ਕਰਨ ਦੀ ਸ਼ਕਤੀ ਭਰ ਦਿੱਤੀ ਭਾਵ ਹਿੰਦੂ ਜਾਤੀ ਦੀ ਰੱਖਿਆ ਲਈ ਇਕ ਵਾਲੰਟੀਅਰ ਕੋਰ ਕਾਇਮ ਕਰਕੇ ਇਸਦਾ ਨਾਉਂ 'ਖਾਲਸਾ ਪੰਥ' ਰੱਖ ਦਿੱਤਾ । ਗੁਰੂ ਗੋਬਿੰਦ ਸਿੰਘ ਜੀ ਪਿਛੋਂ ਸਿੱਖ ਮਿਸਲਾਂ, ਮਹਾਰਾਜਾ ਰਣਜੀਤ ਸਿੰਘ ਅਤੇ ਫਿਰ ਅੰਗਰੇਜ਼ੀ ਹਕੂਮਤ ਦੌਰਾਨ ਸਿੱਖ ਵਿਸ਼ੇ ਵਿਕਾਰਾਂ ਵਿਚ ਫੱਸਕੇ ਧਰਮ ਕਰਮ ਛੱਡ ਬੈਠੇ ਸਨ । ਇਸ ਲੇਖ ਦਾ ਲੇਖਕ ਲਿਖਦਾ ਹੈ ਕਿ ਕਿਵੇਂ ਗੁਰੂ ਬਾਣੀ ਅਲੋਪ ਹੋ ਗਈ ਸੀ, ਗੁਰੂ ਗ੍ਰੰਥ ਉਲੀ ਤੇ ਚੂਹਿਆਂ ਨੇ ਖਾ ਲਏ ਸਨ । ਸਿੱਖਾਂ ਦੀ ਦਸ਼ਾ ਤੇ ਰਹਿਮ ਕਰ, ਅਕਾਲ ਪੁਰਖ ਅੰਤ੍ਰਯਾਮੀ ਨੇ, ਸਿੱਖ ਧਰਮ ਦਾ ਪੁਨਰ ਉਥਾਨ ਕਰਨ ਲਈ, ਸਿੱਖੀ ਰੂਪ ਫੁਲਵਾੜੀ ਨੂੰ ਹਰੀ ਭਰੀ ਤੇ ਮੁੜ ਸਥਾਪਤ ਕਰਨ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ 1872 ਬਿਕਰਮੀ ਦਿਨ ਵੀਰਵਾਰ ਮਾਘ ਦੀ ਬਸੰਤ ਪੰਚਮੀ ਵਾਲੀ ਰਾਤ ਨੂੰ ਭੇਜਿਆ ।

ਇਸ ਤੋਂ ਅੱਗੇ ਲੇਖਕ ਗੁਰੂ ਰਾਮ ਸਿੰਘ ਜੀ ਦੇ ਬਚਪਨ, ਯੁਵਾ ਅਵਸਥਾ ਅਤੇ ਨੌਕਰੀ ਦਾ ਵਿਸਤਾਰ ਦਿੰਦਾ ਹੋਇਆ ਗੁਰੂ ਰਾਮ ਸਿੰਘ ਜੀ ਦੇ ਨੌਕਰੀ ਸਮੇਂ ਦੀਆਂ ਕੁਝ ਕਰਾਮਾਤਾਂ ਬਾਰੇ ਜਾਣਕਾਰੀ ਦਿੰਦਾ ਹੈ । ਸਤਿਗੁਰੂ ਰਾਮ ਸਿੰਘ ਜੀ ਦਾ ਬਾਬਾ ਬਾਲਕ ਸਿੰਘ ਜੀ ਨਾਲ ਮਿਲਾਪ ਦਾ ਵਿਸਤਾਰ ਬਹੁਤ ਵਿਦਵਤਾ ਭਰਪੂਰ ਤਰੀਕੇ ਨਾਲ ਕੀਤਾ ਗਿਆ ਹੈ । ਪਹਿਲੀ [illegible] ਸੰਮਤ 1914 ਨੂੰ ਪੰਜ ਸਿੰਘਾਂ ਦਾ ਮਿਲਾਪ ਅਤੇ ਸੰਤ ਖਾਲਸਾ ਨਾਮਧਾਰੀ ਪੰਥ ਦੀ ਰਚਨਾ ਦਾ ਜ਼ਿਕਰ ਕਰਨ ਤੋਂ ਬਾਅਦ ਗੁਰੂ ਜੀ ਦੇ ਦੌਰੇ ਅਤੇ ਮਾਈਆਂ ਨੂੰ ਅੰਮ੍ਰਿਤ ਛਕਾਉਣ ਸੰਬੰਧੀ ਖਾਲਸਾ ਧਰਮ ਵਿੱਚ ਇੱਕ ਨਵਾਂ ਸੁਧਾਰ ਦੱਸਿਆ । ਨਾਮਧਾਰੀ ਖਾਲਸੇ ਦੁਆਰਾ ਮੜ੍ਹੀਆਂ ਅਤੇ ਗੋਰਾਂ ਹਟਾਉਣ, ਹਰਿਦੁਆਰ ਦੀ ਯਾਤਰਾ, ਦੀਵਾਲੀ ਸਮੇਂ ਅੰਮ੍ਰਿਤਸਰ ਦੇ ਦਰਸ਼ਨ, ਅਨੰਦ ਦੀ ਮਰਯਾਦਾ ਦੀ ਸਥਾਪਨਾ ਕਰਨ ਸੰਬੰਧੀ, ਇਤਿਹਾਸਿਕ ਤੱਥਾਂ ਦੀ ਮਦਦ ਨਾਲ ਵਿਸਤਾਰ ਦਿੱਤਾ ਗਿਆ ਹੈ । ਇਸ ਲੇਖ ਵਿੱਚ ਲੇਖਕ ਨੇ ਗੁਰੂ ਰਾਮ ਸਿੰਘ ਜੀ ਦੁਆਰਾ ਨਾਮਧਾਰੀ ਸੂਬਿਆਂ ਦੀ ਸਥਾਪਨਾ ਕਰਨ, ਹੋਲੇ ਸਮੇਂ ਆਨੰਦਪੁਰ ਸਾਹਿਬ ਜਾਣ, ਅਤੇ ਖੋਟਿਆਂ ਦੇ ਮੇਲੇ ਦੀ ਜਾਣਕਾਰੀ ਦੇਣ ਤੋਂ ਪਿੱਛੋਂ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲਾ ਦੇ ਸਾਕਿਆਂ ਨੂੰ ਬਹੁਤ ਹੀ ਦਿਲ-ਟੁੰਬਵੇਂ ਤਰੀਕੇ ਨਾਲ ਪੇਸ਼ ਕੀਤਾ ਹੈ । ਮਲੇਰਕੋਟਲੇ ਦੇ ਸਾਕੇ ਵਿੱਚ ਸ਼ਹੀਦ ਹੋਏ ਸ਼ਹੀਦਾਂ ਦੇ ਨਾਮ, ਪਿੰਡ ਅਤੇ ਪਤੇ ਦੇਣਾ ਇਸ ਲੇਖ ਦੀ ਵਡਮੁੱਲੀ ਜਾਣਕਾਰੀ ਹੈ । ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਵਨ ਦਾ ਵਿਸਥਾਰ ਦੇਣ ਪਿੱਛੋਂ ਭੈਣੀ ਸਾਹਿਬ ਵਿਖੇ ਅੰਗ੍ਰੇਜ਼ੀ ਅਧਿਕਾਰੀਆਂ ਦੁਆਰਾ ਕੀਤੀਆਂ ਗਈਆਂ ਵਧੀਕੀਆਂ, ਅਤੇ ਨਾਮਧਾਰੀਆਂ ਉੱਤੇ ਪਾਬੰਦੀਆਂ ਦਾ ਜ਼ਿਕਰ ਕੀਤਾ ਗਿਆ ਹੈ । ਲੇਖਕ ਆਪਣੇ ਲੇਖ ਦੇ ਅਖੀਰ ਵਿੱਚ ਦੱਸਦਾ ਹੈ ਕਿ ਉਸ ਕੋਲ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਅਣ-ਖੋਜਿਆ ਮਸਾਲਾ ਪਿਆ ਹੋਇਆ ਹੈ ਅਤੇ ਅਫ਼ਸੋਸ ਜ਼ਾਹਿਰ ਕਰਦਾ ਹੈ ਕਿ ਨਾਮਧਾਰੀ ਪੰਥ ਦੇ ਗਿਣੇ-ਚੁਣੇ ਵਿਦਵਾਨਾਂ ਵਿਚੋਂ ਕਿਸੇ ਦੀ ਵੀ ਰੁਚੀ ਇਸ ਬੰਨੇ ਨਹੀਂ ਹੋਈ । ਲੇਖਕ ਅੱਗੇ ਦੱਸਦਾ ਹੈ ਕਿ ਉਸਨੇ ਜੋ ਕੁਝ ਵੀ ਇਸ ਲੇਖ ਵਿੱਚ ਲਿਖਿਆ ਹੈ ਉਹ ਜ਼ਿਆਦਾਤਰ ਖੋਜ ਅਤੇ ਉਸ ਵੇਲੇ ਦੇ ਪੁਰਾਤਨ ਬਜ਼ੁਰਗਾਂ ਦੇ ਬਿਆਨਾਂ ਦੇ ਆਧਾਰ ਤੇ ਹੀ ਲਿਖਿਆ ਹੈ ।[1]

ਇਸ ਅੰਕ ਦੇ ਅਗਲੇ ਲੇਖ "ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਆਰੀਆ ਸਮਾਜ" ਵਿੱਚ ਲੇਖਕ ਸੁਆਮੀ ਸੁਤੰਤਰਤਾ ਨੰਦ ਲਿਖਦੇ ਹਨ ਕਿ ਕਿਵੇਂ ਬਾਬਾ ਰਾਮ ਸਿੰਘ ਅਤੇ ਮਹਾਂ ਰਿਸ਼ੀ ਦਯਾਨੰਦ ਵਿਚ ਕੁਝ ਗੱਲਾਂ ਆਪਸ ਵਿੱਚ ਮਿਲਦੀਆਂ ਹਨ । ਇਹਨਾਂ ਅਨੁਸਾਰ ਪੋਥੀ ਗੁਰੂ ਨਹੀਂ ਹੁੰਦੀ । ਹਮੇਸ਼ਾ ਕੋਈ ਜਿਉਂਦਾ ਪ੍ਰਾਣੀ ਗੁਰੂ ਹੁੰਦਾ ਹੈ । ਜਿਹੜਾ ਸਿੱਖ ਦੇ ਸੰਸੇ ਸੁਣ ਕੇ ਉਸ ਨੂੰ ਦੂਰ ਕਰ ਦੇਵੇ, ਉਹੀ ਗੁਰੂ ਹੈ । ਇਹ ਮਾਸ ਖਾਣ ਦੇ ਹੱਕ ਵਿੱਚ ਨਹੀਂ ਸਨ । ਮੁੰਡੇ-ਕੁੜੀ ਦੇ ਵਿਆਹ ਦੀ ਉਮਰ ਵੀ ਇਹਨਾਂ ਦੋਹਾਂ ਸੰਪ੍ਰਦਾਇ ਵਿੱਚ ਨਿਰਧਾਰਿਤ ਕੀਤੀ ਗਈ ਹੈ । ਕੁੜੀ ਦਾ ਵਿਆਹ 15-16 ਸਾਲ ਦੀ ਉਮਰ ਤੇ ਮੁੰਡੇ ਵਾਸਤੇ 24 ਸਾਲ

Namdhari Elibrary NamdhariElibrary@gmail.com

ਦੀ ਉਮਰ ਨਿਰਧਾਰਿਤ ਕੀਤੀ ਗਈ ਹੈ। ਨਾਮਧਾਰੀ ਤੇ ਆਰੀਆ ਦੋਵੇਂ ਸਵਦੇਸ਼ੀ ਵਸਤੂਆਂ ਦੀ ਵਰਤੋਂ ਕਰਦੇ ਸਨ। ਇਸ ਲੇਖ ਦੇ ਅਖ਼ੀਰ ਵਿੱਚ ਲੇਖਕ ਬੜੇ ਦੁੱਖ ਨਾਲ ਦੱਸਦਾ ਹੈ ਕਿ ਹੁਣ ਤੱਕ ਸਤਿਗੁਰੂ ਰਾਮ ਸਿੰਘ ਜੀ ਦਾ ਕੋਈ ਜੀਵਨ ਚਰਿੱਤਰ ਨਹੀਂ ਛਪਿਆ ਹੈ ਅਤੇ ਨਾ ਹੀ ਨਾਮਧਾਰੀਆਂ ਨੇ ਇਧਰ ਧਿਆਨ ਹੀ ਦਿੱਤਾ ਹੈ।[2]

ਸਿੱਖ ਰਾਜ ਤੋਂ ਬਾਅਦ ਪੰਥ ਨੂੰ ਜਥੇਬੰਦ ਕਰਨ ਦੀ ਪਹਿਲੀ ਕੋਸ਼ਿਸ਼[3] ਲੇਖ ਵਿੱਚ ਸ੍ਰੀਮਾਨ ਗਯਾਨੀ ਹੀਰਾ ਸਿੰਘ ਜੀ 'ਦਰਦ' ਐਡੀਟਰ 'ਫੁਲਵਾੜੀ' ਅੰਮ੍ਰਿਤਸਰ ਵਿੱਚ ਲਿਖਦੇ ਹਨ ਕਿ ਸਿੱਖ ਇਤਿਹਾਸ ਦੇ ਵਾਚਣ ਤੋਂ ਚੰਗੀ ਤਰ੍ਹਾਂ ਪਤਾ ਲੱਗ ਜਾਂਦਾ ਹੈ ਕਿ ਸਿੱਖ ਰਾਜ ਦੇ ਜਾਣ ਮਗਰੋਂ ਪੰਥਕ ਜਥੇਬੰਦੀ ਪੂਰੀ ਤ੍ਰਾਂ ਖੇਰੂ ਖੇਰੂ ਹੋ ਗਈ ਸੀ ਅਤੇ ਸਿੱਖਾਂ ਵਿੱਚ ਬੜੀ ਗਿਰਾਵਟ ਆ ਗਈ ਸੀ। ਅੰਗਰੇਜ਼ਾਂ ਨੇ ਦੂਜੇ ਸਿੱਖ ਯੁੱਧ ਤੋਂ ਸਬਕ ਲੈਂਦਿਆਂ ਸਿੱਖਾਂ ਦੀ ਆਜ਼ਾਦੀ ਤੇ ਸਵੈਮਾਨ ਦੀ ਧਾਰਮਿਕ ਸਪਿਰਿਟ ਨੂੰ ਅਤੇ ਧਾਰਮਿਕ ਜੋਸ਼ ਨੂੰ ਨਸ਼ਟ ਕਰਨ ਲਈ ਹਰ ਤਰ੍ਹਾਂ ਦੇ ਯਤਨ ਆਰੰਭ ਦਿੱਤੇ ਸਨ। ਦਿਨੋਂ-ਦਿਨ ਹਾਲਤ ਨਿੱਘਰਦੀ ਚਲੀ ਜਾ ਰਹੀ ਸੀ। ਠੀਕ ਅਜਿਹੇ ਨਾਜ਼ੁਕ ਅਤੇ ਡਾਢੀ ਲੋੜ ਸਮੇਂ ਸ੍ਰੀ ਮਾਨ ਬਾਬਾ ਰਾਮ ਸਿੰਘ ਜੀ ਮੈਦਾਨ ਵਿੱਚ ਨਿਤਰੇ। ਸਿੱਖ ਰਾਜ ਤੋਂ ਮਗਰੋਂ ਸਿੱਖ ਪੰਥ ਨੂੰ ਜਥੇਬੰਦ ਕਰਨ, ਆਪਣੇ ਪੈਰਾਂ ਉੱਤੇ ਖੜ੍ਹੇ ਕਰਨ ਲਈ ਸਭ ਤੋਂ ਪਹਿਲੀ ਅਤੇ ਜ਼ਬਰਦਸਤ ਕੋਸ਼ਿਸ਼ ਬਾਬਾ ਰਾਮ ਸਿੰਘ ਜੀ ਨੇ ਕੀਤੀ ਸੀ। ਉਸ ਵਕਤ ਦੇ ਹਾਲਾਤ ਅਨੁਕੂਲ ਨਾ ਹੋਣ ਕਰਕੇ ਭਾਵੇਂ ਸਫ਼ਲਤਾ ਨਾ ਮਿਲੀ ਅਤੇ ਆਰੰਭ ਵਿੱਚ ਹੀ ਇਸ ਸੁਧਾਰਕ ਤੇ ਪੰਥਕ ਜਥੇਬੰਦੀ ਦੀ ਲਹਿਰ ਨੂੰ ਦਬਾ ਦਿੱਤਾ ਗਿਆ ਪਰ ਇਸ ਪਵਿੱਤਰ ਯਤਨ ਵਿੱਚ ਨਾਮਧਾਰੀ ਵੀਰਾਂ ਨੇ ਜੋ ਕੁਰਬਾਨੀਆਂ ਕੀਤੀਆਂ ਹਨ ਅਤੇ ਆਜ਼ਾਦੀ ਦੇ ਹਵਨ ਕੁੰਡ ਵਿੱਚ ਜੋ ਆਹੂਤੀਆਂ ਪਾਈਆਂ ਹਨ, ਉਹ ਵਿਅਰਥ ਨਹੀਂ ਜਾ ਸਕਦੀਆਂ।

ਲੇਖਕ ਅੱਗੇ ਲਿਖਦਾ ਹੈ ਕਿ ਜੇ ਉਹਨਾਂ ਨੂੰ ਅੱਠ ਦਸ ਸਾਲ ਹੋਰ ਕੰਮ ਕਰਨ ਦੀ ਮੁਹਲਤ ਮਿਲਦੀ ਤਾਂ ਪੰਥ ਨੂੰ ਬਹੁਤ ਚੰਗੀ ਤਰ੍ਹਾਂ ਜੱਥੇਬੰਦ ਕਰ ਜਾਂਦੇ ਅਤੇ ਸਿੱਖਾਂ ਨੂੰ ਆਪਣੇ ਪੈਰਾਂ ਉੱਤੇ ਖੜੋਨ ਜੋਗਾ ਬਣਾ ਜਾਂਦੇ ਪਰ ਹਕੂਮਤ ਨੂੰ ਇਹ ਮਨਜ਼ੂਰ ਨਹੀਂ ਸੀ। ਬੇਇਨਸਾਫ਼ੀ ਨਾਲ ਕਾਇਮ ਹੋਈ ਹਕੂਮਤ ਮੁਲਕ ਵਿੱਚ ਪੈਦਾ ਹੋਣ ਵਾਲੀ ਹਰ ਲਹਿਰ ਨੂੰ ਵੀ ਸ਼ੱਕ ਤੇ ਖਤਰੇ ਨਾਲ ਦੇਖਦੀ ਸੀ। ਬਿਨ੍ਹਾਂ ਮੁਕੱਦਮਾ ਚਲਾਏ ਕਈ ਨਾਮਧਾਰੀ ਵੀਰਾਂ ਨੂੰ ਤੋਪ ਅੱਗੇ ਉਡਾ ਦੇਣਾ ਅਤੇ ਬਿਨਾਂ ਕਸੂਰ ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰ ਦੇਣਾ ਉਸ ਵਕਤ ਦੇ ਹਾਕਮਾਂ ਦੇ ਦਿਲੀ ਇਰਾਦਿਆਂ ਨੂੰ ਸਪੱਸ਼ਟ ਕਰ ਦਿੰਦਾ ਹੈ। ਨਾਮਧਾਰੀਆਂ ਤੋਂ ਬਿਨਾਂ ਸਿੱਖ ਪੰਥ ਵਿੱਚ ਹੋਰ ਵੀ ਕਈ ਫਿਰਕੇ ਸਨ ਜਿਹਨਾਂ ਦੇ ਅਸੂਲਾਂ ਦਾ ਆਪੋ ਵਿੱਚ ਕਾਫ਼ੀ ਭੇਦ ਹੈ ਪਰ ਉਹਨਾਂ ਨਾਲ ਪੰਥ ਵਿੱਚ ਇੰਨੀ ਨਫ਼ਰਤ ਨਹੀਂ ਸੀ। ਇਸ ਦਾ ਕਾਰਨ ਇਹ ਸੀ ਕਿ ਹਕੂਮਤ ਨਾਮਧਾਰੀ ਲਹਿਰ ਨੂੰ ਪਸੰਦ ਨਹੀਂ ਕਰਦੀ ਸੀ। ਮੁਲਕ ਵਿੱਚ ਭਾਰੀ ਗਿਰਾਵਟ ਆ ਚੁੱਕੀ ਸੀ। ਉਹ ਨਾਮਧਾਰੀਆਂ ਖਿਲਾਫ਼ ਨਫ਼ਰਤ ਫੈਲਾ ਕੇ ਹਕੂਮਤ ਦੇ ਵਫ਼ਾਦਾਰ ਹੋਣ ਦਾ ਸਬੂਤ ਦਿੰਦੇ ਸਨ। ਹਕੂਮਤ ਦੇ ਦੁਸ਼ਮਣਾਂ ਖਿਲਾਫ਼ ਨਫ਼ਰਤ ਫੈਲਾ ਕੇ ਹਕੂਮਤ ਤੋਂ ਇਨਾਮ ਵਸੂਲੇ ਜਾਂਦੇ ਸਨ।

ਪੰਜਾਬ ਦੀ ਗੁਲਾਮ ਧਰਤੀ ਜਦ ਗੁਲਾਮੀ ਦੇ ਸੰਗਲਾਂ ਨਾਲ ਜਕੜੀ ਜਾ ਚੁੱਕੀ ਸੀ ਤੇ ਸਿੱਖ ਰਾਜ ਦਾ ਦੀਵਾ ਆਪਣੀਆਂ ਅੰਤਲੀਆਂ ਲਾਟਾਂ ਛੱਡ ਕੇ ਬੁਝ ਚੁੱਕਾ ਸੀ। ਧਰਮ ਦੇ ਭਾਵ ਲੋਕਾਂ ਵਿੱਚ ਉਕੇ ਹੀ ਨਹੀਂ ਰਹੇ ਸਨ ਤੇ ਆਮ ਸਿੱਖ ਜਨਤਾ ਸਿੱਖੀ ਵਲੋਂ ਅਵੇਸਲੀ ਹੋ ਚੁੱਕੀ ਸੀ ਇਸ ਸਮੇਂ ਲੋੜ ਸੀ ਕਿ ਕੋਈ ਮਹਾਂਪੁਰਖ, ਰੱਬੀ ਅਵਤਾਰ ਪ੍ਰਗਟ ਹੋਵੇ, ਜੋ ਆਪਣੀਆਂ ਈਸ਼ਵਰੀ ਸ਼ਕਤੀਆਂ ਨਾਲ ਨਾ ਸਿਰਫ਼ ਸਿੱਖ ਧਰਮ ਦੀ ਡਿੱਗੀ ਹੋਈ ਅਵਸਥਾ ਨੂੰ ਉੱਚਾ ਕਰੇ ਬਲਕਿ ਪੰਜਾਬ ਅੰਦਰ ਸੱਚੀ ਆਜ਼ਾਦੀ ਦਾ ਉਹ ਨਾਦ ਵਜਾਵੇ ਜਿਸ ਨੂੰ ਸੁਣ ਕੇ ਪੰਜਾਬੀਆਂ ਦੀ ਸੁੱਤੀ ਹੋਈ ਆਣ, ਅਣਖ ਤੇ ਗ਼ੈਰਤ ਜਾਗ ਪਵੇ। ਬਾਬਾ ਰਾਮ ਸਿੰਘ ਜੀ ਦੇ ਆਉਣ ਨਾਲ ਸੂਰਜ ਚੜ੍ਹਿਆ, ਜਿਸ ਦਾ ਪ੍ਰਕਾਸ਼ ਸਾਰੇ ਪਾਸੇ ਪਸਰ ਗਿਆ।

ਇਸ ਅੰਕ ਦੇ ਅਗਲੇ ਲੇਖ "ਗੁਰੂ ਕਿਉਂ" ਵਿੱਚ ਲੇਖਕ ਸਰਦਾਰ ਰਣਜੀਤ ਸਿੰਘ ਜੀ "ਤਾਜਵਰ" ਲਿਖਦੇ ਹਨ ਕਿ ਉਹ ਬਾਬਾ ਰਾਮ ਸਿੰਘ ਜੀ ਨੂੰ 'ਗੁਰੂ' ਕਿਹਾ ਜਾਣ ਵਾਲਾ ਸ਼ਬਦ ਇਸ ਲਈ ਵਰਤਦਾ ਹੈ ਕਿਉਂਕਿ ਉਹ ਆਪਣੇ ਗੁਰੂਆਂ ਦੇ ਵਿਸ਼ਵਾਸ ਅਨੁਸਾਰ ਉਸ ਵਿੱਚ ਗੁਰੂਆਂ ਵਾਲੇ ਗੁਣ ਪਾਉਂਦਾ ਹੈ।[4] "ਗੁਰੂ" ਕਹਿੰਦੇ ਹਨ ਹਨ੍ਹੇਰੇ ਨੂੰ ਦੂਰ ਕਰਨ ਵਾਲਾ ਜਾਂ ਰਸਤਾ ਦਿਖਾਉਣ ਵਾਲਾ। ਦਸਾਂ ਪਾਤਸ਼ਾਹੀਆਂ ਨੇ ਵੀ ਹਰ ਪਹਿਲੂ ਵੱਲੋਂ ਹਿੰਦੂ ਜਾਤੀ ਤੇ ਜਹਾਲਤ ਰੂਪੀ ਹਨ੍ਹੇਰੇ ਨੂੰ ਦੂਰ ਕਰਨ ਦਾ ਯਤਨ ਕੀਤਾ, ਤੇ ਬੁਜ਼ਦਿਲ ਅਤੇ ਗੁਲਾਮ ਲੋਕਾਂ ਨੂੰ ਸੂਰਬੀਰ ਬਣਾ ਕੇ ਆਜ਼ਾਦੀ ਦਾ ਰਸਤਾ ਦਿਖਾਇਆ ਜਿਸ ਕਰਕੇ ਉਹ 'ਗੁਰੂ' ਅਖਵਾਏ। ਸੋ ਲੇਖਕ ਦਾ ਪੂਰਾ ਵਿਸ਼ਵਾਸ ਹੈ ਕਿ ਗੁਰੂ ਰਾਮ ਸਿੰਘ ਜੀ ਆਪਣੇ ਸਮੇਂ ਦੇ ਪੂਰਨ ਗੁਰੂ ਸਨ ਜਿਨ੍ਹਾਂ ਨੇ ਗੁਲਾਮੀ ਦੇ ਬਿਖੜੇ ਪੈਂਡਿਆਂ ਦੇ ਹਨ੍ਹੇਰੇ ਰਸਤਿਆਂ ਵਿੱਚ ਭੁਲੇ ਭਟਕੇ ਲੋਕਾਂ ਨੂੰ ਗਿਆਨ ਦਾ ਚਾਨਣ ਦਿਖਾ ਕੇ ਸਿੱਧੇ ਰਸਤੇ ਪਾਉਣ ਦਾ ਯਤਨ ਕੀਤਾ।

ਅਗਲੇ ਲੇਖ "ਆਜ਼ਾਦੀ ਦਾ ਦੇਵਤਾ" ਵਿੱਚ ਸ੍ਰੀ ਮਾਨ ਲਾਲਾ ਗੁਰਦਿਤਾ ਜੀ ਖੰਨਾ ਲਿਖਦੇ ਹਨ ਕਿ ਜੋ ਸੁਤੰਤਰਤਾ ਦਾ ਅਵਤਾਰ ਸੀ, ਜਿਸਦੇ ਦਿਲ ਵਿੱਚ ਦੇਸ਼ ਕੌਮ ਤੇ ਧਰਮ ਲਈ ਸੱਚਾ ਪਿਆਰ ਸੀ ਤੇ ਜੋ ਦੀਨ ਦੁਖੀਆਂ ਤੇ ਗਊਆਂ ਬ੍ਰਾਹਮਣਾਂ ਦਾ ਅਵਤਾਰ ਸੀ, ਉਹ ਸਨ ਸਤਿਗੁਰੂ ਬਾਬਾ ਰਾਮ

Namdhari Elibrary NamdhariElibrary@gmail.com

ਸਿੰਘ ਜੀ ।[5] ਬਾਬਾ ਰਾਮ ਸਿੰਘ [illegible] ਲੁਟੇਰਿਆਂ ਦੀ ਕੈਦ ਤੋਂ ਆਜ਼ਾਦ ਕਰਵਾਕੇ ਫਿਰ ਪਹਿਲਾਂ ਵਾਂਗ ਖੁਸ਼ਹਾਲ ਦੇਖਣਾ ਚਾਹੁੰਦੇ ਸਨ । ਇਸਦੇ ਲਈ ਉਹਨਾਂ ਨੇ ਆਪਣੇ ਤਮਾਮ ਸੁਖ ਆਰਾਮ ਛੱਡ ਕੇ ਮਹਾਨ ਦੁਖ ਦਾਈ ਕੌਮੀ ਫ਼ਕੀਰੀ ਬਾਣਾ ਧਾਰਿਆ ਤੇ ਦੇਸ਼ ਦੇ ਸਾਹਮਣੇ ਬੜਾ ਉਪਯੋਗੀ ਪ੍ਰੋਗਰਾਮ ਰੱਖਿਆ । ਇਹ ਪ੍ਰੋਗਰਾਮ ਇੱਕ ਦੈਵੀ ਸੰਦੇਸ਼ ਸੀ ਤੇ ਭਾਰਤ ਦੀ ਆਜ਼ਾਦੀ ਦਾ ਸੱਚਾ ਉਪਾਉ ਸੀ । ਇਸ ਲੇਖ ਦੇ ਅਖ਼ੀਰ ਵਿੱਚ ਲੇਖਕ ਅਫ਼ਸੋਸ ਪ੍ਰਗਟ ਕਰਦਾ ਹੋਇਆ ਲਿਖਦਾ ਹੈ ਕਿ ਦੇਸ਼ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਪ੍ਰੋਗਰਾਮ ਦੀ ਕੁਝ ਕਦਰ ਨਹੀਂ ਕੀਤੀ ਤੇ ਨਾ ਕੇਵਲ ਸਤਿਗੁਰਾਂ ਤੇ ਉਨ੍ਹਾਂ ਦੇ ਅਨੁਯਾਈਆਂ ਦਾ ਮਲੀਆ ਮੇਟ ਕੀਤਾ ਬਲਕਿ ਬੁੱਢੇ ਭਾਰਤ ਨੂੰ ਵੀ ਗੁਲਾਮੀ ਦੀਆਂ ਜ਼ਬਰਦਸਤ ਜੰਜ਼ੀਰਾਂ ਵਿੱਚ ਬੰਨਦੇ ਹੋਇਆਂ ਉਸ ਦਾ ਮੁਰਦਾ ਖਰਾਬ ਕਰ ਦਿੱਤਾ ।

ਇਸ 1929 ਈ. ਦੇ ਪਲੇਠੇ ਅੰਕ ਦੇ ਅਗਲੇ ਲੇਖ "ਹਿੰਦੁਸਤਾਨ ਦੀ ਆਜ਼ਾਦੀ ਕਿਨ੍ਹਾਂ ਦੇ ਹੱਥ ਵਿੱਚ ਹੈ? ਆਜ਼ਾਦੀ ਦਾ ਝੰਡਾ ਕੌਣ ਝੁਲਾਏਗਾ?" ਵਿੱਚ ਸਰਦਾਰ ਅਰੂੜ ਸਿੰਘ ਜੀ ਤਾਇਬ ਲਿਖਦੇ ਹਨ ਕਿ ਮੇਰੀ ਕਲਮ ਵਿੱਚ ਸ਼ਕਤੀ ਨਹੀਂ ਹੈ ਕਿ "ਸਤਿਗੁਰੂ" ਤੇ ਫੇਰ "ਰਾਮਹਰੀ" ਦੀ ਉਪਮਾ ਜਾਂ ਜੀਵਨ ਲਿਖਾਂ । ਉਹ ਲਿਖਦੇ ਹਨ ਕਿ ਜੇ ਉਹਨਾਂ ਵਾਸਤੇ ਕ੍ਰਿਸ਼ਨ ਸਰੂਪ ਲਿਖਾਂ ਜਾਂ ਹਰੀ ਰੂਪ ਲਿਖਾਂ ਤਾਂ ਕੋਈ ਵੱਡੀ ਗੱਲ ਨਹੀਂ ਹੈ ਕਿਉਂਕਿ ਆਪ ਜੀ ਦੇ ਜੀਵਨ ਚਰਿੱਤਰ ਦੇ ਕੌਤਕਾਂ ਵੱਲ ਜਦ ਧਿਆਨ ਜਾਂਦਾ ਹੈ ਤਾਂ ਇਲਾਹੀ ਜੋਤ ਦਾ ਨੂਰ ਅੱਖਾਂ ਦੇ ਸਾਹਮਣੇ ਅਤੇ ਹਿਰਦੇ ਵਿੱਚ ਚੁੰਬਕ ਪੈਣ ਲੱਗ ਪੈਂਦੀ ਹੈ । ਲੇਖਕ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਦੇਸ਼ ਦੀ ਉਨਤੀ ਤੇ ਹਿੰਦੁਸਤਾਨ ਦੀ ਆਜ਼ਾਦੀ ਪ੍ਰਾਪਤ ਕਰਨ ਵਾਲੇ ਮੋਢੀ ਸਤਿਗੁਰੂ ਰਾਮ ਸਿੰਘ ਜੀ ਹਨ ਅਤੇ ਜਦ ਹੁਣ ਵੀ ਦੇਸ਼ ਨੂੰ ਆਜ਼ਾਦ ਕਰਾਉਣਗੇ ਜਾਂ ਹਿੰਦੁਸਤਾਨ ਵਿੱਚ ਆਜ਼ਾਦੀ ਦੇ ਝੰਡੇ ਝੂਲਣਗੇ ਤਾਂ ਉਹ "ਨਾਮਧਾਰੀ ਖਾਲਸੇ" ਹੀ ਸਤਿਗੁਰੂ ਰਾਮ ਸਿੰਘ ਜੀ ਦੇ ਪੂਰਨਿਆਂ ਉੱਤੇ ਚੱਲ ਕੇ ਜਸ ਪ੍ਰਾਪਤ ਕਰਨਗੇ ।[6]

ਅੰਕ ਦੇ ਅਗਲੇ ਲੇਖ "ਮਹਾਂ ਪੁਰਖ ਸਤਿਗੁਰੂ ਰਾਮ ਸਿੰਘ ਜੀ" ਵਿੱਚ ਸਰਦਾਰ ਅਵਤਾਰ ਸਿੰਘ ਜੀ "ਆਜ਼ਾਦ" ਲਿਖਦੇ ਹਨ ਕਿ ਪੰਜਾਬ ਦੀ ਗੁਲਾਮ ਧਰਤੀ ਜਦ ਗੁਲਾਮੀ ਦੇ ਸੰਗਲਾਂ ਨਾਲ ਜਕੜੀ ਜਾ ਚੁੱਕੀ ਸੀ ਤੇ ਸਿੱਖ ਰਾਜ ਦਾ ਦੀਵਾ ਆਪਣੀਆਂ ਅੰਤਲੀਆਂ ਲਾਟਾਂ ਛੱਡ ਕੇ ਬੁਝ ਚੁੱਕਾ ਸੀ । ਧਰਮ ਦੇ ਭਾਵ ਲੋਕਾਂ ਵਿੱਚ ਉਕੇ ਹੀ ਨਹੀਂ ਰਹੇ ਸਨ ਤੇ ਆਮ ਸਿੱਖ ਜਨਤਾ ਸਿੱਖੀ ਵਲੋਂ ਅਵੇਸਲੀ ਹੋ ਚੁੱਕੀ ਸੀ ਇਸ ਸਮੇਂ ਲੋੜ ਸੀ ਕਿ ਕੋਈ ਮਹਾਂਪੁਰਖ, ਰੱਬੀ ਅਵਤਾਰ ਪ੍ਰਗਟ [illegible] ਜੋ ਆਪਣੀਆਂ ਈਸ਼ਵਰੀ ਸ਼ਕਤੀਆਂ ਨਾਲ ਨਾ ਸਿਰਫ਼ ਸਿੱਖ ਧਰਮ ਦੀ ਡਿੱਗੀ ਹੋਈ ਅਵਸਥਾ ਨੂੰ ਉੱਚਾ ਕਰੇ ਬਲਕਿ ਪੰਜਾਬ ਅੰਦਰ ਸੱਚੀ ਆਜ਼ਾਦੀ ਦਾ ਉਹ ਨਾਦ ਵਜਾਵੇ ਜਿਸ ਨੂੰ ਸੁਣ ਕੇ ਪੰਜਾਬੀਆਂ ਦੀ ਸੁੱਤੀ ਹੋਈ ਆਣ, ਅਣਖ ਤੇ ਗ਼ੈਰਤ ਜਾਗ ਪਵੇ । ਬਾਬਾ ਰਾਮ ਸਿੰਘ ਜੀ ਦੇ ਆਉਣ ਨਾਲ ਸੂਰਜ ਚੜ੍ਹਿਆ, ਜਿਸ ਦਾ ਪ੍ਰਕਾਸ਼ ਸਾਰੇ ਪਾਸੇ ਪਸਰ ਗਿਆ । ਜਿਸ ਪ੍ਰਕਾਰ ਸੂਰਜ ਆਪਣੇ ਆਪ ਹੀ ਇੱਕ ਰੌਸ਼ਨ ਹਸਤੀ ਹੈ ਤੇ ਉਸ ਨੂੰ ਕੋਈ ਲੋੜ ਨਹੀਂ ਕਿ ਕਿਸੇ ਪਾਸੋਂ ਰੌਸ਼ਨੀ ਪ੍ਰਾਪਤ ਕਰੇ ਇਸੇ ਤਰ੍ਹਾਂ ਮਹਾਂ-ਪੁਰਖਾਂ ਦਾ ਹਾਲ ਹੈ । ਲੇਖਕ ਨੂੰ ਅਫ਼ਸੋਸ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਕੰਮ ਤਾਂ ਇੰਨੇ ਵੱਡੇ ਕੀਤੇ ਹਨ ਕਿ ਜਿਨ੍ਹਾਂ ਦਾ ਜ਼ਿਕਰ ਨਾ ਤਾਂ ਅਜੇ ਤੱਕ ਕਿਸੇ ਲਾਇਕ ਕਵੀ ਨੇ ਕੀਤਾ ਹੈ ਤੇ ਨਾ ਹੀ ਉਹਨਾਂ ਨੂੰ ਕਿਸੇ ਸਿਆਣੇ ਇਤਿਹਾਸਕਾਰ ਨੇ ਆਪਣੇ ਇਤਿਹਾਸ ਦਾ ਜ਼ਰੂਰੀ ਅੰਗ ਸਮਝਿਆ ਹੈ ।[7] ਭਾਈ ਪ੍ਰਮਾਨੰਦ ਜੀ ਆਪਣੇ ਲੇਖ "ਸਤਿਗੁਰੂ ਰਾਮ ਸਿੰਘ ਜੀ" ਵਿੱਚ ਲਿਖਦੇ ਹਨ ਕਿ ਗੁਰੂ ਰਾਮ ਸਿੰਘ ਜੀ ਦੁਆਰਾ ਚਲਾਏ ਗਏ ਮਿਸ਼ਨ ਦਾ ਮੁਖ ਮਕਸਦ ਆਪਣੀਆਂ ਸਾਰੀਆਂ ਦੁਨਿਆਵੀ ਜ਼ਰੂਰਤਾਂ ਨੂੰ ਮਿਟਾ ਦੇਣ, ਸਾਦਾ ਖਾਣ ਤੇ ਬਦਨ ਢਕਣ ਵਾਸਤੇ ਸਾਦੇ ਕੱਪੜਿਆਂ ਨੂੰ ਛੱਡ ਕੇ ਹੋਰ ਕਿਸੇ ਚੀਜ਼ ਦੀ ਇੱਛਾ ਨਾ ਰੱਖਣਾ ਸੀ[8] । ਲਾਲਾ ਧਨੀ ਰਾਮ ਚਾਤ੍ਰਿਕ ਆਪਣੇ ਲੇਖ "ਸਤਿਜੁਗੀ ਰਹਿਬਰ" ਵਿੱਚ ਬਾਬਾ ਰਾਮ ਸਿੰਘ ਜੀ ਮਿਸ਼ਨ ਦੇ ਅਸੂਲਾਂ ਬਾਰੇ ਲਿਖਦੇ ਹਨ ਕਿ ਹੱਥ ਦੇ ਕੱਤੇ ਹੋਏ ਤੇ ਉਣੇ ਹੋਏ ਸੂਤੀ ਕੱਪੜੇ ਪਹਿਨਣਾ, ਉਠਦਿਆਂ-ਬੈਠਦਿਆਂ, ਚਲਦਿਆਂ-ਫਿਰਦਿਆਂ, ਨਾਮ ਜਪਦੇ ਰਹਿਣਾ, ਸਿਮਰਨਾ ਸਦਾ ਹੱਥ ਵਿੱਚ ਰਹੇ, ਰਾਜ ਦਰਬਾਰ ਨਾਲ ਕੋਈ ਸੰਬੰਧ ਨਹੀਂ ਰੱਖਣਾ, ਆਦਿ ਅਸੂਲਾਂ ਉੱਤੇ ਜ਼ੋਰ ਦਿੱਤਾ ।[9]

ਅੰਕ ਦੇ ਦੂਸਰੇ ਭਾਗ "ਬਸੰਤ ਸੁਆਗਤ" ਵਿੱਚ ਪੰਜਾਬੀ ਦੇ ਪ੍ਰਸਿੱਧ ਕਵੀਆਂ ਵੱਲੋਂ ਕਵਿਤਾਵਾਂ ਦਾ ਜ਼ਿਕਰ ਕੀਤਾ ਗਿਆ ਹੈ । "ਖਾਤਰ ਵਤਨ, ਬੇਵਤਨ ਹੋ ਜਾਇ ਕਿਹੜਾ? ਸਿਰਲੇਖ ਕਵਿਤਾ ਵਿੱਚ ਬਾਬਾ ਜੀ ਦੁਆਰਾ ਸੁੱਤੀ ਹੋਈ ਜਨਤਾ ਨੂੰ ਜਗਾਉਣਾ, ਉਹਨਾਂ ਵਿੱਚ ਉੱਚੀ ਆਣ ਵਾਲੇ, ਸਿੱਖੀ ਸਿਦਕ ਵਾਲੇ ਭਾਵਾਂ ਨੂੰ ਉਜਾਗਰ ਕਰਨ ਵਾਲੇ ਭਾਵਾਂ ਦਾ ਜ਼ਿਕਰ ਕੀਤਾ ਗਿਆ ਹੈ । "ਤੁਸੀਂ ਆਓ ! ਛੇਤੀ ਨਾ ਦੇਰੀਆਂ ਲਾਓ ! ਸਿਰਲੇਖ ਕਵਿਤਾ ਵਿੱਚ ਬਾਬਾ ਜੀ ਨਾਲ ਮਿਲਾਪ ਦੀ ਤਾਂਘ ਦਾ ਜ਼ਿਕਰ ਕੀਤਾ ਗਿਆ ਹੈ । "ਚੱਲਕੇ ਕੁਪੰਥ ਪੰਥ ਰਾਜ ਭਾਗ ਹਾਰਾ ਸੀ" ਸਿਰਲੇਖ ਅਧੀਨ ਕਵਿਤਾ ਵਿੱਚ ਸਿੱਖ ਪੰਥ ਦੇ ਖੇਰੂ-ਖੇਰੂ ਹੋਣ ਦੀ ਅਵਸਥਾ ਨੂੰ, ਆਪਸੀ ਫੁੱਟ ਦਾ ਸ਼ਿਕਾਰ, ਗੱਦੀ ਦੀ ਪ੍ਰਾਪਤੀ ਲਈ ਕਤਲੋ-ਗਾਰਤ ਜਿਸ ਦਾ ਫਾਇਦਾ ਅੰਗ੍ਰੇਜ਼ਾਂ ਨੇ ਲਿਆ ਤੇ ਆਪਣਾ

Namdhari Elibrary NamdhariElibrary@gmail.com

ਰਾਜ ਸਥਾਪਿਤ ਕੀਤਾ । ਅਜਿਹੇ ਭਿਆਨਕ ਸਮੇਂ ਬਾਬਾ ਜੀ ਦੁਆਰਾ ਪੰਥ ਨੂੰ ਜਥੇਬੰਦ ਕਰਨ ਦੀ ਜੋ ਲਹਿਰ ਚਲਾਈ ਗਈ, ਉਸ ਦਾ ਜ਼ਿਕਰ ਕੀਤਾ ਗਿਆ । "ਚੀਨੀ ਵਾਲਾ ਸਤਿਗੁਰੂ ਪਿਆਰਾ" ਸਿਰਲੇਖ ਅਧੀਨ ਕਵਿਤਾ ਵਿੱਚ ਬਾਬਾ ਜੀ ਦੇ ਆਉਣ ਨਾਲ ਚਾਰੇ ਪਾਸੇ ਰੌਸ਼ਨੀ ਦੇ ਪਸਾਰੇ ਦੀ ਗੱਲ ਕੀਤੀ ਗਈ ਹੈ । "ਮੋੜੋ ਚੀਨੀ ਵਾਲਾ ਪਿਛਾਂ ਮੁਖ ਹੁਣ ਤੇ" ਸਿਰਲੇਖ ਅਧੀਨ ਕਵਿਤਾ ਵਿੱਚ ਬਾਬਾ ਜੀ ਨੂੰ ਇੱਕ ਵਾਰ ਫਿਰ ਤੋਂ ਆਉਣ ਲਈ ਕਿਹਾ ਗਿਆ ਹੈ ਤੇ ਦੇਸ਼ ਦੀ ਤਰਸਯੋਗ ਹਾਲਤ ਪੇਸ਼ ਕਰਦਿਆਂ, ਉਹਨਾਂ ਦੁਆਰਾ ਫਿਰ ਤੋਂ ਕਈ ਨਵਾਂ ਉਪਰਾਲਾ ਆਰੰਭਣ ਦਾ ਜ਼ਿਕਰ ਕੀਤਾ ਗਿਆ ਹੈ । "ਡੁੱਬਾ ਬੇੜਾ ਤਾਰਿਆ" ਸਿਰਲੇਖ ਕਵਿਤਾ ਵਿੱਚ ਬਾਬਾ ਰਾਮ ਸਿੰਘ ਜੀ ਦੁਆਰਾ ਲੋਕਾਂ ਦੇ ਡੁੱਬਦੇ ਬੇੜੇ ਨੂੰ ਤਾਰਨ ਵਾਲਾ ਕਹਿ ਕੇ ਵਡਿਆਇਆ ਗਿਆ ਹੈ । "ਕਮਾਲ ਤੇਰਾ" ਸਿਰਲੇਖ ਅਧੀਨ ਕਵਿਤਾ ਵਿੱਚ ਬਾਬਾ ਰਾਮ ਸਿੰਘ ਜੀ ਦੀ ਸਿਫ਼ਤ ਕੀਤੀ ਗਈ ਹੈ ਕਿ ਉਨਾਂ ਨੇ ਦੁਨੀਆਂ ਨੂੰ ਸਹੀ ਰਸਤਾ ਦਿਖਾ ਕੇ ਅਜਿਹੇ ਸਮੇਂ ਉਹਨਾਂ ਦੇ ਮਾਰਗ-ਦਰਸ਼ਕ ਬਣੇ ਜਦ ਉਹਨਾਂ ਦੀ ਕਿਸ਼ਤੀ ਡਾਂਵਾਡੋਲ ਸੀ, ਕੋਈ ਸਹਾਰਾ ਨਹੀਂ ਸੀ । ਉਸ ਸਮੇਂ ਦੀ ਅਵਸਥਾ ਦਾ ਜ਼ਿਕਰ ਕੀਤਾ ਗਿਆ ਹੈ ।

ਇਸ ਅੰਕ ਵਿੱਚ ਲੇਖਾਂ ਅਤੇ ਕਵਿਤਾਵਾਂ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕਰਨ ਲਈ ਮਹਾਰਾਜਾ ਸ਼ੇਰ ਸਿੰਘ, ਸਤਿਗੁਰੂ ਬਾਲਕ ਸਿੰਘ, ਸਤਿਗੁਰੂ ਰਾਮ ਸਿੰਘ ਤੋਂ ਇਲਾਵਾ ਨਾਮਧਾਰੀ ਸੰਤ ਕੇਸਰ ਸਿੰਘ ਜੀ ਚਵਿੰਡੇ ਵਾਲੇ, ਮਹਾਤਮਾ ਰਾਮ ਆਸਰਾ ਜੀ, ਮਹਾਰਾਜ ਗੁਰਦਿਆਲ ਸਿੰਘ ਦੀਆਂ ਖੂਬਸੂਰਤ ਤਸਵੀਰਾਂ ਕਾਫੀ ਵੱਡੀ ਮਿਹਨਤ ਨਾਲ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ । ਉਸ ਸਮੇਂ ਵਿੱਚ ਅੱਜ-ਕੱਲ ਦੀ ਤਰ੍ਹਾਂ ਪ੍ਰਕਾਸ਼ਨ ਦੇ ਆਧੁਨਿਕ ਸਾਧਨਾਂ ਦੀ ਉਪਲਬਧੀ ਨਾ ਹੋਣ ਦੇ ਬਾਵਜੂਦ ਵੀ ਸਤਿਗੁਰੂ ਪ੍ਰਤਾਪ ਸਿੰਘ, ਉਹਨਾਂ ਦੇ ਸੂਬੇ ਅਤੇ ਬਹੁਤ ਸਾਰੇ ਮਹਾਨ ਸੰਤਾਂ ਦੀ ਗਰੁੱਪ ਫੋਟੋ, ਸਰਦਾਰ ਸ਼ੇਰ ਸਿੰਘ ਜੀ ਠਾਕੁਰ ਮੁਹਾਵੇ ਵਾਲੇ ਅਤੇ ਸ੍ਰੀਮਾਨ ਬਾਬਾ ਕਾਲਾ ਸਿੰਘ ਜੀ ਗਿਆਨੀ ਦੀਆਂ ਖੂਬਸੂਰਤ ਤਸਵੀਰਾਂ ਇਸ ਅੰਕ ਦੀਆਂ ਵਿਸ਼ੇਸ਼ ਖਿੱਚ ਦਾ ਕਾਰਨ ਹਨ । 22 ਮਾਘ ਸੰਮਤ 1986 ਦੇ ਇਸ ਅੰਕ ਦੇ ਅਖੀਰ ਵਿੱਚ ਭਾਈ ਪ੍ਰਤਾਪ ਸਿੰਘ ਅਤੇ ਸੁੰਦਰ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਾਲਿਆਂ ਦੁਆਰਾ ਉਸ ਸਮੇਂ ਪ੍ਰਕਾਸ਼ਿਤ ਕੀਤੀਆਂ ਗਈਆਂ, ਨਵੀਆਂ ਛਪੀਆਂ ਪੁਸਤਕਾਂ ਦੀ ਸੂਚੀ ਕੀਮਤ ਸਹਿਤ, ਇਸ਼ਤਿਹਾਰ ਦਿੱਤਾ ਗਿਆ ਹੈ । ਇਸ ਵਿੱਚ ਸ੍ਰੀ ਗੁਰੂ ਭਗਤ ਮਾਲਾ ਵਾਰਤਕ ਸਟੀਕ ਅਤੇ ਭੱਟਾਂ ਦੇ ਸਵੱਯੇ ਸਟੀਕ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ।

ਇਸ ਅੰਕ ਦੇ ਐਡੀਟਰ ਸੰਤ ਇੰਦਰ ਸਿੰਘ ਜੀ ਚੱਕਰਵਰਤੀ ਅੰਤ ਵਿੱਚ ਲਿਖਦੇ ਹਨ ਕਿ "ਬੜੇ ਚਿਰ ਤੋਂ ਮੈਂ ਨਾਮਧਾਰੀ ਇਤਿਹਾਸ ਦੀ ਖੋਜ ਵਿੱਚ ਲੱਗਿਆ ਹੋਇਆ ਸੀ । ਮੇਰਾ ਵਿਚਾਰ ਸੀ ਕਿ ਜੇ ਕੋਈ ਸੁਯੋਗ ਲੇਖਕ ਇਸ ਕੰਮ ਵੱਲ ਲੱਗ ਜਾਏ ਤਾਂ ਮੈਂ ਸਾਰਾ ਮਸਾਲਾ, ਜੋ ਮੇਰੇ ਪਾਸ ਸੀ ਜਾਂ ਮੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜੀ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ ਪ੍ਰਾਪਤ ਹੋਇਆ ਹੈ ਅਤੇ ਜੋ ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਪੁਰਾਤਨ ਬਜ਼ੁਰਗ ਬਾਬਾ ਲਾਲ ਸਿੰਘ ਜੀ ਲਤਾਲਾ, ਜਿਨ੍ਹਾਂ ਨੂੰ ਸਤਿਗੁਰਾਂ ਦੀ ਸੰਗਤ ਵਿੱਚ ਬਹੁਤ ਦੇਰ ਰਹਿਣ ਦਾ ਮਾਣ ਪ੍ਰਾਪਤ ਹੋਇਆ ਹੈ ਅਤੇ ਬਹੁਤ ਸਾਰਾ ਇਤਿਹਾਸ ਜਿਨ੍ਹਾਂ ਨੂੰ ਜ਼ੁਬਾਨੀ ਯਾਦ ਹੈ । ਬਾਬਾ ਹਰਨਾਮ ਸਿੰਘ ਜੀ ਨਥਾਣੀਏ ਜੋ ਮੇਰੇ ਵਿੱਦਿਆ ਦਾਤਾ ਸਨ, ਅਤੇ ਸਤਿਗੁਰਾਂ ਦੇ ਦਰਸ਼ਨ ਰੰਗੂਨ ਜਾ ਕੇ ਕਰਕੇ ਆਏ ਸਨ ਅਤੇ ਸ੍ਰੀਮਾਨ ਬਾਬਾ ਸੁੰਦਰ ਸਿੰਘ ਜੀ ਗਊਆਂ ਵਾਲੇ, ਜਿਨ੍ਹਾਂ ਨਾਲ ਸਰਦਾਰ ਹੀਰਾ ਸਿੰਘ ਜੀ ਸ਼ਹੀਦ ਦਾ ਬਹੁਤ ਪ੍ਰੇਮ ਸੀ ਕੋਲੋਂ ਸੰਗ੍ਰਹਿ ਕੀਤਾ ਹੈ, ਉਹ ਸਾਰਾ ਉਸਨੂੰ ਦੇ ਦੇਵਾਂ । ਪਰ ਲੇਖਕ ਨੂੰ ਇਹ ਗੱਲ ਡਾਢੇ ਅਫ਼ਸੋਸ ਨਾਲ ਆਖਣੀ ਪੈਂਦੀ ਏ ਕਿ ਨਾਮਧਾਰੀ ਪੰਥ ਦੇ ਇਹਨਾਂ ਗਿਣੇ ਚੁਣੇ ਵਿਦਵਾਨਾਂ ਵਿੱਚ ਕਿਸੇ ਦੀ ਵੀ ਰੁਚੀ ਇਸ ਬੰਨੇ ਨਾ ਹੋਈ ।

ਫੁਟ ਨੋਟ

1. ਸੰਤ ਇੰਦਰ ਸਿੰਘ ਚੱਕ੍ਰਵਰਤੀ (ਸੰਪਾ.) ਸਤਿਜੁਗ-ਬਸੰਤ ਨੰਬਰ, 22 ਮਾਘ 1986 (1929) ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ, ਸ੍ਰੀ ਭੈਣੀ ਸਾਹਿਬ ਸਫ਼ਾ 7-91
2. ਸਫ਼ਾ 92-93
3. ਸਫ਼ਾ 94-97
4. ਸਫ਼ਾ 97-98
5. ਸਫ਼ਾ 99-100
6. ਸਫ਼ਾ 100-102
7. ਸਫ਼ਾ 108-109
8. ਸਫ਼ਾ 110
9. ਸਫ਼ਾ 111-113
10. ਸਫ਼ਾ 115
11. ਸਫ਼ਾ 116
12. ਸਫ਼ਾ 117
13. ਸਫ਼ਾ 118
14. ਸਫ਼ਾ 120
15. ਸਫ਼ਾ 128-132
16. ਸਫ਼ਾ 135 ■

Namdhari Elibrary NamdhariElibrary@gmail.com

ਸਤਿਜੁਗ : ਕੁਰੀਤੀ ਨਿਵਾਰਕ
(ਗਊ ਵਿਸ਼ੇਸ਼ ਅੰਕ 1968 ਈ. ਦੇ ਸੰਦਰਭ ਵਿੱਚ)

ਡਾ. ਪ੍ਰਭਜੀਤ ਕੌਰ

ਮੁਖੀ ਅਤੇ ਐਸੋਸੀਏਟ ਪ੍ਰੋਫੈਸਰ, ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ

ਗਊ ਨੂੰ ਭਾਰਤ ਦਾ ਸਰਵੋਤਮ ਪਸ਼ੂ ਪ੍ਰਤੱਖ ਕਰਕੇ ਵਿਖਾਇਆ ਹੈ, ਉਸਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਆਪ ਨੇ ਹਜ਼ਾਰਾਂ ਵਿਘੇ ਜ਼ਮੀਨ ਦਾਨ ਕੀਤੀ ਅਤੇ ਜ਼ਮੀਨ ਲੈਣ ਵਾਲਿਆਂ ਉੱਤੇ ਇਹ ਪਾਬੰਦੀ ਲਾਈ ਕਿ ਹਰ ਵਿਅਕਤੀ ਆਪਣੇ ਪਾਸ ਇਕ ਗਊ ਰੱਖੇ। ਆਪ ਦੀ ਘਰ ਦੀ ਪੈਦਾ ਕੀਤੀ ਹੋਈ ਸਾਹੀਵਾਲ ਨਸਲ ਦੀ ਗਊ ਦਾ ਦੁੱਧ ਭਾਰਤ ਵਿਚ ਸਭ ਤੋਂ ਵੱਧ ਹੋਇਆ ਹੈ। 1965 ਈ ਵਿਚ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ' ਦੀ ਉਪਾਧੀ ਅਤੇ 5000 ਰੁਪਏ ਪੁਰਸਕਾਰ ਗਊ ਦਾ ਦੁੱਧ ਭਾਰਤ ਵਿਚ ਸਭ ਤੋਂ ਜ਼ਿਆਦਾ ਹੋਣ ਕਾਰਨ ਮਿਲਿਆ ਹੈ।

ਗਊ ਦੀ ਸੇਵਾ-

ਜ਼ੁਲਮ ਦੀਆਂ ਜਾਂ ਹੱਦਾਂ ਟੁੱਟੀਆਂ
ਪਾਪੀਆਂ ਕਹਿਰ ਕਮਾਇਆ ॥
ਘਰਾਂ ਵਿਚੋਂ ਤਦ ਧਰਮ ਨਿਕਲਕੇ
ਵਿਚ ਬਾਜ਼ਾਰਾਂ ਆਇਆ ॥
ਗਊ ਗਰੀਬ ਦੀਆਂ ਤਕ ਕੂਕਾਂ
ਪੁੱਜੀਆਂ ਵਿੱਚ ਅਕਾਸ਼ਾਂ ॥
ਕਲਿਜੁਗ ਵਿਚ 'ਸਤਿਜੁਗ'
ਵ੍ਰਤਾਵਣ ਸਤਿਗੁਰੂ ਫੇਰਾ ਪਾਇਆ ॥

ਸਤਿਜੁਗ ਦੇ ਪਹਿਲੇ ਸੰਪਾਦਕ ਭਾਈ ਨਿਰੰਕਾਰ ਸਿੰਘ ਚੇਤਨ ਇਸ ਪਰਚੇ ਦਾ ਮਨੋਰਥ ਦੇਸ਼ ਅਤੇ ਧਰਮ ਦੀ ਸੇਵਾ ਕਰਨਾ ਮੰਨਦੇ ਸੀ। ਇਸ ਵਿਚ ਲੇਖ ਅਤੇ ਪੰਜਾਬੀ ਦੇ ਚੋਟੀ ਦੇ ਕਵੀਆਂ ਦੀਆਂ ਕਵਿਤਾਵਾਂ ਤੋਂ ਇਲਾਵਾ ਕਹਾਣੀਆਂ, ਇਕਾਂਗੀ, ਨਾਟਕ ਅਤੇ ਸਫ਼ਰਨਾਮੇ ਵੀ ਛਪਦੇ ਰਹੇ ਹਨ। ਸਤਿਜੁਗ ਦੇ ਬਹੁਤ ਸਾਰੇ ਵਿਸ਼ੇਸ਼ ਅੰਕ ਵਡਮੁੱਲੀ ਸਮੱਗਰੀ ਦੇ ਸਰੋਤ ਹਨ। ਇਹਨਾਂ ਵਿਸ਼ੇਸ਼ ਅੰਕਾਂ ਵਿਚੋਂ ਗਊ ਵਿਸ਼ੇਸ਼ ਅੰਕ 1968 ਈ. ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ ਕਿਉਂਕਿ ਸਮਾਜ ਵਿਚ ਗਊ ਗਰੀਬ ਦੀ ਰੱਖਿਆ ਕਰਨਾ ਸਭ ਤੋਂ ਵੱਡਾ ਧਰਮ ਸਮਝਿਆ ਜਾਂਦਾ ਹੈ। ਇਸ ਮਨੋਰਥ ਦੀ ਸਿਧੀ ਲਈ ਇਹ ਅੰਕ ਲਾਭਕਾਰੀ ਕਾਰਜ ਨਿਭਾਉਂਦਾ ਹੈ। ਇਹ ਪਰਚਾ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਤਰੱਕੀ ਲਈ ਮੁੱਢੋਂ ਹੀ ਯਤਨਸ਼ੀਲ ਰਿਹਾ ਹੈ।

ਗੋਇ ਗਰੀਬਨ ਪਾਲਨ ਕੈ ਹਿਤ,
ਰਾਮ ਮਰਗਿੰਦ ਆਏ ਤਨ ਧਾਰੀ।[1]

ਸਵਰਗਵਾਸੀ ਸੰਤ ਧਿਆਨ ਸਿੰਘ ਜੀ ਕਾਦਰਾਬਾਦ ਦੀਆਂ ਇਹਨਾਂ ਸਤਰਾਂ ਨਾਲ ਆਰੰਭ ਹੋਇਆ "ਸਤਿਜੁਗ" ਦਾ "ਗਊ ਵਿਸ਼ੇਸ਼ ਅੰਕ" ਇਸ ਗੱਲ ਵੱਲ ਸੰਕੇਤਿਤ ਹੈ ਕਿ ਨਾਮਧਾਰੀਆਂ ਨੇ ਗਊ ਗਰੀਬ ਦੀ ਰੱਖਿਆ ਲਈ ਵਿਸ਼ੇਸ਼ ਯਤਨ ਕੀਤਾ ਹੈ। ਇਸ ਅੰਕ ਦਾ ਅਧਿਐਨ ਵਿਸ਼ਲੇਸ਼ਣ ਮੇਰੇ ਪਰਚੇ ਦਾ ਮੂਲ ਉਦੇਸ਼ ਹੈ। ਗਊ ਤੇ ਗ਼ਰੀਬ ਇਕ ਦੂਜੇ ਦੇ ਸਮਵਰਤੀ ਸ਼ਬਦ ਹਨ। ਕੂਕਾ ਅੰਦੋਲਨ ਦਾ ਕੇਂਦਰੀ ਧੁਰਾ ਗਊ ਗਰੀਬ ਦੀ ਰੱਖਿਆ ਕਰਨਾ ਵੀ ਸੀ।

ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਨੇ ਆਪਣੀ ਦੇਖ ਰੇਖ ਵਿੱਚ ਗਊ ਦੀ ਸੇਵਾ ਜੋ ਕਰਵਾਈ ਹੈ ਅਤੇ ਗਊ ਨੂੰ ਭਾਰਤ ਦਾ ਸਰਵੋਤਮ ਪਸ਼ੂ ਪ੍ਰਤੱਖ ਕਰਕੇ ਵਿਖਾਇਆ ਹੈ, ਉਸਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ। ਆਪ ਨੇ ਹਜ਼ਾਰਾਂ ਵਿਘੇ ਜ਼ਮੀਨ ਦਾਨ ਕੀਤੀ ਅਤੇ ਜ਼ਮੀਨ ਲੈਣ ਵਾਲਿਆਂ ਉੱਤੇ ਇਹ ਪਾਬੰਦੀ ਲਾਈ ਕਿ ਹਰ ਵਿਅਕਤੀ ਆਪਣੇ ਪਾਸ ਇਕ ਗਊ ਰੱਖੇ। ਆਪ ਦੀ ਘਰ ਦੀ ਪੈਦਾ ਕੀਤੀ ਹੋਈ ਸਾਹੀਵਾਲ ਨਸਲ ਦੀ ਗਊ ਦਾ ਦੁੱਧ ਭਾਰਤ ਵਿਚ ਸਭ ਤੋਂ ਵੱਧ ਹੋਇਆ ਹੈ। 1965 ਈ ਵਿਚ

Namdhari Elibrary NamdhariElibrary@gmail.com

ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ' ਦੀ ਉਪਾਧੀ ਅਤੇ 5000 ਰੁਪਏ ਪੁਰਸਕਾਰ ਗਊ ਦਾ ਦੁੱਧ ਭਾਰਤ ਵਿਚ ਸਭ ਤੋਂ ਜ਼ਿਆਦਾ ਹੋਣ ਕਾਰਨ ਮਿਲਿਆ ਹੈ।[2]

ਗਊ ਵਿਸ਼ੇਸ਼ ਅੰਕ ਵਿਚ 23 ਲੇਖ ਵੱਖ-ਵੱਖ ਵਿਦਵਾਨਾਂ ਵਲੋਂ ਲਿਖੇ ਮਿਲਦੇ ਹਨ, 15 ਕਵਿਤਾਵਾਂ ਅਤੇ ਦੋ ਕਹਾਣੀਆਂ ਵੀ ਸੰਪਾਦਿਤ ਕੀਤੀਆਂ ਗਈਆਂ ਹਨ। ਇਹ ਸਾਰੀ ਸਮੱਗਰੀ ਗਊ ਗ਼ਰੀਬ ਦੀ ਰੱਖਿਆ ਉੱਪਰ ਕੇਂਦਰਿਤ ਹੈ। ਸ੍ਰੀ ਅਵਤਾਰ ਸਿੰਘ ਅਜ਼ਾਦ ਨੇ "ਗਊ ਰੱਖਿਆ ਅਤੇ ਨਾਮਧਾਰੀ ਪੰਥ" ਵਿਚ ਸਮੇਂ ਦੀ ਰਾਜਨੀਤਕ ਸਮਾਜਿਕ ਤੇ ਆਰਥਿਕ ਸਥਿਤੀ ਦੇ ਸੰਦਰਭ ਵਿਚ ਗਊ ਗ਼ਰੀਬ ਦੀ ਰੱਖਿਆ ਨੂੰ ਵੱਡਾ ਧਰਮ ਮੰਨਿਆ ਹੈ। ਅਬਦਾਲੀ ਦੇ ਸਮੇਂ ਵੀ ਸਿੱਖ ਮੁਸਲਮਾਨਾਂ ਨੂੰ ਗਊ ਹੱਤਿਆ ਨਹੀਂ ਕਰਨ ਦਿੰਦੇ ਸਨ। ਜਦੋਂ ਅੰਗਰੇਜ਼ਾਂ ਦੇ ਰਾਜ ਸਮੇਂ ਮੱਧ ਪੰਜਾਬ ਦੇ ਇਲਾਕਿਆਂ ਵਿਚ ਗਊ-ਹੱਤਿਆ ਲਈ ਬੁੱਚੜਖਾਨੇ ਖੋਲ੍ਹੇ ਜਾਣ ਲੱਗੇ ਤਾਂ ਬਾਬਾ ਰਾਮ ਸਿੰਘ ਨੇ ਸਿੱਖਾਂ ਨੂੰ ਉਹਨਾਂ ਦੀ ਰਵਾਇਤ ਯਾਦ ਕਰਵਾ ਕੇ ਗਊ ਦੀ ਰੱਖਿਆ ਕਰਨ ਦੀ ਤਾਕੀਦ ਕੀਤੀ। ਪੰਜਾਬ ਖੇਤੀ ਪ੍ਰਧਾਨ ਹੋਣ ਕਰਕੇ ਬਲਦਾਂ ਉੱਤੇ ਖੇਤੀ ਆਸ਼ਰਿਤ ਸੀ ਤੇ ਬਲਦ ਗਊ ਦਾ ਜਾਇਆ ਹੈ। ਦੂਜਾ ਗਊ ਦਾ ਦੁੱਧ ਸਿਹਤ ਤੇ ਸ਼ਕਤੀ ਦਿੰਦਾ ਹੈ। ਉਹਨਾਂ ਆਪਣੇ ਲੇਖ ਵਿੱਚ ਸਪੱਸ਼ਟ ਕੀਤਾ ਹੈ ਕਿ ਅੰਗਰੇਜ਼ਾਂ ਦੇ ਭਾਰਤ ਛੱਡ ਜਾਣ ਉਪਰੰਤ ਵੀ ਕਲਕੱਤੇ ਤੇ ਬੰਬਈ ਵਿਚ ਬੇਸ਼ੁਮਾਰ ਜਾਨਵਰ ਮਸ਼ੀਨਾਂ ਨਾਲ ਕਤਲ ਕੀਤੇ ਜਾਂਦੇ, ਉਹਨਾਂ ਦੇ ਚਮੜੇ ਨੂੰ ਵਪਾਰ ਦਾ ਸਾਧਨ ਬਣਾਇਆ ਜਾਂਦਾ ਸੀ। ਇਸ ਤਸ਼ੱਦਦ ਉੱਤੇ ਰੋਕ ਪਾਉਣ ਲਈ ਸਤਿਗੁਰੂ ਵਲੋਂ ਪਸ਼ੂ ਮੇਲੇ ਲਗਾਏ ਜਾਂਦੇ ਤੇ ਚੰਗੇ ਗਊ ਪਾਲਕਾਂ ਨੂੰ ਇਨਾਮ ਦਿੱਤੇ ਜਾਂਦੇ ਸਨ।

ਸਿਖ ਧਰਮ ਵਿਚ ਗਊ-

ਮਹਾਰਾਜਾ ਬੀਰ ਸਿੰਘ ਜੀ ਨੇ 'ਸਿੱਖ ਧਰਮ ਵਿਚ ਗਊ ਦਾ ਸਥਾਨ' ਲੇਖ ਵਿੱਚ ਦੱਸਿਆ ਹੈ ਕਿ ਗਊ ਗ਼ਰੀਬ ਦੀ ਰਾਖੀ ਗੁਰੂ ਸਾਹਿਬਾਨਾਂ ਦੇ ਸਮੇਂ ਤੋਂ ਹੀ ਕੀਤੀ ਜਾ ਰਹੀ ਸੀ। ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਹਵਾਲਾ ਦੇਂਦਿਆਂ ਉਹਨਾਂ ਆਪਣੀ ਗੱਲ ਨੂੰ ਪਰਿਪੱਕ ਕੀਤਾ ਹੈ:-

ਮਾਰਨ ਗਊ ਗਰੀਬ ਧਰਤੀ ਉਪਰ ਪਾਪ ਬਿਥਾਰਾ।
ਕਾਫਰ ਮੁਲਹਦ ਇਰਮਨੀ ਰੂੰਮੀ ਜੰਗੀ ਦੁਸਮਨ ਦਾਰਾ।
ਪਾਪੇ ਦਾ ਵਰਤਿਆ ਵਰਤਾਰਾ।[3]

ਉਹਨਾਂ ਦਾ ਕਹਿਣਾ ਹੈ ਕਿ ਗਊ ਨੂੰ ਮਾਰਨ ਵਾਲੇ ਲੋਕ ਅਧਰਮੀ, ਮਲੇਛ ਅਤੇ ਪਾਪੀ ਸਨ। ਲੇਖਕ ਨੇ ਗੁਰੂ ਨਾਨਕ ਭਾਈ ਗੁਰਦਾਸ, ਗੁਰੂ ਗੋਬਿੰਦ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲੇ ਦੇ ਕੇ ਇਸ ਗੱਲ ਨੂੰ ਦ੍ਰਿੜ੍ਹ ਕੀਤਾ ਹੈ ਕਿ ਗਊ ਗ਼ਰੀਬ ਦੀ ਹੱਤਿਆ ਨਹੀਂ ਕਰਨੀ ਚਾਹੀਦੀ। ਗੁਰੂ ਗੋਬਿਦ ਸਿੰਘ ਨੇ ਵੀ ਗਊ ਦੀ ਆਣ ਬਦਲੇ ਸਰਬੰਸ ਅਤੇ ਸੰਪਤੀ ਨਸ਼ਟ ਕਰਵਾ ਲਈ। ਸਤਿਗੁਰੂ ਰਾਮ ਸਿੰਘ ਜੀ ਨੇ ਇਹ ਬਚਨ ਕੀਤੇ ਸਨ ਕਿ ਉਹ ਓਨਾ ਚਿਰ ਦਮ ਨਹੀਂ ਲੈਣਗੇ, ਜਿੰਨਾ ਚਿਰ ਇਸ ਧਰਤੀ ਨੂੰ ਗਊ ਘਾਤਕਾਂ ਤੋਂ ਮੁਕਤ ਨਹੀਂ ਕਰਵਾ ਲੈਂਦੇ।[4] ਸਤਿਗੁਰੂ ਹਰੀ ਸਿੰਘ ਆਪਣੇ ਨਿਤਨੇਮ ਤੋਂ ਬਾਅਦ ਸਭ ਤੋਂ ਪਹਿਲਾਂ ਤਬੇਲੇ ਵਿਚ ਆ ਕੇ ਆਪਣੀਆਂ ਗਊਆਂ ਵੇਖਦੇ ਤੇ ਕਠਿਨਾਈਆਂ ਸਹਿ ਕੇ ਗਊ ਸੇਵਾ ਵਿਚ ਜੁਟੇ ਰਹਿੰਦੇ ।

ਸ੍ਰੀ ਰਜਿੰਦਰ ਸਿੰਘ ਗੁਰੂ ਸਰ ਨੇ "ਗਊ ਮਾਤਾ ਕਿਉਂ?" ਲੇਖ ਵਿਚ ਸਪੱਸ਼ਟ ਕੀਤਾ ਹੈ ਕਿ ਰਿਗਵੇਦ ਤੇ ਧਰਮ ਗ੍ਰੰਥਾਂ ਵਿੱਚ ਮਾਤਾ ਦੀ ਪਦਵੀ ਬਹੁਤ ਉੱਚੀ ਸਮਝੀ ਜਾਂਦੀ ਹੈ। ਗੁਰਚਰਨ ਸਿੰਘ ਨਾਭਾ ਨੇ ਭੈਣੀ ਸਾਹਿਬ ਦੇ ਨਾਂ 60 ਮੁਰਬੇ ਜ਼ਮੀਨ ਲਿਖ ਦਿੱਤੀ, ਜਿਸ ਵਿਚ ਗਊਆਂ ਹੀ ਰੱਖੀਆਂ ਜਾਣ।[5] ਸਤਿਗੁਰੂ ਪ੍ਰਤਾਪ ਸਿੰਘ ਨੇ ਕਾਮਧੇਨ ਗਊ ਰੱਖੀ ਤੇ ਉਸ ਨੂੰ ਕਿੱਲੇ ਨਾਲ ਨਹੀਂ ਬੰਨਿਆ ਜਾਂਦਾ ਸੀ। ਉਹ ਆਪਣੀ ਮਰਜ਼ੀ ਨਾਲ ਖੇਤ ਵਿਚ ਚਰਦੀ ਤੇ ਫਿਰ ਲੰਗਰ ਲਾਗੇ ਆ ਕੇ ਰੰਭਣਾ ਸ਼ੁਰੂ ਕਰ ਦਿੰਦੀ। ਲੇਖਕ ਨੇ ਉਸ ਕਾਮਧੇਨੂ ਗਊ ਦੇ ਸਮੇਂ ਸਮੇਂ ਦੁੱਧ ਵਧਣ ਭਾਵ 8 ਕਿਲੋ ਤੋਂ 18 ਕਿਲੋ ਦੁੱਧ ਦੇਣ ਨੂੰ ਇਕ ਸੰਗਤ ਦਾ ਮੋਹ ਹੀ ਦੱਸਿਆ ਹੈ। ਗਊ ਦੀ ਕੀਤੀ ਸੇਵਾ ਕਦੇ ਨਿਹਫਲ ਨਹੀਂ ਜਾਂਦੀ।

ਸਵਰਨ ਸਿੰਘ ਸਨੇਹੀ ਨੇ ਲੇਖ "ਗਊ ਦੀ ਹੱਤਿਆ-ਰੁੱਖਾਂ ਦਾ ਦੁੱਧ" ਵਿਚ ਭਾਰਤੀ ਪਰੰਪਰਾ ਵਿਚ ਗਊ ਦਾ ਸਥਾਨ ਮਾਤਾ ਸਮਾਨ ਦੱਸਿਆ ਹੈ। ਉਹਨਾਂ ਗ੍ਰੰਥਾਂ ਵਿਚ ਹਵਾਲਾ ਦਿੱਤਾ ਹੈ: "ਹੇ ਅਕਲਮੰਦ ਮਨੁੱਖ - ਮੈਂ ਤੈਨੂੰ ਆਗਿਆ ਕਰਦਾ ਹਾਂ ਕਿ ਗਊ ਨੂੰ, ਜੋ ਪਾਪ ਰਹਿਤ ਅਦਿਤੀ ਹੈ-ਰੁਦਰਾਂ ਦੀ ਮਾਂ ਹੈ, ਵਸੂ ਦੀ ਧੀ ਹੈ ਤੇ ਅਦਿਤਾ ਦੀ ਭੈਣ ਹੈ ਤੇ ਹਰ ਜੀਵ ਦੀ ਮੁੱਖ ਸਹਾਇਕ ਹੈ-ਨਾ ਮਾਰ।[6] ਉਹਨਾਂ ਨੇ ਸਿੱਖ ਧਰਮ ਤੇ ਗਊ ਦੀ ਗੱਲ ਕਰਦਿਆਂ ਦੱਸਿਆ ਕਿ ਗੁਰੂ ਨਾਨਕ ਸਾਹਿਬ ਨੇ ਛੇ ਹੱਤਿਆਵਾਂ ਵਿਚੋਂ ਗਊ ਹੱਤਿਆ ਨੂੰ ਪਹਿਲੀ ਹੱਤਿਆ ਮੰਨਿਆ ਅਤੇ ਕਾਮਧੇਨ ਗਊ ਨੂੰ ਚੌਧਵਾਂ ਰਤਨ ਮੰਨਿਆ ਹੈ। ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਕਰਨ ਸਮੇਂ ਜਦੋਂ ਗਊ ਦੀ ਖੱਲ ਵਿਚ ਮੜ੍ਹੇ ਜਾਣ ਦੀ ਗੱਲ ਪਤਾ ਲੱਗੀ, ਤਾਂ ਉਹਨਾਂ ਸਰੀਰ ਤਿਆਗ ਦੇਣਾ ਹੀ ਬੇਹਤਰ ਸਮਝਿਆ। ਗਊ ਤੇ ਆਰਥਕਤਾ ਦਾ ਡੂੰਘਾ ਸੰਬੰਧ ਦੱਸਿਆ ਹੈ। ਗਾਂ ਦੇ ਦੁੱਧ ਤੋਂ ਰੋਗਾਂ ਦੀ ਨਵਿਰਤੀਹੁੰਦੀ ਹੈ, ਕਈ ਦਵਾਈਆਂ ਬਣਦੀਆਂ ਹਨ। ਉਹਨਾਂ ਦੱਸਿਆ ਹੈ ਕਿ ਗਊ ਬਧ ਦੀ ਕੋਈ ਪੱਕੀ ਮਿਤੀ ਨਹੀਂ ਹੈ ਲੇਕਿਨ, ਮੁਸਲਮਾਨਾਂ ਦੁਆਰਾ

Namdhari Elibrary NamdhariElibrary@gmail.com

ਭਾਰਤੀਆਂ ਨੇ ਰਾਜਨੀਤਕ ਤੇ ਸੱਭਿਆਚਾਰਕ ਪੱਖੋਂ ਦੋਹਰੀ ਗੁਲਾਮੀ ਆਪਣੇ ਪਿੰਡਿਆਂ ਤੇ ਹੰਢਾਈ ਹੈ। ਅਜ਼ਾਦ ਭਾਰਤ ਗਊ ਰੱਖਿਆ ਦੀ ਹੂਕ ਨਾ ਪਹਿਚਾਣ ਸਕਿਆ। ਬੁੱਧ ਧਰਮ ਤੇ ਜੈਨ ਧਰਮ ਨੇ ਜਾਨਵਰਾਂ ਨੂੰ ਦੁੱਖ ਦੇਣ ਵਾਲਿਆਂ ਨੂੰ ਨਕਾਰਿਆ। ਉਹਨਾਂ ਦੱਸਿਆ ਕਿ ਬ੍ਰਹਮੋ ਸਮਾਜ ਦੇ ਤਹਿਤ ਰਾਜਾ ਰਾਮ ਮੋਹਨ ਰਾਏ ਨੇ ਸਤੀ ਦੀ ਰਸਮ ਤੇ ਗਊ ਹੱਤਿਆ ਉੱਤੇ ਰੋਕ ਲਾਈ।

ਕੀਤੀ ਪਹਿਲ ਦਾ ਕਾਰਨ ਉਹ ਇਹ ਮੰਨਦੇ ਹਨ ਕਿ ਉਹਨਾਂ ਦੇ ਆਹਾਰ ਵਿਚ ਗਊ ਦਾ ਮਾਸ ਜਾਇਜ਼ ਹੈ। ਅਕਬਰ ਨੇ ਗਊ-ਬੱਧ ਉੱਤੇ ਰੋਕ ਲਗਾਈ। ਅੰਗਰੇਜ਼ਾਂ ਨੇ 1847 ਵਿਚ ਗਊ ਹੱਤਿਆ ਅਯੋਗ ਕਰਾਰ ਦਿੱਤੀ ਪਰੰਤੂ ਭਾਰਤ ਵਿਚ ਪੈਰ ਜੰਮ ਜਾਣ ਤੇ ਖੁੱਲ੍ਹ ਦੇ ਦਿੱਤੀ। ਵਪਾਰਕ ਦ੍ਰਿਸ਼ਟੀ ਨੂੰ ਸਨਮੁੱਖ ਰੱਖ ਕੇ ਕਈ ਬੁੱਚੜਖਾਨੇ ਖੋਲ੍ਹੇ।[7] ਲੇਖਕ ਨੇ ਡਾ. ਰਜਿੰਦਰ ਪ੍ਰਸ਼ਾਦ, ਮੌਲਾਨਾ ਅਬੁਲ ਕਲਾਮ ਆਜ਼ਾਦ ਤੇ ਲੋਕ ਮਾਨਯ ਬਾਲ ਗੰਗਾਧਰ ਤਿਲਕ ਵਲੋਂ ਗਊ ਹੱਤਿਆ ਦਾ ਵਿਰੋਧ ਕਰਨ ਤੇ ਵਿਦੇਸ਼ੀ ਸਿੱਕੇ ਹਾਸਿਲ ਕਰਨ ਦੀ ਖਾਤਰ ਗਊ ਨੂੰ ਨਹੀਂ ਵੇਚਣਾ ਚਾਹੀਦਾ ਆਦਿ ਵਿਚਾਰਾਂ ਨੂੰ ਆਪਣੇ ਲੇਖ ਦਾ ਹਿੱਸਾ ਬਣਾਇਆ। ਲੇਖਕ ਨੇ ਚਮੜਾ ਪ੍ਰਾਪਤ ਕਰਨ ਦੇ ਦੁਖਦਾਈ ਢੰਗਾਂ ਦਾ ਵੇਰਵਾ ਵੀ ਦਿੱਤਾ ਹੈ ਤੇ ਆਂਕੜੇ ਵੀ ਦਿੱਤੇ ਹਨ ਕਿ ਕਿੰਨੀ ਖੱਲ ਕਿੰਨੀ ਕੀਮਤ ਤੇ ਵੇਚੀ ਜਾਂਦੀ ਸੀ। ਸਵਰਨ ਸਿੰਘ ਸਨੇਹੀ ਦਾ ਇਹ ਲੇਖ ਵਿਦਵਤਾ ਭਰਪੂਰ ਤੇ ਗਿਆਨ ਵਰਧਕ ਹੈ ਜੋ ਸਮੇਂ ਦੇ ਸਮਾਜ ਦੀ ਸਥਿਤੀ ਨੂੰ ਬਿਆਨ ਕਰਦਿਆਂ ਭਵਿੱਖ ਵਿਚ ਗਊ ਹੱਤਿਆ ਦੇ ਵਿਰੋਧ ਵਿਚ ਉਠਾਏ ਜਾਣ ਵਾਲੇ ਕਦਮਾਂ ਉੱਤੇ ਵੀ ਨਜ਼ਰਸਾਨੀ ਕੀਤੀ ਹੈ।

ਗੋ-ਧਨ ਦੀ ਰੱਖਿਆ-

ਸ੍ਰੀ ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੇ ਲੇਖ "ਭਾਰਤ ਤੇ ਗੋ ਧਨ ਦੀ ਰੱਖਿਆ" ਵਿਚ ਦੱਸਿਆ ਹੈ ਕਿ ਭਾਰਤ ਖੇਤੀ ਪ੍ਰਧਾਨ ਦੇਸ਼ ਹੈ ਤੇ ਗੋ ਧਨ 'ਤੇ ਆਸ਼ਰਿਤ ਹੈ। ਗਊ ਦੇ ਦੁੱਧ ਨਾਲ ਦਿਮਾਗ਼ ਨੂੰ ਤਾਕਤ ਮਿਲਦੀ ਹੈ। ਵੈਦਿਕ ਯਗ ਗਊ ਦੇ ਦੁੱਧ ਘਿਉ ਦਹੀਂ ਆਦਿ ਪਦਾਰਥਾਂ ਨਾਲ ਹੀ ਸੰਪੰਨ ਹੁੰਦੇ ਸਨ ਜਿਸ ਤੋਂ ਗਊ ਦਾ ਰੁਤਬਾ ਵੈਦਿਕ ਰਿਖੀਆਂ ਦੇ ਦਿਲ ਵਿਚ ਵਧਿਆ।[8] ਗਊ ਤੇ ਪ੍ਰਿਥਵੀ ਨੂੰ ਨਿਰੁਕਤ ਦੇ ਕਥਨ ਅਨੁਸਾਰ ਸਮਾਨਾਰਥੀ ਦੱਸਿਆ ਹੈ। ਜੋ ਗਊ ਦੀ ਸੇਵਾ ਮਨ ਲਾ ਕੇ ਕਰਦੇ ਹਨ। ਉਹਨਾਂ ਕੋਲ ਲਛਮੀ ਦੀ ਕੋਈ ਕਮੀ ਨਹੀਂ ਹੁੰਦੀ। ਚੰਗੀ ਨਸਲ ਦੀਆਂ ਗਊਆਂ ਰੱਖਣੀਆਂ ਤੇ ਉਹਨਾਂ ਦੀ ਸੰਭਾਲ ਨਾਮਧਾਰੀ ਦਰਬਾਰ ਵਾਂਗ ਕਰਨੀ ਚਾਹੀਦੀ ਹੈ।

ਚੌਧਰੀ ਸੁਖਦੇਵ ਸਿੰਘ ਨੇ "ਪਸ਼ੂ ਵਪਾਰੀਆਂ ਦੇ ਹੱਥ ਗਊ ਨਾ ਵੇਚੋ" ਲੇਖ ਵਿਚ ਗਊ ਰੱਖਿਆ ਲਈ ਪ੍ਰਸਤਾਵ ਪੇਸ਼ ਕੀਤੇ ਹਨ; (ੳ) ਬਾਹਰ ਜਾਣ ਵਾਲੀਆਂ ਗਊਆਂ ਉੱਤੇ ਰੋਕ ਲਾਈ ਜਾਏ (ਅ) ਜਿਹੜੀ ਜ਼ਮੀਨ ਸਰਕਾਰੀ ਪੰਚਾਇਤਾਂ ਕੋਲ ਹੈ ਉਹ ਚਰਾਗਾਹਾਂ ਲਈ ਛੁਡਾਈ ਜਾਏ ਅਤੇ ਉਸਦੀ ਉਨਤੀ ਵੱਲ ਧਿਆਨ ਦਿੱਤਾ ਜਾਏ (ੲ) ਚੰਗੀਆਂ ਗਊਆਂ ਰੱਖਣ ਵਾਲੇ ਨੂੰ ਇਨਾਮ ਦਿੱਤੇ ਜਾਣ (ਸ) ਚੰਗੀ ਨਸਲ ਦੇ ਬਲਦ ਵੱਧ ਸੰਖਿਆ ਵਿਚ ਰੱਖੇ ਜਾਣ (ਹ) ਮੱਧ ਪ੍ਰਦੇਸ਼ ਦੀਆਂ ਉਹ ਥਾਵਾਂ ਜਿੱਥੇ ਅਰਬਾਂ ਮਣ ਚਾਰਾ ਖ਼ਰਾਬ ਹੋ ਜਾਂਦਾ ਹੈ ਉੱਥੇ ਪੰਜਾਬ ਤੇ ਹਰਿਆਣਾ ਦੇ ਪਸ਼ੂ-ਪਾਲਕਾਂ ਨੂੰ ਧਰਤੀ ਦਿਵਾ ਕੇ ਉੱਥੇ ਗਊਆਂ ਰੱਖਣ ਤੇ ਉੱਨਤ ਕਰਨ ਦਾ ਕੰਮ ਕੀਤਾ ਜਾਵੇ।[9] ਸ੍ਰੀ ਓ.ਪੀ. ਖੋਸਲਾ ਨੇ ਆਪਣੇ ਲੇਖ "ਗਊ ਰੱਖਿਆ ਧਰਮ ਹੈ" ਵਿਚ ਹਵਨ ਯਗ ਵਿਚ ਗਊ ਦੇ ਮਹੱਤਵ ਨੂੰ ਦ੍ਰਿੜਾਉਂਦਿਆਂ ਗਊ ਦਾ ਸਾਡੀ ਜੀਵਨ ਸ਼ੈਲੀ ਵਿਚ ਕੀ ਯੋਗਦਾਨ ਹੈ, ਉਸਦਾ ਦੁੱਧ, ਗੋਬਰ, ਵੱਛਾ ਕਿੰਨੇ ਲਾਭਕਾਰੀ ਹਨ ਦੀ ਜਾਣਕਾਰੀ ਦਿੱਤੀ ਹੈ। ਰਿਸ਼ੀਆਂ ਮੁਨੀਆਂ ਦੇ ਸਮੇਂ ਤੋਂ ਲੈ ਕੇ ਅਜੋਕੇ ਸਮੇਂ ਤੱਕ ਇਸਦੇ ਮਹੱਤਵ ਨੂੰ ਇਨਕਾਰਿਆ ਨਹੀਂ ਗਿਆ ਪਰੰਤੂ, ਵਿਗਿਆਨਕ ਯੁੱਗ ਵਿਚ ਵਧੇਰੇ ਪੈਸੇ ਦੀ ਦੌੜ ਨੇ ਚਰਾਗਾਹਾਂ ਖ਼ਤਮ ਕਰ ਦਿੱਤੀਆਂ ਹਨ। ਜਿੱਥੇ ਪਸ਼ੂਆਂ ਨੂੰ ਚਰਨ ਲਈ ਕੋਈ ਥਾਂ ਨਹੀਂ ਉੱਥੇ ਉਹਨਾਂ ਨੂੰ ਖੇਤਾਂ ਦੇ ਮਾਲਕਾਂ ਕੋਲੋਂ ਡੰਡੇ ਖਾਣੇ ਪੈਂਦੇ ਹਨ। ਉਹਨਾਂ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਹੈ ਕਿ ਪੂੰਜੀਪਤੀ ਵਿਅਕਤੀ ਤਾਂ ਗਰੀਬ ਦੇ ਦੁੱਖ ਨੂੰ ਜਾਨਣ ਦੀ ਕੋਸ਼ਿਸ਼ ਨਹੀਂ ਕਰਦੇ ਉਹ ਗਊ ਦੀ ਰੱਖਿਆ ਕਿਵੇਂ ਕਰਨਗੇ। ਭਾਰਤ ਦੇ ਮਨੁੱਖੀ ਜੀਵਾਂ ਨੂੰ ਇਹ ਤਾਨਾਸ਼ਾਹੀ ਛੱਡ ਕੇ ਗਊ ਧਨ ਦੀ ਰੱਖਿਆ ਕਰਨੀ ਚਾਹੀਦੀ ਹੈ।

ਸ੍ਰੀ ਰਤਨ ਸਿੰਘ ਨੇ "ਗਊ ਅਤੇ ਭਾਰਤੀ ਸੱਭਿਆਚਾਰ" ਲੇਖ ਵਿਚ ਦੱਸਿਆ ਹੈ ਕਿ ਵੱਖ-ਵੱਖ ਧਰਮਾਂ ਨੇ ਭਾਰਤੀ ਸੱਭਿਆਚਾਰ ਨੂੰ ਕਿਵੇਂ ਵਲੂੰਧਰਿਆ ਤੇ ਮਿੱਟੀ ਵਿਚ ਰੋਲਿਆ ਹੈ। ਭਾਰਤੀਆਂ ਨੇ ਰਾਜਨੀਤਕ ਤੇ ਸੱਭਿਆਚਾਰਕ ਪੱਖੋਂ ਦੋਹਰੀ ਗੁਲਾਮੀ ਆਪਣੇ ਪਿੰਡਿਆਂ ਤੇ ਹੰਢਾਈ ਹੈ। ਅਜ਼ਾਦ ਭਾਰਤ ਗਊ ਰੱਖਿਆ ਦੀ ਹੂਕ ਨਾ ਪਹਿਚਾਣ ਸਕਿਆ। ਬੁੱਧ ਧਰਮ ਤੇ ਜੈਨ ਧਰਮ ਨੇ ਜਾਨਵਰਾਂ ਨੂੰ ਦੁੱਖ ਦੇਣ ਵਾਲਿਆਂ ਨੂੰ ਨਕਾਰਿਆ। ਉਹਨਾਂ ਦੱਸਿਆ ਕਿ ਬ੍ਰਹਮੋ ਸਮਾਜ ਦੇ ਤਹਿਤ ਰਾਜਾ ਰਾਮ ਮੋਹਨ

Namdhari Elibrary NamdhariElibrary@gmail.com

ਰਾਏ ਨੇ ਸਤੀ ਦੀ ਰਸਮ ਤੇ ਗਊ ਹੱਤਿਆ ਉੱਤੇ ਰੋਕ ਲਾਈ। ਤਿਲਕ ਤੇ ਗਾਂਧੀ ਨੇ ਵੀ ਗਊ ਰੱਖਿਆ ਉੱਤੇ ਜ਼ੋਰ ਦਿੱਤਾ।[10] ਲੇਖਕ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਗਊ ਚਾਹਾ ਘੱਟ ਖਾਂਦੀ ਹੈ ਤੇ ਦੁੱਧ ਮੱਝ ਨਾਲੋਂ ਜ਼ਿਆਦਾ ਦਿੰਦੀ ਹੈ ਜੋ ਹੁੰਦਾ ਵੀ ਗੁਣਕਾਰੀ ਹੈ। ਉਹਨਾਂ ਨੇ ਇਸ ਲੇਖ ਵਿਚ ਪੁਰਾਤਨ ਸਮੇਂ ਤੋਂ ਲੈ ਕੇ ਅਜੋਕੇ ਸਮੇਂ ਤੱਕ ਗਊ ਰੱਖਿਆ ਲਈ ਕੀਤੇ ਜਾਂਦੇ ਪ੍ਰਯਤਨਾਂ ਉੱਤੇ ਰੋਸ਼ਨੀ ਪਾਈ ਹੈ। ਸ੍ਰੀ ਰਾਮ ਸ਼ਰਮਾ ਨੇ ਆਪਣੇ ਲੇਖ "ਗਊ ਰੱਖਿਆ ਤੋਂ ਹੀ ਦੇਸ਼ ਰੱਖਿਆ" ਵਿਚ ਇਸ ਧਾਰਨਾ ਉੱਤੇ ਜ਼ੋਰ ਦਿੱਤਾ ਹੈ ਕਿ ਦੁਨੀਆਂ ਦੇ ਸਾਰੇ ਕੀਮਤੀ ਰਤਨਾਂ ਵਿਚੋਂ ਗਊ ਰਤਨ ਸਿਰਮੌਰ ਹੈ। ਉਸ ਨੇ ਗਊ ਪਾਲਕ ਕ੍ਰਿਸ਼ਨ ਤੇ ਦੁੱਧ ਦੀਆਂ ਨਦੀਆਂ ਵਾਲਾ ਦੇਸ਼ ਭਾਰਤ ਦੱਸਿਆ ਹੈ। ਮਹਾਂਰਿਸ਼ੀ ਵੇਦ-ਵਿਆਸ ਨੇ ਵੀ ਗਊ-ਵੰਸ਼ ਦੇ ਵਿਚਰਨ ਨੂੰ ਦੇਸ਼ ਦੀ ਖੁਸ਼ਹਾਲੀ ਦਾ ਚਿਹਨ ਦੱਸਿਆ ਹੈ। ਉਹ ਇਸ ਗੱਲ ਦਾ ਨਿਖੇਧ ਕਰਦੇ ਹਨ ਕਿ ਸਰਕਾਰਾਂ ਤੀਹ-ਤੀਹ ਹਜ਼ਾਰ ਗਊਆਂ ਰੋਜ਼ ਮਰਵਾਕੇ ਆਪਣੀ ਹਿੱਤ ਪੂਰਤੀ ਕਰਦੀਆਂ ਹਨ। ਉਹਨਾਂ ਅੰਨ ਤੇ ਹੋਰ ਖ਼ੁਰਾਕਾਂ ਨਾਲੋਂ ਗਊ ਦਾ ਦੁੱਧ ਨੌਜਵਾਨਾਂ ਲਈ ਜ਼ਿਆਦਾ ਗੁਣਕਾਰੀ ਦੱਸਿਆ ਹੈ।

ਪਾਦਰੀ ਆਰ.ਸੀ.ਆਰ ਐਡਕਿਨ ਨੇ "ਧਰਮ ਵਿੱਚ ਪਸ਼ੂਆਂ ਦੇ ਅਧਿਕਾਰ" ਲੇਖ ਵਿੱਚ ਦੱਸਿਆ ਹੈ ਕਿ ਮਨੂੰ-ਸਿਮ੍ਰਤੀ ਵਿਚ ਕਿਸੇ ਜੀਵ ਦੇ ਕਤਲ ਨੂੰ ਪਾਪ ਸਮਝਿਆ ਗਿਆ ਹੈ। ਜਾਨਵਰਾਂ ਦੀ ਹੱਤਿਆ ਕਰਨ ਵਾਲੇ ਸੁਭਾਅ ਨਾਲ ਮਰਦਾਂ ਔਰਤਾਂ ਦਾ ਨੈਤਿਕ ਮਿਆਰ ਡਿੱਗ ਜਾਂਦਾ ਹੈ। ਲੇਖਕ ਨੇ ਈਸਾ, ਭਗਵਤ ਗੀਤਾ ਤੇ ਜੈਨ ਮੱਤ ਦੇ ਵਿਚਾਰਾਂ ਨੂੰ ਅਧਾਰ ਬਣਾ ਕੇ ਦੱਸਿਆ ਹੈ ਕਿ ਗਊ ਦੀ ਹੱਤਿਆ ਕਰਨਾ ਮਹਾਂ ਪਾਪ ਹੈ। ਸ੍ਰੀ ਹਰਸਾ ਸਿੰਘ ਚਾਤਰ ਨੇ "ਗਊ ਧਨ" ਲੇਖ ਵਿਚ ਗਊ ਧਨ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ। ਉਹਨਾਂ ਨੇ ਗਊ ਦੇ ਦੁੱਧ ਦੀ ਗੁਣਵਤਾ ਤੇ ਉਸਦੇ ਮਲ-ਮੂਤਰ ਦੀਆਂ ਵੀ ਵਿਸ਼ੇਸ਼ਤਾਈਆਂ ਉਲੀਕੀਆਂ ਹਨ। ਲੋਕੀ ਇਸਦੇ ਬਾਕੀ ਗੁਣਾਂ ਨੂੰ ਭੁੱਲ ਕੇ ਉਸਦੇ ਚੰਮ ਤੋਂ ਪੈਸੇ ਕਮਾਉਂਦੇ ਹਨ। ਕੂਕਿਆਂ ਨੇ ਗਊ ਰੱਖਿਆ ਕਰਨ ਖ਼ਾਤਰ ਆਪਣੇ ਆਪ ਨੂੰ ਤੋਪਾਂ ਦੇ ਗੋਲਿਆਂ ਅੱਗੇ ਕੀਤਾ। ਉਹਨਾਂ ਦੱਸਿਆ ਕਿ ਪਹਿਲਾਂ ਦੁੱਧ ਪੁੱਤ ਨੂੰ ਵੇਚਣਾ ਪਾਪ ਮੰਨਿਆ ਜਾਂਦਾ ਸੀ, ਹੁਣ ਦੁੱਧ ਦੀ ਘਾਟ ਹੋ ਰਹੀ ਹੈ। ਗਊ ਬਰਕਤ ਹੈ ਤੇ ਉਸ ਦਾ ਜਾਇਆ ਬਲਦ ਕੰਮ ਦਾ ਥੰਮ ਹੈ।

ਗਊ ਕਲਿਆਣ-ਦੇਸ ਕਲਿਆਣ-

ਸ੍ਰੀ ਨਿਰੰਜਨ ਸਿੰਘ ਤਾਂਘੀ ਨੇ "ਗਊ ਕਲਿਆਣ, ਦੇਸ਼ ਕਲਿਆਣ" ਲੇਖ ਵਿਚ ਗਊ ਦੇ ਜਾਏ ਬਲਦ ਨੂੰ ਖੇਤੀਬਾੜੀ ਦਾ ਵੱਡਾ ਸਾਧਨ ਮੰਨਿਆ ਹੈ। ਮਸ਼ੀਨੀ ਯੁੱਗ ਨਾਲ ਪੰਜਾਬ ਦਾ ਕਿਸਾਨ ਆਪਣੀ ਇਕਸੁਰਤਾ ਕਾਇਮ ਨਹੀਂ ਕਰ ਸਕਿਆ ਅਤੇ ਉਸਨੂੰ ਬਲਦਾਂ ਉੱਪਰ ਹੀ ਆਸ਼ਰਿਤ ਹੋਣਾ ਪਿਆ ਸੀ। ਇਸ ਲਈ ਉਹਨਾਂ ਦਾ ਕਹਿਣਾ ਹੈ ਕਿ ਸਾਨੂੰ ਗਊ ਦੀ ਹੱਤਿਆ ਰੋਕਣ ਉੱਤੇ ਹੀ ਨਹੀਂ ਸਗੋਂ ਚੰਗੀ ਨਸਲ ਦੀਆਂ ਗਊਆਂ ਪਾਲਣ ਅਤੇ ਬਲਦਾਂ ਦੀ ਸੰਖਿਆ ਵਿਚ ਵਾਧਾ ਕਰਨ ਉੱਤੇ ਜ਼ੋਰ ਦੇਣਾ ਚਾਹੀਦਾ ਹੈ। ਜਿਸ ਨਾਲ ਖੇਤੀ ਚੰਗੀ ਹੋਵੇਗੀ ਤੇ ਅੰਨ ਦੀ ਕਮੀ ਨਹੀਂ ਹੋਵੇਗੀ। ਸ੍ਰੀ ਸਵਰਨ ਸਿੰਘ ਨੇ "ਭਾਰਤੀ ਜੀਵਨ ਵਿੱਚ ਗਊ ਦੀ ਮਹਾਨਤਾ" ਲੇਖ ਵਿਚ ਗਊ ਦੀ ਧਾਰਮਕ, ਆਰਥਕ ਤੇ ਵੈਦਿਕ ਮਹਾਨਤਾ ਉੱਤੇ ਜ਼ੋਰ ਦਿੱਤਾ ਹੈ। ਉਹਨਾਂ ਦਾ ਕਹਿਣਾ ਹੈ ਕਿ ਗਊ ਦੇ ਸਰੀਰ ਵਿਚ 33 ਕਰੋੜ ਦੇਵਤਿਆਂ ਦਾ ਵਾਸ ਹੈ, ਜੇ ਗਊ ਦੀ ਸੇਵਾ ਕਰਾਂਗੇ ਤਾਂ 33 ਕਰੋੜ ਦੇਵਤਿਆਂ ਦੀ ਸੇਵਾ ਖ਼ੁਦ-ਬ-ਖ਼ੁਦ ਹੋ ਜਾਵੇਗੀ।[11] ਰਿਸ਼ੀ ਮੁਨੀ, ਕ੍ਰਿਸ਼ਨ, ਵੇਦ, ਗ੍ਰੰਥ ਸਭ ਇਸ ਪੱਖ ਉੱਤੇ ਹੀ ਬਲ ਦਿੰਦੇ ਦੱਸੇ ਹਨ ਕਿ ਗਊ ਦਾ ਦੁੱਧ ਗੁਣਕਾਰੀ ਹੁੰਦਾ ਹੈ ਤੇ ਉਸਨੂੰ ਅਨੇਕ ਬਿਮਾਰੀਆਂ ਦੀ ਔਸ਼ਧੀ ਦੱਸਿਆ ਹੈ। ਮਹੰਤ ਆਤਮਾ ਸਿੰਘ ਸਨਖਤਰਾ ਨੇ "ਗਊਆਂ ਦਾ ਵਪਾਰ" ਲੇਖ ਵਿਚ ਧਰਤੀ ਮਾਤਾ, ਜਨਨੀ ਮਾਤਾ ਤੇ ਗਊ ਮਾਤਾ ਦਾ ਸਮਾਜ ਵਿਚ ਇਕੋ ਜਿਹਾ ਸਥਾਨ ਹੈ। ਗਊ ਵੇਚਣਾ ਧੀ ਵੇਚਣ ਦੇ ਤੁੱਲ ਮੰਨਿਆ ਜਾਂਦਾ ਸੀ। ਧੀ ਨੂੰ ਸਹੁਰੇ ਟੋਰਨਾ ਤੇ ਗਊ ਨੂੰ ਟੋਰਨਾ ਇਕ ਬਰਾਬਰ ਸਮਝਿਆ ਜਾਂਦਾ ਸੀ। ਜਿਵੇਂ ਕੰਨਿਆ ਦਾਨ ਕੀਤਾ ਜਾਂਦਾ ਸੀ ਤਿਵੇਂ ਪੁਰਾਤਨ ਕਾਲ ਰਿਸ਼ੀਆਂ ਮੁਨੀਆਂ ਦੇ ਸਮੇਂ ਵੀ ਗਊਆਂ ਦਾਨ ਕੀਤੀਆਂ ਜਾਂਦੀਆਂ ਸਨ। ਉਹਨਾਂ ਨੂੰ ਆਪਣੇ ਹਿੱਤ ਕਰਕੇ, ਵਾਪਰਕ ਦ੍ਰਿਸ਼ਟੀ ਨੂੰ ਮੱਦੇਨਜ਼ਰ ਰੱਖ ਕੇ ਵੇਚਿਆ ਨਹੀਂ ਜਾਂਦਾ ਸੀ।

ਸ੍ਰੀ ਦਲੀਪ ਸਿੰਘ ਨਾਮਧਾਰੀ ਨੇ 'ਬਦੇਸ਼ ਅਤੇ ਗਊ ਅਤੇ ਅਸੀਂ" ਲੇਖ ਵਿਚ ਦੱਸਿਆ ਹੈ ਕਿ ਧਾਰਮਿਕ ਗ੍ਰੰਥਾਂ ਵਿਚ ਗਊ ਬੰਸਾਂ ਬਾਰੇ ਪ੍ਰਮਾਣ ਮਿਲਦੇ ਹਨ। ਗਊ ਦਾ ਦੁੱਧ ਲੰਮੀ ਉਮਰ ਭੋਗਣ ਤੇ ਬਿਮਾਰੀਆਂ ਦੂਰ ਕਰਨ ਲਈ ਲਾਭਕਾਰੀ ਹੁੰਦਾ ਹੈ। ਉਹਨਾਂ ਨੇ ਦੱਸਿਆ ਕਿ ਅਸੀਂ ਗਊਆਂ ਦੀ ਸੇਵਾ ਚੰਗੀ ਤਰ੍ਹਾਂ ਨਹੀਂ ਕਰਦੇ, ਜਿਸ ਕਰਕੇ ਬਿਦੇਸ਼ਾਂ ਵਿਚ ਗਊ ਦਾ ਦੁੱਧ ਵਧੇਰੇ ਹੁੰਦਾ ਹੈ ਬਨਿਸਬਤ ਭਾਰਤ ਦੇ। ਭਾਰਤ ਦੇ ਮੁਕਾਬਲੇ ਜਰਮਨੀ, ਇੰਗਲੈਂਡ, ਡੈਨਮਾਰਕ ਵਿਚ ਵਧੀਆ ਗਊਆਂ ਪ੍ਰਾਪਤ ਹੁੰਦੀਆਂ ਹਨ ਕਿਉਂਕਿ ਉਹ ਸਾਂਭ ਸੰਭਾਲ ਚੰਗੀ ਕਰਦੇ ਹਨ। ਗਊਆਂ ਲਈ ਚਰਾਗਾਹਾਂ ਹੋਣੀਆਂ ਚਾਹੀਦੀਆਂ ਹਨ। ਲੇਖਕ ਨੇ ਆਪਣੇ ਲੇਖ ਵਿਚ ਸਪੱਸ਼ਟ ਕੀਤਾ ਹੈ ਕਿ ਬਦੇਸ਼ੀ ਮਾਸ ਖਾਣਾ ਛੱਡ ਰਹੇ ਹਨ ਅਤੇ ਭਾਰਤੀ ਇਹਨਾਂ ਚੀਜ਼ਾਂ ਵੱਲ

Namdhari Elibrary NamdhariElibrary@gmail.com

ਉਤਸ਼ਾਹਿਤ ਹੋ ਰਹੇ ਹਨ। ਪਿ... [illegible] "ਗਊ ਪਾਲਕ ਕੌਣ" ਲੇਖ ਵਿਚ ਆਪਣੇ ਸਿੱਧੇ ਵਿਚਾਰ ਦੇਣ ਦੀ ਬਜਾਇ ਮਾਸਟਰ ਦਰਸ਼ਨ ਸਿੰਘ ਦੁਆਰਾ ਬੱਚਿਆਂ ਨੂੰ ਗਊ ਰੱਖਿਆ ਕਿਵੇਂ ਕਰਨੀ ਚਾਹੀਦੀ ਹੈ ਤੇ ਕਿਉਂ ਕਰਨੀ ਚਾਹੀਦੀ ਹੈ ਬਾਰੇ ਸਮਝਾਉਂਦਿਆਂ ਦੱਸਿਆ ਕਿ ਸਤਿਜੁਗ ਤੋਂ ਲੈ ਕੇ ਕਲਿਜੁਗ ਤੱਕ ਗਊ ਪਾਲਣ ਦੀ ਪਰੰਪਰਾ ਨੂੰ ਕਿਵੇਂ ਨਿਭਾਇਆ ਜਾਂਦਾ ਰਿਹਾ ਹੈ। ਸਤਿਜੁਗ ਵਿਚ ਗਊ ਪਾਲਣਾ ਵੱਡਾ ਧਰਮ ਸੀ ਪਰੰਤੂ ਕਲਿਜੁਗ ਵਿਚ ਗਊ ਪਾਲਣ ਤੋਂ ਲੋਕ ਅਵੇਸਲੇ ਹੋ ਗਏ ਹਨ । ਉਹਨਾਂ ਦੱਸਿਆ ਕਿ ਕਲਿਜੁਗ ਵਿਚ ਕੂਕਿਆਂ ਨੇ ਹੀ ਗਊ-ਰੱਖਿਆ ਕੀਤੀ:

ਸਭ ਤੋਂ ਪਹਿਲਾਂ ਦੇਸ਼ ਦੀ ਖ਼ਾਤਰ
ਕੂਕੇ ਗਊ ਦੀ ਰਖ਼ਸ਼ਾ ਕੀਤੀ।[12]

ਮਾਸਟਰ ਕਪੂਰ ਸਿੰਘ ਜੀਵਨ ਨਗਰ ਨੇ "ਗਊ ਰੱਖਿਆ" ਲੇਖ ਵਿਚ ਦੱਸਿਆ ਹੈ ਕਿ ਧਾਰਮਕ ਗ੍ਰੰਥਾਂ ਵਿਚ ਗਊ, ਪਿੱਪਲ ਤੇ ਤੁਲਸੀ ਦੀ ਪੂਜਾ ਸੇਵਾ ਕਰਨੀ ਆਮ ਗੱਲ ਸੀ। ਉਹਨਾਂ ਗੁਰਬਾਣੀ ਦੇ ਵਿਚਾਰਾਂ ਨੂੰ ਵੀ ਗਊ ਰੱਖਿਆ ਕਰਨ ਦੇ ਸਮਤੁਲ ਦੱਸਿਆ ਹੈ। ਗਊ ਦੀ ਰੱਖਿਆ ਕਰਨੀ ਸਾਡੀ ਆਪਣੀ ਜਿਸਮਾਨੀ, ਦਿਮਾਗ਼ੀ ਅਤੇ ਮੁਲਕੀ ਰਖ਼ਸ਼ਾ ਹੈ। ਸ੍ਰੀ ਯੂ. ਐਨ. ਢੈਬਰ ਨੇ "ਸਰਕਾਰ ਪੂਰੀ ਤਰ੍ਹਾਂ ਗਊ ਵੰਸ਼ ਦੀ ਹੱਤਿਆ ਤੇ ਰੋਕ ਲਾਏ" ਲੇਖ ਵਿਚ ਗਊ ਹੱਤਿਆ ਦੇ ਕਈ ਰਾਜਨੀਤਕ ਤੇ ਸਮਾਜਕ ਪਹਿਲੂ ਦਰਸਾਏ ਹਨ। ਉਹਨਾਂ ਸਭ ਪਹਿਲੂਆਂ ਦੀ ਦ੍ਰਿਸ਼ਟੀ ਅੰਦਰੋਂ ਇਸ ਗੱਲ ਉਤੇ ਜ਼ੋਰ ਦਿੱਤਾ ਹੈ ਕਿ ਗਊ ਪੂਜਣ-ਯੋਗ ਹੈ, ਇਸਦੀ ਰੱਖਿਆ ਕਰਨਾ ਸਾਡਾ ਵੱਡਾ ਧਰਮ ਹੈ। ਗਊ ਇਕ ਐਸਾ ਜੀਵ ਹੈ ਜਿਸ ਉੱਤੇ ਸਾਡਾ ਜੀਵਨ ਆਸ਼ਰਿਤ ਹੈ। ਨਹੀਂ ਤਾਂ ਅਸੀਂ ਅੰਨ, ਕੱਪੜੇ ਜਾਂ ਹੋਰ ਸਹੂਲਤਾਂ ਲਈ ਕਿਸੇ ਬਾਹਰਲੀ ਸ਼ਕਤੀ ...ਦੇ ਸਾਧਨ ਦੇ ਸਹਾਰੇ ਨੂੰ ਤਲਾਸ਼ ਕਰਾਂਗੇ।

ਗਊ ਦਾ ਦੁੱਧ ਲੰਮੀ ਉਮਰ ਭੋਗਣ ਤੇ ਬਿਮਾਰੀਆਂ ਦੂਰ ਕਰਨ ਲਈ ਲਾਭਕਾਰੀ ਹੁੰਦਾ ਹੈ। ਉਹਨਾਂ ਨੇ ਦੱਸਿਆ ਕਿ ਅਸੀਂ ਗਊਆਂ ਦੀ ਸੇਵਾ ਚੰਗੀ ਤਰ੍ਹਾਂ ਨਹੀਂ ਕਰਦੇ, ਜਿਸ ਕਰਕੇ ਬਿਦੇਸ਼ਾਂ ਵਿਚ ਗਊ ਦਾ ਦੁੱਧ ਵਧੇਰੇ ਹੁੰਦਾ ਹੈ ਬਨਿਸਬਤ ਭਾਰਤ ਦੇ। ਭਾਰਤ ਦੇ ਮੁਕਾਬਲੇ ਜਰਮਨੀ, ਇੰਗਲੈਂਡ, ਡੈਨਮਾਰਕ ਵਿਚ ਵਧੀਆ ਗਊਆਂ ਪ੍ਰਾਪਤ ਹੁੰਦੀਆਂ ਹਨ ਕਿਉਂਕਿ ਉਹ ਸਾਂਭ ਸੰਭਾਲ ਚੰਗੀ ਕਰਦੇ ਹਨ। ਗਊਆਂ ਲਈ ਚਰਾਗਾਹਾਂ ਹੋਣੀਆਂ ਚਾਹੀਦੀਆਂ ਹਨ। ਲੇਖਕ ਨੇ ਆਪਣੇ ਲੇਖ ਵਿਚ ਸਪੱਸ਼ਟ ਕੀਤਾ ਹੈ ਕਿ ਬਦੇਸ਼ੀ ਮਾਸ ਖਾਣਾ ਛੱਡ ਰਹੇ ਹਨ ਅਤੇ ਭਾਰਤੀ ਇਹਨਾਂ ਚੀਜ਼ਾਂ ਵੱਲ ਉਤਸ਼ਾਹਿਤ ਹੋ ਰਹੇ ਹਨ।

"ਗਊ ਅੰਕ" ਦੇ ਸੰਪਾਦਕ ਦੁਆਰਾ ਲਿਖਿਆ ਲੇਖ "ਮਾਤਾ ਅਤੇ ਗਊ ਮਾਤਾ" ਵਿਚ ਗਊ ਦੇ ਮਹੱਤਵ ਨੂੰ ਦ੍ਰਿੜ੍ਹਾਇਆ ਹੈ ਕਿ ਕਿਵੇਂ ਗਊ ਆਪਣੇ ਸ਼ੀਰ ਨਾਲ ਮਨੁੱਖ ਦੇ ਬੱਚਿਆਂ ਨੂੰ ਪਾਲਦੀ ਹੈ ਅਤੇ ਆਪਣੇ ਬੱਚੇ ਨੂੰ ਬਲਦ ਦੇ ਰੂਪ ਵਿੱਚ ਖੇਤੀ ਕਰਨ ਲਈ ਸਮਰਪਣ ਕਰ ਦਿੰਦੀ ਹੈ। ਲੇਖਕ ਨੇ ਵੱਖ-ਵੱਖ ਧਰਮਾਂ ਵਿਚ ਖ਼ਾਸ ਕਰ ਸਿੱਖ ਧਰਮ, ਗਊ ਤੇ ਨਾਮਧਾਰੀ ਇਸਲਾਮ ਧਰਮ ਆਰਥਕ ਅਵਸਥਾ ਆਦਿ ਪਹਿਲੂਆਂ ਉੱਤੇ ਨਜ਼ਰ ਰੱਖਦਿਆਂ ਦੱਸਿਆ ਹੈ ਕਿ ਗਊ ਦਾ ਸਾਡੇ ਜੀਵਨ ਵਿਚ ਦੀ ਯੋਗਦਾਨ ਹੈ। ਉਹਨਾਂ ਵੱਖ-ਵੱਖ ਥਾਵਾਂ ਉੱਤੇ ਗਊ ਪਾਲਕਾਂ ਦਾ ਬਿਓਰਾ ਦੇ ਕੇ ਗਊ ਦੇ ਦੁੱਧ ਦਾ ਮਹੱਤਵ ਦੱਸਿਆ ਹੈ। ਗਊ ਨਾਲ ਸਾਡਾ ਧਾਰਮਕ ਤੇ ਆਰਥਕ ਦੋਹਾਂ ਤਰ੍ਹਾਂ ਦਾ ਰਿਸ਼ਤਾ ਹੈ ਜਿਸਨੂੰ ਭੁਲਾਇਆ ਨਹੀਂ ਜਾ ਸਕਦਾ। ਸ੍ਰੀ ਜਯੰਤੀ ਲਾਲ ਮਾਨਕਰ ਨੇ "ਗਊ ਰੱਖਿਆ ਕਿਉਂ ਤੇ ਕਿਵੇਂ? ਲੇਖ ਵਿਚ ਕਾਨੂੰਨ ਅਤੇ ਵਿਧਾਨਿਕ ਦ੍ਰਿਸ਼ਟੀ, ਅਧੂਰੇ ਕਾਨੂੰਨ, ਪਸ਼ੂਆਂ ਦਾ ਆਰਥਕ ਮਹੱਤਵ, ਪੱਖਾਂ ਉੱਤੇ ਰੋਸ਼ਨੀ ਪਾਈ ਹੈ। ਗਊ ਪਾਲਕਾਂ ਨੇ ਗਊ ਹੱਤਿਆ ਰੋਕਣ ਲਈ ਕਾਨੂੰਨੀ ਕਾਰਵਾਈ ਚਾਹੀ ਪਰੰਤੂ ਅਧੂਰੇ ਕਾਨੂੰਨ ਕਿਸੇ ਪਾਸੇ ਲੱਗਣ ਨਹੀਂ ਦਿੰਦੇ ਤੇ ਵਪਾਰਕ ਨਜ਼ਰੀਏ ਨੂੰ ਸਾਹਮਣੇ ਰੱਖਦੇ ਹਨ। ਸ੍ਰੀ ਮੇਹਰ ਸਿੰਘ ਕਾਨਪੁਰ **"ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ"** ਭਾਰਤ ਦੀ ਪ੍ਰਾਚੀਨ ਸੱਭਿਅਤਾ ਤੇ ਖ਼ਾਸ ਕਰਕੇ ਵੇਦਾਂ ਵਿਚ ਗਊ ਦਾ ਮਹਾਤਮ ਭਰਪੂਰ ਹੈ। ਗਊ ਨੂੰ ਕਤਲ ਕਰਨ ਤੋਂ ਬਿਨਾਂ ਇਸਦੀ ਸਾਂਭ ਸੰਭਾਲ ਵਿਚ ਅਵੇਸਲੇ ਹੋਣਾ ਇਕ ਵੱਡਾ ਕਸ਼ਟ ਹੈ। ਸ੍ਰੀ ਮਾਨ ਪਰਨੇਕਰ ਜਿਨ੍ਹਾਂ ਨੇ 'ਭਾਰਤ ਵਿਚ ਬਲਦਾਂ ਦੀ ਲੋੜ' ਲੇਖ ਵਿਚ ਬਲਦਾਂ ਦਾ ਸਾਡੀ ਖੇਤੀਬਾੜੀ ਲਈ ਕਿੰਨਾ ਮਹੱਤਵ ਹੈ ਬਾਰੇ ਲਿਖਿਆ। ਵਧੀਆ ਨਸਲਾਂ ਦੀਆਂ ਗਊਆਂ ਦਾ ਪਾਲਣ-ਪੋਸ਼ਣ ਕਰਨਾ ਚਾਹੀਦਾ ਹੈ ਤਾਂ ਜੋ ਬਲਦ ਚੰਗੇ ਹੋਣ ਤਾਂ ਖੇਤੀਬਾੜੀ ਵਿਚ ਮਦਦ ਕਰਨ ਕਿਉਂਕਿ ਭਾਰਤ ਖੇਤੀ ਪ੍ਰਧਾਨ ਦੇਸ਼ ਹੈ। ਦੁੱਧ ਦੀ ਖ਼ਾਤਰ ਹੀ ਸਹੀ ਗਊ ਦੀ ਰੱਖਿਆ ਬਹੁਤ ਜ਼ਰੂਰੀ ਹੈ। ਬਹਾਲ ਸਿੰਘ ਸੇਵਾਦਾਰ ਨੇ "ਗਊ ਰਖ਼ਸ਼ਾ" ਵਿਚ ਗੁਰੂ ਸਾਹਿਬਾਨ ਦੇ ਹਵਾਲੇ ਦੇ ਕੇ ਦੱਸਿਆ ਹੈ ਕਿ ਗਊਆਂ ਦਾ ਵਧ ਨਹੀਂ ਕਰਨਾ ਚਾਹੀਦਾ। ਲੋਕ ਗਊਆਂ ਦੇ ਮਹੱਤਵ ਨੂੰ ਭੁੱਲ ਚੁੱਕੇ ਹਨ। ਇਸ ਨੂੰ ਤਜ਼ਾਰਤ ਦਾ ਇਕ ਸਾਧਨ ਬਣਾ ਕੇ ਲੱਖਾਂ ਕਰੋੜਾਂ ਰੁਪਿਆਂ ਦੀਆਂ ਗਊਆਂ ਦੀਆਂ ਖੱਲਾਂ ਵੇਚਦੇ ਹਨ।

ਉਪਰੋਕਤ ਲੇਖਾਂ ਤੋਂ ਇਲਾਵਾ ਇਸ ਅੰਕ ਵਿਚ ਵੱਖ-ਵੱਖ ਕਵੀਆਂ ਵਲੋਂ ਗਊ ਹੱਤਿਆ ਉੱਤੇ ਰੋਕ ਲਗਾ ਕੇ ਗਊ ਪਾਲਣ ਕਰਨ ਉੱਤੇ ਜ਼ੋਰ ਦੇਣ ਨਾਲ ਸੰਬੰਧਿਤ

Namdhari Elibrary NamdhariElibrary@gmail.com

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਨਾਮਧਾਰੀਆਂ ਨਾਲ ਸੰਬੰਧਿਤ ਲੇਖਕਾਂ ਦੁਆਰਾ ਲਿਖੇ ਗਏ ਇਸ ਅੰਕ ਵਿਚਲੇ ਲੇਖ, ਕਵਿਤਾਵਾਂ ਤੇ ਕਹਾਣੀਆਂ ਗਿਆਨਵਰਧਕ ਹਨ ਅਤੇ ਗਊ ਧਨ ਦੀ ਮਹੱਤਤਾ ਨੂੰ ਸਮਾਜ ਵਿਚ ਉੱਚਾ ਦਰਜਾ ਪ੍ਰਦਾਨ ਕਰਾਉਣ ਲਈ ਪ੍ਰਯਤਨਸ਼ੀਲ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਕੂਕਿਆ ਵਲੋਂ ਗਊ ਰੱਖਿਆ ਤੇ ਪਾਲਣ ਪੋਸ਼ਣ ਦੇ ਭਰਪੂਰ ਤੇ ਚੰਗੇ ਯਤਨ ਵਰਤਮਾਨ ਵਿਚ ਵੀ ਜਾਰੀ ਹਨ

ਕਵਿਤਾਵਾਂ ਵੀ ਲਿਖੀਆਂ ਮਿਲਦੀਆਂ ਹਨ। ਸ਼੍ਰੀ ਗੁਰਬਖਸ਼ ਸਿੰਘ ਰਾਮਪੁਰੀ ਨੇ "ਗਊ ਹੱਤਿਆ" ਕਵਿਤਾ ਵਿਚ ਦੇਸ਼ ਦੀ ਖੁਸ਼ਹਾਲੀ ਦਾ ਇੱਕੋ ਰਸਤਾ ਗਊ ਹੱਤਿਆ ਨੂੰ ਰੋਕਣਾ ਦੱਸਿਆ ਹੈ। ਕਪਲਾ ਗਊ ਹੀ ਭਵ ਸਾਗਰ 'ਚੋਂ ਪਾਰ ਲੰਘਾਉਂਦੀ ਹੈ। ਤਰਨ ਸਿੰਘ ਵਹਿਮੀ ਨੇ ਆਪਣੀ ਕਵਿਤਾ ਵਿਚ ਚੰਗੀਆਂ ਗਊਆਂ ਅਤੇ ਬਲਦ ਰੱਖਣ ਤੇ ਬਲ ਦਿੱਤਾ ਹੈ। ਕਾਕਾ ਦਰਸ਼ਨ ਸਿੰਘ ਨੇ ਕਵਿਤਾ 'ਜਾਨ ਬਚਾਵਣੀ ਹੈ' ਵਿਚ ਭਾਰਤ ਦੇਸ਼ ਦਾ ਧਰਮ ਗਊ ਰੱਖਿਆ ਕਰਕੇ ਇਸਨੂੰ ਗਰਕ ਹੋਣ ਤੋਂ ਬਚਾਉਣਾ ਚਾਹੀਦਾ ਹੈ। ਗਊ ਨੂੰ ਬਚਾਉਣ ਲਈ ਸਿਰ-ਧੜ ਦੀ ਬਾਜ਼ੀ ਲਾਉਣੀ ਚਾਹੀਦੀ ਹੈ। ਜੋਗਿੰਦਰ ਸਿੰਘ ਮੁਕਤਾ ਨੇ ਆਪਣੀ ਕਵਿਤਾ 'ਗਊ ਬਾਝ ਨਹੀਂ ਦੇਸ਼ ਖੁਸ਼ਹਾਲ ਹੋਣਾ' ਵਿਚ ਗਾਂ ਦੀਆਂ ਕੁਰਬਾਨੀਆਂ ਦੀ ਕਥਾ ਕਹੀ ਹੈ ਜੋ ਬੱਚਿਆਂ ਤੋਂ ਲੈ ਕੇ ਬੁੱਢਿਆਂ ਤੱਕ ਆਪਣਾ ਦੁੱਧ ਦੇ ਕੇ ਸੇਵਾ ਕਰਦੀ ਹੈ। ਲੋਕ ਦੁੱਧ ਛੱਡ ਕੇ ਚਾਹਾਂ ਪੀਣ ਲੱਗ ਪਏ ਹਨ ਜੋ ਕਮਜ਼ੋਰ ਹੋ ਕੇ ਜਲਦੀ ਮੁੱਕ ਜਾਂਦੇ ਹਨ। ਸ਼੍ਰੀ ਸਰਧਾ ਸਿੰਘ ਨਿਮਾਣਾ ਨੇ 'ਗਊ ਦੇ ਦੁੱਧ ਦੀ ਸਿਫ਼ਤ' ਕਵਿਤਾ ਵਿਚ ਦੁੱਧ ਦੇ ਗੁਣਕਾਰੀ ਪੱਖ ਨੂੰ ਉਜਾਗਰ ਕੀਤਾ ਹੈ। ਜਿਸ ਨਾਲ ਮਨ ਅਸਤਰ ਨੂੰ ਬਲ ਮਿਲਦਾ ਹੈ। ਇਸ ਤੋਂ ਇਲਾਵਾ ਗ. ਸ. ਨਾਮਧਾਰੀ ਨੇ ਦੋ ਰੁਬਾਈਆਂ ਲਿਖੀਆਂ। ਰਛਪਾਲ ਸਿੰਘ ਨੇ ਗਊ ਹੱਤਿਆ ਨਾਲ ਸੰਬੰਧਿਤ ਦੋ ਰੁਬਾਈਆਂ ਲਿਖੀਆਂ। ਸ੍ਰੀ ਹਜ਼ਾਰਾ ਸਿੰਘ ਨੇ "ਗਊ ਦਾ ਦੁੱਧ", ਸ੍ਰੀ ਨਰਿੰਦਰ ਸਿੰਘ ਨੇ "ਬਰਕਤ", ਉਤਮ ਸਿੰਘ ਉਤਮ ਨੇ ਉਸਦਾ ਉਤਮ ਉਪਦੇਸ਼ ਵਿਚਾਰਿਆ ਨਹੀਂ, ਸ੍ਰੀ ਪਰਮਜੀਤ ਸਿੰਘ ਰਾਜ ਦੀ ਕਵਿਤਾ "ਗਊ ਤੇ ਗਰੀਬ" ਤੇ ਆਇਆ ਸੁੱਖ ਪਾਵੇਗਾ। ਵਰਿਆਮ ਸਿੰਘ ਪਿਆਸਾ 'ਬਿਨਾਂ ਗਊ ਨਹੀਂ ਦੇਸ਼ ਖੁਸ਼ਹਾਲ ਹੋਣਾ' ਸ਼੍ਰੀ ਲਖਬੀਰ ਸਿੰਘ ਮਸ਼ੀਨਮੈਨ-ਗਊ ਧਰਮ 'ਤੇ ਕਵਿਤਾਵਾਂ ਵਿਚ ਕਵੀਆਂ ਨੇ ਗਊ ਰੱਖਿਆ, ਇਸਦੀ ਵਧੀਆ ਨਸਲ ਵਿਚ ਵਾਧਾ ਕਰਨ ਤੇ ਇਸਦੇ ਦੁੱਧ ਦੇ ਗੁਣਕਾਰੀ ਹੋਣ ਬਾਰੇ ਦੱਸਿਆ ਹੈ। ਇਸਨੂੰ ਧਰਤੀ ਮਾਤਾ ਜਿੰਨਾ ਉੱਚਾ ਦਰਜਾ ਹਾਸਲ ਹੈ। ਇਸਤੋਂ ਇਲਾਵਾ ਇਸ ਅੰਕ ਵਿਚ ਲਿਖੀਆਂ ਕਹਾਣੀਆਂ ਵੀ ਗਊ ਮਾਤਾ ਉੱਤੇ ਕੇਂਦਰਿਤ ਹਨ। ਇਸ ਗੱਲ ਦੀ ਪ੍ਰੋੜ੍ਹਤਾ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨੇ ਕੀਤੀ ਹੈ:

ਮੈਂ ਗਊ ਨਾਲ ਹਿਸਾਬ ਨਹੀਂ ਕਰਦਾ,
ਕਿਉਂਕਿ ਗਊ ਮੇਰੇ ਨਾਲ ਹਿਸਾਬ ਨਹੀਂ ਕਰਦੀ।

ਇਸ ਅੰਕ ਵਿਚ ਗਊ ਮਹੱਤਵ ਨੂੰ ਉਜਾਗਰ ਕਰਦੀਆਂ ਕੁਝ ਖੂਬਸੂਰਤ ਤਸਵੀਰਾਂ ਵੀ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ, ਜੋ ਇਸ "ਗਊ ਅੰਕ" ਦੀ ਸਾਹਿਤਕ ਤੇ ਸਮਾਜਿਕ ਮਹੱਤਤਾ ਨੂੰ ਉਜਾਗਰ ਕਰਦੀਆਂ ਹਨ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਨਾਮਧਾਰੀਆਂ ਨਾਲ ਸੰਬੰਧਿਤ ਲੇਖਕਾਂ ਦੁਆਰਾ ਲਿਖੇ ਗਏ ਇਸ ਅੰਕ ਵਿਚਲੇ ਲੇਖ, ਕਵਿਤਾਵਾਂ ਤੇ ਕਹਾਣੀਆਂ ਗਿਆਨਵਰਧਕ ਹਨ ਅਤੇ ਗਊ ਧਨ ਦੀ ਮਹੱਤਤਾ ਨੂੰ ਸਮਾਜ ਵਿਚ ਉੱਚਾ ਦਰਜਾ ਪ੍ਰਦਾਨ ਕਰਾਉਣ ਲਈ ਪ੍ਰਯਤਨਸ਼ੀਲ ਹਨ। ਇਸ ਵਿਚ ਕੋਈ ਸੰਦੇਹ ਨਹੀਂ ਕਿ ਕੂਕਿਆ ਵਲੋਂ ਗਊ ਰੱਖਿਆ ਤੇ ਪਾਲਣ ਪੋਸ਼ਣ ਦੇ ਭਰਪੂਰ ਤੇ ਚੰਗੇ ਯਤਨ ਵਰਤਮਾਨ ਵਿਚ ਵੀ ਜਾਰੀ ਹਨ ਪਰੰਤੂ ਆਮ ਲੋਕਾਂ ਨੂੰ ਵੀ ਗਊ ਪਾਲਣ ਵੱਲ ਰੁਝਾਨ ਕਰਨ ਲਈ ਉਤਸ਼ਾਹਿਤ ਕੀਤੇ ਜਾਣ ਦੀ ਲੋੜ ਹੈ।

ਹਵਾਲੇ

1. ਗਊ ਵਿਸ਼ੇਸ਼ ਅੰਕ, ਮਾਰਚ 1968, ਪੰਨਾ 3
2. ਉਹੀ, ਪੰਨਾ 15
3. ਉਹੀ, ਪੰਨਾ 9
4. Ram Singh adopted this line and years ago gave out that he would never rest till he had cleared the land of butchers. Page 14. ਗਊ ਅੰਕ, 1968
5. ਗਊ ਅੰਕ, ਮਾਰਚ 1968, ਪੰਨਾ 19
6. ਉਹੀ ਪੰਨਾ 23
7. ਉਹੀ ਪੰਨਾ 28
8. ਉਹੀ ਪੰਨਾ 38
9. ਉਹੀ ਪੰਨਾ 40
10. ਉਹੀ ਪੰਨਾ 51-52
11. ਉਹੀ ਪੰਨਾ 73
12. ਉਹੀ ਪੰਨਾ 105

■

Namdhari Elibrary NamdhariElibrary@gmail.com

ਚਰਿਤ੍ਰੋਪਾਖਿਆਨ - ਰਚਨਾ ਮੰਤਵ

✍ ਡਾ. ਜੋਧ ਸਿੰਘ

ਐਡੀਟਰ-ਇਨ-ਚੀਫ਼ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿਆਖਿਆ ਨ ਕਰ ਸਕਣ ਦੀ ਸਮੱਸਿਆ ਹੈ ਅਤੇ ਭਾਰਤੀ ਦਰਸ਼ਨ ਵਿੱਚ ਸਿੱਖ ਫਲਸਫੇ ਦੀ ਵਿਲੱਖਣਤਾ ਅਤੇ ਭਾਰਤੀਅਤਾ ਨੂੰ ਸਮਝਣ ਦੀ ਅਸਮੱਰਥਾ ਦਾ ਹੀ ਪ੍ਰਗਟਾਵਾ ਹੈ। ਦਰਅਸਲ ਦਸਮ ਗ੍ਰੰਥ ਦੀਆਂ ਰਚਨਾਵਾਂ ਬਾਰੇ ਸ਼ੰਕੇ ਦਾ ਮੂਲ ਅਤੇ ਵੱਡਾ ਕਾਰਨ 'ਚਰਿਤ੍ਰੋਪਾਖਿਆਨ' ਗ੍ਰੰਥ ਹੀ ਹੈ ਜੋ ਕਿ ਸਾਰੇ ਦਸਮ ਗ੍ਰੰਥ ਦਾ ਲਗਪਗ ਅੱਧਾ ਭਾਗ ਹੈ।

ਦਸਮ ਗ੍ਰੰਥ ਵਡ-ਆਕਾਰੀ ਰਚਨਾ-

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਰ੍ਹਾਂ ਦਸਮ ਗ੍ਰੰਥ ਵੀ ਇਕ ਵਡ ਆਕਾਰੀ ਰਚਨਾ ਹੈ ਜਿਸਦੇ ਛਪੇ ਹੋਏ 1428 ਪੰਨਿਆਂ ਉਪਰ ਅਧਿਆਤਮਕ ਅਤੇ ਸੰਸਾਰਕ ਅਨੁਭਵਾਂ ਨੂੰ ਉਹਨਾਂ ਦੀਆਂ ਵਿਆਪਕ ਹੱਦਾਂ (dimensions) ਸਮੇਤ ਅੰਕਿਤ ਕੀਤਾ ਗਿਆ ਹੈ। 19ਵੀਂ ਸਦੀ ਦੇ ਅਖੀਰ ਵਿੱਚ ਬੇਸ਼ਕ ਇਕ ਸੋਧਕ ਕਮੇਟੀ ਨੇ ਸ੍ਰੀ ਅਕਾਲ ਤਖਤ ਪਰ ਹਾਜ਼ਰ ਹੋ ਕੇ ਕਾਫ਼ੀ ਸੋਚ ਵਿਚਾਰ ਤੋਂ ਬਾਅਦ ਇਹ ਨਿਰਣਾ ਲਿਆ ਸੀ ਕਿ ਸ੍ਰੀ ਦਸਮ ਗ੍ਰੰਥ ਦੀਆਂ ਸਾਰੀਆਂ ਰਚਨਾਵਾਂ ਸ੍ਰੀ ਗੁਰੂ ਗੋਬਿੰਦ ਸਿੰਘ ਕ੍ਰਿਤ ਹਨ ਅਤੇ ਇਹਨਾਂ ਰਚਨਾਵਾਂ ਦੀ ਮਨਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਦੇਵੀ ਦੇਵਤਿਆਂ ਦੇ ਕਿਰਦਾਰਾਂ, ਉਹਨਾਂ ਦੇ ਨਾਵਾਂ ਦੀ ਵਿਆਖਿਆ ਕਰਨਾ ਹੈ ਤਾਂ ਕਿ ਸਿੱਖ ਕੌਮ ਨੂੰ ਇਹਨਾਂ ਨੂੰ ਜਾਣਨ ਲਈ ਮੁੜ ਬ੍ਰਾਹਮਣ ਪੰਡਤਾਂ ਦੀ ਸ਼ਰਨ ਵਿੱਚ ਨਾ ਜਾਣਾ ਪਵੇ ਫਿਰ ਵੀ ਪਿਛਲੀ ਪੂਰੀ 20ਵੀ ਸਦੀ ਵਿੱਚ ਦਸਮ ਗ੍ਰੰਥ ਦੀਆਂ ਰਚਨਾਵਾਂ ਉੱਤੇ 'ਕਿੰਤੂ ਪਰੰਤੂ' ਉਠਦੇ ਹੀ ਰਹੇ ਹਨ। ਬਚਿਤ੍ਰ ਨਾਟਕ ਤੇ ਲਵਕੁਸ਼ ਦੀ ਕਥਾ ਰਾਹੀਂ ਗੁਰੂ ਦੀ ਬੰਸਾਵਲੀ ਨੂੰ ਰਾਮ ਨਾਲ ਜੋੜ ਕੇ ਸਿੱਖਾਂ ਨੂੰ ਹਿੰਦੂ ਕਲਚਰ ਨਾਲ ਜੋੜਨ ਦਾ ਆਰੋਪ ਲਾਇਆ ਜਾਂਦਾ ਹੈ ਅਤੇ ਚੰਡੀ ਚਰਿਤ੍ਰਾਂ ਰਾਹੀਂ ਗੁਰੂ ਗੋਬਿੰਦ ਜੀ ਨੂੰ ਚੰਡੀ ਦਾ ਪੁਜਾਰੀ ਦੱਸ ਕੇ ਇਸ ਰਚਨਾ ਨੂੰ ਵੀ ਗੁਰੂ ਕ੍ਰਿਤ ਨਾ ਮੰਨ ਕੇ ਇਸਦੇ ਪਠਨ ਪਾਠਨ ਬਾਰੇ ਸ਼ੰਕੇ ਖੜ੍ਹੇ ਕੀਤੇ ਜਾਂਦੇ ਹਨ। ਇਹੀ ਹਾਲ 'ਚਉਬੀਸ ਅਵਤਾਰ' ਕਥਾਵਾਂ ਦਾ ਹੈ ਜਿਸ ਵਿੱਚ ਥਾਂ ਪਰ ਥਾਂ ਬੇਸ਼ੱਕ ਕਰਤਾ ਨੇ ਟਿੱਪਣੀ ਦੇ ਕੇ ਅਕਾਲ ਪੁਰਖ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਹਨ ਪਰ ਫਿਰ ਵੀ, ਇਹਨਾਂ ਰਚਨਾਵਾਂ ਦੀ ਪ੍ਰਮਾਣਿਕਤਾ ਤੇ 'ਕਿੰਤੂ' ਕੀਤਾ ਜਾਂਦਾ ਹੈ। ਮੇਰੀ ਜਾਚੇ ਇਹ ਵਿਆਖਿਆ ਨ ਕਰ ਸਕਣ ਦੀ ਸਮੱਸਿਆ ਹੈ ਅਤੇ ਭਾਰਤੀ ਦਰਸ਼ਨ ਵਿੱਚ ਸਿੱਖ ਫਲਸਫੇ ਦੀ ਵਿਲੱਖਣਤਾ ਅਤੇ ਭਾਰਤੀਅਤਾ ਨੂੰ ਸਮਝਣ ਦੀ ਅਸਮੱਰਥਾ ਦਾ ਹੀ ਪ੍ਰਗਟਾਵਾ ਹੈ। ਦਰਅਸਲ ਦਸਮ ਗ੍ਰੰਥ ਦੀਆਂ ਰਚਨਾਵਾਂ ਬਾਰੇ ਸ਼ੰਕੇ ਦਾ ਮੂਲ ਅਤੇ ਵੱਡਾ ਕਾਰਨ 'ਚਰਿਤ੍ਰੋਪਾਖਿਆਨ' ਗ੍ਰੰਥ ਹੀ ਹੈ ਜੋ ਕਿ ਸਾਰੇ ਦਸਮ ਗ੍ਰੰਥ ਦਾ ਲਗਪਗ ਅੱਧਾ ਭਾਗ ਹੈ।

ਤ੍ਰਿਆ ਚਰਿਤ੍ਰ-

'ਚਰਿਤ੍ਰੋਪਾਖਿਆਨ' ਨੂੰ ਆਮ ਤੌਰ ਵਿੱਚ 'ਤ੍ਰਿਆ ਚਰਿਤ੍ਰ' ਨਾਂ ਨਾਲ ਜਾਣਿਆ ਜਾਂਦਾ ਹੈ। ਸਮਝਿਆ ਸਮਝਾਇਆ ਇਹ ਗਿਆ ਹੈ ਕਿ ਇਹ ਕੇਵਲ ਇਸਤਰੀਆਂ ਦੇ ਮਾੜੇ ਚਾਲ ਚਲਣ ਨਾਲ ਸੰਬੰਧਿਤ ਵਾਸਨਾਪੂਰਨ ਕਹਾਣੀਆਂ ਹਨ ਪਰ ਤੱਥ ਇਹ ਹੈ ਕਿ ਇਸ ਵੱਡੀ ਰਚਨਾ ਵਿੱਚ ਪੁਰਸ਼ਾਂ ਦੇ ਚਰਿੱਤਰ ਵੀ ਹਨ। ਫਿਰ ਵੀ ਇਹ ਮੰਨਣਾ ਪਵੇਗਾ ਕਿ ਇਸਤਰੀਆਂ ਨਾਲ ਸੰਬੰਧਿਤ ਕਹਾਣੀਆਂ ਵਧੇਰੇ ਹਨ। 7555 ਬੰਦਾਂ ਵਾਲੇ ਇਸ ਵਿਸ਼ਾਲ ਗ੍ਰੰਥ ਦੇ ਅਖੀਰ ਵਿੱਚ ਚਰਿਤਰਾਂ ਦੀ ਗਿਣਤੀ 405 ਦਿੱਤੀ ਗਈ ਹੈ। ਪਰ ਬੰਦਾਂ ਦੇ ਕੁੱਲ ਜੋੜ ਤੋਂ ਪਹਿਲਾਂ ਦਰਜ ਹੈ **'ਇਤਿ ਸ੍ਰੀ ਚਰਿਤ੍ਰੋਪਖਯਾਨ ਤ੍ਰਿਯਾ ਚਰਿਤ੍ਰੇ ਮੰਤ੍ਰੀ ਭੂਪ ਸੰਬਾਦੇ ਚਾਰ ਸੌ ਚਾਰ ਚਰਿਤ੍ਰ ਸਮਾਪਤਮ ਸਤੁ ਸੁਭਮ ਸਤੁ॥'** ਚਰਿਤ੍ਰਾਂ ਦੀਆਂ ਕਹਾਣੀਆਂ ਵੀ 404 ਨਹੀਂ ਹਨ ਬਲਕਿ ਇਕ ਇਕ ਕਹਾਣੀ ਨੂੰ ਲੋੜ ਅਨੁਸਾਰ ਦੋ ਜਾਂ ਤਿੰਨ ਭਾਗਾਂ ਵਿੱਚ ਵੀ ਵੰਡ ਕੇ ਸਪਸ਼ਟਤਾ ਲਈ ਵੱਖਰੀ ਕਹਾਣੀ ਬਣਾ ਲਈ ਹੈ। ਇਸ ਤਰ੍ਹਾਂ ਬਚਿਤ੍ਰ ਨਾਟਕ ਵਿੱਚ ਲਵ ਕੁਸ਼ ਦੇ ਪਰਿਵਾਰ ਦੀ ਪਰਸਪਰ ਲੜਾਈ

Namdhari Elibrary NamdhariElibrary@gmail.com

ਝਗੜੇ ਅਤੇ ਕਲਹ ਕਲੇਸ਼ ਦਾ ਮੂਲ ਕਾਰਨ ਗੁਰੂ ਸਾਹਿਬ ਨੇ ਧਨ ਅਤੇ ਭੂਮੀ ਦਾ ਲੋਭ ਦੱਸਿਆ ਹੈ ਉਸੇ ਤਰ੍ਹਾਂ ਹੀ ਏਥੇ ਤ੍ਰਿਆ ਚਰਿਤ੍ਰਾਂ ਵਿੱਚ ਨੈਤਿਕ ਕਦਰਾਂ ਕੀਮਤਾਂ ਦੀ ਗਿਰਾਵਟ ਦਾ ਮੂਲ ਕਾਰਨ ਅੰਨੀ ਕਾਮੁਕਤਾ, ਅਜੋੜ ਵਿਆਹ, ਝੂਠੀ ਅਤੇ ਫਰੇਬੀ ਸ਼ਾਨ ਮੰਨਿਆ ਗਿਆ ਹੈ। ਇਹਨਾਂ ਕਾਰਨਾਂ ਦੀ ਵਿਆਖਿਆ ਲਈ ਗੁਰੂ ਸਾਹਿਬ ਨੇ ਲੋਕਯਾਨ ਦੇ ਭੰਡਾਰ ਵਿੱਚੋਂ, ਮਹਾਂਭਾਰਤ ਵਿੱਚੋਂ, ਪੰਚਤੰਤ੍ਰ ਅਤੇ ਅਲਿਫ-ਲੈਲਾ ਕਿੱਸਿਆਂ ਵਿੱਚੋਂ ਇਸਤਰੀ ਪੁਰਸ਼ਾਂ ਨਾਲ ਸੰਬੰਧਿਤ ਕਹਾਣੀਆਂ ਨੂੰ ਵਰਤਿਆ ਹੈ। ਪੰਜਾਬ ਦੀਆਂ ਪ੍ਰਸਿੱਧ ਪ੍ਰੀਤ ਕਹਾਣੀਆਂ ਹੀਰ ਰਾਂਝਾ (98), ਸੋਹਣੀ ਮਹੀਂਵਾਲ (101), ਮਿਰਜ਼ਾ ਸਾਹਿਬਾਂ (129), ਸੱਸੀ ਪੁੰਨੂ (108) ਆਦਿ ਨੂੰ ਵੀ ਤ੍ਰਿਆ ਚਰਿਤ੍ਰਾਂ ਵਿੱਚ ਥਾਂ ਦਿੱਤੀ ਗਈ ਹੈ। ਕਾਮ ਦੀ ਤਰ੍ਹਾਂ ਜੀਵਨ ਲਈ ਜ਼ਰੂਰੀ ਤੱਤ ਹਾਸੇ ਨੂੰ ਵੀ ਮੁਖ ਰੱਖ ਕੇ ਕਿਤੇ ਕਿਤੇ ਲਤੀਫੇ ਵੀ ਇਸ ਰਚਨਾ ਦਾ ਭਾਗ ਬਣਾਏ ਗਏ ਹਨ ਜਿਵੇਂ ਕਿ ਚਾਰ ਠੱਗ ਬੱਕਰੀ ਨੂੰ ਕੁੱਤਾ ਦੱਸ ਕੇ ਬੱਕਰੀ ਠੱਗ ਕੇ ਲੈ ਜਾਂਦੇ ਹਨ। ਕਹਾਣੀਆਂ ਬੇਸ਼ੱਕ ਗੋਂਦ ਦੇ ਪੱਖੋਂ ਕਿਧਰੇ ਚੰਗੀਆਂ ਅਤੇ ਕਿਧਰੇ ਢਿੱਲੀਆਂ ਹਨ ਪਰ ਫਿਰ ਵੀ ਸੈਂਕੜਿਆਂ ਦੀ ਗਿਣਤੀ ਵਿੱਚ ਦੇਸੀ ਅਤੇ ਬਦੇਸ਼ੀ ਕਹਾਣੀਆਂ ਦਾ ਇਕ ਥਾਂ ਸੰਕਲਨ ਉਸ ਯੁੱਗ ਵਿੱਚ ਜਦੋਂ ਕਿ ਕਹਾਣੀ ਕਲਾ ਅਜੇ ਇੰਨੀ ਵਿਕਸਿਤ ਨਹੀਂ ਹੋਈ ਸੀ ਇਕ ਨਿਵੇਕਲਾ ਕੰਮ ਸੀ। ਸੈਂਕੜੇ ਸ਼ਹਿਰਾਂ ਅਤੇ ਕਸਬਿਆਂ ਦੇ ਨਾਂ ਰਚਨਾਕਾਰ ਦੀ ਬਹੁਪੱਖੀ ਜਾਣਕਾਰੀ ਦਾ ਪਰੀਚੈ ਦਿੰਦੇ ਹਨ।

ਦਸਮ ਗ੍ਰੰਥ ਵਿਚ ਸਿੱਖ ਸਿਧਾਂਤ–

ਉਂਜ ਤਾਂ ਸਾਰੇ ਦਸਮ ਗ੍ਰੰਥ ਵਿੱਚ ਥਾਂ ਥਾਂ ਤੇ ਸਿੱਖ ਸਿਧਾਂਤਾਂ ਦਾ ਨਿਰੂਪਣ ਹੋਇਆ ਪਰ 'ਚਰਿਤ੍ਰੋਪਾਖਿਆਨ' ਰਚਨਾ ਵਿੱਚ ਵੀ ਇਸ ਤੱਥ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਗਿਆ ਹੈ। ਚਰਿਤ੍ਰ ਸੰਖਿਆ 266 ਵਿੱਚ ਬੜੀ ਦ੍ਰਿੜ੍ਹਤਾ ਪੂਰਬਕ ਮੂਰਤੀ ਪੂਜਾ ਦਾ ਖੰਡਨ ਕਰਦੇ ਹੋਏ ਪਰਮਾਰਥ ਦੇ ਨਾਂ ਤੇ ਪਾਪ ਕਰਨ ਦੀ ਕਰੜੀ ਆਲੋਚਨਾ ਕੀਤੀ ਗਈ ਹੈ। ਇਸ ਦੇ ਥੋੜ੍ਹਾ ਵਿਸਤਾਰ ਵਿੱਚ ਜਾਣ ਦੀ ਲੋੜ ਹੈ। ਇਕ ਰਾਜੇ ਦੀ ਰਾਜਕੁਮਾਰੀ ਅਤੇ ਚਾਰ ਰਾਜਕੁਮਾਰਾਂ ਨੂੰ ਇਕ ਬ੍ਰਾਹਮਣ ਪਾਸ ਵਿਦਿਆ ਲਈ ਭੇਜਿਆ ਜਾਂਦਾ ਹੈ। ਬ੍ਰਾਹਮਣ ਨੂੰ ਮੂਰਤੀ ਪੂਜਾ ਕਰਦੇ ਹੋਏ ਵੇਖ ਕੇ ਰਾਜਕੁਮਾਰੀ ਕਹਿੰਦੀ ਹੈ ਕਿ ਹੇ ਮੂਰਖ ਤੂੰ ਤਿੰਨਾਂ ਲੋਕਾਂ ਵਿੱਚ ਵਿਆਪਤ ਪਰਮਾਤਮਾ ਨੂੰ ਛੱਡ ਕੇ ਇਸ ਪੱਥਰ ਨੂੰ ਪਰਮੇਸ਼ਰ ਮੰਨ ਰਿਹਾ ਹੈਂ, ਜਿਸ ਕਾਰਨ ਤੂੰ ਪਰਲੋਕ ਤੋਂ ਹੋਰ ਵੀ ਦੂਰ ਚਲਿਆ ਜਾ ਰਿਹਾ ਹੈਂ। ਪਰਮਾਰਥ ਦੇ ਨਾਂ ਤੇ ਤੂੰ ਇੰਨਾ ਪਾਪ ਕਰ ਰਿਹਾ ਹੈਂ ਕਿ ਪਾਪਾਂ ਨੂੰ ਵੀ ਸ਼ਰਮਸਾਰ ਹੋਣਾ ਪੈਂਦਾ ਹੈ -

ਤਾਹਿ ਪਛਾਨਤ ਹੈ ਨ ਮਹਾਂ ਜੜ ਜਾਕੋ
ਪ੍ਰਤਾਪ ਤਿਹੁੰ ਪੁਰ ਮਾਹੀਂ।
ਪੂਜਤ ਹੈ ਪ੍ਰਭੁ ਕੈ ਤਿਸ ਕਉ
ਜਿਨਕੇ ਪਰਸੇ ਪਰਲੋਕ ਪਰਾਹੀ।
ਪਾਪ ਕਰੋ ਪਰਮਾਰਥ ਕੈ
ਜਿਹ ਪਾਪਨ ਤੇ ਅਤਿ ਪਾਪ ਡਰਾਹੀ।

'ਰੋਟੀਆ ਕਾਰਨ ਪੂਰੇ ਤਾਲ' ਵਾਲੀ ਉਕਤੀ ਨੂੰ ਧਿਆਨ ਵਿੱਚ ਰੱਖ ਕੇ ਫੋਕਟ ਪੁਜਾਰੀਆਂ ਵੱਲ ਸੰਕੇਤ ਕਰਦੇ ਹੋਏ ਅੱਗੇ ਕਿਹਾ ਗਿਆ ਹੈ ਕਿ ਦੂਜਿਆਂ ਨੂੰ ਸਿੱਖਿਆ ਦਿੰਦੇ ਹੋ ਅਤੇ ਖੁਦ ਉਸ ਉਤੇ ਧਿਆਨ ਨਾ ਦੇ ਕੇ ਦੂਜਿਆਂ ਨੂੰ ਸਦਾ ਤਿਆਗ ਦਾ ਉਪਦੇਸ਼ ਦਿੰਦੇ ਹੋ। ਉਸੇ ਧਨ ਦੇ ਲੋਭ ਵਿੱਚ ਉਚ ਨੀਚ ਦਾ ਵਿਚਾਰ ਕੀਤੇ ਬਿਨਾਂ ਦੁਆਰ ਦੁਆਰ ਜਿਸ ਤਿਸ ਦੇ ਸਾਹਮਣੇ ਲੇਲੜੀਆਂ ਕੱਢਦੇ ਹੋ

ਪਾਇ ਪਰੋ ਪਰਮੇਸਰ ਕੈ
ਪਸੁ ਪਾਹਨ ਮੈ ਪਰਮੇਸਰ ਨਾਹੀਂ॥266॥12॥

'ਰੋਟੀਆ ਕਾਰਨ ਪੂਰੇ ਤਾਲ' ਵਾਲੀ ਉਕਤੀ ਨੂੰ ਧਿਆਨ ਵਿੱਚ ਰੱਖ ਕੇ ਫੋਕਟ ਪੁਜਾਰੀਆਂ ਵੱਲ ਸੰਕੇਤ ਕਰਦੇ ਹੋਏ ਅੱਗੇ ਕਿਹਾ ਗਿਆ ਹੈ ਕਿ ਦੂਜਿਆਂ ਨੂੰ ਸਿੱਖਿਆ ਦਿੰਦੇ ਹੋ ਅਤੇ ਖੁਦ ਉਸ ਉਤੇ ਧਿਆਨ ਨਾ ਦੇ ਕੇ ਦੂਜਿਆਂ ਨੂੰ ਸਦਾ ਤਿਆਗ ਦਾ ਉਪਦੇਸ਼ ਦਿੰਦੇ ਹੋ। ਉਸੇ ਧਨ ਦੇ ਲੋਭ ਵਿੱਚ ਉਚ ਨੀਚ ਦਾ ਵਿਚਾਰ ਕੀਤੇ ਬਿਨਾਂ ਦੁਆਰ ਦੁਆਰ ਜਿਸ ਤਿਸ ਦੇ ਸਾਹਮਣੇ ਲੇਲ੍ਹੜੀਆਂ ਕੱਢਦੇ ਹੋ -

ਅੰਉਰਨ ਉਪਦੇਸ ਕਰੈ ਆਪੁ ਧਿਆਨ ਕਉ ਨ ਧਰੈ
ਲੋਗਨ ਕਉ ਸਦਾ ਤਿਆਗ ਧਨ ਕਉ ਦ੍ਰਿੜਾਤ ਹੈ।
ਤੇਹੀ ਧਨ ਲੋਭ ਊਚ ਨੀਚਨ ਕੇ ਦੁਆਰ ਦੁਆਰ
ਲਾਜ ਕਉ ਤਿਆਗ ਜੇਹੀ ਤੇਹੀ ਪੈ ਘਿਘਾਤ ਹੈ।
ਕਹਤ ਪਵਿਤ੍ਰ ਹਮ ਰਹਤ ਅਪਵਿਤ੍ਰ ਖਰੇ
ਚਾਕਰੀ ਮਲੇਛਨ ਕੀ ਕੈ ਕੈ ਟੂਕ ਖਾਤ ਹੈ।
ਬੜੇ ਅਸੰਤੋਖੀ ਹੈ ਕਹਾਵਤ ਸੰਤੋਖੀ ਮਹਾਂ
ਏਕ ਦੁਆਰ ਛਾਡਿ ਮਾਂਗ
ਦੁਆਰ ਦੁਆਰੇ ਜਾਤ ਹੈ॥266॥9॥

ਸਲੋਕ ਮਹਲੇ ਨੌਵੇਂ ਦੇ ਸਲੋਕ **'ਤਰਨਾਪੋ ਇਉਂ ਹੀ ਗਇਓ ਲੀਉ ਜਰਾ ਤਨ ਜੀਤ'** ਦੀ ਭਾਵਨਾ ਦੇ ਅਨੁਰੂਪ ਅਤੇ ਨਾਮ ਸਿਮਰਨ ਦੇ ਮਹੱਤਵ ਨੂੰ 22ਵੇਂ ਪਦ ਵਿੱਚ ਕਿਹਾ ਗਿਆ ਹੈ–

ਬੈਸ ਗਈ ਲਾਰਿਕਾਪਨ ਮੋ ਤਰੁਨਾਪਨ ਮੈ
ਨਹਿ ਨਾਮ ਲਯੋ ਰੇ॥
ਅਉਰਨ ਦਾਨ ਕਰਾਤ ਰਹਾ ਕਰ
ਆਪ ਉਠਾਇ ਨ ਦਾਨ ਚਯੋ ਰੇ।।
ਪਾਹਨ ਕੋ ਸਿਰ ਨਿਯਾਤਨ ਤੈ
ਪਰਮੇਸਰ ਕਉ ਸਿਰ ਨਿਯਾਤ ਭਯੋ ਰੇ।।
ਕਾਮਹਿ ਕਾਮ ਫਸਾ ਘਰ ਕੇ
ਜੜ ਕਾਲਹਿ ਕਾਲ ਕੈ ਕਾਲ ਗਯੋ ਰੇ॥266॥22॥

ਏਸੇ ਚਰਿਤ੍ਰ ਦੇ ਛੰਦ 39 ਤੋਂ 50 ਤਕ ਵੇਦ ਵਿਆਕਰਨ,

Namdhari Elibrary NamdhariElibrary@gmail.com

ਤੰਤ੍ਰ ਮੰਤ੍ਰ ਪੜ੍ਹਨ ਪੜ੍ਹਾਉਣ ਅਤੇ ਕਰਮ ਕਾਂਡ ਵਿੱਚ ਫਸਾਉਣ ਵਾਲੇ ਧਨ ਦੇ ਲੋਭੀਆਂ ਨੂੰ ਖੂਬ ਖਰੀਆਂ ਖਰੀਆਂ ਸੁਣਾਈਆਂ ਗਈਆਂ ਹਨ। ਸਭ ਤੋਂ ਵੱਡੀ ਗੱਲ ਇਸ ਚਰਿਤ੍ਰ ਵਿੱਚ ਇਹ ਹੈ ਕਿ ਏਥੇ ਦੇਵੀ ਦੇਵਤਾ, ਰਾਮ, ਕ੍ਰਿਸ਼ਨ, ਰੁਦ੍ਰ ਆਦਿ ਦੀ ਗੱਲ ਵੀ ਬੜੇ ਵਿਅੰਗਮਈ ਢੰਗ ਨਾਲ ਕਰਕੇ ਇਹ ਦੱਸਿਆ ਗਿਆ ਹੈ ਕਿ ਅੰਤ ਕਾਲ ਕੋਈ ਕ੍ਰਿਸ਼ਨ, ਰੁਦ੍ਰ ਆਦਿ ਸਹਾਇਤਾ ਨਹੀਂ ਕਰਦੇ-

ਤਹਾਂ ਰੁਦ੍ਰ ਐਹੇਂ ਕਿ ਸ੍ਰੀ ਕ੍ਰਿਸਨ ਐਹੇਂ।।
ਜਹਾਂ ਬਾਂਧ ਸ੍ਰੀ ਕਾਲ ਤੋਕੇ ਚਲੇ ਹੈ।।
ਕਿਧੋਂ ਆਨਿ ਕੈ ਰਾਮ ਹਵੈ ਹੈ ਸਹਾਈ।।
ਜਹਾਂ ਪੁਤ੍ਰ ਮਾਤਾ ਨਾ ਤਾਤਾ ਨਾ ਭਾਈ॥266॥85॥

ਗੁਰਮਤ ਵਿੱਚ ਦੇਵੀ ਦੇਵਤਿਆਂ ਦੀ ਪੂਜਾ ਅਰਚਾ ਦਾ ਖੰਡਨ ਕੀਤਾ ਗਿਆ ਹੈ ਅਤੇ ਦਰਅਸਲ ਕਿਸੇ ਦੇਵੀ ਦੇਵਤਾ ਦੀ ਹੋਂਦ ਨੂੰ ਨਾ ਮੰਨ ਕੇ ਇਹਨਾਂ ਹਸਤੀਆਂ ਨੂੰ ਕੇਵਲ ਆਮ ਮਨੁੱਖਾਂ ਦੀ ਗਿਣਤੀ ਵਿੱਚ ਹੀ ਰੱਖਿਆ ਗਿਆ ਹੈ-

ਜੁਗਹ ਜੁਗਹ ਕੇ ਰਾਜੇ ਕੀਏ ਗਾਵਹਿ ਕਰਿ ਅਵਤਾਰੀ **(ਗੁ.ਗ੍ਰੰ.ਸਾ., ਪੰਨਾ 423)** ਦੇ ਮਹਾਂਵਾਕ ਅਨੁਸਾਰ ਇਥੇ ਵੀ ਰਾਮ ਕ੍ਰਿਸ਼ਨ, ਰੁਦ੍ਰ ਆਦਿ ਦੀ ਕਿਸੇ ਵਿਸ਼ੇਸ਼ ਸੱਤਾ ਨੂੰ ਨਹੀਂ ਸਵੀਕਾਰਿਆ ਗਿਆ ਹੈ। ਇਹਨਾਂ ਸਾਰਿਆਂ ਵਿਚਾਰਿਆਂ ਨੂੰ ਕਾਲ (ਪਰਮਾਤਮਾ) ਦੇ ਦੁਆਰ ਤੇ ਪਾਣੀ ਭਰਦੇ ਹੋਏ ਦਰਸਾਇਆ ਗਿਆ ਹੈ-

ਕੇਤੇ ਰਾਮਚੰਦ੍ਰ ਅਰੁ ਕ੍ਰਿਸ਼ਨਾ।।
ਕੇਤੇ ਚਤੁਰਾਨਨ ਸਿਵ ਬਿਸਨਾ॥
ਚੰਦ ਸੂਰਜ ਏ ਕਵਨ ਬਿਚਾਰੇ।
ਪਾਨੀ ਭਰਤ ਕਾਲ ਕੇ ਦਵਾਰੇ॥266॥116॥

ਏਸੇ ਤਰ੍ਹਾਂ ਹੀ ਕਈ ਥਾਂਈ ਸੱਚੇ ਜੋਗ ਦਾ ਨਿਰੂਪਣ ਵੀ ਕੀਤਾ ਗਿਆ ਹੈ।

ਪਰ ਫਿਰ ਵੀ ਕਈ ਵਿਦਵਾਨ ਕਈ ਹੋਰ ਪਾਖਿਆਨ ਚਰਿਤ੍ਰਾਂ (ਤ੍ਰਿਆ ਚਰਿਤ੍ਰਾਂ) ਦੇ ਆਧਾਰ ਤੇ ਇਹ ਕਹਿੰਦੇ ਹਨ ਕਿ ਇਸ ਦੇ ਕਾਮ ਉਦੀਪਤ ਕਰਨ ਵਾਲੇ ਉਪਾਖਿਆਨ ਅਤੇ ਤੱਤ ਸੰਬੰਧੀ ਤਥਾਕਥਿਤ ਅਸ਼ਲੀਲ ਸ਼ਬਦਾਵਲੀ ਇਸ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਜੋੜਨ ਵਿੱਚ ਕਾਫੀ ਵੱਡੇ ਸੰਦੇਹ ਦਾ ਕਾਰਨ ਹੈ। ਦਰਅਸਲ ਭਾਰਤਵਰਸ਼ ਵਿੱਚ ਹਜ਼ਾਰਾਂ ਸਾਲਾਂ ਤੋਂ ਭਿੰਨ ਭਿੰਨ ਤਰੀਕਿਆਂ ਨਾਲ ਕਾਮ (ਸੈਕਸ) ਦੇ ਵਿਰੁੱਧ ਸੰਘਰਸ਼ ਚਲਾ ਚਲਿਆ ਜਾ ਰਿਹਾ ਹੈ। ਹਜ਼ਾਰਾਂ ਲੱਖਾਂ ਤਪੱਸਵੀ, ਮੁਨੀ, ਸੰਨਿਆਸੀ ਹੋ ਗੁਜਰੇ ਹਨ ਪਰ ਸ਼ਾਇਦ ਹੀ ਕੋਈ ਇੱਕਾ ਦੁੱਕਾ ਅਕਾਮ ਨੂੰ ਪ੍ਰਾਪਤ ਕਰ ਸਕਿਆ ਹੋਵੇ। ਅੱਜ ਕਿਸੇ ਵੀ ਤਥਾਕਥਿਤ ਧਾਰਮਿਕ ਵਿਅਕਤੀ ਨਾਲ ਕਾਮ-ਵਿਰਤੀ ਦੀ ਗੱਲ ਜੋੜਨਾ ਅਸ਼ੋਭਜਨਕ ਹੀ ਨਹੀਂ ਸਗੋਂ ਅਸੰਭਵ ਮੰਨਿਆ ਜਾਂਦਾ ਹੈ। ਫਲਸਰੂਪ ਆਪਣੇ ਆਪ ਨੂੰ ਧਾਰਮਿਕ ਸਮਝਣ ਜਾਂ ਸਮਝਾਉਣ ਵਾਲਾ ਵਿਅਕਤੀ ਵੀ ਕਾਮਵਾਸਨਾ ਦੇ ਪ੍ਰਤੀ ਆਪਣੀ ਨਫਰਤ ਨੂੰ ਆਤਮ-ਤ੍ਰਿਪਤੀ ਅਤੇ ਦੂਜਿਆਂ ਦਾ ਆਦਰ ਜਿੱਤਣ ਲਈ ਖੁੱਲ ਕੇ ਪ੍ਰਗਟ ਕਰਨ ਵਿੱਚ ਜ਼ਰਾ ਵੀ ਸੰਕੋਚ ਦਾ ਅਨੁਭਵ ਨਹੀਂ ਕਰਦਾ। ਮਨ ਦੀ ਗਹਿਰਾਈ ਵਿੱਚ ਹਰ ਵਿਅਕਤੀ ਕਾਮਵਾਸਨਾ ਦੀ ਹੋਂਦ ਨੂੰ ਅਤੇ ਉਸ ਦੀ ਉਪਯੋਗਤਾ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਅਵੱਸ਼ ਸਵੀਕਾਰ ਕਰਦਾ ਹੈ। ਦਰਅਸਲ ਜੀਵਨ ਨੂੰ ਗੰਭੀਰਤਾ ਦੇ ਲਬਾਦੇ ਨਾਲ ਢੱਕ ਕੇ ਜੀਣ ਵਾਲਿਆਂ ਨੇ ਕਾਮ ਦੀ ਸੁਭਾਵਕ ਭਾਵਨਾ ਨੂੰ ਵਿਗਾੜਨ ਵਿੱਚ ਕਾਫ਼ੀ ਯੋਗਦਾਨ ਪਾਇਆ ਹੈ।

ਕਾਮ ਇਕ ਸ਼ਕਤੀ ਹੈ-

ਕਾਮ ਇਕ ਸ਼ਕਤੀ ਹੈ ਜਿਸ ਨੂੰ ਜਿੰਨੇ ਜ਼ੋਰ ਨਾਲ ਦਬਾਇਆ ਜਾਏਗਾ ਉਹ ਉਨੇ ਹੀ ਜ਼ੋਰ ਨਾਲ ਪ੍ਰਤੀਘਾਤ ਜਾਂ ਪ੍ਰਤੀਕਿਰਿਆ ਕਰੇਗੀ ਅਤੇ ਵਿਅਕਤੀ ਨੂੰ ਪਹਿਲੇ ਨਾਲੋਂ ਵੀ ਕਈ ਗੁਣਾਂ ਵੱਧ ਕਾਮੀ ਬਣਾ ਦਏਗੀ। ਇਸ ਸ਼ਕਤੀ ਨੂੰ ਰੋਕਣ ਲਈ ਤਥਾਕਥਿਤ ਆਧੁਨਿਕ ਵਿਅਕਤੀ ਨੂੰ ਆਪਣੀ ਸੰਪੂਰਨ ਚੇਤਨਾ ਨੂੰ ਇਸੇ ਕੰਮ ਲਈ ਉਲਝਾ ਦੇਣਾ ਪੈਂਦਾ ਹੈ ਅਤੇ ਉਹ ਨਤੀਜੇ ਵਜੋਂ ਪੂਰਨ ਰੂਪ ਵਿੱਚ ਕਾਮ ਵਾਸਨਾ ਦੇ ਅਧੀਨ ਹੋ ਜਾਂਦਾ ਹੈ। ਪ੍ਰਾਚੀਨ ਬ੍ਰਹਮਚਾਰੀਆਂ ਦੇ ਬਹੁਤ ਨੀਵੀਂ ਪੱਧਰ ਤੱਕ ਪਥਭ੍ਰਿਸ਼ਟ ਹੋ ਜਾਣ ਦੇ ਪਿੱਛੇ ਵੀ ਇਹੋ ਇਕ ਕਾਰਨ ਹੈ। ਸੈਂਕੜੇ ਸਾਲਾਂ ਤੱਕ ਤਪੱਸਿਆ ਕਰਨ ਵਾਲੇ ਵਿਅਕਤੀ ਦੀ ਦਬਾਈ ਹੋਈ ਕਾਮਸ਼ਕਤੀ ਕੇਵਲ ਇਕ ਵਾਰ ਕਿਸੇ ਇਕ ਅਪਸਰਾ ਦੇ ਦਰਸ਼ਨ ਨਾਲ ਹੀ ਭੜਕ ਉਠਦੀ ਹੈ ਅਤੇ ਤਪੱਸਵੀ ਦਾ ਤਪ ਭੰਗ ਕਰਕੇ ਉਸਨੂੰ ਆਮ ਵਿਅਕਤੀ ਬਣਾ ਦਿੰਦੀ ਹੈ। ਪੁਰਾਣਿਕ ਕਥਾਵਾਂ ਵਿੱਚ ਇਹ ਆਮ ਵੇਖਣ ਨੂੰ ਮਿਲਦਾ ਹੈ। ਫਿਰ ਵਿਅਕਤੀ ਸੰਨਿਆਸ ਲੈ ਕੇ ਘੱਟ ਅੰਨ-ਜਲ ਖਾ ਕੇ ਇਸ ਸ਼ਕਤੀ ਨੂੰ ਘੱਟ ਪੈਦਾ ਹੋਣ ਦੇਣ ਦੀ ਦਿਸ਼ਾ ਵੱਲ ਕੰਮ ਕਰਨ ਵੱਲ ਵਧਿਆ ਅਤੇ ਜੋਗੀਆਂ ਜੰਗਮਾਂ ਦੀ ਡਾਰਾਂ ਦੀਆਂ ਡਾਰਾਂ ਦਿਖਾਈ ਦੇਣ ਲੱਗ ਪਈਆਂ। ਪਰੰਤੂ ਇਹ ਹੋਰ ਵੀ ਦੁਖਦ ਹਾਲਾਤ ਹਨ। ਗ੍ਰਿਹਿਸਤੀ ਵਿਅਕਤੀ ਤਾਂ ਕਾਮ ਸ਼ਕਤੀ ਪੈਦਾ ਕਰਦਾ ਹੈ ਅਤੇ ਉਸ ਦਾ ਜ਼ਿਆਦਾਤਰ ਹਿੱਸਾ ਨਸ਼ਟ ਕਰ ਦਿੰਦਾ ਹੈ ਅਰਥਾਤ ਉਸਦੀ ਸ਼ਕਤੀ ਦਾ ਨਿਕਾਸ ਕਰਮ ਇੰਦ੍ਰੀਆਂ ਰਾਹੀਂ ਹੁੰਦਾ ਰਹਿੰਦਾ ਹੈ। ਹੁਣ ਸਵਾਲ ਇਹ ਹੈ ਕਿ ਜਿਸਦੀ ਸ਼ਕਤੀ ਬਾਹਰਮੁਖੀ ਹੋ ਕੇ ਬਾਹਰ ਜਾ ਕੇ ਖਤਮ ਹੋ ਰਹੀ ਹੈ ਉਸਦਾ ਰੂਪ ਤਾਂ ਅੰਦਰ ਮੋੜੇ ਜਾਣ ਦੀ ਸੰਭਾਵਨਾ ਹੈ ਪਰੰਤੂ ਜਿਹੜਾ ਇਸ ਸ਼ਕਤੀ ਨੂੰ ਨਾ ਬਣਨ ਦੇਣ ਲਈ ਹੀ ਕਾਰਕੱਸਾ ਕਰੀ ਬੈਠਾ ਹੈ ਉਸਦੀ ਅੰਤਰਮੁਖੀ ਯਾਤਰਾ ਦਾ ਤਾਂ ਕੋਈ ਸਵਾਲ ਹੀ ਨਹੀਂ ਪੈਦਾ ਹੋ ਸਕਦਾ। ਇਸ ਲਈ ਕਿਹਾ ਜਾ ਸਕਦਾ ਹੈ ਕਿ ਕਾਮਵਾਸਨਾ ਨੂੰ ਦਬਾਉਣ ਜਾਂ ਮਾਰ ਛੱਡਣ ਦਾ ਦਾਵਾ ਕਰਨ ਵਾਲੇ ਵਿਅਕਤੀ ਨਿਸ਼ਚਿਤ ਰੂਪ ਵਿੱਚ ਬੁਰੀ ਅਵਸਥਾ ਵਿੱਚੋਂ ਗੁਜ਼ਰ ਰਹੇ ਹਨ। ਗੁਰੂ ਗੋਬਿੰਦ ਸਿੰਘ ਅਤੇ ਸਿੱਖ ਧਰਮ ਕਿਸੇ ਨੂੰ ਅਜਿਹਾ ਵਿਅਕਤੀ ਹੋਣ ਦੀ ਸਲਾਹ ਨਹੀਂ ਦਿੰਦੇ ਅਤੇ ਗ੍ਰਿਹਸਤ ਧਰਮ ਦੀ ਪਾਲਣਾ ਦੀ ਪ੍ਰੇਰਨਾ ਦਿੰਦੇ ਹਨ। ਕਹਿਣ ਦੀ ਲੋੜ ਨਹੀਂ ਕਿ ਗੁਰੂ ਸਾਹਿਬ ਖੁਦ ਗ੍ਰਿਹਿਸਤੀ ਸਨ, ਉਹਨਾਂ ਦੇ ਚਾਰ ਸਾਹਿਬਜ਼ਾਦੇ ਸਨ ਜਿਹੜੇ ਤੱਤਕਾਲੀਨ ਸ਼ਾਸਕਾਂ ਦੁਆਰਾ ਸ਼ਹੀਦ ਕਰ ਦਿੱਤੇ ਗਏ ਸਨ। ਕਾਮ ਅਤੇ ਵਿਹਾਰ ਵਿੱਚ ਸਮਤੋਲ ਲਿਆਉਣ ਲਈ ਸ੍ਰੀ ਗੁਰੂ

Namdhari Elibrary NamdhariElibrary@gmail.com

ਇਸਤਰੀਆਂ ਦੇ ਅੰਨ੍ਹੇ ਕਾਮੁਕ ਰੂਪਾਂ ਦਾ ਵਰਣਨ ਕਰਨ ਵਾਲੀਆਂ ਕਹਾਣੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਚਰਿਤ੍ਰ' ਸ਼ਬਦ ਨਾਲ ਸੰਬੋਧਿਤ ਕੀਤਾ ਹੈ। ਮੱਧ ਕਾਲੀ ਸਾਹਿਤ ਵਿੱਚ ਸਾਨੂੰ ਦੋ ਤਰ੍ਹਾਂ ਦੇ ਕਾਵਿ ਰੂਪ ਦਿਖਾਈ ਦਿੰਦੇ ਹਨ। ਪਹਿਲੇ ਚਰਿਤਕਾਵਿ ਅਤੇ ਦੂਜੇ ਲੀਲਾ ਕਾਵਿ। ਚਰਿਤ੍ਰ ਕਾਵਿ (ਰਾਮ ਚਰਿਤਮਾਨਸ, ਸੁਦਾਮਾ ਚਰਿਤ ਵਰਗੀਆਂ) ਉਹ ਰਚਨਾਵਾਂ ਹਨ ਜਿਨ੍ਹਾਂ ਵਿੱਚ ਕੋਈ ਨਾ ਕੋਈ ਸਿੱਖਿਆ ਉਪਯੋਗਤਾਵਾਦੀ ਦ੍ਰਿਸ਼ਟੀਕੋਣ ਨੂੰ ਧਿਆਨ ਵਿੱਚ ਰੱਖ ਕੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਰਚਨਾਵਾਂ ਉਪਯੋਗੀ ਤਾਂ ਅਵੱਸ਼ ਹੀ ਹੁੰਦੀਆਂ ਹਨ ਪਰੰਤੂ ਉਹਨਾਂ ਵਿੱਚ ਸਿਰਜਣਾਤਮਕ ਤੱਤਾਂ ਦਾ ਹੋਣਾ ਕੋਈ ਬਹੁਤ ਜ਼ਰੂਰੀ ਨਹੀਂ ਹੁੰਦਾ।

ਗੋਬਿੰਦ ਸਿੰਘ ਜੀ ਨੇ ਚਰਿਤ੍ਰੋਪਾਖਿਆਨਾਂ ਦੀ ਰਚਨਾ ਕੀਤੀ ਅਤੇ ਇਹਨਾਂ ਦੇ ਦੁਆਰਾ ਕਾਮਵਾਸਨਾ ਦੀ ਤੀਬਰਤਾ, ਅਲਪ ਦ੍ਰਿਸ਼ਟੀ, ਪ੍ਰਵੰਚਨਾ ਅਤੇ ਧੂਰਤਪੁਣੇ ਨੂੰ ਦਿਖਾਉਂਦੇ ਹੋਏ ਆਪਣੇ ਪੈਰੋਕਾਰਾਂ ਨੂੰ ਇਸ ਰਚਨਾ ਵਿੱਚ ਚੇਤਾਵਨੀਆਂ ਦਿੱਤੀਆਂ ਹਨ।

ਸੁਧ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।।
ਪੂਤ ਯਹੈ ਪ੍ਰਣ ਤੋਹਿ ਪ੍ਰਾਣ ਜਬ ਲਗ ਘਟ ਥਾਰੇ।।
ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢਈਅਹੁ।।
ਪਰ ਨਾਰੀ ਕੀ ਸੇਜ
ਭੂਲਿ ਸੁਪਨੇ ਹੂੰ ਨ ਜਈਆਹੁ॥5॥
ਪਰ ਨਾਰੀ ਸੋ ਨੇਹੁ ਛੁਰੀ ਪੈਨੀ ਕਰ ਜਾਨਹੁ।।
ਪਰ ਨਾਰੀ ਕੇ ਭਜੇ
ਕਾਲ ਵਯਾਪਯੋ ਤਨ ਮਾਨਹੁ॥53॥ ਚਰਿਤਰ 21
ਰੀਤਿ ਨ ਜਾਨਤ ਪ੍ਰੀਤ ਕੀ ਪੈਸਨ ਕੀ ਪ੍ਰਤੀਤਿ।।
ਬਿੱਛੂ ਬਿਸੀਅਰ ਬੇਸਯਾ ਕਹਹੁ ਕਵਨ ਕੇ ਮੀਤ॥
ਚਰਿਤਰ॥16॥
ਚੰਚਲਾਨ ਕੇ ਚਰਿਤ ਕੋ ਚੀਨ ਸਕਤ ਨਹਿ ਕੋਇ।।
ਬ੍ਰਹਮਾ ਬਿਸਨੂ ਰੁਦ੍ਰਾਦਿ ਸਭ ਸੁਰਪਤਿ ਕੋਊ ਹੋਇ॥
ਚਰਿਤਰ 215॥

ਇਕ ਗੱਲ ਹੋਰ ਵੀ ਧਿਆਨ ਦੇਣ ਯੋਗ ਹੈ ਕਿ ਇਸਤਰੀਆਂ ਦੇ ਅੰਨ੍ਹੇ ਕਾਮੁਕ ਰੂਪਾਂ ਦਾ ਵਰਣਨ ਕਰਨ ਵਾਲੀਆਂ ਕਹਾਣੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ 'ਚਰਿਤ੍ਰ' ਸ਼ਬਦ ਨਾਲ ਸੰਬੋਧਿਤ ਕੀਤਾ ਹੈ। ਮੱਧ ਕਾਲੀ ਸਾਹਿਤ ਵਿੱਚ ਸਾਨੂੰ ਦੋ ਤਰ੍ਹਾਂ ਦੇ ਕਾਵਿ ਰੂਪ ਦਿਖਾਈ ਦਿੰਦੇ ਹਨ। ਪਹਿਲੇ ਚਰਿਤਕਾਵਿ ਅਤੇ ਦੂਜੇ ਲੀਲਾ ਕਾਵਿ। ਚਰਿਤ੍ਰ ਕਾਵਿ (ਰਾਮ ਚਰਿਤਮਾਨਸ, ਸੁਦਾਮਾ ਚਰਿਤ ਵਰਗੀਆਂ) ਉਹ ਰਚਨਾਵਾਂ ਹਨ ਜਿਨ੍ਹਾਂ ਵਿੱਚ ਕੋਈ ਨਾ ਕੋਈ ਸਿੱਖਿਆ ਉਪਯੋਗਤਾਵਾਦੀ ਦ੍ਰਿਸ਼ਟੀਕੋਣ ਨੂੰ ਧਿਆਨ ਵਿੱਚ ਰੱਖ ਕੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀਆਂ ਰਚਨਾਵਾਂ ਉਪਯੋਗੀ ਤਾਂ ਅਵੱਸ਼ ਹੀ ਹੁੰਦੀਆਂ ਹਨ ਪਰੰਤੂ ਉਹਨਾਂ ਵਿੱਚ ਸਿਰਜਣਾਤਮਕ ਤੱਤਾਂ ਦਾ ਹੋਣਾ ਕੋਈ ਬਹੁਤ ਜ਼ਰੂਰੀ ਨਹੀਂ ਹੁੰਦਾ। ਸਿਰਜਨ ਅਤੇ ਨਿਰਮਾਣ ਦਾ ਅੰਤਰ ਹੀ ਇਹ ਹੈ ਕਿ ਸਿਰਜਨਾ ਇਕ ਲੀਲ੍ਹਾ ਹੈ, ਇਕ ਖੇਡ ਹੈ ਜਿਸ ਵਿੱਚ ਖੇਡ-ਖੇਡ ਵਿੱਚ ਸਭ ਕੁਝ ਪ੍ਰਾਪਤ ਹੋ ਜਾਂਦਾ ਹੈ। ਲੀਲ੍ਹਾ ਵਿੱਚ ਕਿਸੇ ਭੌਤਿਕ ਸੁਖ ਦੀ ਉਡੀਕ ਨਹੀਂ ਹੁੰਦੀ ਪਰੰਤੂ ਨਿਰਮਾਣ ਵਿੱਚ ਇਹ ਤੱਥ ਨਹੀਂ ਢੁਕ ਸਕਦਾ। ਨਿਰਮਾਣ ਨਿਸ਼ਚਿਤ ਰੂਪ ਵਿੱਚ ਉਪਯੋਗਿਤਾਵਾਦ ਦੇ ਆਧਾਰ ਤੇ ਖੜ੍ਹਾ ਹੁੰਦਾ ਹੈ। ਅਸੀਂ ਕੱਪੜਾ, ਕਾਰ, ਮਕਾਨ ਬਣਾਉਂਦੇ ਖਰੀਦਦੇ ਹਾਂ ਤਾਂ ਲੀਲ੍ਹਾ ਜਾਂ ਖੇਡ ਲਈ ਨਹੀਂ ਬਲਕਿ ਅਜਿਹਾ ਸਭ ਉਪਯੋਗਿਤਾ ਨੂੰ ਧਿਆਨ ਵਿੱਚ ਰੱਖ ਕੇ ਹੀ ਕੀਤਾ ਜਾਂਦਾ ਹੈ। ਪਰੰਤੂ ਵੀਣਾ ਵਾਦਨ ਜਾਂ ਤਬਲਾ ਵਾਦਨ ਅਥਵਾ ਗਾਇਨ ਇਕ ਆਤਮਿਕ ਅਨੰਦ ਲਈ ਕੀਤਾ ਸੁਣਿਆ ਜਾਂਦਾ ਹੈ ਅਤੇ ਇਸ ਕਿਰਿਆ ਦੇ ਦੌਰਾਨ ਹੀ ਸਾਨੂੰ ਆਤਮਿਕ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ। ਨਿਰਮਾਣ ਕਾਰਜ ਵਿੱਚ ਦਿਮਾਗ਼ੀ ਕਸਰਤ ਦੀ ਲੋੜ ਪੈਂਦੀ ਹੈ ਜਦ ਕਿ ਸਿਰਜਨਾ ਵਾਸਤੇ ਹਿਰਦੇ ਦੀ ਭਾਵੁਕਤਾ ਦੀ ਵੱਧ ਵਰਤੋਂ ਹੁੰਦੀ ਹੈ। ਸ਼ਾਇਦ ਇਸੇ ਲਈ ਰੱਬ ਨੂੰ ਵੀ ਨਿਰਮਾਤਾ ਨਾ ਕਹਿ ਕੇ ਸਿਰਜਨਹਾਰਾ ਕਿਹਾ ਜਾਂਦਾ ਹੈ ਕਿਉਂਕਿ ਇਹ ਜਗਤ ਉਸ ਦੀ ਖੇਡ ਹੈ ਲੀਲ੍ਹਾ ਹੈ। ਨਿਰਮਾਣ ਅਤੇ ਸਿਰਜਨਾ ਵੱਖ-ਵੱਖ ਕਲਾਵਾਂ ਹੁੰਦੀਆਂ ਹੋਈਆਂ ਵੀ ਇਕ ਦੂਜੇ ਦੀਆਂ ਪੂਰਕ ਵੀ ਹੋ ਸਕਦੀਆਂ ਹਨ ਅਤੇ ਜੀਵਨ ਨੂੰ ਪੂਰਨ ਸੰਤੁਲਿਤ ਬਣਾ ਸਕਦੀਆਂ ਹਨ। ਭਾਰਤੀ ਚਿੰਤਨ ਦੇ ਇਤਿਹਾਸ ਵਿੱਚ ਵੀ ਇਹ ਸਪਸ਼ਟ ਹੈ ਕਿ ਅਸੀਂ ਰਾਮ ਦੇ ਜੀਵਨ ਨੂੰ ਚਰਿਤ ਕਹਿੰਦੇ ਹਾਂ ਅਤੇ ਕ੍ਰਿਸ਼ਨ ਦੇ ਜੀਵਨ ਨੂੰ ਲੀਲ੍ਹਾ ਦੇ ਰੂਪ ਵਿੱਚ ਜਾਣਦੇ ਹਾਂ। ਰਾਮ ਦੇ ਜੀਵਨ ਤੋਂ ਸਾਨੂੰ ਵਿਹਾਰਕ ਜੀਵਨ ਦੀ ਮਰਿਆਦਾ, ਗੰਭੀਰਤਾ ਦੀ ਸਿੱਖਿਆ ਅਤੇ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਤੋਂ ਜੀਵਨ ਨੂੰ ਸਹਿਜ ਰੂਪ ਵਿੱਚ ਲੀਲ੍ਹਾ ਰੂਪ ਵਿੱਚ ਜੀਣ ਦੀ ਸਿੱਖਿਆ ਮਿਲਦੀ ਹੈ। ਏਥੇ ਫਿਲਹਾਲ ਇੰਨਾ ਹੀ ਸਮਝਣਾ ਕਾਫ਼ੀ ਹੈ ਕਿ ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਚਰਿਤ੍ਰੋਪਾਖਿਆਨ ਜੀਵਨ ਦੇ ਵਿਭਿੰਨ ਦ੍ਰਿਸ਼ਟੀਕੋਣਾਂ, ਦੁਸਸਾਹਸਿਕ ਕਿਰਦਾਰਾਂ ਅਤੇ ਕਾਮਸ਼ਕਤੀ ਦੇ ਗੰਭੀਰ ਪਲਾਂ ਦੇ ਪ੍ਰਤੀ ਸਾਵਧਾਨ ਕਰਨ ਵਾਲੀ ਰਚਨਾ ਹੈ ਜਿਸ ਨੂੰ ਸੁਧਾ ਉਪਯੋਗਿਤਾਵਾਦ ਨੂੰ ਧਿਆਨ ਵਿੱਚ ਰੱਖ ਕੇ ਲਿਖਿਆ ਗਿਆ ਹੈ। ਇਹੋ ਗੱਲ 'ਚੰਡੀ ਚਰਿਤ੍ਰਾਂ' ਉੱਤੇ ਵੀ ਲਾਗੂ ਹੋ ਸਕਦੀ ਹੈ। ਇਹ ਠੀਕ ਹੈ ਕਿ ਤ੍ਰਿਆ ਚਰਿਤ੍ਰਾਂ ਵਿੱਚ ਕਥਿਤ ਤੌਰ ਤੇ ਕੁਝ ਅਸ਼ਲੀਲ ਸ਼ਬਦਾਂ ਦੀ ਵਰਤੋਂ ਹੋਈ ਮੰਨੀ ਜਾਂਦੀ ਹੈ ਪਰ ਇਹ ਅਸ਼ਲੀਲਤਾ ਫਿਰ ਵੀ ਰੋਜ਼ ਸਿਨਮਿਆਂ ਅਤੇ ਟੈਲੀਵਿਜ਼ਨ ਤੇ ਵਿਖਾਈ ਜਾਣ ਵਾਲੀ ਅਸ਼ਲੀਲਤਾ ਦੇ ਮੁਕਾਬਲੇ ਕੁਝ ਵੀ ਨਹੀਂ। ਗੁਰੂ ਗੋਬਿੰਦ ਸਿੰਘ ਅਧਿਆਤਮਿਕ ਸੰਨਿਆਸੀਆਂ ਦੀ ਜਮਾਤ ਖੜ੍ਹੀ ਕਰਨ ਦੇ ਹੱਕ ਵਿੱਚ ਨਹੀਂ ਸਨ ਜਿਨ੍ਹਾਂ ਨੂੰ ਜਦੋਂ ਚਾਹੋ ਬਲਾਤਕਾਰ ਜਾਂ ਫਿਰ ਕਿਸੇ ਹੋਰ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਜਾ ਸਕੇ। ਖਾਲਸਾ, ਜੀਵਨ ਦੀਆਂ ਸੱਚਾਈਆਂ ਨਾਲ ਜੂਝਣ ਲਈ ਤਿਆਰ ਕੀਤੀ ਕੌਮ ਹੈ, ਨਾਮਧਾਰੀ ਜਾਂ ਸੰਤ ਖਾਲਸਾ ਉਸ ਦਾ ਹੀ ਇੱਕ ਅੰਗ ਹੈ। ਇਹ ਗੱਲ ਇਕ ਅਟੱਲ ਸਚਾਈ ਹੈ। ■

Namdhari Elibrary NamdhariElibrary@gmail.com

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਗੁਜ਼ਰਨ ਬਾਰੇ ਗਲਤ ਬਿਆਨੀ

✍ ਦੇਵਿੰਦਰ ਸਿੰਘ ਗਿੱਲ ਜੀਆ ਨੱਥਾ

ਮਲੇਰਕੋਟਲੇ ਦੇ ਰੱਕੜ ਵਿਚ 17-18 ਜਨਵਰੀ 1872 ਈ. ਨੂੰ ਸੱਤ ਤੋਪਾਂ ਨਾਲ 66 ਨਾਮਧਾਰੀ ਸਿੱਖ ਸ਼ਹੀਦ ਕੀਤੇ ਗਏ ਅਤੇ ਉਹਨਾਂ ਵਿਚੋਂ ਇਕ ਬਾਲਕ ਬਿਸ਼ਨ ਸਿੰਘ ਤਲਵਾਰ ਨਾਲ ਸ਼ਹੀਦ ਕੀਤਾ ਗਿਆ, ਜਿਸਨੇ ਮਿਸਟਰ ਕਾਵਨ ਦੀ ਦਾੜ੍ਹੀ ਨੂੰ ਹੱਥ ਪਾਇਆ ਸੀ। ਇਹ ਸਿੱਖ ਇਤਿਹਾਸ ਵਿਚ ਪਹਿਲਾ ਮੌਕਾ ਸੀ ਜਦੋਂ ਬਿਨਾਂ ਕਿਸੇ ਵਕੀਲ, ਬਿਨਾਂ ਕਿਸੇ ਦਲੀਲ ਅਤੇ ਬਿਨਾਂ ਕਿਸੇ ਅਪੀਲ ਦੇ ਨਿਰਦੋਸ਼ ਦੇਸ਼ ਭਗਤਾਂ ਨੂੰ ਸ਼ਹੀਦ ਕੀਤਾ ਗਿਆ ਸੀ।

ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ-

ਯੁਗ ਪੁਰਸ਼ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਮਿਸ਼ਨ ਨੇ ਅੰਗਰੇਜ਼ ਸਰਕਾਰ ਦੀ ਨੀਂਦ ਹਰਾਮ ਕਰ ਦਿੱਤੀ ਸੀ। 1857 ਦੇ ਗਦਰ ਤੋਂ ਬਾਅਦ ਤਾਂ ਅੰਗਰੇਜ਼ ਸਰਕਾਰ ਨੂੰ ਹਿੰਦੋਸਤਾਨੀਆਂ ਦੀ ਹਰ ਕਾਰਜ ਵਿਧੀ ਵਿੱਚੋਂ ਬਗਾਵਤ ਦੀ ਬੋ ਆਉਂਦੀ ਪ੍ਰਤੀਤ ਹੁੰਦੀ ਸੀ ਅਤੇ ਉਹ ਰੱਸੀ ਨੂੰ ਵੀ ਸੱਪ ਸਮਝ ਰਹੇ ਸਨ। ਸਤਿਗੁਰੂ ਰਾਮ ਸਿੰਘ ਜੀ 1857 ਦੇ ਗਦਰ ਦੀ ਅਸਫਲਤਾ ਤੋਂ ਕੁਝ ਸਮਾਂ ਪਹਿਲਾਂ ਹੀ ਸ੍ਰੀ ਭੈਣੀ ਸਾਹਿਬ ਵਿਚ ਸੰਤ ਖਾਲਸਾ ਦੀ ਹੋਂਦ ਪ੍ਰਗਟ ਕਰਕੇ ਅਰਥਾਤ ਵਸਾਖੀ ਦੇ ਦਿਹਾੜੇ ਚਿੱਟਾ ਝੰਡਾ ਲਹਿਰਾ ਕੇ ਪੰਜਾਂ ਸਿੱਖਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ ਲੋਕਾਈ ਨੂੰ ਜਿਊਣ ਦਾ ਢੰਗ ਦੱਸਿਆ ਸੀ।

ਮਹਾਰਾਜਾ ਰਣਜੀਤ ਸਿੰਘ ਵਾਲਾ ਖਾਲਸਾ ਰਾਜ ਖਤਮ ਹੋਣ ਤੋਂ ਬਾਅਦ ਸਿੱਖ ਇਤਿਹਾਸ ਵਿਚ ਇਹ ਪਹਿਲਾ ਮੌਕਾ ਸੀ ਕਿ ਸਤਿਗੁਰੂ ਜੀ ਨੇ ਸਮੁੱਚੀ ਲੋਕਾਈ ਨੂੰ ਹਲੂਣ ਕੇ ਜਗਾਇਆ ਸੀ ਅਤੇ ਪੰਜਾਬ ਨੂੰ ਜਿਊਣ ਦੀ ਜਾਚ ਦੱਸੀ ਸੀ ਅਤੇ ਦੇਸ਼ ਵਿਚ 22 ਸੂਬਿਆਂ ਦੀ ਹੋਂਦ ਪ੍ਰਗਟ ਕਰਕੇ ਘਰ-ਘਰ ਵਿਚ ਸ੍ਰੀ ਸਤਿਗੁਰੂ ਜੀ ਦੇ ਮਿਸ਼ਨ ਨੂੰ ਪਹੁੰਚਾ ਦਿੱਤਾ ਸੀ। ਸਤਿਗੁਰੂ ਜੀ ਦੇ ਮਿਸ਼ਨ ਤੋਂ ਪ੍ਰਭਾਵਤ ਹੋ ਕੇ ਦੇਸਵਾਸੀ ਸ੍ਰੀ ਭੈਣੀ ਸਾਹਿਬ ਨੂੰ ਸੁਤੰਤਰਤਾ ਸੰਗਰਾਮ ਦਾ ਪਾਠ ਪੜ੍ਹਾਉਣ ਵਾਲੀ ਪਾਠਸ਼ਾਲਾ ਸਮਝਣ ਲੱਗੇ, ਜਿਥੇਂ ਹਰ ਦੇਸ਼ਵਾਸੀ ਨੂੰ ਸਹਿਣਸ਼ੀਲਤਾ, ਸਿੱਖ ਧਰਮ ਵਿਚ ਪਰਪੱਕ ਹੋਣ ਅਤੇ ਬ੍ਰਿਟਿਸ਼ ਸਰਕਾਰ ਦੀ ਗੁਲਾਮੀ ਨੂੰ ਨਾ ਬਰਦਾਸ਼ਤ ਕਰਨ ਦੀ ਸਿੱਖਿਆ ਮਿਲਦੀ ਸੀ।

ਸਤਿਗੁਰੂ ਰਾਮ ਸਿੰਘ ਜੀ ਦੀ ਰਹਿਨੁਮਾਈ ਹੇਠ ਲੋਕਾਈ ਲਾਮਬੱਧ ਹੋਈ ਅਤੇ ਅੰਗਰੇਜ਼ ਦੀ ਗੁਲਾਮੀ ਦਾ ਤੌਕ ਖਤਮ ਕਰਨ ਲਈ 1871 ਅਤੇ 1872 ਈ. ਦੇ ਜਨਵਰੀ ਮਹੀਨੇ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲੇ ਦੇ ਸਾਕੇ ਵਰਤਾ ਦਿੱਤੇ। ਨਾਮਧਾਰੀ ਜਗਤ ਨੇ ਸੁਤੰਤਰਤਾ ਸੰਗ੍ਰਾਮ ਨੂੰ ਅਮਲੀ ਜਾਮਾ ਪਹਿਨਾ ਦਿੱਤਾ। ਇਸ ਦੇ ਨਾਲ ਅੰਗਰੇਜ਼ ਨੂੰ ਭਾਰਤ ਵਿੱਚੋਂ ਕੱਢਣ ਲਈ ਨਾਮਧਾਰੀਆਂ ਨੇ ਨੇਪਾਲ, ਕਸ਼ਮੀਰ, ਗਵਾਲੀਅਰ, ਅਫਗਾਨਿਸਤਾਨ ਅਤੇ ਰੂਸ ਦੇ ਰਾਜ ਘਰਾਣਿਆਂ ਨਾਲ ਸੰਬੰਧ ਕਾਇਮ ਕੀਤੇ, ਤਾਂ ਕਿ ਲੋੜ ਪੈਣ ਤੇ ਉਹਨਾਂ ਦੀ ਸਹਾਇਤਾ ਲਈ ਜਾ ਸਕੇ। ਉਧਰ ਅੰਗਰੇਜ਼ ਸਰਕਾਰ ਨੂੰ ਮੌਕੇ ਦੀ ਤਲਾਸ਼ ਸੀ ਕਿ ਕਦੋਂ ਮੌਕਾ ਮਿਲੇ ਅਤੇ ਉਹ ਨਾਮਧਾਰੀ ਜਗਤ ਵਲੋਂ ਸੁਤੰਤਰਤਾ ਸੰਗ੍ਰਾਮ ਰੂਪੀ ਸ਼ੁਰੂ ਕੀਤੇ ਸੰਘਰਸ਼ ਨੂੰ ਨੱਥ ਪਾ ਸਕੇ।

ਅਖੀਰ ਮਲੇਰਕੋਟਲੇ ਦੇ ਸਾਕੇ ਨੇ ਸਰਕਾਰ ਨੂੰ ਤਤਕਾਲੀ ਇਹ ਮੌਕਾ ਦੇ ਦਿੱਤਾ। ਮਲੇਰਕੋਟਲੇ ਦੇ ਰੱਕੜ ਵਿਚ 17-18 ਜਨਵਰੀ 1872 ਈ. ਨੂੰ ਸੱਤ ਤੋਪਾਂ ਨਾਲ 66 ਨਾਮਧਾਰੀ ਸਿੱਖ ਸ਼ਹੀਦ ਕੀਤੇ ਗਏ ਅਤੇ ਉਹਨਾਂ ਵਿਚੋਂ ਇਕ ਬਾਲਕ ਬਿਸ਼ਨ ਸਿੰਘ ਤਲਵਾਰ ਨਾਲ ਸ਼ਹੀਦ ਕੀਤਾ ਗਿਆ, ਜਿਸਨੇ ਮਿਸਟਰ ਕਾਵਨ ਦੀ ਦਾੜ੍ਹੀ ਨੂੰ

Namdhari Elibrary NamdhariElibrary@gmail.com

ਹੱਥ ਪਾਇਆ ਸੀ। ਇਹ ਸਿੱਖ ਇਤਿਹਾਸ ਵਿਚ ਪਹਿਲਾ ਮੌਕਾ ਸੀ ਜਦੋਂ ਬਿਨਾਂ ਕਿਸੇ ਵਕੀਲ, ਬਿਨਾਂ ਕਿਸੇ ਦਲੀਲ ਅਤੇ ਬਿਨਾਂ ਕਿਸੇ ਅਪੀਲ ਦੇ ਨਿਰਦੋਸ਼ ਦੇਸ਼ ਭਗਤਾਂ ਨੂੰ ਸ਼ਹੀਦ ਕੀਤਾ ਗਿਆ ਸੀ। ਸਤਿਗੁਰੂ ਰਾਮ ਸਿੰਘ ਜੀ ਨੇ ਸੂਬਾ ਲੱਖਾ ਸਿੰਘ ਨੂੰ ਲੁਧਿਆਣੇ ਸਰਕਾਰ ਨੂੰ ਖਬਰ ਕਰਨ ਲਈ ਭੇਜਿਆ ਸੀ ਕਿ ਖਬਰ ਕਰ ਦੇਵੋ, ਕੁਝ ਮਸਤਾਨੇ ਸਿੱਖ ਮਲੇਰਕੋਟਲੇ ਦੇ ਬੁੱਚੜਾਂ ਨੂੰ ਸੋਧਣਾ ਚਾਹੁੰਦੇ ਹਨ ਅਤੇ ਤਿਆਰੀਆਂ ਕਰਕੇ ਚੱਲ ਪਏ ਹਨ। ਜਦੋਂ ਸੂਬਾ ਲੱਖਾ ਸਿੰਘ ਲੁਧਿਆਣੇ ਪਹੁੰਚੇ ਤਾਂ ਸਰਕਾਰ ਨੇ ਸੂਬਾ ਲੱਖਾ ਸਿੰਘ ਨੂੰ ਕੈਦ ਕਰ ਲਿਆ। 17 ਜਨਵਰੀ ਨੂੰ ਸਤਿਗੁਰੂ ਜੀ ਨੂੰ ਲੁਧਿਆਣੇ ਬੁਲਾਇਆ ਗਿਆ। ਪੰਜਾਬ ਸਰਕਾਰ ਦੇ ਨਾਮ 18 ਅਤੇ 19 ਜਨਵਰੀ ਦੀਆਂ ਚਿੱਠੀਆਂ ਵਿਚ ਮਿਸਟਰ ਫੋਰਸਾਈਥ ਲਿਖਦਾ ਹੈ, "ਗੁਰੂ ਰਾਮ ਸਿੰਘ ਜੀ ਦੋ ਸੂਬਿਆਂ ਸਾਹਿਬ ਸਿੰਘ ਅਤੇ ਜਵਾਹਰ ਸਿੰਘ ਅਤੇ ਦੋ ਸੇਵਕਾਂ ਗੁਰਦਿੱਤ ਸਿੰਘ ਅਤੇ ਨਾਨੂੰ ਸਿੰਘ ਸਮੇਤ, ਮੇਰੇ ਹੁਕਮ ਅਨੁਸਾਰ, ਲੁਧਿਆਣੇ 17-18 ਜਨਵਰੀ ਦੀ ਵਿਚਕਾਰਲੀ ਰਾਤ ਦੇ ਇਕ ਵਜੇ ਪਹੁੰਚ ਗਏ ਹਨ। ਮੈਂ ਗੁਰੂ ਰਾਮ ਸਿੰਘ ਜੀ ਹੁਰਾਂ ਤੇ ਬਹੁਤ ਸਾਰੇ ਸਵਾਲ ਕਰਦਾ ਰਿਹਾ, ਜਿਸਦੇ ਜਵਾਬ ਉਹ ਮੈਨੂੰ ਦਿੰਦੇ ਰਹੇ।"

ਸਰਕਾਰ ਦੇ ਅੱਖੀਂ ਘੱਟਾ-

ਫਿਰ ਸਤਿਗੁਰੂ ਜੀ ਨੂੰ ਸੂਬਿਆਂ ਅਤੇ ਸੇਵਕ ਨਾਨੂੰ ਸਿੰਘ ਸਮੇਤ ਅੰਮ੍ਰਿਤ ਵੇਲੇ ਚਾਰ ਵਜੇ ਮਿਸਟਰ ਜੈਕਸਨ ਦੀ ਅਗਵਾਈ ਹੇਠ ਲੁਧਿਆਣੇ ਤੋਂ ਸਪੈਸ਼ਲ ਰੇਲ ਗੱਡੀ ਰਾਹੀਂ ਅਲਾਹਾਬਾਦ ਕਿਲੇ ਵਿਚ ਪਹੁੰਚਾਇਆ ਗਿਆ, ਫਿਰ ਉਥੋਂ ਕਲਕੱਤੇ ਤੇ ਸਮੁੰਦਰੀ ਜਹਾਜ ਰਾਹੀਂ ਸਮੁੰਦਰ ਪਾਰ ਰੰਗੂਨ ਸ਼ਹਿਰ ਭੇਜ ਦਿੱਤਾ ਤਾਂ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਸੰਗਤ ਨਾਲੋਂ ਸੰਪਰਕ ਟੁੱਟ ਜਾਵੇ। ਅੰਗਰੇਜ਼ ਸਰਕਾਰ ਦੀ ਇਹ ਭੁੱਲ ਸੀ, ਛੇਤੀਂ ਹੀ ਨਾਮਧਾਰੀਆਂ ਨੇ ਸਤਿਗੁਰਾਂ ਨਾਲ ਆਪਣਾ ਸੰਪਰਕ ਜੋੜ ਲਿਆ ਅਤੇ ਸ੍ਰੀ ਸਤਿਗੁਰੂ ਜੀ ਦੇ ਰੰਗੂਨ ਜਾ ਕੇ ਸਰਕਾਰ ਦੇ ਅੱਖੀਂ ਘੱਟਾ ਪਾ ਕੇ ਦਰਸ਼ਨ ਕਰ ਆਉਂਦੇ ਅਤੇ ਹੁਕਮਨਾਮੇ ਲੈ ਕੇ ਆਇਆ ਕਰਦੇ ਸਨ।

ਛੇਤੀਂ ਹੀ ਅੰਗਰੇਜ਼ ਸਰਕਾਰ ਨੂੰ ਪਤਾ ਲੱਗ ਗਿਆ ਕਿ ਨਾਮਧਾਰੀ ਸਰਕਾਰ ਦੇ ਅੱਖੀਂ ਘੱਟਾ ਪਾ ਕੇ ਸਤਿਗੁਰਾਂ ਦੇ ਰੰਗੂਨ ਆ ਕੇ ਦਰਸ਼ਨ ਕਰ ਜਾਂਦੇ ਹਨ। ਇਸ ਲਈ ਸਰਕਾਰ ਨੇ ਸਤਿਗੁਰਾਂ ਨੂੰ ਰੰਗੂਨ ਤੋਂ ਅੱਗੇ ਇਕ ਹੋਰ ਸਮੁੰਦਰੀ ਟਾਪੂ ਮਰਗੋਈ ਵਿਖੇ ਤਬਦੀਲ ਕਰ ਦਿੱਤਾ ਅਤੇ ਸਰਕਾਰ ਨਿਸਚਿੰਤ ਹੋ ਗਈ ਕਿ ਹੁਣ ਨਾਮਧਾਰੀ ਸਿੱਖ ਉਥੇ ਨਹੀਂ ਜਾ ਸਕਦੇ। ਪਰੰਤੂ ਸਰਕਾਰ ਹੈਰਾਨ ਰਹਿ ਗਈ ਕਿ ਸਿੱਖ ਉਥੇ ਵੀ ਸਤਿਗੁਰਾਂ ਨਾਲ ਸੰਬੰਧ ਬਣਾਉਣ ਵਿਚ ਕਾਮਯਾਬ ਹੋ ਗਏ ਹਨ। ਹੁਣ ਸਰਕਾਰ ਨੇ ਇਕ ਨਵੀਂ ਚਾਲ ਚੱਲੀ, ਜਿਸ ਦੀ ਮਿਸਾਲ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦੀ। ਉਹ ਚਾਲ ਇਹ ਸੀ ਕਿ ਸਰਕਾਰ ਨੇ ਖਬਰ ਫੈਲਾ ਦਿੱਤੀ, ਸਤਿਗੁਰੂ ਜੀ ਆਪ ਲਗਭਗ 70 ਸਾਲਾਂ ਦੀ ਆਯੂ ਬਤੀਤ ਕਰਕੇ 29 ਨਵੰਬਰ 1885 ਈ. ਨੂੰ ਮਰਗੋਈ ਜੇਲ੍ਹ ਵਿਚ ਠਾਰ ਲੱਗਣ ਕਾਰਨ ਗੁਜ਼ਰ ਗਏ ਹਨ ਅਤੇ 30 ਨਵੰਬਰ 1885 ਨੂੰ ਸਵੇਰੇ ਨੌਂ ਵਜੇ ਤਨਾਸਰਮ ਵਿਖੇ ਆਪ ਜੀ ਦਾ ਸਸਕਾਰ ਕਰ ਦਿੱਤਾ ਗਿਆ ਹੈ।

ਸਰਕਾਰੀ ਕਾਗਜ਼ਾਂ ਵਿਚ ਮਤਭੇਦ-

ਉਪਰੋਕਤ ਚਾਲ ਚਲਾ ਕੇ ਸਰਕਾਰ ਇਹ ਸਿੱਧ ਕਰਨਾ ਚਾਹੁੰਦੀ ਸੀ ਕਿ ਸਤਿਗੁਰੂ ਜੀ ਜੋਤੀ ਜੋਤ ਸਮਾ ਗਏ ਸਨ ਅਤੇ ਇਸ ਤਰ੍ਹਾਂ ਕਰਨ ਨਾਲ ਨਾਮਧਾਰੀ ਸਤਿਗੁਰਾਂ ਤੱਕ ਪਹੁੰਚ ਕਰਨੋਂ ਹਟ ਜਾਣਗੇ ਅਤੇ ਜੋ ਗੁਪਤ ਪੱਤਰ ਵਿਹਾਰ ਸਤਿਗੁਰਾਂ ਅਤੇ ਸ੍ਰੀ ਭੈਣੀ ਸਾਹਿਬ ਵਿਚ ਚੱਲ ਰਿਹਾ ਹੈ, ਉਹ ਬੰਦ ਹੋ ਜਾਵੇਗਾ। ਜਸਵਿੰਦਰ ਸਿੰਘ ਹਿਸਟੋਰੀਅਨ ਨੇ ਪੁਸਤਕ 'ਕੂਕਾ ਮੂਵਮੈਂਟ - ਫਰੀਡਮ ਸਟ੍ਰਗਲ ਇਨ ਪੰਜਾਬ' ਦੇ ਸਫਾ 222 ਤੇ ਸਰਕਾਰੀ ਦਸਤਾਵੇਜ਼ ਛਪਵਾ ਕੇ ਸਰਕਾਰ ਦੀ ਪੋਲ ਖੋਲ੍ਹੀ ਹੈ। ਸਫਾ 222 ਅਤੇ 223 ਸਿਵਲ ਸਰਜਨ ਮਰਗੋਈ ਦੀ ਡਿਪਟੀ ਕਮਿਸ਼ਨਰ ਮਰਗੋਈ ਦੀ ਚਿੱਠੀ ਨੰਬਰ 99, ਤਾਰੀਕ 29 ਨਵੰਬਰ 1885 ਈ. ਵਿਚ ਦਰਜ ਹੈ, ਜਿਸ ਵਿਚ ਬੜੇ ਅਡੰਬਰ ਭਰੀ ਗੋਂਦ ਗੁੰਦੀ ਹੈ ਅਤੇ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ ਉਹ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਸ਼ਾਮ ਦੇ 4.30 ਵਜੇ ਉਹਨਾਂ ਦੀ ਮੌਤ ਹੋਈ। ਇਸ ਤੋਂ ਪਹਿਲਾਂ ਸਰਦੀਆਂ ਕਾਰਨ ਉਹਨਾਂ ਨੂੰ ਇਕ ਕੰਬਲ ਨਵਾਂ ਖਰੀਦ ਕੇ ਦਿੱਤਾ ਗਿਆ ਅਤੇ ਦੋ ਉਹਨਾਂ ਕੋਲ ਪਹਿਲਾਂ ਹੀ ਕੰਬਲ ਸਨ।

'(ਸਤਿਗੁਰੂ ਜੀ ਦਾ) ਸਸਕਾਰ ਅਤੇ ਅਸਥੀਆਂ ਦਾ ਨਦੀ ਵਿਚ ਜਲ ਪ੍ਰਵਾਹ ਚੁਪ-ਚਾਪ ਤਰੀਕੇ ਨਾਲ ਕੀਤਾ ਗਿਆ।' ਇਸ ਰਿਪੋਰਟ ਤੋਂ ਸਰਕਾਰ ਦੀ ਨੀਯਤ ਸ਼ੱਕੀ ਸਾਬਿਤ ਹੋ ਜਾਂਦੀ ਹੈ। ਸਤਿਗੁਰਾਂ ਦਾ ਸਸਕਾਰ ਅਤੇ ਅਸਥੀਆਂ ਦਾ ਜਲ ਪ੍ਰਵਾਹ 'ਚੁਪ-ਚਾਪ' ਕਿਉਂ ਕੀਤਾ ਗਿਆ? ਉਥੇ ਕੋਈ ਨਾਮਧਾਰੀ ਸਿੱਖਾਂ ਦੀ ਵਸੋਂ ਨਹੀਂ ਸੀ, ਜੋ ਸਤਿਗੁਰਾਂ ਦੇ ਸਸਕਾਰ ਦੀ ਖ਼ਬਰ ਤੇ ਕੋਈ ਕਾਰਵਾਈ ਕਰਦੇ ਜਾਂ ਕੋਈ ਹੋਰ ਦੇਸ਼ ਭਗਤ ਵੀ ਉਥੇ ਮੌਜੂਦ ਨਹੀਂ ਸਨ, ਜਿਹਨਾਂ ਤੋਂ ਸਰਕਾਰ ਨੂੰ ਕੋਈ ਡਰ ਭਾਸਦਾ। 'ਚੁਪ-ਚਾਪ' ਵਾਲੀ ਸਰਕਾਰ ਦੀ ਨੀਤੀ ਤੇ ਚਾਲ ਸਰਕਾਰ ਦੀ ਉਸ ਕਾਰਵਾਈ ਨੂੰ ਸ਼ੱਕੀ ਬਣਾ ਦੇਂਦੀ ਹੈ ਅਤੇ ਸਾਬਿਤ ਹੋ ਜਾਂਦਾ ਹੈ ਕਿ ਸਤਿਗੁਰੂ ਜੀ 1885 ਈ. ਵਿਚ ਜੋਤੀ ਜੋਤ ਨਹੀਂ ਸਮਾਏ ਸਨ।

Namdhari Elibrary NamdhariElibrary@gmail.com

ਫਿਰ ਅਗਲੇ ਪਹਿਰੇ ਵਿਚ ਦਰਜ ਹੈ ਕਿ ਅਗਲੇ ਦਿਨ ਅੱਠ ਵਜੇ ਉਹਨਾਂ ਦਾ ਸਸਕਾਰ ਕੀਤਾ ਜਾਵੇਗਾ।

30 ਨਵੰਬਰ 1885 ਦੀ ਸਵੇਰ ਸਮੇਂ 10 ਵਜੇ ਤਿਆਰੀ ਕੀਤੀ ਗਈ ਰਿਪੋਰਟ ਵਿਚ ਦਰਜ ਹੈ ਕਿ ਅੱਠ ਵਜੇ ਸਵੇਰੇ ਉਹਨਾਂ ਦਾ ਸਸਕਾਰ ਕੀਤਾ ਗਿਆ ਅਤੇ ਉਹ ਸਾਰੀ ਕਾਰਵਾਈ ਲਗਭਗ ਨੌਂ ਵਜ ਕੇ ਪੰਜ ਮਿੰਟ ਤੱਕ ਕੀਤੀ ਗਈ। ਫਿਰ ਦੋ ਦਸੰਬਰ ਤੱਕ ਜਦੋਂ ਅਸਥੀਆਂ ਠੰਡੀਆਂ ਹੋ ਜਾਣਗੀਆਂ ਤਾਂ ਹਿੰਦੂ ਰੀਤੀ ਅਨੁਸਾਰ ਇਕ ਨਵੇਂ ਮਿੱਟੀ ਦੇ ਭਾਂਡੇ ਵਿਚ ਪਾ ਕੇ ਜਲ ਪ੍ਰਵਾਹ ਕੀਤੀਆਂ ਜਾਣਗੀਆਂ।

ਜੇਕਰ ਉਪਰੋਕਤ ਖਬਰ ਤੇ ਸਰਕਾਰ ਕਾਇਮ ਰਹਿੰਦੀ, ਤਾਂ ਸ਼ਾਇਦ ਉਸ ਤੇ ਕੋਈ ਵਿਸ਼ਵਾਸ ਕਰ ਲੈਂਦਾ ਪ੍ਰੰਤੂ ਸਰਕਾਰ ਦੇ ਨਿਤ ਤੀਜੇ ਦਿਨ ਨਵੇਂ ਬਿਆਨ ਗਿਰਗਿਟ ਦੇ ਰੰਗ ਬਦਲਣ ਵਾਂਗ ਪਬਲਿਕ ਦੇ ਸਾਹਮਣੇ ਆਉਂਦੇ ਸਨ। ਉਪਰੋਕਤ ਰਿਪੋਰਟ ਅਨੁਸਾਰ 'ਡਾਇਰੀਆ' ਦਸਤ ਲੱਗਣ ਕਾਰਨ ਮੌਤ ਹੋਈ ਦੱਸਿਆ ਹੈ ਪਰੰਤੂ ਬਰਮਾ ਜੇਲ੍ਹ ਰਿਪੋਰਟ 1885 ਅਨੁਸਾਰ Appendix No. XVI-Vital ਵਿੱਚ ਸਾਲ 1885 ਦੇ ਦੌਰਾਨ ਬਰਮਾ ਜੇਲ੍ਹਾਂ ਵਿੱਚ ਵੱਖ-ਵੱਖ ਬਿਮਾਰੀਆਂ ਨਾਲ ਗੁਜ਼ਰੇ ਕੈਦੀਆਂ ਦਾ ਵੇਰਵਾ ਦਰਜ ਹੈ ਪਰੰਤੂ ਮਰਗੋਈ ਜੇਲ੍ਹ ਵਿਚ ਕੋਈ ਕੈਦੀ 'ਡਾਇਰੀਆ' ਨਾਲ ਮਰਿਆ ਹੋਵੇ, ਬਾਰੇ ਕੋਈ ਜ਼ਿਕਰ ਨਹੀਂ ਹੈ ਅਤੇ ਉਹ ਖਾਨਾ ਖਾਲੀ ਛੱਡਿਆ ਗਿਆ ਹੈ।

ਇਸ ਤੋਂ ਬਿਨਾਂ ਸਿਵਲ ਸਰਜਨ ਦੀ ਰਿਪੋਰਟ ਜੋ 2 ਦਸੰਬਰ 1885 ਵਿਚ ਤਿਆਰ ਕੀਤੀ ਗਈ, ਵਿਚ ਦਰਜ਼ ਹੈ- '(ਸਤਿਗੁਰੂ ਜੀ ਦਾ) ਸਸਕਾਰ ਅਤੇ ਅਸਥੀਆਂ ਦਾ ਨਦੀ ਵਿਚ ਜਲ ਪ੍ਰਵਾਹ ਚੁਪ-ਚਾਪ ਤਰੀਕੇ ਨਾਲ ਕੀਤਾ ਗਿਆ।' ਇਸ ਰਿਪੋਰਟ ਤੋਂ ਸਰਕਾਰ ਦੀ ਨੀਯਤ ਸ਼ੱਕੀ ਸਾਬਿਤ ਹੋ ਜਾਂਦੀ ਹੈ। ਸਤਿਗੁਰਾਂ ਦਾ ਸਸਕਾਰ ਅਤੇ ਅਸਥੀਆਂ ਦਾ ਜਲ ਪ੍ਰਵਾਹ 'ਚੁਪ-ਚਾਪ' ਕਿਉਂ ਕੀਤਾ ਗਿਆ? ਉਥੇ ਕੋਈ ਨਾਮਧਾਰੀ ਸਿੱਖਾਂ ਦੀ ਵਸੋਂ ਨਹੀਂ ਸੀ, ਜੋ ਸਤਿਗੁਰਾਂ ਦੇ ਸਸਕਾਰ ਦੀ ਖਬਰ ਤੇ ਕੋਈ ਕਾਰਵਾਈ ਕਰਦੇ ਜਾਂ ਕੋਈ ਹੋਰ ਦੇਸ਼ ਭਗਤ ਵੀ ਉਥੇ ਮੌਜੂਦ ਨਹੀਂ ਸਨ, ਜਿਹਨਾਂ ਤੋਂ ਸਰਕਾਰ ਨੂੰ ਕੋਈ ਡਰ ਭਾਸਦਾ। 'ਚੁਪ-ਚਾਪ' ਵਾਲੀ ਸਰਕਾਰ ਦੀ ਨੀਤੀ ਤੇ ਚਾਲ ਸਰਕਾਰ ਦੀ ਉਸ ਕਾਰਵਾਈ ਨੂੰ ਸ਼ੱਕੀ ਬਣਾ ਦੇਂਦੀ ਹੈ ਅਤੇ ਸਾਬਿਤ ਹੋ ਜਾਂਦਾ ਹੈ ਕਿ ਸਤਿਗੁਰੂ ਜੀ 1885 ਈ. ਵਿਚ ਜੋਤੀ ਜੋਤ ਨਹੀਂ ਸਮਾਏ ਸਨ।

ਮਿਸਟਰ ਈ. ਡੀ. ਮੈਕਲੇਗਨ ਅਤੇ ਐਚ. ਏ. ਰੋਜ਼ ਦੀ ਰਿਪੋਰਟ-

ਅੰਗਰੇਜ਼ ਸਰਕਾਰ ਨੂੰ ਨਾ ਤਾਂ ਆਪ ਨੂੰ ਪਤਾ ਸੀ ਕਿ ਸਤਿਗੁਰੂ ਜੀ ਜੋਤੀ ਜੋਤ ਸਮਾ ਗਏ ਹਨ? ਕਦੇ ਉਹ ਜੋਤੀ ਜੋਤ ਸਮਾਉਣ ਦਾ ਸਾਲ 1885 ਈ. ਨੂੰ ਮੰਨਦੇ ਹਨ ਅਤੇ ਕਦੇ 1888 ਈ. ਨੂੰ ਮੰਨਦੇ ਹਨ। ਇਸ ਲਈ ਨਾਮਧਾਰੀ ਜਗਤ ਉਸ ਖਬਰ ਨੂੰ ਨਹੀਂ ਮੰਨਿਆ ਸੀ। ਸ੍ਰੀ ਬਾਬਾ ਬੁੱਧ ਸਿੰਘ ਜੀ (ਸਤਿਗੁਰੂ ਹਰੀ ਸਿੰਘ ਜੀ) ਨੇ ਅੰਗਰੇਜ਼ ਸਰਕਾਰ ਨੂੰ ਕਿਹਾ ਸੀ ਕਿ ਜੇ ਸਤਿਗੁਰੂ ਜੀ ਠੀਕ ਹੀ ਦੇਹ ਦਾ ਓਹਲਾ ਕਰ ਗਏ ਹਨ ਤਾਂ ਸਾਨੂੰ ਸਤਿਗੁਰੂ ਜੀ ਦੇ ਬਸਤਰ, ਗੁਟਕਾ ਅਤੇ ਗੜਵਾ ਆਦਿਕ ਦਿਖਾਓ, ਤੇ ਦੇਵੋ। ਸਰਕਾਰ ਸਤਿਗੁਰੂ ਹਰੀ ਸਿੰਘ ਜੀ ਨੂੰ ਉਹ ਵਸਤਾਂ ਦਿਖਾ ਨਾ ਸਕੀ। 1892 ਈ. ਵਿਚ ਤਿਆਰ ਹੋਈ ਪੁਸਤਕ 'ਗਲੋਸਰੀ ਆਫ ਦੀ ਟਰਾਈਬਜ਼ ਐਂਡ ਕਾਸਟ ਔਫ ਦੀ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪਰੋਵੈਨਸ' ਜੋ ਪੰਜਾਬ ਦੀ 1883 ਦੀ ਮਰਦਮਸ਼ੁਮਾਰੀ ਰਿਪੋਰਟ ਤੇ ਆਧਾਰਤ ਹੈ, ਜਿਸਨੂੰ ਮਾਨਯੋਗ ਮਿਸਟਰ ਈ. ਡੀ. ਮੈਕਲੇਗਨ ਨੇ ਤਿਆਰ ਕੀਤਾ ਸੀ, ਐਚ. ਏ. ਰੋਜ਼ ਨੇ ਸੰਪਾਦਤ ਕੀਤਾ ਸੀ, ਦੇ ਦੂਜੇ ਹਿਸੇ (ਏ. ਕੇ.) ਦੇ ਪੰਨਾ 561 ਤੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਲੋਕ ਗਮਨ 1888 ਈ. ਵਿਚ ਮੰਨਦੇ ਹੋਏ ਲਿਖਦੇ ਹਨ :

"....**Ram Singh who had not personally participated in the event was deported to Rangoon where he died in 1888, but his followers believe he is still alive and will reappear. His brother Budh Singh inherited the dera.**".

ਇਸਦਾ ਤਰਜ਼ਮਾ "(ਸਤਿਗੁਰੂ) ਰਾਮ ਸਿੰਘ (ਜੀ) ਜਿਹਨਾਂ ਨੇ ਵਿਅਕਤੀਗਤ ਘਟਨਾ (ਅੰਮ੍ਰਿਤਸਰ, ਮਲੇਰਕੋਟਲਾ ਆਦਿ ਸਾਕੇ) ਵਿਚ ਹਿਸਾ ਨਹੀਂ ਲਿਆ। ਉਹਨਾਂ ਨੂੰ ਰੰਗੂਨ ਨੂੰ ਜਲਾਵਤਨ ਕਰ ਦਿੱਤਾ ਗਿਆ। ਜਿਥੇ ਉਹ 1888 ਈ. ਵਿਚ ਜੋਤੀ ਜੋਤ ਸਮਾ ਗਏ। ਪਰੰਤੂ ਉਹਨਾਂ ਦੇ ਸਿੱਖਾਂ ਨੂੰ ਯਕੀਨ ਹੈ ਕਿ ਉਹ ਅਜੇ ਜੀਵਤ ਹਨ ਅਤੇ ਦੋਬਾਰਾ ਦਰਸ਼ਨ ਦੇਣਗੇ। ਉਹਨਾਂ ਦਾ ਭਰਾ ਬੁੱਧ ਸਿੰਘ ਡੇਰੇ ਨੂੰ ਸੰਭਾਲ ਰਿਹਾ ਹੈ।"

ਸਰ ਚਾਰਲਸ ਬਰਨਾਰਡ ਦੇ ਪੱਤਰ ਦਾ ਹਵਾਲਾ-

ਉਪਰੋਕਤ ਇਤਿਹਾਸਕ ਲਿਖਤਾਂ ਦੇ ਹਵਾਲਿਆਂ ਨਾਲ ਸਰਕਾਰ ਅੰਗਰੇਜ਼ ਦੀ ਕੋਝੀ ਹਰਕਤ ਤੇ ਚਾਲ ਸ਼ੱਕੀ ਸਿੱਧ ਹੋ ਜਾਂਦੀ ਹੈ ਕਿ ਸਤਿਗੁਰੂ ਜੀ 1885 ਈ. ਵਿਚ ਜੋਤ ਜੋਤ ਸਮਾਏ ਜਾਂ 1888 ਈ. ਵਿਚ, ਪਾਠਕ ਦੋਚਿਤੀ ਵਿਚ ਪੈ ਜਾਂਦਾ ਹੈ। ਜਦੋਂ ਕਿ ਮੈਕਲੇਗਨ ਦੀ ਲਿਖਤ ਅਨੁਸਾਰ ਨਾਮਧਾਰੀ ਜਗਤ ਉਪਰੋਕਤ ਖਬਰਾਂ ਨੂੰ ਬਿਲਕੁਲ ਨਕਾਰ ਚੁੱਕਾ ਹੈ। ਇਸ ਤੋਂ ਬਿਨਾਂ ਸਰ ਚਾਰਲਸ ਬਰਨਾਰਡ ਦਾ ਪੱਤਰ, ਜਿਸਦਾ ਪਹਿਲੀ ਵਾਰ ਜ਼ਿਕਰ ਸ. ਜਸਵਿੰਦਰ ਸਿੰਘ ਹਿਸਟੋਰੀਅਨ ਦੀਆਂ ਲਿਖਤਾਂ ਵਿਚ ਆਇਆ ਹੈ। ਸਰ ਚਾਰਲਸ ਬਰਨਾਰਡ

Namdhari Elibrary NamdhariElibrary@gmail.com

ਬਰਮਾ ਚੀਫ਼ ਕਮਿਸ਼ਨਰ ਸੀ, ਉਹ ਆਪਣੇ ਉਰਦੂ, ਫ਼ਾਰਸੀ, ਪੰਜਾਬੀ ਤੇ ਸੰਸਕ੍ਰਿਤ ਭਾਸ਼ਾਵਾਂ ਦੇ ਵਿਦਵਾਨ ਭਾਰਤੀ ਮਿੱਤਰ ਸ. ਅਤਰ ਸਿੰਘ ਭਦੌੜ, ਜੋ ਨਾਮਧਾਰੀ ਜਗਤ ਦਾ ਦੋਖੀ ਸੀ, ਵੱਲ 23 ਅਗਸਤ 1886 ਈ. ਨੂੰ ਲਿਖੇ ਪੱਤਰ ਵਿਚ ਜ਼ਿਕਰ ਕਰਦਾ ਹੈ-

"Ram Singh, Kuka is going to be transferred to a more remote spot, where communication with him will be less easy."

ਇਸਦਾ ਅਨੁਵਾਦ - (ਗੁਰੂ) ਰਾਮ ਸਿੰਘ, ਕੂਕਾ ਐਸੀ ਦੂਰ ਥਾਂ 'ਤੇ ਬਦਲਿਆ ਜਾ ਰਿਹਾ ਹੈ, ਜਿਥੋਂ (ਕੂਕਿਆਂ) ਲਈ ਉਨ੍ਹਾਂ ਨਾਲ ਸੰਪਰਕ ਕਰਨਾ ਸੌਖਾ ਨਹੀਂ ਹੋਵੇਗਾ।"

(ਹਵਾਲਾ ਜਸਵਿੰਦਰ ਸਿੰਘ ਹਿਸਟੋਰੀਅਨ ਦੀ ਪੁਸਤਕ ਕੂਕਾ ਮੂਵਮੈਂਟ ਫਰੀਡਮ ਸਟਰਗਲ ਇੰਨ ਪੰਜਾਬ, ਪੰਨਾ 226)

ਸਰ ਚਾਰਲਸ ਬਰਨਾਰਡ ਸੰਨ 1880 ਤੋਂ 1887 ਈ. ਤੱਕ ਬਰਮਾ ਦਾ ਚੀਫ਼ ਕਮਿਸ਼ਨਰ ਰਿਹਾ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਦਾ ਚੰਗੀ ਤਰ੍ਹਾਂ ਵਾਕਿਫ ਸੀ। ਉਹ ਸਤਿਗੁਰੂ ਰਾਮ ਸਿੰਘ ਜੀ ਤੇ ਪੰਜਾਬ ਵਿਚ ਕੂਕਿਆਂ ਨਾਲ ਸੰਪਰਕ ਕੜੀ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਨਾਮਧਾਰੀ ਸਿੱਖ ਰੰਗੂਨ ਸਤਿਗੁਰਾਂ ਕੋਲ ਆਉਂਦੇ ਅਤੇ ਹੁਕਮਨਾਮੇ ਲੈ ਕੇ ਪੰਜਾਬ ਆ ਜਾਂਦੇ ਸਨ। ਉਸਨੇ ਹੀ ਉਪਰੋਕਤ ਸੰਪਰਕ ਕੜੀ ਨੂੰ ਖਤਮ ਕਰਨ ਲਈ ਸਤਿਗੁਰੂ ਜੀ ਨੂੰ ਰੰਗੂਨ ਤੋਂ ਮਰਗੋਈ ਜੇਲ੍ਹ ਵਿੱਚ ਭੇਜਿਆ ਸੀ। ਇੰਨਾਂ ਕੁਝ ਹੁੰਦੇ ਹੋਏ ਜੇ ਸਤਿਗੁਰੂ ਜੀ 1885 ਈ. ਵਿਚ ਸੁਰਗਵਾਸ ਹੋ ਗਏ ਹੁੰਦੇ, ਤਾਂ ਉਹ ਅਤਰ ਸਿੰਘ ਭਦੌੜ ਨੂੰ ਕਿਵੇਂ ਲਿਖ ਸਕਦਾ ਸੀ ਕਿ ਉਨ੍ਹਾਂ ਨੂੰ ਦੂਰ ਥਾਂ ਤੇ ਬਦਲਿਆ ਜਾ ਰਿਹਾ ਸੀ। ਉਪਰੋਕਤ ਪੱਤਰ ਤੋਂ ਪ੍ਰਤੱਖ ਜ਼ਾਹਿਰ ਹੁੰਦਾ ਹੈ, ਸਤਿਗੁਰੂ ਜੀ ਆਪਣੀ ਮੌਜ ਵਿੱਚ ਕਿਧਰੇ ਅਲੋਪ ਹੋ ਗਏ ਸਨ।

ਸੂਬਾ ਕਾਹਨ ਸਿੰਘ ਦੇ ਵਿਚਾਰ-

ਮਹਾਰਾਣੀ ਵਿਕਟੋਰੀਆ ਜੋ ਇੰਗਲੈਂਡ ਦੀ ਮਹਾਰਾਣੀ ਸੀ, ਦੇ 50 ਸਾਲਾ ਤਾਜ਼ਪੋਸ਼ੀ ਦੇ ਗੋਲਡਨ ਜੁਬਲੀ ਜਸ਼ਨਾਂ ਸਮੇਂ ਕਈ ਕੈਦੀ ਰਿਹਾਅ ਕੀਤੇ ਗਏ ਅਤੇ ਇਹ ਅਵਸਰ ਅੰਗਰੇਜ਼ ਸਰਕਾਰ ਵਲੋਂ ਬੜੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। 1888 ਈ. ਵਿਚ ਸੂਬਾ ਕਾਹਨ ਸਿੰਘ ਚੁਨਾਰ ਦੇ ਕਿਲੇ ਵਿਚੋਂ ਰਿਹਾਅ ਹੋ ਕੇ ਵਾਪਿਸ ਪੰਜਾਬ ਆਏ। ਪੰਜਾਬ ਦੀ ਖੁਫੀਆ ਰਿਪੋਰਟ ਵਿਚ ਦਰਜ਼ ਹੈ ਕਿ ਸੂਬਾ ਕਾਹਨ ਸਿੰਘ ਨੇ ਨਾਮਧਾਰੀਆਂ ਨੂੰ ਦੱਸਿਆ, "ਗੁਰੂ ਰਾਮ ਸਿੰਘ ਜੀ ਜਿਉਂਦੇ ਹਨ ਅਤੇ ਉਹ ਛੇਤੀਂ ਹੀ ਪਰਤਣਗੇ। (ਦੇਖੋ ਹਵਾਲਾ " ਸਤਿਗੁਰੂ ਰਾਮ ਸਿੰਘ ਜੀ ਦੇ ਦੇਹਾਂਤ ਬਾਰੇ ਵਿਵਾਦ (ਲੇਖ) ਲੇਖਕ ਜਸਵਿੰਦਰ ਸਿੰਘ ਹਿਸਟੋਰੀਅਨ, ਨਾਮਧਾਰੀ ਹੋਲਾ ਮਹੱਲਾ ਸੋਵੇਨੀਅਰ 1985)

ਸਰਕਾਰ ਨੇ ਇਹ ਵਿਵਾਦ ਕਿਉਂ ਖੜ੍ਹਾ ਕੀਤਾ-

ਹੁਣ ਤੱਕ ਦੇ ਸਾਰੇ ਇਤਿਹਾਸਕ ਹਵਾਲਿਆਂ ਤੋਂ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਦੇਹ ਦਾ ਓਹਲਾ ਨਹੀਂ ਸੀ ਕੀਤਾ, ਸਗੋਂ ਆਪਣੀ ਮੌਜ ਵਿਚ ਭਾਣੇ ਦੇ ਮਾਲਕ ਕਿਧਰੇ ਅਲੋਪ ਹੋ ਗਏ ਅਤੇ ਨਾਮਧਾਰੀ ਜਗਤ ਨੂੰ ਪੂਰਨ ਆਸ ਹੈ ਕਿ ਉਹ ਉਸੇ ਦੇਹ ਵਿਚ ਹੀ ਵਾਪਿਸ ਆਉਣਗੇ ਅਤੇ ਸੰਗਤ ਨੂੰ ਦਰਸ਼ਨ ਦੇਣਗੇ। ਇਸ ਪ੍ਰਤੀ ਸਰਕਾਰ ਨੇ ਕਿਉਂ ਐਸੀ ਚਾਲ ਚੱਲੀ ਅਤੇ ਕਿਉਂ ਨਵਾਂ ਵਿਵਾਦ ਖੜ੍ਹਾ ਕੀਤਾ? ਇਸਦੇ ਕਈ ਕਾਰਨ ਸਨ।

ਪਹਿਲਾਂ ਕਾਰਨ ਤਾਂ ਇਹ ਸੀ ਕਿ ਨਾਮਧਾਰੀ ਲਹਿਰ ਨੂੰ ਖਤਮ ਕਰਨ ਲਈ ਸਰਕਾਰ ਅੱਡੀ ਚੋਟੀ ਦਾ ਤਾਣ ਲਗਾ ਚੁੱਕੀ ਸੀ। ਸਤਿਗੁਰੂ ਜੀ ਤੇ ਸੂਬਿਆਂ ਨੂੰ ਪੰਜਾਬ ਤੋਂ ਬਾਹਰ ਇਲਾਹਾਬਾਦ ਭੇਜਿਆ, ਫਿਰ ਕਲਕੱਤੇ ਦੇ ਰਸਤੇ ਰੰਗੂਨ ਭੇਜਿਆ, ਫਿਰ ਰੰਗੂਨ ਤੋਂ ਮਰਗੋਈ ਤੇ ਮੌਲਮੀਨ ਭੇਜਿਆ। ਫਿਰ 1886 ਈ. ਵਿਚ ਸਤਿਗੁਰੂ ਜੀ ਨੂੰ ਕਿਸੇ ਅਣਦੱਸੇ ਥਾਂ ਭੇਜਣ ਦੀ ਸੋਚ ਵਿਚਾਰੀ ਗਈ, ਤਾਂ ਕਿ ਨਾਮਧਾਰੀ ਲਹਿਰ ਨੂੰ ਖਤਮ ਕੀਤਾ ਜਾ ਸਕੇ ਅਤੇ ਸੁਤੰਤਰਤਾ ਸੰਗਰਾਮ ਖਤਮ ਕੀਤਾ ਜਾਵੇ ਪ੍ਰੰਤੂ ਸਰਕਾਰ ਪੂਰੀ ਤਰ੍ਹਾਂ ਨਾਕਾਮ ਸਿੱਧ ਹੋਈ।

ਦੂਜਾ ਕਾਰਨ, ਸਤਿਗੁਰੂ ਰਾਮ ਸਿੰਘ ਜੀ ਦੇ ਯਤਨਾਂ ਸਦਕਾ ਸਮੁਚੇ ਜਗਤ ਵਿੱਚ ਸੁਤੰਤਰਤਾ ਸੰਗਰਾਮ ਪ੍ਰਚੰਡ ਹੋ ਚੁੱਕਾ ਸੀ। ਪੰਜਾਬ, ਗਵਾਲੀਅਰ, ਦਿੱਲੀ ਦੇ ਮੁਗਲ ਬਾਦਸ਼ਾਹ ਦੇ ਰਿਸ਼ਤੇਦਾਰ, ਕਸ਼ਮੀਰ, ਕਾਬਲ ਆਦਿਕ ਸਾਰੇ ਹੀ ਅੰਗਰੇਜ਼ ਦੇ ਵਿਰੁੱਧ ਲਾਮਬੰਧ ਹੋ ਚੁੱਕੇ ਸਨ।

ਤੀਜਾ ਕਾਰਨ ਮਹਾਰਾਜਾ ਦਲੀਪ ਸਿੰਘ ਉਸ ਸਮੇਂ ਤੱਕ ਆਪਣੇ ਵਿਰਸੇ ਬਾਰੇ ਪੂਰੀ ਤਰ੍ਹਾਂ ਜਾਗਰੂਕ ਹੋ ਚੁੱਕਾ ਸੀ। ਉਸਨੂੰ ਇੰਗਲੈਂਡ ਵਿਚ ਕੂਕਾ ਬਨਾਰਸੀ ਦਾਸ ਮਿਲਿਆ ਅਤੇ ਉਹ ਕੂਕਾ ਬਨਾਰਸੀ ਦਾਸ ਦੀ ਪ੍ਰੇਰਨਾ ਸਦਕਾ ਦੋਬਾਰਾ ਹਿੰਦੋਸਤਾਨ ਆ ਕੇ ਸਿੱਖੀ ਮੰਡਲ ਵਿਚ ਪ੍ਰਵੇਸ਼ ਕਰਨਾ ਚਾਹੁੰਦਾ ਸੀ। ਇਸ ਤੋਂ ਬਿਨਾਂ ਨਾਮਧਾਰੀ ਅਤੇ ਨਿਹੰਗ ਸਿੱਖ ਮਹਾਰਾਜਾ ਦਲੀਪ ਸਿੰਘ ਦੀ ਮਦਦ ਕਰਨ ਲਈ ਉਸਦਾ ਰਾਹ ਦੇਖ ਰਹੇ ਸਨ। ਨਾਮਧਾਰੀ ਜਗਤ ਨੇ ਉਸਦੀ ਹਰ ਤਰ੍ਹਾਂ ਦੀ ਮਦਦ ਕਰਨ ਦੀ ਵੀ ਸੋਚ, ਸੋਚ ਲਈ ਸੀ।

ਚੌਥਾ ਕਾਰਨ, ਰੂਸ 1878 ਵਿਚ 'ਬਰਲਿਨ ਕਾਂਗਰਸ' ਵਿਚ ਹੋਈ ਨਮੋਸ਼ੀ ਤੋਂ ਸਖਤ ਔਖਾ ਸੀ ਅਤੇ ਉਹ ਬਦਲਾ ਲੈਣ ਲਈ ਢੁਕਵਾਂ ਮੌਕਾ ਲੱਭ ਰਿਹਾ ਸੀ। ਅੰਗਰੇਜ਼ ਨੂੰ ਤੰਗ ਕਰਨ ਲਈ ਉਹ ਅਫਗਾਨਿਸਤਾਨ ਵੱਲ ਆਪਣੀਆਂ ਗਤੀਵਿਧੀਆਂ ਵਧਾ ਰਿਹਾ ਸੀ। ਇਸ

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਆਪੇ ਹੀ ਬਸੰਤ ਐ

✍ ਹਰਿੰਦਰ ਪਤੰਗਾ

ਫੁੱਲਾਂ ਵਾਲੀ ਚੁੰਨੀ ਲੈ ਲਈ, ਧਰਤੀ ਸੁਹਾਗਣ ਨੇ, ਧਾਰਕੇ ਬਸੰਤ ਰੂਪ ਆਇਆ ਜੀਹਦਾ ਕੰਤ ਐ।
ਹਵਾ ਚੱਲੇ ਠੁਮਕ ਠੁਮਕ ਠੁਮਕਾਰੇ ਮਾਰੇ, ਧਰਦੀ ਨਾ ਪੈਰ ਭੁੰ ਤੇ ਹੋ ਗਈ ਚਲੰਤ ਐ।
ਰਾਈਆਂ ਦੀਆਂ ਗਲੀਆਂ 'ਚ ਖੁਸ਼ੀ ਖੇੜੇ ਖੇਡਦੇ ਨੇ, ਝੂਮਦੀ ਲੁਕਾਈ ਕਿਸੇ ਕੀਤਾ ਐਸਾ ਮੰਤ ਐ।
ਸਰੋਂਆਂ ਦੇ ਖੇਤ ਪੀਲੇ ਵਿਸ਼ਿਆ ਪਿਤਾਂਬਰ ਜਿਉਂ, ਰਾਸ ਹੈ ਘਨਈਆ ਰਚੀ ਜਿਸਦਾ ਲਾ ਅੰਤ ਐ।
ਫੁੱਲਾਂ ਕਲੀਆਂ ਨੇ ਕਿਹਾ ਧਰਤੀ ਦੇ ਕੰਨ ਵਿਚ, ਆ ਗਿਆ ਅਕਾਲ ਪੁਰਖ ਸੰਤਾਂ ਦਾ ਸੰਤ ਐ।
ਸਤਿਗੁਰੂ ਰਾਮ ਸਿੰਘ ਵਾਲੀ ਸਾਰੀ ਦੁਨੀਆਂ ਦਾ, ਬਣਕੇ ਬਸੰਤ ਆਇਆ ਆਪੇ ਆਦਿ ਅੰਤ ਐ।
ਇਹਦੇ ਦਰੋਂ ਮਿਲਣੇ ਨੇ ਵਰ ਵਰਿਆਮਤਾ ਨੂੰ, ਜੀਵਨ ਜੁੱਗਤ ਸਿਤਮਾਂ ਨੂੰ ਜਰ ਜਾਣਦੀ।
ਸੱਚ ਦੀ ਸ਼ਮਾਂ ਜਿਥੇ ਲੱਟ ਲੱਟ ਬਲਦੀ ਏ, ਕਰਾਂ ਕੀ ਤਾਰੀਫ਼ ਐਹੋ ਜਿਹੇ ਸ਼ਮਾਨਦਾਨ ਦੀ।
ਜਿਮੀਂ ਤਕ ਤਾਰਿਆਂ ਨੇ, ਉਸ ਵੇਲੇ ਝੁੱਕਣਾ ਏਂ, ਤੱਕਣੀ ਚੜ੍ਹਤ ਜਦੋਂ ਅੱਗੇ ਸੁਲਤਾਨ ਦੀ।
ਮੁਰਦੇ ਤੇ ਪੱਲ ਵਿਚ ਜਿੰਦਾ ਹੋਣੇ ਓਸ ਵੇਲੇ, ਜਿਸ ਵੇਲੇ ਹੋਣੀ ਇਕ ਨਿਗਾਹ ਮਿਹਰਬਾਨ ਦੀ।
ਆਪੇ ਆਦਿ ਲਦ ਆਪੇ ਸਾਜ਼ ਤੇ ਆਵਾਜ ਆਪੇ, ਸੁਣਦਾ ਸੁਣਦਾ ਆਪੇ ਆਪ ਕਲਾਵੰਤ ਐ।
ਫੁੱਲਾਂ ਕਿ ਸੁਗੰਧ ਆਪੇ, ਹਵਾ ਮੰਦ ਮੰਦ ਆਪੇ, ਕਲੀਆਂ ਤੇ ਭੌਰ ਆਪੇ ਆਪੇ ਹੀ ਬਸੰਤ ਐ।
ਐਹੋ ਜਿਹੇ ਸਿੰਘ ਇਹਨੇ ਜੱਗ ਤੇ ਸਜਾਵਣੇ ਨੇ, ਮੌਤ ਨੂੰ ਵੀ ਸਤਿ ਸ੍ਰੀ ਅਕਾਲ ਜੋ ਬੁਲਾਵਣਗੇ।
ਪਹਿਲਾਂ ਮੱਥਾ ਮੌਤ ਮੁਟਿਆਰ ਦਾ ਉਹ ਚੁੰਮਣਗੇ, ਫੇਰ ਗੱਲ ਵਿਚ ਫੰਦਾ ਫਾਂਸੀ ਵਾਲਾ ਪਾਣਗੇ।
ਗਊਆਂ ਤੇ ਗਰੀਬਾਂ ਨੂੰ, ਜਿਉਣ ਆਉਣਾ ਜੱਗ ਉਤੇ, ਪਰਉਪਕਾਰ ਐਹੋ ਜਿਹਾ ਕਰ ਜਾਣਗੇ।
ਵੇਖਕੇ ਦਲੇਰੀ ਵੈਰੀ ਵਾਹ ਵਾਹ ਕਰ ਉਠਣਗੇ, ਤੋਪਾਂ ਅੱਗੇ ਆ ਕੇ ਜਦੋਂ ਕੂਕੇ ਹਿੱਕ ਡਾਹੁਣਗੇ।
ਅੰਬਰਾਂ ਦੇ ਵਿਚ ਚੰਨ ਸੋਲ੍ਹਾਂ ਕਲਾ ਧਾਰਦਾ ਏ, ਧਰਤੀ ਤੇ ਧਾਰ ਆਇਆ ਕਲਾ ਇਹ ਅਨੰਤ ਐ।
ਵਣ ਤ੍ਰਿਣ ਵਿਚ ਜਿਹੜਾ ਮੌਲਿਆ ਪਤੰਗਿਆ, ਸਤਿਗੁਰੂ ਰਾਮ ਸਿੰਘ ਆਪੇ ਹੀ ਬਸੰਤ ਐ।
ਚਿੱਟੇ ਨੇ ਗੁਲਾਬ ਉਨ੍ਹਾਂ ਪਾਣੀਆਂ ਤੇ ਖਿਲਣੇ, ਭਜਨ ਦੀਆਂ ਜਿਥੇ ਏਨ੍ਹੇ ਕਲਮਾਂ ਲਗਾਣੀਆਂ।
ਇਹਦੇ ਸਿੰਘਾਂ ਨਵੇਂ ਇਤਿਹਾਸ ਰਚ ਛੱਡਣੇ, ਜੁਗਾਂ ਤੱਕ ਪਊਣੀਆਂ ਨੇ ਜੱਗ ਨੇ ਕਹਾਣੀਆਂ।
ਪਿਆਰ ਵਾਲਾ ਪਾਠ ਸਾਰੇ ਜੱਗ ਨੂੰ ਪੜ੍ਹਾਉਣਾ ਏਂ, ਵੈਰ ਤੇ ਵਿਰੋਧ ਕੱਢਣੇ ਨੇ ਕਰ ਨਾਨ੍ਹੀਆਂ।
ਅੱਧ ਰਾਤ ਉਠ ਸਣਕੇਸੀਂ ਇਸ਼ਨਾਨ ਕਰ, ਮਿਲਦਾ ਹੈ ਪੁੰਨ ਜੁ ਨਹਾਤੇ ਗੰਗ ਪਾਣੀਆਂ।
ਸਾਗਰ ਕਿਨਾਰਾ ਆਪੇ, ਕਿਸ਼ਤੀ ਹੁਲਾਰਾ ਆਪੇ, ਧਰਤੀ ਆਕਾਸ਼ ਆਪੇ ਆਪੇ ਜੀਵ ਜੰਤ ਐ।
ਸੱਚ ਗੱਲ ਰੋਕਿਆਂ ਪਤੰਗਾ ਨਾਹੀਂ ਰੁਕਦੀ ਏ, ਸਤਿਗੁਰੂ ਰਾਮ ਸਿੰਘ ਆਪੇ ਹੀ ਬਸੰਤ ਐ।

ਬਾਰੇ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਵਾਰ ਵਾਰ ਜ਼ਿਕਰ ਆਉਂਦਾ ਹੈ ਕਿਉਂਕਿ ਨਾਮਧਾਰੀਆਂ ਨੂੰ ਆਸ ਸੀ ਕਿ ਰੂਸ ਪੰਜਾਬ ਵੱਲ ਆਵੇਗਾ, ਫਿਰ ਧਰਮ ਦਾ ਰਾਜ ਹੋਵੇਗਾ। ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਰੂਸ ਦੇ ਸ੍ਰੀ ਭੈਣੀ ਸਾਹਿਬ ਨਾਲ ਸੂਤਰ ਸੰਪਰਕ ਕਾਇਮ ਸਨ ਅਤੇ ਅੱਗੋਂ ਸਾਰੀ ਖਬਰ ਬਰਮਾ ਵਿੱਚ ਸਤਿਗੁਰੂ ਰਾਮ ਸਿੰਘ ਜੀ ਤੱਕ ਪਹੁੰਚਾਈ ਜਾਂਦੀ ਸੀ।

ਉਸ ਸਭ ਕੁਝ ਨੂੰ ਖਤਮ ਕਰਨ ਲਈ ਹੀ ਅੰਗਰੇਜ਼ ਸਰਕਾਰ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦੇਹਾਂਤ ਦੀ ਝੂਠੀ ਖਬਰ ਫੈਲਾਅ ਦਿੱਤੀ ਸੀ ਪ੍ਰੰਤੂ ਅੱਗੋਂ ਸਤਿਗੁਰੂ ਹਰੀ ਸਿੰਘ ਜੀ ਸਰਕਾਰ ਦੀ ਕੋਝੀ ਚਾਲ ਨੂੰ ਸਮਝਦੇ ਸਨ। ਇਸ ਲਈ ਨਾਮਧਾਰੀ ਜਗਤ ਨੇ ਸਤਿਗੁਰਾਂ ਦੇ ਦੇਹਾਂਤ ਦੀ ਖਬਰ ਦਾ ਖੰਡਨ ਕੀਤਾ ਅਤੇ ਇਹ ਲਹਿਰ ਸਰਕਾਰ ਦਮਨ ਦਾ ਵਿਰੋਧ ਕਰਦੀ ਹੋਈ ਦਿਨੋ-ਦਿਨ ਅੱਗੇ ਹੀ ਵਧਦੀ ਗਈ ਅਤੇ ਅੰਗਰੇਜ਼ ਦੇ ਸਾਰੇ ਸੁਪਨੇ ਖਤਮ ਕਰ ਦਿੱਤੇ, ਚਕਨਾਚੂਰ ਕਰ ਦਿੱਤੇ।

ਸਹਾਇਕ ਪੁਸਤਕ ਸੂਚੀ–

1. ਤਾਰਾ ਸਿੰਘ ਅਨਜਾਣ (ਸੰਪਾਦਕ) : ਗਿਆਨੀ ਤੇਜਾ ਸਿੰਘ ਰਚਨਾਵਲੀ
2. ਸੋਵੀਨੀਅਰ : ਨਾਮਧਾਰੀ ਹੋਲਾ ਮਹੱਲਾ 1985
3. ਜਸਵਿੰਦਰ ਸਿੰਘ ਹਿਸਟੋਰੀਅਨ : ਕੂਕਾ ਮੂਵਮੈਂਟ ਫਰੀਡਮ ਸਟਰਗਲ ਇਨ ਪੰਜਾਬ
4. ਮਿਸਟਰ ਮੈਕਲੇਗਨ, ਐਚ. ਏ. ਰੋਜ : ਗਲੋਸਰੀ ਆਫ ਦੀ ਟਰਾਈਵਜ ਐਂਡ ਕਾਸਟ ਔਫ ਦੀ ਪੰਜਾਬ ਐਂਡ ਨਾਰਥ ਵੈਸਟ ਫਰੰਟੀਅਰ ਪਰੋਵੈਂਨਸ, 1893 ਈ.
5. ਡਾ. ਫੌਜਾ ਸਿੰਘ ਬਾਜਵਾ, ਕੂਕਾ ਮੂਵਮੈਂਟ

■

Namdhari Elibrary NamdhariElibrary@gmail.com

ਨਾਮਧਾਰੀ ਪੰਥ ਅਤੇ ਰਹਿਤ ਮਰਯਾਦਾ ਦਾ ਮੁਢਲਾ ਸਰੋਤ - ਪੰਥ ਪ੍ਰਕਾਸ਼

✍ ਤਾਰਾ ਸਿੰਘ ਅਨਜਾਣ

ਸਿੱਖ ਰਹਿਤ ਮਰਯਾਦਾ ਸਮੁੱਚੇ ਤੌਰ ਤੇ ਸਤਿਗੁਰੂ ਦੇ ਸਿੱਖਾਂ ਲਈ ਅਪਣਾਉਣ ਲਈ ਬਣਾਈ ਗਈ ਰਹਿਤ ਮਰਯਾਦਾ ਹੈ। ਪਰ ਕਈ ਸਿੱਖ ਭਟਕ ਕੇ ਜਾਂ ਆਪਣੀ ਕਿਸੇ ਸਾਂਝ ਕਾਰਨ ਕਿਤੇ ਜੁੜੇ ਹੋਏ ਹੁੰਦੇ ਹਨ, ਉਹ ਬਾਕੀਆਂ ਨੂੰ ਸਿੱਖ ਹੀ ਨਹੀਂ ਸਮਝਦੇ ਭਾਵੇਂ ਉਹਨਾਂ ਨੇ ਦੇਸ਼ ਕੌਮ ਲਈ ਕਿੰਨੀਆਂ ਵੀ ਕੁਰਬਾਨੀਆਂ ਦਿੱਤੀਆਂ ਹੋਣ।

ਨਾਮਧਾਰੀ ਸਿੱਖ

ਨਾਮਧਾਰੀ ਮਿਸ਼ਨ ਸਿੱਖ ਧਰਮ ਤੋਂ ਵੱਖਰਾ ਕੋਈ ਮਿਸ਼ਨ ਨਹੀਂ ਹੈ। ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਨਾਮਧਾਰੀ ਤੇ ਕੂਕੇ ਸ਼ਬਦ ਨਾਮਧਾਰੀ ਸਿੱਖਾਂ ਵਾਸਤੇ ਹੀ ਵਰਤਦੇ ਹਨ।

ਸਹੀ ਨਾਮ ਨਾਮਧਾਰੀ ਆਹਿ ਤਿਨ ਕੇ ਉਦਾਰੀ
ਕੂਕ ਮਾਰਨੇ ਤੇ ਕੂਕਾ ਜਗਤ ਬਖਾਨ ਹੈ।[1]

ਅਤੇ ਸ਼ੁਰੂ ਦੇ ਵਿਚ ਹੀ ਇਸ ਦਾ ਸੰਕੇਤ ਦੇ ਦਿੰਦੇ ਹਨ-

ਪੰਥ ਖਾਲਸੇ ਮੈਂ ਏਕ ਸ਼ਾਖ ਕੂਕੇ ਸਿੰਘਨ ਕੀ,
ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈ।[2]

ਗੁਰੂ ਕੇ ਸਿੱਖ-

ਸਿੱਖ ਨੂੰ ਸਤਿਗੁਰੂ ਤੋਂ ਬਿਨਾਂ ਚਿਤਵਿਆ ਹੀ ਨਹੀਂ ਜਾ ਸਕਦਾ, ਭਾਈ ਗੁਰਦਾਸ ਨੇ ਸਰਲ ਜਿਹਾ ਲਿਖਿਆ ਹੈ-

ਸੁਨ ਪ੍ਰਤਾਪ ਕਬੀਰ ਦਾ
ਦੂਜਾ ਸਿੱਖ ਹੋਆ ਸੈਣ ਨਾਈ।[3]

ਤੇ ਭਗਤ ਰਾਮਾਨੰਦ ਦਾ ਪਹਿਲਾ ਸਿੱਖ ਭਗਤ ਕਬੀਰ ਸੀ ਅਤੇ ਦੂਜਾ ਸੈਣ।

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦੇ ਸੰਸਾਰ ਤੇ ਪ੍ਰਗਟ ਹੋਣ ਤੋਂ ਬਾਅਦ ਉਹਨਾਂ ਦੇ ਪੈਰੋਕਾਰਾਂ ਨੂੰ ਸਿੱਖ ਕਿਹਾ ਗਿਆ। ਇਹੀ ਸਿੱਖ ਪੰਥ ਹੈ। ਚੌਥੇ ਪਾਤਸ਼ਾਹ ਨੇ ਸਿੱਖ ਦੇ ਗੁਣਾਂ ਨੂੰ ਕੁਝ ਇਸ ਤਰ੍ਹਾਂ ਦੱਸਿਆ ਹੈ-

ਗੁਰ ਸਤਿਗੁਰ ਕਾ ਜੋ ਸਿਖ ਅਖਾਏ।
ਸੁ ਭਲਕੇ ਉਠ ਹਰਿ ਨਾਮ ਧਿਆਵੈ।।[4]

ਸੋ ਜੇ ਸਤਿਗੁਰੂ ਤੋਂ ਬਿਨਾਂ ਸਿੱਖ ਦੇ ਹੋਣ ਤੇ ਹੀ ਪ੍ਰਸ਼ਨ ਚਿੰਨ੍ਹ ਲਗਦਾ ਹੈ, ਤਾਂ ਫਿਰ ਰਹਿਤ ਮਰਯਾਦਾ ਵੀ ਉਹੀ ਅਰਥ ਰੱਖਦੀ ਹੈ ਅਤੇ ਅਮਲ ਵਿਚ ਲਿਆਉਣ ਜੋਗ ਹੈ ਜੋ ਗੁਰ ਮਰਯਾਦਾ ਹੈ। ਗੁਰੂ ਦੀ ਦੱਸੀ ਹੋਈ ਮਰਯਾਦਾ। ਸਿੱਖ ਲਈ ਤਾਂ ਇਹੀ ਆਦੇਸ਼ ਹੈ-

ਗੁਰ ਕਹਿਆ ਸਾ ਕਾਰ ਕਮਾਵਹੁ।।[5] *ਮਹਲਾ 1*

ਸਿੱਖ ਦੀ ਤਾਰੀਫ-

ਨਾਮਧਾਰੀ ਮਿਸ਼ਨ ਅਤੇ ਰਹਿਤ ਮਰਯਾਦਾ ਦੇ ਮੁਢਲੇ ਸਰੋਤਾਂ ਬਾਰੇ ਵਿਚਾਰ ਕਰਨ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਸਿੱਖ ਦੀ ਤਾਰੀਫ ਜਾਂ ਪਰਿਭਾਸ਼ਾ ਨੂੰ ਧਿਆਨ ਵਿਚ ਲਿਆਇਆ ਜਾਵੇ। ਭਾਈ ਕਾਹਨ ਸਿੰਘ ਨਾਭਾ ਸਿੱਖ ਬਾਰੇ ਲਿਖਦੇ ਹਨ- "ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ ਜਿਸਨੇ ਸਤਿਗੁਰੂ ਨਾਨਕ ਦਾ ਸਿੱਖ ਧਰਮ ਧਾਰਨ ਕੀਤਾ ਹੈ। ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ ਧਰਮ ਗ੍ਰੰਥ ਮੰਨਦਾ ਅਤੇ ਦਸ ਸਤਿਗੁਰਾਂ ਨੂੰ ਇਕ ਰੂਪ ਜਾਣਦਾ ਹੈ।"[6]

ਸਿੱਖ ਪੰਥ ਦੀ ਰਹਿਤ-ਮਰਯਾਦਾ, ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਪ੍ਰਕਾਸ਼ਿਤ ਕੀਤੀ ਹੈ। ਇਸ ਵੀ ਅੱਠਵੀਂ ਵਾਰ ਦੀ ਛਾਪ ਵਿਚ ਸਿੱਖ ਦੀ ਤਾਰੀਫ ਲਿਖੀ ਹੈ, "ਜੋ ਇਸਤਰੀ ਜਾਂ ਪੁਰਸ਼

Namdhari Elibrary NamdhariElibrary@gmail.com

ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ), ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸ਼ਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।''[7]

ਗਿਆਨੀ ਗਿਆਨ ਸਿੰਘ ਨਾਮਧਾਰੀ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਮੰਨਦਿਆਂ ਹੀ ਇਹ ਸਤਰ ਲਿਖਦੇ ਹਨ-

ਦਸਮੇ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ ਸਭਿ।[8]

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ 12 ਅਪ੍ਰੈਲ 1857 ਨੂੰ ਸਿੱਖਾਂ ਨੂੰ ਫਿਰ ਗੁਰੂ ਗੋਬਿੰਦ ਸਿੰਘ ਜੀ ਦੀ ਮਰਯਾਦਾ ਦ੍ਰਿੜ੍ਹਾ ਕੇ ਸੰਤ ਖਾਲਸੇ ਦੀ ਸਾਜਨਾ ਕੀਤੀ। ਆਪ ਜੀ ਨੇ ਇਕ ਰਹਿਤਨਾਮਾ ਲਿਖਿਆ ਜਿਸ ਵਿਚ ਉਚੇਚੇ ਤੌਰ ਤੇ ਦਰਜ ਕੀਤਾ ਗਿਆ ਕਿ ਇਹ ਰਹਿਤਨਾਮਾ ਸ੍ਰੀ ਭੈਣੀ ਸਾਹਿਬ ਦੇ ਖਾਲਸੇ ਲਈ ਹੈ।

ੴ ਸਤਿਗੁਰ ਪ੍ਰਸਾਦਿ।।

ਲਿਖਤਮੁ ਰਾਮ ਸਿੰਘ ਹੋਰ

ਸਮੂਹ ਖਾਲਸਾ ਜੀ ਭੈਣੀ ਦਾ।[9]

ਸਿੱਖ ਰਹਿਤ ਮਰਯਾਦਾ ਸਮੁੱਚੇ ਤੌਰ ਤੇ ਸਤਿਗੁਰੂ ਦੇ ਸਿੱਖਾਂ ਲਈ ਅਪਣਾਉਣ ਲਈ ਬਣਾਈ ਗਈ ਰਹਿਤ ਮਰਯਾਦਾ ਹੈ। ਪਰ ਕਈ ਸਿੱਖ ਭਟਕ ਕੇ ਜਾਂ ਆਪਣੀ ਕਿਸੇ ਸਾਂਝ ਕਾਰਨ ਕਿਤੇ ਜੁੜੇ ਹੋਏ ਹੁੰਦੇ ਹਨ, ਉਹ ਬਾਕੀਆਂ ਨੂੰ ਸਿੱਖ ਹੀ ਨਹੀਂ ਸਮਝਦੇ ਭਾਵੇਂ ਉਹਨਾਂ ਨੇ ਦੇਸ਼ ਕੌਮ ਲਈ ਕਿੰਨੀਆਂ ਵੀ ਕੁਰਬਾਨੀਆਂ ਦਿੱਤੀਆਂ ਹੋਣ। ਪ੍ਰੋ. ਮਾਲਵਿੰਦਰਜੀਤ ਸਿੰਘ ਵੜੈਚ ਡਾਇਰੀ ਕੌਮੀ ਲਹਿਰ ਲਿਖ ਰਹੇ ਹਨ। ਜਿਸ ਵਿਚ ਅੰਗਰੇਜ਼ ਰਾਜ ਸਮੇਂ ਆਜ਼ਾਦੀ ਲਈ ਕੀਤੀਆਂ ਜਾ ਰਹੀਆਂ ਸ਼ਹਾਦਤਾਂ ਦਾ ਤਰਤੀਬਵਾਰ ਵੇਰਵਾ ਲਿਖਿਆ ਜਾ ਰਿਹਾ ਹੈ। 16 ਨਵੰਬਰ 1915 ਦੀ ਡਾਇਰੀ ਵਿਚ ਉਹ ਲਿਖਦੇ ਹਨ :

''ਚੀਫ ਖਾਲਸਾ ਦਿਵਾਨ ਦੇ ਪਰਚੇ 'ਦੀ ਖਾਲਸਾ ਐਡਵੋਕੇਟ' ਦੇ ਦੋ ਅੰਕਾਂ (26 ਜੂਨ ਤੇ 18 ਸਤੰਬਰ 1915) ਦੀਆਂ ਸੰਪਾਦਕੀਆਂ ,ਟਿੱਪਣੀਆਂ (ਮੇਰੇ ਜਾਚੇ) ਅੱਖਾਂ ਖੋਲ੍ਹਣ ਵਾਲੀਆਂ ਹਨ। 26 ਜੂਨ ਵਾਲੀ ਸੰਪਾਦਕੀ ਦਾ ਤਾਂ ਲੇਖ ਹੀ ਹੈ-

''Guru Gobind Singh's Prophesy about British rule'' (ਗੁਰੂ ਗੋਬਿੰਦ ਸਿੰਘ ਜੀ ਦੀ ਅੰਗਰੇਜ਼ੀ ਰਾਜ ਬਾਰੇ ਭਵਿੱਖਤ ਬਾਣੀ) ਇਸ ਲੇਖ ਵਿਚ ਗੁਰੂ ਤੇਗ ਬਹਾਦਰ ਜੀ ਦੇ ਬਾਰੇ ਇਕ ਸਾਖੀ ਪ੍ਰਸਤੁਤ ਕੀਤੀ ਗਈ ਹੈ : ''ਜਦੋਂ ਗੁਰੂ ਤੇਗ ਬਹਾਦਰ ਜੀ ਆਪਣੇ ਕੈਦਖਾਨੇ ਦੀ ਸਿਖਰਲੀ ਮੰਜ਼ਲ ਵਿਚ ਕੈਦੀ ਸਨ ਤਾਂ ਔਰੰਗਜ਼ੇਬ ਨੂੰ ਦੱਸਿਆ ਗਿਆ ਕਿ ਗੁਰੂ ਸਾਹਿਬ ਦੱਖਣ ਵੱਲ (ਭਾਵ) ਉਸ ਦੇ ਮਹਿਲ ਤੇ ਜਨਾਨੇ ਵੱਲ ਝਾਕਦੇ ਵੇਖੇ ਗਏ ਹਨ। ਇਸ ਅਧਾਰ ਤੇ ਉਹਨਾਂ ਨੂੰ ਔਰੰਗਜ਼ੇਬ ਅੱਗੇ ਪੇਸ਼ ਕੀਤਾ ਗਿਆ ਤੇ ਉਕਤ ਦੋਸ਼ ਆਇਦ ਕਰਦਿਆਂ ਇਹ ਕਿਹਾ ਗਿਆ ਕਿ ਅਜਿਹਾ ਵਰਤਾਰਾ (ਸਾਡੀ) ਪੂਰਬੀ ਸੱਭਿਅਤਾ ਦੀਆਂ ਰਹੁ ਰੀਤਾਂ ਦੀ ਘੋਰ ਉਲੰਘਣਾ ਤੁਲ ਸੀ। ਅੱਗੋਂ ਗੁਰੂ ਸਾਹਿਬ ਦਾ ਜਵਾਬ ਸੀ ਕਿ ਮੈਂ ਆਪਣੇ ਬੰਦੀਖਾਨੇ ਦੀ ਸਿਖਰਲੀ ਮੰਜ਼ਲ ਤੇ ਜ਼ਰੂਰ ਸਾਂ ਪਰ ਮੈਂ ਤੇਰੀ ਰਿਹਾਇਸ਼ਗਾਹ ਜਾਂ ਬੇਗਮਾਂ ਵਲ ਨਹੀਂ ਬਲਕਿ ਯੂਰੋਪੀਅਨਾਂ ਦੀ ਦਿਸ਼ਾ ਵਲ ਵੇਖ ਰਿਹਾ ਸਾਂ ਜੋ ਸਮੁੰਦਰੋਂ ਪਾਰ ਆ ਕੇ ਤੇਰੇ ਪਰਦੇ ਫਾਸ਼ ਕਰਨਗੇ ਤੇ ਤੇਰੀ ਸਲਤਨਤ ਨੂੰ ਤਹਿਸ ਨਹਿਸ ਕਰਨਗੇ।''

ਉਸੇ ਪਰਚੇ ਦੇ 18 ਸਤੰਬਰ 1915 ਵਾਲੇ ਅੰਕ ਦੀ ਸੰਪਾਦਕੀ ਦਾ ਸਿਰਲੇਖ ਹੈ 'ਲਾਹੌਰ ਕਾਨਸਪਰੇਸੀ ਕੇਸ' ਜੋ ਕੇ ਟ੍ਰਿਬਿਊਨ ਦੇ 13 ਸਤੰਬਰ 1915 ਦੇ ਫੈਸਲੇ ਨੂੰ ਮੁੱਖ ਰਖ ਕੇ ਲਿਖਿਆ ਗਿਆ ਹੋਇਆ ਸੀ। ਇਸ ਵਿਚ ਮੁੱਖ ਤੌਰ ਤੇ ਇਹ ਖੁਲਾਸਾ ਕੀਤਾ ਗਿਆ ਹੋਇਆ ਹੈ : ''ਸਿੰਘ ਸਭਾ ਇਹ ਸਪਸ਼ਟ ਕਰਦੀ ਆ ਰਹੀ ਹੈ ਕਿ ਜੋ ਵੀ ਦਸ ਗੁਰੂ ਸਾਹਿਬਾਨ ਦੇ ਆਦੇਸ਼ਾਂ ਦੀ ਉਲਘੰਣਾ ਕਰਦਾ ਹੋਇਆ, ਵਰੋਸਾਈ ਹੋਈ (BLESSED) ਅੰਗਰੇਜ਼ ਸਰਕਾਰ ਨਾਲ ਦੁਰ-ਵਿਵਹਾਰ (Misbehave) ਕਰਦਾ ਹੈ ਉਹ ਸਿੱਖ ਨਹੀਂ ਹੈ।[10]''

-ਵਰਿਆਮ, ਨਵੰਬਰ 2011

ਪ੍ਰੋ. ਵੜੈਚ ਨੇ ਮੂਲ ਲਿਖਤ ਦੀ ਫੋਟੋ ਕਾਪੀ ਤੋਂ ਇਹ ਗੱਲਾਂ ਲਈਆਂ ਹੋਈਆਂ ਹਨ।

ਅੱਜ ਵੀ ਕੁਝ ਥਾਵਾਂ ਤੇ ਇਹ ਭਾਵਨਾ ਪ੍ਰਗਟ ਹੁੰਦੀ ਹੈ ਕਿ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਪ੍ਰਕਾਸ਼ਿਤ ਕੀਤੀ ਰਹਿਤ ਮਰਯਾਦਾ ਤੋਂ ਵੱਖਰੀ ਆਪਣੀ ਰਹਿਤ ਮਰਯਾਦਾ, ਚਲਾਉਂਦੇ ਹਨ। ਫਿਨਲੈਂਡ ਦੇ ਸ਼ਹਿਰ ਹੈਲਸਿੰਕੀ ਦੀ ਮਈ 2009 ਦੀ ਖਬਰ ਹੈ ਕਿ ਫਿਨਲੈਂਡ ਦੇ ਗੁਰਦੁਆਰੇ ਨੇ ਅਰਦਾਸ ਵਿਚ ਸੋਧ ਕੀਤੀ- ਦਸਮ ਗ੍ਰੰਥ ਵਿਚਲੀ ਕੋਈ ਤੁੱਕ ਨਹੀਂ ਵਰਤੀ ਜਾਵੇਗੀ।' ਅੰਤਰ- ਰਾਸ਼ਟਰੀ ਪ੍ਰਸਿੱਧੀ ਵਾਲੇ ਸ਼ਹਿਰ ਹੈਲਸਿੰਕੀ ਦੇ ਗੁਰਦੁਆਰਾ ਸਰਬਤ ਸੰਗਤ ਸਾਹਿਬ ਨੇ ਸਰਬ ਸੰਮਤੀ ਨਾਲ ਸਿੱਖ ਅਰਦਾਸ ਵਿਚ ਸੋਧ ਕੀਤੀ ਹੈ ਤੇ ਭਗਉਤੀ ਨੂੰ ਸਿਮਰਨ ਵਾਲਾ ਹਿੱਸਾ ਕੱਟ ਦਿੱਤਾ ਗਿਆ ਹੈ। ਇਸ ਥਾਂ ਤੇ ਅਕਾਲ ਪੁਰਖ ਕੋ ਸਿਮਰ ਕੇ ਕੀਤਾ ਗਿਆ ਹੈ। ਅਰਦਾਸ ਵਿਚ 35 ਭਗਤਾਂ ਨੂੰ ਵੀ ਸ਼ਾਮਲ ਕਰ ਦਿੱਤਾ ਗਿਆ ਹੈ ਤੇ ਹੋਰ ਵੀ ਕਈ ਦੂਰ-ਰਸ ਤਬਦੀਲੀਆਂ ਕੀਤੀਆਂ ਗਈਆਂ ਹਨ....।''

-ਗੁਰਦੁਆਰਾ ਸਾਹਿਬ ਵਲੋਂ ਮਤਾ ਤੇ ਉਸ ਬਾਰੇ

Namdhari Elibrary NamdhariElibrary@gmail.com

ਸੂਚਨਾ ਸ. ਮਨਜੀਤ ਸਿੰਘ ਫਿਨਲੈਂਡ (ਫੋਨ ਨੰ. 00358400-701727)[11]

ਜਦੋਂ ਕਿ ਸਿੱਖ ਦੀ ਤਾਰੀਫ ਉਤੇ ਲਿਖੇ ਅਨੁਸਾਰ ਹੀ ਦਿੱਤੀ ਗਈ ਹੈ। ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਦੇ ਪੰਨਾ 693 ਉਤੇ ਵੱਖ ਵੱਖ ਪੰਥਾਂ, ਭੇਖਾਂ, ਪਹਿਰਾਵਿਆਂ ਦੇ ਸਿੱਖਾਂ ਦੀਅ ਨੌ ਤਸਵੀਰਾਂ ਛਾਪੀਆਂ ਹਨ। ਜਿਸ ਵਿਚ (1) ਸਿੰਘ (2) ਰਿਆਸਤੀ ਸਿੰਘ (3) ਫੌਜੀ ਸਿੰਘ (4) ਨਿਹੰਗ ਸਿੰਘ (5) ਨਿਰਮਲਾ ਸਿੰਘ (6) ਨਾਮਧਾਰੀ ਸਿੰਘ (7) ਸਹਿਜਧਾਰੀ ਸਿੱਖ (8) ਉਦਾਸੀ ਅਤੇ (9) ਜਟਾਧਾਰੀ ਦਿੱਤੇ ਹਨ।[12]

ਸ੍ਰੀ ਗੁਰੂ ਪੰਥ ਪ੍ਰਕਾਸ਼ ਦੀ ਪ੍ਰਮਾਣਿਕਤਾ-

ਇਸ ਰਚਨਾ ਵਿਚ ਰਹਿਤ ਮਰਯਾਦਾ ਦਾ ਮੁਢਲਾ ਸਰੋਤ ਪੰਥ ਪ੍ਰਕਾਸ਼ ਮੰਨ ਕੇ ਵਿਚਾਰ ਕਰਨੀ ਹੈ। ਪੰਥ ਪ੍ਰਕਾਸ਼ ਤੋਂ ਭਾਵ ਗਿਆਨੀ ਗਿਆਨ ਸਿੰਘ ਰਚਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' ਨਾ ਕਿ ਰਤਨ ਸਿੰਘ ਭੰਗੂ ਰਚਿਤ 'ਪ੍ਰਾਚੀਨ ਪੰਥ ਪ੍ਰਕਾਸ਼'।

ਗਿਆਨੀ ਜੀ ਦੇ ਪੰਥ ਪ੍ਰਕਾਸ਼ ਦੇ ਵੀ ਪੱਥਰ ਦੇ ਛਾਪੇ ਅਤੇ ਉਸ ਤੋਂ ਬਾਅਦ ਪ੍ਰੈਸ ਦੇ ਛਾਪੇ ਵਿਚ ਬੜਾ ਫਰਕ ਸਾਹਮਣੇ ਆਇਆ ਹੈ। ਇਹ ਫਰਕ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਦੀ ਖੋਜ ਨਾਲ ਹੀ ਸਾਹਮਣੇ ਆਇਆ ਹੈ। ਉਹਨਾਂ ਨੇ 1977 ਈ. ਵਿਚ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥ ਦਾ ਸੰਪਾਦਨ ਕੀਤਾ। ਇਸ ਦੀ ਪ੍ਰਸਤਾਵਨਾ ਲਿਖੀ ਅਤੇ ਇਸਨੂੰ ਔਖੇ ਸ਼ਬਦਾਂ ਦੇ ਅਰਥ ਸਹਿਤ ਛਾਪਿਆ, ਤਾਂਕਿ ਇਹ ਵੱਧ ਤੋਂ ਵੱਧ ਪ੍ਰਮਾਣਿਕ ਰੂਪ ਵਿਚ ਪਾਠਕਾਂ ਸਾਹਮਣੇ ਆ ਸਕੇ।

ਇਸ ਗ੍ਰੰਥ ਬਾਰੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਡਾ. ਪਿਆਰਾ ਸਿੰਘ ਨੇ ਜੁਲਾਈ 1975 ਈ. ਵਿਚ ਲਿਖਿਆ 'ਪ੍ਰਾਚੀਨ ਸਿੱਖ ਇਤਿਹਾਸ ਦੀਆਂ ਪ੍ਰਮਾਣਿਕ ਪੁਸਤਕਾਂ ਵਿਚੋਂ ਗਿਆਨੀ ਗਿਆਨ ਸਿੰਘ ਰਚਿਤ 'ਸ੍ਰੀ ਗੁਰੂ ਪੰਥ ਪ੍ਰਕਾਸ਼' ਤੀਜੀ ਥਾਵੇਂ ਹੈ। ਪਹਿਲੀਆਂ ਦੋ ਥਾਵਾਂ ਭਾਈ ਸੰਤੋਖ ਸਿੰਘ ਰਚਿਤ 'ਗੁਰ ਪ੍ਰਤਾਪ ਸੂਰਜ' (1843 ਈ.) ਅਤੇ ਰਤਨ ਸਿੰਘ ਭੰਗੂ ਕ੍ਰਿਤ 'ਪ੍ਰਾਚੀਨ ਪੰਥ ਪ੍ਰਕਾਸ਼' (1841 ਈ.) ਨੇ ਮੱਲੀਆਂ ਹਨ। ਜਿਥੇ ਗੁਰ ਪ੍ਰਤਾਪ ਸੂਰਜ ਬਹੁਤ ਵੱਡੇ ਆਕਾਰ ਦੀ ਰਚਨਾ ਹੈ ਤੇ ਪ੍ਰਾਚੀਨ ਪੰਥ ਪ੍ਰਕਾਸ਼ ਸੰਖੇਪ ਜਿਹਾ ਇਤਿਹਾਸ ਹੈ ਉਥੇ ਗਿਆਨੀ ਗਿਆਨ ਸਿੰਘ ਰਚਿਤ ਇਹ ਪੁਸਤਕ ਸਿੱਖ ਇਤਿਹਾਸ ਨੂੰ ਬਣਦੇ ਅਕਾਰ ਵਿਚ ਅੰਕਿਤ ਕਰਨ ਦਾ ਮਾਣ ਰੱਖਦੀ ਹੈ ਤੇ ਵਾਧਾ, ਇਹ ਹੈ ਕਿ ਇਹ ਉਸ ਇਤਿਹਾਸ ਨੂੰ 19ਵੀਂ ਸਦੀ ਦੇ ਅੰਤ ਤੱਕ ਲੈ ਆਉਂਦੀ ਹੈ, ਇਸ ਲਈ ਇਸ ਦੀ ਮਹੱਤਤਾ ਪਹਿਲੇ ਦੋਵਾਂ ਨਾਲੋਂ ਵਧੇਰੇ ਹੈ....।

ਹਥਲਾ ਸੰਸਕਰਣ ਦਿਵਾਨ ਬੂਟਾ ਸਿੰਘ ਤੇ ਚਸ਼ਮਾ-ਏ-ਨੂਰ ਪ੍ਰੈਸ ਅੰਮ੍ਰਿਤਸਰ ਵਾਲੇ ਪ੍ਰਕਾਸ਼ਕਾਂ ਦਾ ਸੰਸ਼ੋਧਿਤ ਰੂਪ ਹੈ... ਇਹਨਾਂ ਅਸਲੀ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਉਹਨਾਂ ਵਾਧੀਆਂ ਘਾਟਿਆਂ ਨੂੰ ਵੀ ਉਘਾੜਿਆ ਹੈ ਜੋ ਵਜੀਰ ਹਿੰਦ ਪ੍ਰੈਸ ਵਲੋਂ 1955 ਵਾਲੀ ਛਾਪ ਵਿਚ ਕੀਤੇ ਗਏ ਮਿਲਦੇ ਹਨ।"[13]

ਸ. ਪ੍ਰਕਾਸ਼ ਸਿੰਘ ਪ੍ਰੋਫੈਸਰ ਇੰਚਾਰਜ ਸਿੱਖ ਇਤਿਹਾਸ ਵੀ ਸਿੰਘ ਸਾਹਿਬ ਦੀ ਇਸ ਕੰਮ ਦੀ ਪ੍ਰਸੰਸਾ ਕਰਦੇ ਹਨ ਅਤੇ ਸ਼ਮਸ਼ੇਰ ਸਿੰਘ ਅਸ਼ੋਕ ਰਿਸਰਚ ਸਕਾਲਰ ਤਾਂ ਲਿਖਦੇ ਹਨ, "ਸੰਮਤ 1936, 1946 ਅਤੇ 1955 ਬਿ. ਤੋਂ ਲੈ ਕੇ ਹੁਣ ਤੱਕ ਸੱਤ ਐਡੀਸ਼ਨਾਂ ਵਿਚ ਛਪ ਕੇ ਵਿਕ ਚੁੱਕੀ ਹੈ ਪਰ ਇਸ ਦੇ ਦੂਜੇ ਐਡੀਸ਼ਨ ਦੇ ਮੁਕਾਬਲੇ ਜੋ ਲਾਹੌਰੀ ਐਡੀਸ਼ਨਾਂ ਦੇ ਨਾਂ ਨਾਲ ਮਸ਼ਹੂਰ ਹੈ, ਸਾਡੇ ਐਡੀਸ਼ਨ ਕਈ ਥਾਵੀਂ ਕੁਝ ਬੇਥੋਹਾ, ਵਧਾਉ, ਘਟਾਉ ਹੋਣ ਕਰਕੇ ਨਾ ਕੇਵਲ ਇਤਰਾਜ਼ਯੋਗ ਵੀ ਹਨ ਸਗੋਂ ਇਸ ਦੇ ਰਚਨਹਾਰ ਗਿਆਨੀ ਗਿਆਨ ਸਿੰਘ ਹੋਰਾਂ ਦੇ ਅਸਲ ਮਨੋਭਾਵਾਂ ਤੋਂ ਵੀ ਸੌ ਕੋਹਾਂ ਦੂਰ ਜਾ ਪਏ ਪ੍ਰਤੀਤ ਹੁੰਦੇ ਹਨ।"[14]

ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਦੀ ਇਸ ਬਾਰੇ ਟਿੱਪਣੀ ਵੀ ਅਰਥਪੂਰਨ ਹੈ, "ਸਾਰੀਆਂ ਐਡੀਸ਼ਨਾਂ ਦੀ ਖੋਜ ਪੜਤਾਲ ਤੋਂ ਬਾਅਦ ਇਸ ਸਿੱਟੇ ਤੇ ਪੁੱਜੇ ਕਿ ਛਾਪਾ ਟਾਈਪ ਦੀਆਂ ਤਿੰਨੇ ਐਡੀਸ਼ਨਾਂ ਤਾਂ ਆਪਸ ਵਿਚ ਮਿਲਦੀਆਂ ਹਨ ਪਰ ਇਹ ਛਾਪਾ ਪੱਥਰ ਦੀ ਕਿਸੇ ਵੀ ਐਡੀਸ਼ਨ ਨਾਲ ਮੇਲ ਨਹੀਂ ਖਾਂਦੀਆਂ..। ਖਾਲਸਾ ਟਰੈਕਟ ਸੁਸਾਇਟੀ ਦੇ ਮੁਖੀਆਂ ਨੇ.....ਗਿਆਨੀ ਜੀ ਦੀ ਅਸਲ ਕਾਵਿ ਰਚਨਾ ਵਿਚੋਂ ਬਹੁਤ ਸਾਰੇ ਹਿੱਸੇ ਕੱਟ ਦਿੱਤੇ ਹਨ ਜਾਂ ਉਸ ਦਾ ਸਹੀ ਰੂਪ ਵਿਗਾੜ ਦਿੱਤਾ ਹੈ। ਕਈ ਥਾਵਾਂ ਤੇ ਕੁਝ ਅਟਪਟੀ ਕਾਵਿ ਆਪ ਰਚ ਕੇ ਪਾ ਦਿੱਤੀ ਹੈ, ਜਿਸ ਨਾਲ ਗਿਆਨੀ ਜੀ ਦੀ ਰਚਨਾ ਦਾ ਅਸਲ ਤੱਤ ਹੀ ਮਰ ਗਿਆ ਹੈ ਜਾਂ ਭਾਵ ਅਸਪਸ਼ਟ ਹੋ ਗਿਆ ਹੈ।"[15] ਸਿੰਘ ਸਾਹਿਬ ਨੇ ਸਭ ਨੂੰ ਸਭ ਕੁਝ ਨੂੰ ਵੱਧ ਤੋਂ ਵੱਧ ਸੋਧਿਆ ਹੈ, ਤਰਤੀਬ ਠੀਕ ਕੀਤੀ ਹੈ, ਬਿਸਰਾਮ ਸਹੀ ਲਾਏ ਹਨ ਅਤੇ ਲੋੜ ਅਨੁਸਾਰ ਨੋਟ ਵੀ ਦਿੱਤੇ ਹਨ। ਉਹਨਾਂ ਨੇ 1970 ਈ. ਵਿਚ ਪਹਿਲਾ ਭਾਗ ਛਾਪਿਆ ਅਤੇ ਪੰਜਵਾਂ 1974 ਵਿਚ।

ਗਿਆਨੀ ਗਿਆਨ ਸਿੰਘ ਆਪਣੇ ਇਸ ਗ੍ਰੰਥ ਦੇ ਸਰੋਤਾਂ ਬਾਰੇ ਖੁਦ ਵੀ ਲਿਖਦੇ ਹਨ-

-ਗੁਰ ਪ੍ਰਤਾਪ ਸੂਰਜੈ ਕੇਰੋ
ਕੀਨ ਸੰਛੇਪ ਕਥਾ ਭਲ ਹੇਰੋ। [16]
-ਐਸ ਜਮਾਨੇ ਕੇ ਸਿੰਘ ਸਾਰੇ।

Namdhari Elibrary NamdhariElibrary@gmail.com

ਹੈ ਐਸੇ ਹਮ ਜੈਾ ਉਚਾਰ।
ਸੋ ਮੈਂ ਸੇ ਹੈਂ ਪਾਂਚ [illegible]
ਨਿਜ ਨੈਨਣ ਹਮ ਫਿਰ ਸਭ ਹੇਰੇ।[17]
-ਅਰ ਨਿਜ ਬ੍ਰਿਧਨ ਤੇ ਜੋ ਸੁਨੀ।
ਲਿਖੀ ਬਟੋਰ ਅਧਿਕ ਵਹਿ ਗੁਨੀ।[18]

ਗਿਆਨੀ ਗਿਆਨ ਸਿੰਘ ਬਾਰੇ-

ਗਿਆਨੀ ਜੀ ਆਪਣੀ ਵੰਸ਼ ਪ੍ਰੰਪਰਾ ਰਾਜਪੂਤ ਪ੍ਰਿਥਵੀਰਾਜ ਚੌਹਾਨ ਤੱਕ ਲੈ ਜਾਂਦੇ ਹਨ। ਉਹਨਾਂ ਦਾ ਜਨਮ ਪਿੰਡ ਲੌਂਗੋਵਾਲ ਜਿਲ੍ਹਾ ਸੰਗਰੂਰ ਦਾ ਹੈ। ਉਹਨਾਂ ਦੇ ਪਿਤਾ ਸ. ਭਾਗ ਸਿੰਘ ਅਤੇ ਮਾਤਾ ਦੇਸਾਂ ਸਨ। ਜਨਮ 1822 ਈ.। ਉਹ 1921 ਵਿਚ ਚੜ੍ਹਾਈ ਕਰ ਗਏ। ਗਿਆਨੀ ਜੀ ਨਿਰਮਲੇ ਸੰਤ ਸਨ, ਉਹਨਾਂ ਨੇ ਪੰਜਾਬੀ ਜਾਂ ਹਿੰਦੀ ਵਿਚ 26 ਅਤੇ ਉਰਦੂ ਵਿਚ 9 ਪੁਸਤਕਾਂ ਲਿਖੀਆਂ ਜਿਹਨਾਂ ਵਿਚੋਂ ਸ੍ਰੀ ਗੁਰੂ ਪੰਥ ਪ੍ਰਕਾਸ਼ ਸਭ ਤੋਂ ਜ਼ਿਆਦਾ ਲੋਕ ਪ੍ਰਵਾਨਿਤ ਹੋਈ।

ਗਿਆਨੀ ਜੀ ਨੂੰ ਸਿਖ ਰਾਜ ਦੇ ਤੇਜ ਪ੍ਰਤਾਪ ਦਾ ਵੀ ਆਭਾਸ ਸੀ। ਉਹਨਾਂ ਨੂੰ ਨਾਮਧਾਰੀ ਲਹਿਰ ਦੀ ਚੜ੍ਹਦੀ ਕਲਾ ਦਾ ਵੀ ਪਤਾ ਸੀ। ਉਹ ਜਦੋਂ ਇਹ ਲਿਖਦੇ ਹਨ-

ਜੋਊ ਜੋ ਕਹਿਤ ਥੇ ਕਲਾਮ
ਦੀਨੀ ਸੱਯਦਦਾਨੀ ਸੋਊ ਸਭ
ਕੂਰ ਹਮ ਪੇਖਯੋ ਅਜਮਾਇ ਕੈ।
ਏਹੀ ਕਲੀ ਕਾਲਕੀ ਕਰਾਲਤਾ ਕੁਚਲਤਾ ਕੋ
ਗਾਲਤਾ ਹੈ, ਟਾਲਤਾ,
ਚੁਰਾਸੀ ਜੋਨਿ ਆਇ ਕੈ।[19]

ਤਾਂ ਸੰਕੇਤ ਮਿਲਦਾ ਹੈ ਕਿ ਉਹਨਾਂ ਨਾਮਧਾਰੀ ਭਜਨ ਪੁੱਛਿਆ ਹੋਇਆ ਸੀ। ਲੰਮੇ ਸਮੇਂ ਦੀਆਂ ਤਬਦੀਲੀਆਂ ਦਾ ਇਤਿਹਾਸ ਉਹਨਾਂ ਲਈ ਕੇਵਲ ਦੰਦ ਕਥਾ ਨਹੀਂ ਸੀ।

ਆਖੇਪਿਕ ਪੰਥ ਪ੍ਰਕਾਸ਼ ਦੀ ਵਰਤੋਂ-

ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਅਨੁਸਾਰ ਆਖੇਪਕਾਰਾਂ ਨੇ ਉਹਨਾਂ ਦੀ ਰਚਨਾ ਦੇ ਗੁਣਾਂ ਨੂੰ ਘਟਾਇਆ ਹੈ। ਉਹ ਬੜੇ ਭਰੇ ਮਨ ਨਾਲ ਲਿਖਦੇ ਹਨ, "ਇਸ ਸੰਬਧ ਵਿਚ ਕੁਝ ਹੋਰ ਵਿਚਾਰ ਸੁਣੋ, ਜੋ ਹੈਰਾਨੀਜਨਕ ਵੀ ਹਨ ਤੇ ਅਫਸੋਸਨਾਕ ਵੀ। ਉਹ ਇਹ ਕਿ ਆਖੇਪਕਾਰ ਤਾਂ ਸ਼ਾਇਦ ਕਿਸੇ ਮਤਲਬ ਲਈ ਜਾਂ ਮਾਲਕ ਨੂੰ ਖੁਸ਼ ਕਰਨ ਲਈ ਜਾਂ ਹੁਕਮ ਪਾਲਣ ਲਈ ਹੀ ਐਸਾ ਕਰਨ ਤੇ ਮਜਬੂਰ ਹੋਇਆ ਹੋਵੇਗਾ ਪਰ ਉਦੋਂ ਸਾਡੀ ਹੈਰਾਨੀ ਦੀ ਹੱਦ ਹੋ ਗਈ ਤੇ ਥੋੜ੍ਹੀ ਹੀ ਦੇਰ ਬਾਅਦ ਗਹਿਰੇ ਅਫਸੋਸ ਵਿਚ ਬਦਲ ਗਈ, ਜਦ ਅਸਾਂ ਮਹਾਨ ਕੋਸ਼ ਦੇ ਲੇਖਕ, ਮਹਾਨ ਵਿਦਵਾਨ ਤੇ ਖੋਜੀ ਸਰਦਾਰ ਬਹਾਦਰ ਭਾਈ ਕਾਹਨ ਸਿੰਘ ਨਾਭਾ ਹੋਰਾਂ ਦੀ

ਗਿਆਨੀ ਜੀ ਦੇ ਪੰਥ ਪ੍ਰਕਾਸ਼ ਦੇ ਵੀ ਪਥਰ ਦੇ ਛਾਪੇ ਅਤੇ ਉਸ ਤੋਂ ਬਾਅਦ ਪ੍ਰੈਸ ਦੇ ਛਾਪੇ ਵਿਚ ਬੜਾ ਫਰਕ ਸਾਹਮਣੇ ਆਇਆ ਹੈ। ਇਹ ਫਰਕ ਅਕਾਲ ਤਖਤ ਦੇ ਸਾਬਕਾ ਜਥੇਦਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਕ੍ਰਿਪਾਲ ਸਿੰਘ ਦੀ ਖੋਜ ਨਾਲ ਹੀ ਸਾਹਮਣੇ ਆਇਆ ਹੈ। ਉਹਨਾਂ ਨੇ 1977 ਈ. ਵਿਚ ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥ ਦਾ ਸੰਪਾਦਨ ਕੀਤਾ। ਇਸ ਦੀ ਪ੍ਰਸਤਾਵਨਾ ਲਿਖੀ ਅਤੇ ਇਸਨੂੰ ਔਖੇ ਸ਼ਬਦਾਂ ਦੇ ਅਰਥ ਸਹਿਤ ਛਾਪਿਆ, ਤਾਂਕਿ ਇਹ ਵੱਧ ਤੋਂ ਵੱਧ ਪ੍ਰਮਾਣਿਕ ਰੂਪ ਵਿਚ ਪਾਠਕਾਂ ਸਾਹਮਣੇ ਆ ਸਕੇ।

ਵੀ ਆਖੇਪਕਾਰ ਦੀ ਮੱਖੀ ਤੇ ਮੱਖੀ ਮਾਰੀ ਹੋਈ ਦੇਖੀ।"[20]

.....ਸਿੰਘ ਸਾਹਿਬ ਨੇ ਭਾਸ਼ਾ ਵਿਭਾਗ ਪੰਜਾਬ ਦੇ ਐਡੀਸ਼ਨ ਬਾਰੇ ਟਿੱਪਣੀ ਕੀਤੀ, "ਅਜਿਹੀਆਂ ਪੁਸਤਕਾਂ ਨੂੰ ਕਿਸੇ ਖੋਜੀ ਵਿਦਵਾਨ ਸੱਜਣ ਪਾਸੋਂ ਸੰਪਾਦਿਤ ਕਰਵਾ ਕੇ ਛਾਪਣਾ ਚਾਹੀਦਾ ਸੀ ਪਰ ਪਤਾ ਨਹੀਂ ਭਾਸ਼ਾ ਵਿਭਾਗ ਦੇ ਜ਼ਿੰਮੇਵਾਰਾਂ ਨੇ ਪਹਿਲੀ ਟਾਈਪ ਐਡੀਸ਼ਨ ਦੇ ਆਖੇਪਕਾਰ ਦੀ ਮੱਖੀ ਤੇ ਮੱਖੀ ਮਾਰਨ 'ਚ ਆਪਣੀ ਕੀ ਵਡਿਆਈ ਸਮਝੀ।[21]

ਉਤੇ ਲਿਖੇ ਟੂਕ ਮਾਤਰ ਹਵਾਲੇ ਕੇਵਲ ਇਸ ਕਰਕੇ ਦਿੱਤੇ ਗਏ ਹਨ ਕਿ ਗਿਆਨੀ ਗਿਆਨ ਸਿੰਘ ਰਚਿਤ ਸ੍ਰੀ ਗੁਰੂ ਪੰਥ ਪ੍ਰਕਾਸ਼ ਦੇ ਪੁਰਾਣੇ ਸਹੀ ਐਡੀਸ਼ਨ ਨੂੰ ਹੀ ਰਹਿਤ ਮਰਯਾਦਾ ਦੇ ਮੁਢਲੇ ਸਰੋਤ ਤੇ ਰੂਪ ਵਿਚ ਵਿਚਾਰਿਆ ਜਾਏ। ਇਕ ਗੱਲ ਹੋਰ, ਗਿਆਨੀ ਗਿਆਨ ਸਿੰਘ ਨੇ ਆਪਣੀਆਂ ਸਾਰੀਆਂ ਰਚਨਾਵਾਂ ਦੇ ਅਧਿਕਾਰ ਆਪਣੇ ਬਿੰਦੀ ਚੇਲੇ ਭਾਈ ਕਾਕਾ ਸਿੰਘ ਨੂੰ ਦਿੱਤੇ ਸਨ। ਉਹ ਵੀ ਪਹਿਲਾਂ ਹੀ ਚੜ੍ਹਾਈ ਕਰ ਗਏ ਪਰ ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਾਲਿਆਂ ਚੌਥੀ ਐਡੀਸ਼ਨ ਵਿਚ ਇਹ ਲਿਖ ਦਿੱਤਾ ਕਿ ਭਾਈ ਕਾਕਾ ਸਿੰਘ ਸਾਧੂ ਨੇ ਛਪਵਾਈ। ਜਦੋਂ ਕਿ ਉਸ ਦਾ ਨਾਂ ਅੱਖੀਂ ਘੱਟਾ ਪਾਉਣ ਲਈ ਹੀ ਲਿਖਿਆ ਗਿਆ ਸੀ।

ਗਿਆਨ ਜੀ ਦੀ ਪਰੇਸ਼ਾਨੀ-

ਗਿਆਨੀ ਜੀ ਬਿਰਧ ਵੀ ਸਨ ਅਤੇ ਬਿਮਾਰ ਵੀ ਹੋ ਗਏ ਸਨ ਸੋ ਉਸ ਸਮੇਂ ਸੁਸਾਇਟੀ ਦੇ ਮੈਂਬਰਾਂ ਉਹਨਾਂ

Namdhari Elibrary NamdhariElibrary@gmail.com

ਨੂੰ ਆ ਕੇ ਕਿਹਾ,

ਮਿਲ ਕੈ ਉਨਕੇ ਮੈਂਬਰੋਂ ਪ੍ਰੇਰਿਯੋ ਮੁਝ ਕੋ ਆਇ।
ਤੁਮ ਹੋ ਬ੍ਰਿਧ ਬਿਮਾਰ ਬਹੁ ਪਾਛੇ ਕੈਸੇ ਥਾਇ।
ਪੁਸਤਕ ਰਚੇ ਜੋ ਆਪਨੇ
ਇਨ ਕਾ ਵਾਰਸ ਨ ਕੋਇ।
ਹੈ ਕਿਸ ਕੋ ਅਧਿਕਾਰ ਇਹ ਬਾਟ ਸੰਭਾਰੇ ਜੋਇ।
ਜੋ ਅਸ ਲਾਇਕ ਨਾਹਿ ਕੋ ਤਉ ਸੋਸਾਇਟੀ ਤਾਇ।
ਲਿਖਵਾ ਦੀਜੈ ਖੁਸ਼ੀ ਸੈ ਬਖਸ਼ਸ਼ ਨਾਮਾ ਚਾਇ।
ਚਰਨ ਸਿੰਘ ਥਾ ਡਾਕਟਰ ਅਰ ਵਜੀਰ ਸਿੰਘ ਵੀਰ।
ਸੁਰਜਨ ਸਿੰਘ ਤ੍ਰੈ ਨੈਣ ਸਿੰਘ ਇਤਕ ਸੱਜਣ ਥੇ ਤੀਰ।
ਬਾਤ ਭਾਂਤ ਬਖਿਯਾਤ ਬਹੁ ਐਸੀ ਰਚੀ ਅਨੇਕ।
ਨਿਜ ਦਿਸ ਚਿਤ ਪ੍ਰੇਰ ਮਮ ਲੀਨੋ ਉਨੈ ਸੋ ਨੇਕ।
ਵਾਰਸ ਮੇਰਾ ਏਕ ਥਾ ਸੋ ਚਲ ਗਇਯੋ ਦੇ ਸ਼ੋਕ।
ਮੈਂ ਭੀ ਤਿਸ ਦਿਨ ਤਿਆਰ ਥਾ ਚਲਨੇ ਕੋ ਸੁਰਲੋਕ।[22]

-ਰਿਪੁਦਮਨ ਪ੍ਰਕਾਸ਼ ਪੰਨਾ 7

ਸੁਸਾਇਟੀ ਨੇ ਗਿਆਨੀ ਜੀ ਨੂੰ 12 ਰੁਪਏ ਮਹੀਨਾ ਖਰਚਾ ਪਾਣੀ ਲਈ ਉਮਰ ਭਰ ਦੇਣ ਦਾ ਵੀ ਇਕਰਾਰ ਕੀਤਾ ਪਰ 17 ਸਾਲ ਟਾਲ ਮਟੋਲ ਕਰਦੇ ਰਹੇ। ਕਿਸੇ ਵੱਟੀ ਨਾ ਵਾਹੀ ਅਤੇ ਨਾ ਹੀ ਕੋਈ ਕਿਤਾਬ ਛਾਪੀ। ਗਿਆਨੀ ਜੀ ਨੇ ਦੁਖੀ ਹੋ ਕੇ ਇਹ ਲਿਖਿਆ

ਬਰਖ ਸਤਾਰਾਂ ਭਏ ਹੈਂ ਉਨ ਕੋ ਦਇ ਬਨਾਇ।
ਖੱਟੇ ਮੈਂ ਪਾ ਰਖੇ ਹੈਂ ਟਾਲਾ ਕਰਤ ਰਹਾਇ।
ਐਸੇ ਸਿੱਖਨ ਕੋ ਗੁਰੂ ਬਖਸ਼ੇ ਆਪ ਸੁਮੱਤ।
ਕਰੈਂ ਨ ਆਗੈ ਔਰ ਸੋ ਮੁਝ ਸੇ ਕਰੀ ਕੁਪੱਤ।
ਮਿਹਨਤ ਮੇਰੀ ਬ੍ਰਿਧ ਕੀ ਤੀਸ ਬਰਸ ਕੀ ਜੋਇ।
ਬੇਕਦਰਿਆਂ ਨਾਸ਼ੁਕਰਿਆਂ ਬਿਰਥਾ ਰਾਖੀ ਖੋਇ।[23]

-ਰਿਪੁਦਮਨ ਪ੍ਰਕਾਸ਼

ਗਿਆਨੀ ਜੀ ਨੇ ਦੁਖੀ ਅਤੇ ਪਰੇਸ਼ਾਨ ਹੋ ਕੇ ਇਹ ਵੀ ਲਿਖ ਦਿੱਤਾ-

ਨਾਮ ਸਿੰਘ ਯੇਹ ਦਿਲ ਕੇ ਚੋਰ।
ਠੱਗੀ ਕਰਤ ਮਿਸਟ ਬਨ ਘੋਰ।
ਪੰਥ ਸੇਵਾ ਕੀ ਲੇਕਰ ਆੜ।
ਜੇਬਾਂ ਖੀਸੇ ਲੇਵਤ ਝਾੜ।
ਪੰਥਕ ਸੇਵਾ ਸ਼ੋਰ ਮਚਾਤੇ।
ਇਨ ਬਿਧ ਠਗ ਕਰ ਲੋਕਾਂ ਖਾਤੇ।
ਫਿਰ ਮੈ ਨਿਜ ਮਨ ਕੋ ਸਮਝਾਇਓ।
ਹੋ ਮਨ ਤੈ ਬਧ ਧੋਖਾ ਖਾਇਓ।[24]

-ਰਿਪੁਦਮਨ ਪ੍ਰਕਾਸ਼

ਸਿੰਘ ਸਾਹਿਬ ਨੇ ਸੰਪਾਦਨ ਕਰਨ ਲੱਗਿਆਂ ਜੋ ਮਿਹਨਤ ਕੀਤੀ ਹੈ ਉਸਦਾ ਹੀ ਲਾਹਾ ਲੈਂਦਿਆਂ ਹੋਇਆਂ ਨਾਮਧਾਰੀ ਪੰਥ ਦੀ ਰਹਿਤ ਮਰਯਾਦਾ ਦੇ ਮੁਢਲੇ ਸਰੋਤਾਂ ਬਾਰੇ ਵਿਚਾਰ ਨੂੰ ਅੱਗੇ ਤੋਰਿਆ ਜਾ ਸਕਦਾ ਹੈ।

ਸਿੱਖੀ ਵਿਚ ਅਵਤਾਰਵਾਦ

ਨਾਮਧਾਰੀ ਪੰਥ ਗੁਰੂ ਨਾਨਕ ਨਾਮ ਲੇਵਾ ਸਿੱਖਾਂ ਦੀ ਉਹੀ ਸੰਸਥਾ ਹੈ, ਜਿਸ ਦੀ ਮਰਯਾਦਾ ਅਨੁਸਾਰ ਆਪ ਅਕਾਲ ਪੁਰਖ ਮਨੁੱਖੀ ਦੇਹ ਧਾਰ ਕੇ ਮਾਤਲੋਕ ਵਿਚ ਆਉਂਦਾ ਹੈ। ਬਾਣੀ ਵਿਚ ਵੀ ਲਿਖਿਆ ਹੋਇਆ ਹੈ-

ਆਪ ਨਰਾਇਣ ਕਲਾਧਾਰ
ਜਗ ਮਹਿ ਪਰਵਰਯਉ।।[25]

ਗੁਰੂ ਨਾਨਕ ਦੇਵ ਜੀ ਤਾਂ ਭਾਰਤੀ ਪ੍ਰੰਪਰਾ ਵਿਚ ਆਏ ਅਵਤਾਰਾਂ ਵਿਚੋਂ ਕਲਜੁਗ ਦੇ ਅਵਤਾਰ ਸਨ ਜਿਹੜੇ ਮਹਿਤਾ ਕਾਲੂ ਦੇ ਗ੍ਰਹਿ ਵਿਖੇ ਆਏ। ਦਸਵੇਂ ਪਾਤਸ਼ਾਹ ਤੱਕ ਹੋਏ ਸਤਿਗੁਰੂ ਸਾਹਿਬਾਨ ਦਾ ਪਿਛੋਕੜ ਵੀ ਉਸੇ ਪ੍ਰੰਪਰਾ ਤੱਕ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਨੇ ਰਾਜਾ ਜਨਕ ਦੇ ਸਮੇਂ ਦੇ ਇਕ ਸਾਧੂ ਦਾ ਪਾਰ-ਉਤਾਰਾ ਕੀਤਾ। ਉਸ ਬਾਰੇ ਗਿਆਨੀ ਜੀ ਲਿਖਦੇ ਹਨ ਕਿ ਤਰਨਤਾਰਨ ਦਸ ਹੱਥ ਧਰਤੀ ਦੀ ਖੁਦਾਈ ਕਰਨ ਤੇ ਇਕ ਮੱਠ ਨਿਕਲਿਆ ਜਿਸ ਵਿਚ ਇਕ ਜੋਗੀ ਸਮਾਧੀ ਲਾਈ ਬੈਠਾ ਸੀ-

ਜੋ ਦਸ ਹਾਥ ਧਰਾ ਖੁਦਾਈ
ਮਧ ਤੈ ਮਠ ਏਕ ਤਬੈ ਦਿਰਸਾਯੋ।।
ਤਾ ਮਧ ਸਾਧ ਸਮਾਧ ਧਰੇ
ਜੁਗੀਆ ਇਕ ਜੋਗ ਕਲਾ ਨਿਕਸਾਇਯੋ।[26]

-ਪੰਥ ਪ੍ਰਕਾਸ਼

ਅਤੇ ਉਹਨਾਂ ਨੇ ਆਪ ਦੱਸਿਆ ਕਿ ਮੈਨੂੰ ਸਰਾਪ ਲੱਗਿਆ ਹੈ ਪਰ ਨਾਲ ਹੀ ਬਖਸ਼ ਹੋਣ ਬਾਰੇ ਕਿਹਾ ਵੀ ਗਿਆ ਹੈ-

ਕਲਿ ਮੈਂ ਹਰਿ ਹ੍ਵੈ ਗੁਰ ਰੂਪ
ਕਰੈਂ ਤੁਮਰੋ ਨਿਸਤਾਰਾ।[27] *-ਪੰਥ ਪ੍ਰਕਾਸ਼*

ਦਸਵੇਂ ਪਾਤਸ਼ਾਹ ਨੇ ਤਾਂ ਆਪਣੇ ਆਪ ਨੂੰ ਭਗਵਾਨ ਰਾਮ ਜੀ ਦੀ ਕੁਲ ਵਿਚੋਂ ਹੋਏ ਆਖਿਆ ਹੀ ਹੈ ਪਰ ਨਾਲ ਹੀ ਗਿਆਨੀ ਜੀ ਦੇ ਅਨੁਸਾਰ ਜੇ ਦਸਵੇਂ ਪਾਤਸ਼ਾਹ ਪ੍ਰਗਟ ਨਾ ਹੁੰਦੇ ਤਾਂ ਹਿੰਦੁਸਤਾਨ ਵਿਚੋਂ ਸਨਾਤਨੀ ਧਰਮ ਕਾਫੂਰ ਹੋ ਜਾਣਾ ਸੀ-

ਦੂਰ ਹੋਤੇ ਹਿੰਦੁਵਾਨਿ ਤੀਰਥਾਨ ਕੇ ਨਿਸ਼ਾਨ।
ਬੇਦ ਨਾ ਪੁਰਾਨ ਕਾਨ ਸੁਨਤੇ ਆਵਾਜ ਹੈਂ।
ਦੇਵਤਾਨ ਮਾਨਤੇ ਕੋਈ ਗਿਆਨ ਧਿਯਾਨ ਠਾਨਤੇ
ਕੋ ਗੁਰੂ ਗ੍ਰੰਥ ਜਾਨਤੇ ਕੋ ਸਜਨ ਸਮਾਜ ਹੈਂ।
ਮਜ਼ੂਬ ਮੁਹੰਮਦੀ ਮਈ ਪੇ ਮੁਢ ਜਾਤੇ ਏਕ
ਕਲਮਾ ਕੁਰਾਨ ਸਭ ਪੜਤੇ ਨਿਵਾਜ ਹੈਂ।
ਜੌ ਪੈ ਦਸਮੇਸ਼ ਪਰਮੇਸ ਮ੍ਰਿਗੇਸ ਪੰਥ
ਰਚਤੇ ਵਿਸ਼ੇਸ਼ ਨਾ ਗਰੀਬਨ ਨਿਵਾਜ ਹੈਂ।[28]

-ਪੰਥ ਪ੍ਰਕਾਸ਼

ਉਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਬਾਲਕ

Namdhari Elibrary NamdhariElibrary@gmail.com

ਸਿੰਘ ਨੂੰ ਦਰਸ਼ਨ ਦੇ ਕੇ [illegible]
ਕੀਤਾ-

ਐਪੇ ਗੁਰ ਦਸਮ ਦਰਸ ਦੈ ਜੋ ਕਹਯੋ ਤਾਂਹਿ,
ਮੇਰੋ ਅਵਤਾਰ - ਅੰਸ ਰਾਮ ਸਿੰਘ ਹ੍ਵੈ ਭਰੇ।
ਯਾਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ,
ਨਿਜ ਸ਼ਕਤਿ ਰਖਾਈ, ਗੁਰੁ ਵਾਕ ਦਿਢ ਥੇ ਧਰੇ।[29]

-ਪੰਥ ਪ੍ਰਕਾਸ਼

ਗੁਰਗੱਦੀ ਦੀ ਮਰਯਾਦਾ-

ਗੁਰਗੱਦੀ ਦੇਣ ਦੀ ਮਰਯਾਦਾ ਦਾ ਮੁਖ ਤੌਰ ਤੇ ਪੰਜ ਪੈਸੇ ਅਤੇ ਨਾਰੀਅਲ ਮੱਥਾ ਟੇਕ ਕੇ ਉਤਰਾਧਿਕਾਰੀ ਨੂੰ ਰਾਜਯੋਗ ਗੁਰਗੱਦੀ ਤੇ ਸੁਭਾਇਮਾਨ ਕਰਨ ਦੀ ਮਰਯਾਦਾ ਹੈ। ਇਹ ਮਰਯਾਦਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਰੰਭ ਕੀਤੀ। ਗਿਆਨੀ ਜੀ ਅਨੁਸਾਰ-

ਪੈਸੇ ਪਾਂਚ ਨਰੇਲ ਏਕ ਗੁਰ ਲਯੋ ਮੰਗਾਈ।
ਅੰਗਦ ਆਗੇ ਧਰੇ ਗੁਰੂ, ਤਿਹ ਦਈ ਗੁਰਯਾਈ।[30]

-ਪੰਥ ਪ੍ਰਕਾਸ਼

ਰਸਨਾ ਹਿਲਾ ਕੇ ਨਾਮ ਸਿਮਰਨ ਦੀ ਮਰਯਾਦਾ-

ਅਧਿਆਤਮਕ ਸ਼ਕਤੀ ਨੂੰ ਗ੍ਰਹਿਣ ਕਰਨ, ਸੰਚਿਤ ਕਰਨ ਅਤੇ ਇਸ ਨੂੰ ਵਧਾਉਣ ਲਈ ਪ੍ਰਭੂ ਦਾ ਸਿਮਰਨ ਕਰਨ ਦੀ ਮਰਿਯਾਦਾ ਸਿੱਖ ਧਰਮ ਵਿੱਚ ਹੈ। ਇਹ ਸਿਮਰਨ ਕਿਹੜਾ ਕਰਨਾ ਹੈ, ਕਿਵੇਂ ਕਰਨਾ ਹੈ ਇਸ ਬਾਰੇ ਗੁਰੂ ਨਾਨਕ ਦੇਵ ਜੀ ਦੇ ਹਵਾਲੇ ਨਾਲ ਗਿਆਨੀ ਗਿਆਨ ਸਿੰਘ ਬੜੇ ਸਪਸ਼ਟ ਸ਼ਬਦਾਂ ਵਿਚ ਅੰਕਿਤ ਕਰਦੇ ਹਨ ਕਿ ਚਾਰ ਅੱਖਰੇ ਦਾ ਜਾਪ ਗੁਪਤਾ ਜਪਣਾ ਹੈ।

ਭਾਵੇਂ ਗੁਰੂ ਨਾਨਕ ਦੇਵ ਜੀ ਨੇ ਮਾਰੂ ਰਾਗ ਵਿਚ ਲਿਖਿਆ ਹੈ-

ਨਾਨਕ ਸੋਹੰ ਹੰਸਾ ਜਪੁ ਜਾਪਹੁ।
ਤ੍ਰਿਭਵਣ ਤਿਸੈ ਸਮਾਹਿ।।[31]

ਪਰ ਉਹਨਾਂ ਨੂੰ ਜਿਸ ਨਾਮ ਦਾ ਜਾਪ ਜਪਾਉਣ ਬਾਰੇ ਅਕਾਲ ਪੁਰਖ ਨੇ ਕਿਹਾ ਉਹ ਸੋਹੰ ਨਹੀਂ ਸੀ।

ਸਤਿਗੁਰੂ ਜੀ ਵੇਂਈ ਨਦੀ ਵਿਚ ਪ੍ਰਵੇਸ਼ ਕਰ ਗਏ, ਉਥੋਂ ਸੱਚਖੰਡ ਗਏ, ਤਾਂ ਉਹਨਾਂ ਨੂੰ ਸੰਸਾਰ ਵਿਚ ਜਾ ਕੇ ਨਾਮ ਜਪਾਉਣ ਬਾਰੇ ਹੁਕਮ ਹੋਇਆ। ਜਦੋਂ ਆਪ ਨੇ ਇਹ ਅਰਜ਼ ਕੀਤੀ ਕਿ ਕੀ ਨਾਂ ਉਪਦੇਸ਼ਾਂ? ਤਾਂ ਭੁਵਨਾਥ ਕਿਹਾ-

ਵਾਹਿਗੁਰੂ ਗਰੁ ਵਾਹਿਗੁਰੂ,
ਹਰਿ ਵਾਹਿਗੁਰੂ ਮੁਖ ਮਾਹਿ ਉਚਾਰੀ।
ਮਾਰ ਅਹੈ ਨਿਗਮਾਗਮ ਕੋ ਯਹਿ,
ਦਾਯਕ ਜਾਪਨ ਕੌ ਫਲ ਚਾਰੀ।
ਔਰ ਨ ਮੰਤ੍ਰ ਕੋ ਇਸ ਕੇ ਸਮ,
ਤਾਰਕ ਯਾ ਕਲਿ ਮਹਿ ਭਵ ਭਾਰੀ।
ਨਾਂਹਿ ਧਿਖੈਂ ਜਮ ਲੋਕ ਕਬੀ
ਵਹਿ ਯਾਂਹਿ ਜਪੈ ਜਗਿ ਜੇ ਨਰ ਨਾਰੀ।
ਹੈ ਯਹਿ ਮੰਤ੍ਰਨ ਕੋ ਸਿਰ ਮੰਤ੍ਰ,
ਗੋਪ ਮਤੋ ਧਨ ਗੋਪ ਬਖਾਨੋ।
ਨਾਂਹਿ ਭਯੋ ਕਬਹੂੰ ਅਬਿ ਲੌ,
ਕਿਸ ਹੀ ਹਿਤ ਜ਼ਾਹਰ ਏਹੁ ਪ੍ਰਮਾਨੋ।[32]

ਏਹੀ ਨਾਮ ਸਿੱਖ ਪੰਥ ਵਿਚ ਜਪਣ ਦੀ ਮਰਯਾਦਾ ਹੈ। ਸਤਿਗੁਰੂ ਬਾਲਕ ਸਿੰਘ ਨੇ ਇਹੀ ਭਜਨ ਸਤਿਗੁਰੂ ਰਾਮ ਸਿੰਘ ਜੀ ਨੂੰ ਦਿੱਤਾ ਅਤੇ

ਏਸ ਹੀ ਭਜਨ ਮਾਂਹਿ ਰਾਮ ਸਿੰਘ ਸੁ-ਉਛਾਹਿ,
ਲਾਈ ਲਿਵ ਅਧਕਾਹਿ ਰਸਨਾਂ ਹਲਾਇ ਕੈ।[33]

ਸਤਿਗੁਰੂ ਰਾਮ ਸਿੰਘ ਜੀ ਨੇ ਅਕਾਲ ਬੁੰਗੇ (ਸ੍ਰੀ ਭੈਣੀ ਸਾਹਿਬ, ਪੰਜਾਬ) ਬੈਠ ਕੇ ਏਸੇ ਨਾਮ ਦਾ ਸਿਮਰਨ ਕੀਤਾ ਅਤੇ ਸਾਧ ਸੰਗਤ ਲਈ ਜਾਰੀ ਕੀਤੇ ਰਹਿਤਨਾਮੇ ਅਨੁਸਾਰ ਹੁਕਮ ਕੀਤਾ-

ਭਜਨੁ ਅੱਠੇ ਪਹਰ ਕਰਨਾ ਗੁਰੂ ਸਚੇ ਦਾ।[34]

ਨਾਮਧਾਰੀ ਸਿੱਖ ਨੂੰ ਇਹੀ ਸਿਮਰਨ ਕਰਨ ਦਾ ਸਤਿਗੁਰੂ ਜਗਜੀਤ ਸਿੰਘ ਜੀ ਦਾ ਅੱਜ ਵੀ ਹੁਕਮ ਹੈ ਅਤੇ ਸਵਾ ਪਹਿਰ ਰਾਤ ਰਹਿੰਦਿਆਂ ਇਸ਼ਨਾਨ ਪਾਣੀ ਕਰਕੇ ਭਜਨ ਕਰਨ ਦੀ ਮਰਯਾਦਾ ਹੈ। ਇਹ ਅੱਜ ਦੀ ਨਹੀਂ, ਗਿਆਨੀ ਗਿਆਨ ਸਿੰਘ ਪੰਥ ਪ੍ਰਕਾਸ਼ ਵਿਚ ਲਿਖਦੇ ਹਨ ਕਿ ਦੂਜੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਨੂੰ ਜਦ ਪੁੱਛਿਆ ਗਿਆ ਪਰਮ ਹੰਸ ਕੌਣ ਹਨ, ਬ੍ਰਹਮ ਗਿਆਨੀ ਕੌਣ ਹਨ ਤਾਂ ਆਪ ਨੇ ਜੁਲਕਾ ਗੋਤ ਦੇ ਖੱਤਰੀ ਨੂੰ ਉਪਦੇਸ਼ ਦਿੰਦਿਆਂ ਉਪਦੇਸ਼ ਦਿੱਤਾ-

ਹਿੰਸਾ ਜੀਵ ਨਾਹਿ ਕਿਹ ਕਰੀਓ
ਨਿੰਦਾ ਚੁਗਲੀ ਚਿੱਤ ਨ ਧਰੀਓ।
ਸਵਾ ਪਹਿਰ ਨਿਸ ਰਹਿਤੀ ਜਾਗੋ।
ਕਰਿ ਸੋਚਾਦਿ ਭਜਨ ਮੈਂ ਲਾਗੋ।[35]

ਸ਼ਾਕਾਹਾਰੀ ਭੋਜਨ-

ਨਾਮਧਾਰੀ ਸਿੰਘਾਂ ਦਾ ਖਾਣਾ ਸ਼ੁੱਧ ਸ਼ਾਕਾਹਾਰੀ ਹੈ। ਉਹਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਮਾਸ ਮੱਛੀ ਖਾਣ ਦੀ ਇਜਾਜ਼ਤ ਨਹੀਂ, ਨਾ ਹੀ ਕੋਈ ਹੋਰ ਨਸ਼ਾ ਪੱਤਾ ਕਰਨ ਦੀ। ਗੁਰੂ ਅੰਗਦ ਦੇਵ ਦੇ ਉਪਰ ਲਿਖੇ ਉਪਦੇਸ਼ ਵਿਚ ਜੀਵ ਹਿੰਸਾ ਨਾ ਕਰਨ ਦੇ ਪਿਛੇ ਮਾਸ ਨਾ ਖਾਣ ਦੀ ਵੀ ਗੱਲ ਹੈ।

ਗੁਰੂ ਨਾਨਕ ਦੇਵ ਜੀ ਜਦੋਂ ਪਹਿਲੀ ਉਦਾਸੀ ਵੇਲੇ ਲੋਕਾਂ ਦੇ ਭਲੇ ਲਈ ਨਿਕਲੇ ਤਾਂ ਇਕ ਥਾਂ ਉਹਨਾਂ ਨੂੰ ਰਾਖਸ਼ਾਂ ਦੀ ਫੌਜ ਮਿਲੀ ਜਿਹੜੇ ਗੁਰੂ ਨਾਨਕ, ਬਾਲਾ ਅਤੇ ਮਰਦਾਨਾਂ ਤਿੰਨਾਂ ਨੂੰ ਵੇਖ ਕੇ ਖੁਸ਼ ਹੋ ਗਈ ਕਿ ਉਹਨਾਂ ਨੂੰ ਮਨੁੱਖੀ ਸ਼ਿਕਾਰ ਮਿਲਿਆ ਹੈ। ਪਰ ਜਦੋਂ ਸਤਿਗੁਰੂ ਜੀ ਨੇ ਉਹਨਾਂ ਦੇ ਰਾਜੇ ਦੇਵਲੂਤ ਸਣੇ ਉਹਨਾਂ

Namdhari Elibrary NamdhariElibrary@gmail.com

ਦੀ ਥੁੱਪੀ ਦੀ ਸ਼ੁੱਪੀ ਕੀਤੀ ਤਾਂ ਨਾਲ ਉਪਦੇਸ਼ ਵੀ ਦਿੱਤਾ ਕਿ ਅਹਿੰਸਾ ਛੱਡੋ-

ਛਡ ਅਹਿੰਸਾ ਮਿਲੈ ਆਹਾਰਾ
ਦੇਵਲੂਤ ਸਾਧੂ ਬ੍ਰਿਤਿ ਧਾਰਾ।।[36]

ਦੇਵਲੂਤ ਨੇ ਸਤਿਗੁਰਾਂ ਦਾ ਬਚਨ ਮੰਨਿਆ ਅਤੇ ਜੋ ਭੇਟਾ ਪਈ, ਉਹ ਇਹ ਸੀ-

ਅਬਿਲੋ ਅਧਿਕ ਅਹੀਂ ਜੋ
ਤਿਹ ਠਾਂ ਕੇਲਾ ਕੰਦ ਕਦੂਰੀ।
ਸਵਾਦ ਸੁਧਾ ਸਮ ਛਕਿ ਮਰਦਾਨਾ
ਭਯੋ ਮੋਦ ਮਨ ਭਾਰੀ।[37]

ਕਈ ਵਿਚਾਰਵਾਨ ਗੁਰੂ ਨਾਨਕ ਦੇ ਸਮੇਂ ਦੀ ਹੀ ਇਕ ਸਾਖੀ ਦੇਂਦੇ ਹਨ ਕਿ ਗੁਰੂ ਨਾਨਕ ਨੇ ਕੁਰਖੇਤਰ ਵਿਚ ਸੂਰਜ ਗ੍ਰਹਿਣ ਸਮੇਂ ਮਾਸ ਰਿੰਨ੍ਹ ਧਰਿਆ ਸੀ। ਉਹ ਸ਼ਿਕਾਰ ਰਾਜਾ ਲੈ ਕੇ ਆਇਆ ਸੀ। ਗਿਆਨੀ ਜੀ ਵੀ ਇਹੀ ਗੱਲ ਲਿਖਦੇ ਹਨ ਅਤੇ ਇਹ ਵੀ ਲਿਖਦੇ ਹਨ ਕਿ ਨਾਨੂੰ ਪੰਡਿਤ ਨੇ ਇਸ ਤੇ ਵਾਦ ਵਿਵਾਦ ਖੜ੍ਹਾ ਕਰ ਦਿੱਤਾ। ਗੋਸ਼ਟ ਹੋਈ ਪਰ ਗੋਸਟ ਤੋਂ ਬਾਅਦ ਉਸ ਹਾਂਡੀ ਵਿਚੋਂ ਜੋ ਨਿਕਲਿਆ ਗਿਆਨੀ ਜੀ ਦੇ ਸ਼ਬਦਾਂ ਵਿਚ-

ਉਨ ਹਾਂਡੀ ਮੈਂ ਗੁਰੁ ਜੀ
ਦੀਨੋ ਦੂਧ ਦਿਖਾਇ।।[38] *ਪੰਥ ਪ੍ਰਕਾਸ਼*

ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਜੀ ਦਾ ਇੱਕ ਹੁਕਮਨਾਮਾ ਹੈ ਜਿਸ ਵਿਚ ਬੜੇ ਸਾਫ਼ ਸ਼ਬਦਾਂ ਵਿਚ ਲਿਖਿਆ ਹੈ- ''ਮਾਸ ਮੱਛੀ ਦੇ ਨੇੜੇ ਨਹੀਂ ਆਵਣਾ।''[39]

ਗਿਆਨੀ ਗਿਆਨ ਸਿੰਘ ਜਦੋਂ ਨਾਮਧਾਰੀ ਰਹਿਤ ਮਰਯਾਦਾ ਨੂੰ ਧਾਰਨ ਵਾਲਿਆਂ ਦੇ ਚਰਿਤ੍ਰ ਦੀ ਗੱਲ ਕਰਦੇ ਹਨ, ਤਾਂ ਉਹਨਾਂ ਵਿਚ ਆਈ ਤਬਦੀਲੀ ਨੂੰ ਮਾਸ ਤੇ ਨਸ਼ੇ ਪੱਤੇ ਦਾ ਛੱਡਣਾ ਵੀ ਲਿਖਦੇ ਹਨ-

ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।[40]

ਅੰਮ੍ਰਿਤ ਦੀ ਮਰਯਾਦਾ-

ਸ੍ਰੀ ਸਤਿਗੁਰੂ ਗੁਰੂ ਗੋਬਿੰਦ ਸਿੰਘ ਜੀ ਦੇ 1699 ਈ. ਨੂੰ ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਸਿੱਖਾਂ ਵਿਚ ਅੰਮ੍ਰਿਤ ਦੀ ਮਰਯਾਦਾ ਨਹੀਂ ਸੀ। ਇਹ ਮਰਯਾਦਾ ਦਸਵੇਂ ਪਾਤਸ਼ਾਹ ਨੇ ਆਰੰਭ ਕੀਤੀ ਅਤੇ ਸਤਿਗੁਰੂ ਰਾਮ ਸਿੰਘ ਜੀ ਨੇ ਅੰਮ੍ਰਿਤ ਦੀ ਮਰਯਾਦਾ ਨੂੰ ਹੀ ਆਪਣੇ ਸਿੱਖਾਂ ਵਿਚ ਜ਼ਰੂਰੀ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਹੋਏ ਕਵੀ ਸੈਨਾਪਤਿ ਨੇ ਆਪਣੇ ਗ੍ਰੰਥ 'ਸ੍ਰੀ ਗੁਰ ਸੋਭਾ' ਵਿਚ ਇਸ ਦਾ ਕੋਈ ਖਾਸ ਜ਼ਿਕਰ ਨਹੀਂ ਕੀਤਾ। ਭਾਵੇਂ ਉਹ ਆਪ ਦਸਵੇਂ ਪਾਤਸ਼ਾਹ ਦਾ ਹਜ਼ੂਰੀ ਕਵੀ ਸੀ। ਉਸਦਾ ਆਪਣੀ ਰਚਨਾ ਵਿਚ ਇਸ ਦਾ ਜ਼ਿਕਰ ਨਾ ਕਰਨ ਬਾਰੇ ਡਾ. ਗੰਡਾ ਸਿੰਘ ਨੇ ਉਸ ਦੀ ਰਚਨਾ ਨੂੰ ਸੰਪਾਦਨ ਕਰਨ ਸਮੇਂ ਉਚੇਚੇ ਤੌਰ ਤੇ ਲਿਖਿਆ ਹੈ, ''ਸੈਨਾਪਤਿ ਨੇ ਖਾਲਸਾ ਸਾਜਨਾ ਦੀ ਕੋਈ ਤਰੀਕ ਨਹੀਂ ਦਿੱਤੀ ਅਤੇ ਨਾ ਹੀ ਉਸ ਨੇ ਇਹ ਦੱਸਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਦੀ ਚੋਣ ਕਿਵੇਂ ਕੀਤੀ, ਕਿਵੇਂ ਖੰਡੇ ਦਾ ਅੰਮ੍ਰਿਤ ਤਿਆਰ ਕੀਤਾ ਅਤੇ ਉਹਨਾਂ ਨੂੰ ਛਕਾਇਆ।''[41]

> ***''ਤਦੋਂ ਨੂੰ ਗੁਰੂ ਜੀ ਭੀ ਸੁਫੈਦ ਪੋਸ਼ਾਕ ਧਾਰਨ ਕਰ ਸਨਦਬੱਧ ਸਿੰਘਾਸਨ ਪੁਰ ਆ ਬਿਰਾਜੇ, ਜਿਨਾਂ ਨਾਲ ਪੰਜ ਸੌ ਯੋਧਾ ਇਕ ਤੋਂ ਇਕ ਵੱਧ ਕੇ ਮੁਛੈਲਾ, ਗੁਛੈਲਾ ਸ਼ਸਤ੍ਰਧਾਰੀ ਸੀ, ਉਹ ਸਭ ਇਕ ਪਾਸੇ ਬੀਰਾਸਨ ਆ ਬੈਠਾ। ਗੁਰੂ ਜੀ ਨੇ ਸਰਬ ਲੋਹ ਦੇ ਬਾਟੇ ਵਿਚ ਸਤਲੁਜ ਦਾ ਜਲ ਪਾ ਕੇ ਉਹਨਾਂ ਪੰਜਾਂ ਪਿਆਰਿਆਂ ਨੂੰ ਕੱਢ ਕ੍ਰਿਪਾਨਾਦਿਕ ਤੇ ਸੁਫੈਦ ਪੁਸ਼ਾਕੇ ਕਰਾ, ਆਪਣੇ ਸਨਮੁੱਖ ਖੜੇ ਕਰ ਹੁਕਮ ਦਿਤਾ ਕਿ ਸ੍ਰੀ ਵਾਹਿਗੁਰੂ ਜੀ ਦਾ ਜਾਪ ਤੇ ਅਕਾਲ ਪੁਰਖ ਦਾ ਧਿਆਨ ਕਰਦੇ ਰਹੋ ਤੇ ਆਪ ਉਸ ਬਾਟੇ ਵਿਚ ਸਿਧੀ ਧਾਰ ਖੰਡਾ ਫੇਰਦੇ ਅੰਮ੍ਰਿਤ ਤਿਆਰ ਕਰਨ ਲਗੇ। ਜਪੁਜੀ ਸਾਹਿਬ ਦਾ ਪਾਠ ਅਜੇ ਸਮਾਪਤ ਨਹੀਂ ਹੋਇਆ ਸੀ ਜੋ ਮਾਤਾ ਜੀਤੋ ਜੀ ਗੁਰੂ ਕੀ ਜੇਸ਼ਟਾ ਪਤਨੀ (ਮਾਈ ਰਾਮ ਕੌਰ ਜੀ ਦੀ ਪ੍ਰੇਰੀ ਹੋਈ) ਪਤਾਸੇ ਲੈ ਕੇ ਆ ਪਹੁੰਚੀ।***

ਗਿਆਨੀ ਗਿਆਨ ਸਿੰਘ ਇਸ ਬਾਰੇ ਕੁੱਝ ਵੇਰਵੇ ਨਾਲ ਲਿਖਦੇ ਹਨ। ਖਾਲਸੇ ਨੂੰ ਅੰਮ੍ਰਿਤ ਛਕਾਉਣ ਤੋਂ ਪਹਿਲੇ ਉਹ ਨੈਣਾ ਦੇਵੀ ਤੇ ਹਵਨ ਕਰਦੇ ਹਨ, ਕਾਂਸ਼ੀ ਤੋਂ ਤੇ ਕਸ਼ਮੀਰ ਤੋਂ ਪੰਡਤ ਸੱਦੇ ਜਾਂਦੇ ਹਨ। ਇਕ ਸਾਲ ਹਵਨ ਯੱਗ ਚਲਦਾ ਹੈ। ਕੇਸ਼ਵ ਪੰਡਿਤ ਜੋ ਕਾਸ਼ੀ ਤੋਂ ਆਇਆ ਹੈ, ਸਤਿਗੁਰੂ ਜੀ ਨੂੰ ਜੇਸ਼ਠ ਪੁੱਤਰ ਦੀ ਬਲੀ ਦੇਣ ਲਈ ਕਹਿੰਦਾ ਹੈ ਜੋ ਦੇਵੀ ਦੇ ਪ੍ਰਗਟ ਹੋਣ ਸਮੇਂ ਲੋੜੀਂਦੀ ਹੈ। ਗੁਰੂ ਜੀ ਘਰ ਜਾਂਦੇ ਹਨ ਤੇ ਮਾਂ ਗੁਜਰੀ ਨੇ ਸਤਿਗੁਰੂ ਜੀ ਦੇ ਚਾਰੇ ਪੁੱਤਰ ਲੁਕਾ ਲਏ। ਇਕ ਸਿੱਖ ਸੰਗਤੀਆ ਹੱਥ ਜੋੜ ਕੇ ਕਹਿਣ ਲੱਗਾ, ਮੈਂ ਬਲੀ ਲਈ ਹਾਜ਼ਰ ਹਾਂ। ਪਰ ਬਦਸ਼ਗਨੀ ਹੋਣ ਕਾਰਨ ਕੇਸ਼ਵ ਪੰਡਿਤ ਡਰਿਆ। ਨੌਵੇਂ ਨਰਾਤੇ ਦੇਵੀ ਪ੍ਰਗਟ ਹੋਈ ਜਿਸ ਦੇ ਪ੍ਰਗਟ ਹੋਣ ਨਾਲ ਨੂਰਾਨੀ ਰੂਪ ਦਿਸਿਆ। ਇੰਦੂ ਬਦਨ ਭੁਜ ਅਸਟ ਸ੍ਰਿਸਟਿ ਉਲਟ ਕਰ ਦੁਸਟ।

ਉਸ ਦੇਵੀ ਦੀ ਸਤਿਗੁਰੂ ਜੀ ਨੇ ਉਸਤਤਿ ਕੀਤੀ। ਦੇਵੀ ਨੇ ਵਰ ਦਿੱਤੇ, ਪੰਥ ਚੱਲੇਗਾ ਅਤੇ ਨਾਲ ਹੀ ਉਸਨੇ ਸਤਿਗੁਰੂ ਜੀ ਨੂੰ ਵੀ ਇਕ ਛੋਟੀ ਕਿਰਪਾਨ

Namdhari Elibrary NamdhariElibrary@gmail.com

ਦਿੱਤੀ।

-ਪੁਨਿ ਇਕ ਲਘੁ ਕਿਰਪਾਨ ਦੈ,
ਭਈ ਲੋਪ ਜਗ ਮਾਤ।
ਸਤਿਗੁਰ ਪੁਰ ਅਨੰਦ ਮੈਂ
ਆਏ ਫਿਰ ਬਖਯਾਤ।[42]

ਇਹੀ ਕਿਰਪਾਨ ਅੰਮ੍ਰਿਤ ਤਿਆਰ ਕਰਨ ਅਤੇ ਛਕਾਉਣ ਸਮੇਂ ਵਰਤੀ ਗਈ। ਕਿਤੇ ਇਸ ਨੂੰ ਹੀ ਕਰਦ ਲਿਖਿਆ ਹੋਇਆ ਹੈ, ਕਿਤੇ ਖੰਡਾ। ਹੋ ਸਕਦਾ ਹੈ ਇਕੋ ਹਥਿਆਰ ਦੇ ਵੱਖ ਵੱਖ ਨਾਂ ਹੋਣ। ਪਰ ਦੇਵੀ ਨੇ ਖੰਡਾ ਨਹੀਂ ਕਰਦ ਦਿੱਤੀ ਸੀ। ਪ੍ਰਚੀਨ ਪੰਥ ਪ੍ਰਕਾਸ਼ ਦਾ ਕਰਤਾ ਪਾਹੁਲ ਖੰਡੇ ਲਿਖਦਾ ਹੈ, ਪਰ ਪਾਹੁਲ ਵਿੱਚ ਕਰਦ ਪੱਗੀ

-ਤਿਹ ਮਧ ਰਾਖੀ ਕਰਦ ਗਡਾਇ।
ਸਤਿਗੁਰ ਰਾਖੀ ਕਰਦ ਧਾਰੇ ਦਾਇ।

ਭਾਈ ਸੰਤੋਖ ਸਿੰਘ ਅੰਮ੍ਰਿਤ ਤਿਆਰ ਕਰਨ ਵੇਲੇ ਜਲ ਵਿਚ ਫੇਰਨ ਲਈ

ਨਿਜ ਆਗੇ ਰਖਵਾਵਨ ਕੀਯੋ
ਜੋ ਕ੍ਰਿਪਾਨ ਸ੍ਰੀ ਦੇਵੀ ਦੀਯੋ।[43]

ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਤਿਆਰ ਕੀਤਾ। ਕਿਵੇਂ, ਗਿਆਨੀ ਗਿਆਨ ਸਿੰਘ ਲਿਖਦੇ ਹਨ-

ਪਾਇ ਲੋਹ ਬਾਸਨ ਮੈਂ ਜਲ ਤੇ ਪਤਾਸੇ,
ਖੰਡਾ ਸੁਧਾ ਧਰ ਫੇਰਿ ਦੀਓ ਦੇਵੀ ਥਾ ਜੋ ਭਾਇ ਕੈ।
ਪਾਂਚ ਪਾਂਚ ਪੌੜੀ ਪੜ ਜਪੁਜੀ ਔ ਜਾਪੁ ਜੀ ਕੀ
ਦਸਹੂੰ ਸੈਯੇ ਪੁਨ ਚੌਪਈ ਅਲਾਇ ਕੈ।
ਅਨੰਦ ਉਚਾਰ ਅਰਦਾਸ ਕਰ ਕੈ ਸੁਧਾਰ
ਅੰਮ੍ਰਿਤ ਤਿਆਰ ਗੁਰ ਐਸ ਬਿਧ ਕੀਨੋ ਹੈ।[44]

ਵਰਤਮਾਨ ਸਮੇਂ ਵਿਚ ਅੰਮ੍ਰਿਤ ਤਿਆਰ ਕਰਨ ਸਮੇਂ ਪੰਜ ਬਾਣੀਆਂ ਪੜ੍ਹੀਆਂ ਜਾਂਦੀਆਂ ਹਨ, ਜਪੁ, ਜਾਪੁ, ਚੌਪਈ, ਦਸ ਸੈਯੇ ਪਾਤਸ਼ਾਹੀ 10 (ਸ੍ਰਾਵਗ ਸੁਧ ਸਮੂਹ) ਅਤੇ ਅਨੰਦ ਸਾਹਿਬ। ਪਰ ਗਿਆਨੀ ਗਿਆਨ ਸਿੰਘ ਅਨੁਸਾਰ ਜਪੁਜੀ ਤੇ ਜਾਪ ਸਾਹਿਬ ਦੀਆਂ ਪੰਜ ਪੰਜ ਪੌੜੀਆਂ ਹੀ ਪੜ੍ਹੀਆਂ ਗਈਆਂ। ਪੂਰੀਆਂ ਨਹੀਂ ਪੜ੍ਹੀਆਂ ਗਈਆਂ।

ਨਾਮਧਾਰੀ ਰਹਿਤ ਮਰਯਾਦਾ ਅਨੁਸਾਰ ਪੰਜੇ ਬਾਣੀਆਂ ਪੂਰੀਆਂ ਪੜ੍ਹੀਆਂ ਜਾਂਦੀਆਂ ਹਨ ਅਤੇ ਅੰਮ੍ਰਿਤ ਤਿਆਰ ਕਰਨ ਦੀ ਵਿਧੀ ਹੈ-

ਸੋਧ ਮਰਯਾਦਾ ਦੇ ਧਾਰਨੀ ਪੰਜ ਸਿੰਘ ਇਸ਼ਨਾਨ ਕਰਕੇ ਪਹਿਲਾਂ ਮਰਯਾਦਾ ਅਨੁਸਾਰ ਕੜਾਹ ਪ੍ਰਸ਼ਾਦ ਤਿਆਰ ਕਰਨ। ਜਿਥੇ ਅੰਮ੍ਰਿਤ ਤਿਆਰ ਕਰਨਾ ਹੈ, ਉਹ ਜਗ੍ਹਾ ਸੋਧ ਦੇ ਜਲ ਨਾਲ ਪੋ ਕੇ ਪਵਿਤ੍ਰ ਕੀਤੀ ਹੋਵੇ। ਕੜਾਹ ਪ੍ਰਸ਼ਾਦ ਲਿਆ ਕੇ ਪਾਸ ਰਖਕੇ ਪੰਜ ਸਿੰਘ ਜਿਨ੍ਹਾਂ ਕਮਰਕੱਸੇ ਲਾ ਕੇ ਸਫ਼ਾ ਜੰਗ ਸਜਾਏ ਹੋਣ, ਉਹਨਾਂ ਵਿਚੋਂ ਚਾਰ ਸਿੰਘ ਪੋਥੀਆਂ ਤੋਂ ਇਹ ਬਾਣੀਆਂ ਪੜ੍ਹਨ 1. ਜਪੁ, 2. ਜਾਪੁ, 3. ਚੌਪਈ (ਪੁਨ ਰਾਛਸ), 4. ਦਸ ਸੈਯੇ ਪਾਤਸ਼ਾਹ 10 (ਸ੍ਰਾਵਗ ਸੁਧ)।[45] ਅਨੰਦ। ਬਾਟੇ ਵਿਚ ਸੋਧ ਦਾ ਜਲ ਪਾ ਕੇ ਉਸ ਵਿਚ ਪਤਾਸੇ (ਜੇ ਨਾ ਮਿਲਣ ਤਾਂ ਗੁੜ) ਪਾ ਕੇ ਪੰਜਵਾਂ ਸਿੰਘ ਉਸ ਵਿਚ ਖੰਡਾ ਫੇਰੇ। ਨਿਗਾਹ ਵਿਚ ਰੱਖੇ ਅਤੇ ਭਜਨ ਕਰੇ। ਬਾਣੀਆਂ ਦੇ ਪਾਠ ਆਰੰਭ ਅਤੇ ਸਮਾਪਤੀ ਸਮੇਂ ਅਰਦਾਸ ਕੀਤੀ ਜਾਵੇ। ਅੰਮ੍ਰਿਤ ਬਣਾਉਂਦਿਆਂ ਕੋਈ ਬਚਨ ਨਾ ਕਰੇ। ਨਾਮਧਾਰੀ ਮਰਯਾਦਾ ਅਨੁਸਾਰ ਤਿੰਨ ਸਮਿਆਂ ਤੇ ਅੰਮ੍ਰਿਤ ਜ਼ਰੂਰ ਛਕਾਇਆ ਜਾਂਦਾ ਹੈ। 1. ਚੌਂਕੇ ਚੜ੍ਹਾਉਣ ਸਮੇਂ ਜੱਚਾ ਬੱਚਾ ਨੂੰ, 2. ਅਨੰਦ ਕਾਰਜ ਸਮੇਂ ਲੜਕੀ ਲੜਕੇ ਨੂੰ 3. ਮਿਰਤਕ ਪ੍ਰਾਣੀ ਨੂੰ।

ਅੰਮ੍ਰਿਤਧਾਰੀਆਂ ਦਾ ਬਾਣਾ-

ਦਸਮ ਪਿਤਾ ਤੋਂ ਅੰਮ੍ਰਿਤ ਛਕਣ ਵਾਲੇ ਪੰਜੇ ਸਿੰਘ ਸਨੇਕੇਸੀਂ ਇਸ਼ਨਾਨ ਕਰਕੇ ਅੰਮ੍ਰਿਤ ਛਕਣ ਲਈ ਤਿਆਰ ਹੋਏ। ਉਹਨਾਂ ਸਾਰਿਆਂ ਨੇ ਚਿੱਟੇ ਬਸਤਰ ਪਾਏ ਹੋਏ ਸਨ। ਗਿਆਨੀ ਗਿਆਨ ਸਿੰਘ ਜੀ ਇਸ ਬਾਰੇ ਲਿਖਣ ਸਮੇਂ ਕਿਸੇ ਦੁਚਿਤੀ ਜਾਂ ਭੁਲੇਖੇ ਵਿਚ ਨਹੀਂ ਸਗੋਂ ਉਹ ਸਾਫ ਲਿਖਦੇ ਹਨ ਕਿ-

ਕਿਤਕ ਦੂਰ ਨਿਜ ਸਮੁਖ ਧਿਰਾਏ।
ਸੁਕਲ ਬਸਨ ਸਭਿ ਅੰਗ ਸਜਾਏ।[46]

ਪਹਿਲਾਂ ਅੰਮ੍ਰਿਤ ਕਿਸ ਛਕਿਆ-

ਸਤਿਗੁਰੂ ਜੀ ਨੇ ਪਹਿਲਾਂ ਅੰਮ੍ਰਿਤ ਨਹੀਂ ਛਕਾਇਆ। ਕਈਆਂ ਦੀ ਪਹਿਲਾਂ ਇਹ ਧਾਰਨਾ ਹੈ ਕਿ ਪਹਿਲਾਂ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਅਤੇ ਫਿਰ ਆਪ ਅੰਮ੍ਰਿਤ ਛਕਿਆ ਉਹਨਾਂ ਪੰਜਾਂ ਪਿਆਰਿਆਂ ਤੋਂ। ਗਿਆਨੀ ਜੀ ਦਾ ਇਸ ਬਾਰੇ ਕਥਨ ਹੈ, ਪਹਿਲਾਂ ਸਤਿਗੁਰੂ ਜੀ ਨੇ ਆਪ ਅੰਮ੍ਰਿਤ ਛਕਿਆ, ਉਸ ਕਰਦ ਨਾਲ ਜਿਹੜੀ ਕਰਦ ਦੇਵੀ ਨੇ ਉਹਨਾਂ ਨੂੰ ਦਿੱਤੀ ਸੀ। ਫਿਰ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਇਆ ਉਹਨਾਂ ਦੇ ਨੈਣਾਂ ਵਿਚ ਪਾਇਆ ਅਤੇ ਸੀਸ ਵਿਚ ਪਾਇਆ। ਹਰ ਵਾਰੀ ਪੰਜ ਪੰਜ ਚੂਲੇ ਪਾਏ ਗਏ-

ਪ੍ਰਥਮ ਕਰਦ ਸਾਥ ਆਪ ਗੁਰੂ ਨਾਥ ਲੀਓ,
ਪਾਛੇ ਆਛੇ ਆਪ ਪਾਂਚ ਸਿਖਨ ਕੋ ਦੀਨੋ ਹੈ।
ਪਾਂਚ ਪਾਂਚ ਅੰਜੁਰੀ ਪਿਲਾਈ, ਫਤੇ ਬੁਲਾਈ,
ਤਯੋਂ ਹੀ ਫਿਰ ਸਿਰ ਪਰ ਨੈਨਨ ਪੈ ਦੀਨੋ ਹੈ।[47]

ਗਿਆਨੀ ਗਿਆਨ ਸਿੰਘ ਆਪਣੀ ਵਾਰਤਕ ਰਚਨਾ ਵਿਚ ਕੇਸਗੜ੍ਹ ਦੇ ਦਿਵਾਨ ਸਮੇਂ ਕੀਤੇ ਕੌਤਕ ਤੇ ਅੰਮ੍ਰਿਤ ਸੰਚਾਰ ਬਾਰੇ ਕੋਈ ਭੁਲੇਖਾ ਨਹੀਂ ਰਹਿਣ ਦਿੰਦੇ।

"ਤਦੋਂ ਨੂੰ ਗੁਰੂ ਜੀ ਭੀ ਸੁਫੈਦ ਪੋਸ਼ਾਕ ਧਾਰਨ ਕਰ ਸਨਦਬੱਧ ਸਿੰਘਾਸਨ ਪੁਰ ਆ ਬਿਰਾਜੇ, ਜਿਨਾਂ ਨਾਲ ਪੰਜ ਸੌ ਯੋਧਾ ਇਕ ਤੋਂ ਇਕ ਵੱਧ ਕੇ ਮੁਛੈਲਾ, ਗੁਛੈਲਾ

Namdhari Elibrary NamdhariElibrary@gmail.com

ਸ਼ਸਤ੍ਰਧਾਰੀ ਸੀ, ਉਹ ਸਭ ਇਕ ਪਾਸੇ ਬੀਰਾਸਨ ਆ ਬੈਠਾ। ਗੁਰੂ ਜੀ ਨੇ ਸਰਬ ਲੋਹ ਦੇ ਬਾਟੇ ਵਿਚ ਸਤਲੁਜ ਦਾ ਜਲ ਪਾ ਕੇ ਉਹਨਾਂ ਪੰਜਾਂ ਪਿਆਰਿਆਂ ਨੂੰ ਕੱਛ ਕ੍ਰਿਪਾਨਾਦਿਕ ਤੇ ਸੁਫੈਦ ਪੁਸ਼ਾਕੇ ਕਰਾ, ਆਪਣੇ ਸਨਮੁੱਖ ਖੜੇ ਕਰ ਹੁਕਮ ਦਿਤਾ ਕਿ ਸ੍ਰੀ ਵਾਹਿਗੁਰੂ ਜੀ ਦਾ ਜਾਪ ਤੇ ਅਕਾਲ ਪੁਰਖ ਦਾ ਧਿਆਨ ਕਰਦੇ ਰਹੋ ਤੇ ਆਪ ਉਸ ਬਾਟੇ ਵਿਚ ਸਿਧੀ ਧਾਰ ਖੰਡਾ ਫੇਰਦੇ ਅੰਮ੍ਰਿਤ ਤਿਆਰ ਕਰਨ ਲਗੇ। ਜਪੁਜੀ ਸਾਹਿਬ ਦਾ ਪਾਠ ਅਜੇ ਸਮਾਪਤ ਨਹੀਂ ਹੋਇਆ ਸੀ ਜੋ ਮਾਤਾ ਜੀਤੋ ਜੀ ਗੁਰੂ ਕੀ ਜੇਸ਼ਟਾ ਪਤਨੀ (ਮਾਈ ਰਾਮ ਕੌਰ ਜੀ ਦੀ ਪ੍ਰੇਰੀ ਹੋਈ) ਪਤਾਸੇ ਲੈ ਕੇ ਆ ਪਹੁੰਚੀ।

ਗੁਰੂ ਜੀ ਨੇ ਅੰਮ੍ਰਿਤ ਦੇ ਬਾਟੇ ਵਿਚੋਂ ਖੰਡੇ ਦੀ ਨੋਕ ਨਾਲ ਪੰਜ ਵਾਰੀ ਪਹਿਲੇ ਆਪਣੇ ਮੁਖਾਰਬਿੰਦ ਵਿਚ ਅੰਮ੍ਰਿਤ ਪਾ ਕਰ ਫੇਰ ਉਨ੍ਹਾਂ ਨੂੰ ਇਸ ਪ੍ਰਕਾਰ ਛਕਾਯਾ। ਪਹਿਲੇ ਪੰਜ ਪੰਜ ਚੁਲੇ ਛਕਾਏ, ਫੇਰ ਕੇਸਾਂ ਵਿਚ ਪਾਏ ਪੁਨਾਂ ਨੇਤ੍ਰਾਂ ਪੁਰ ਛਿੜਕਾਏ। ਹਰੇਕ ਚੁਲੇ ਨਾਲ ਬੋਲ ਵਾਹਿਗੁਰੂ ਜੀ ਕਾ ਖਾਲਸਾ ਵਹਿਗੁਰੂ ਜੀ ਕੀ ਫਤਹਿ। ਗੁਰੂ ਜੀ ਬੁਲਾਉਂਦੇ ਗਏ।

-ਤਵਾਰੀਖ ਗੁਰੂ ਖਾਲਸਾ 10 ਹਿੱਸਾ [48]

ਗੁਰੂ ਗੋਬਿੰਦ ਸਿੰਘ ਜੀ ਜਦ ਨਰ ਨਾਟਕ ਕਰ ਗਏ ਤਾਂ ਉਹਨਾਂ ਤੋਂ ਬਾਅਦ ਸਿੱਖਾਂ ਵਿਚ ਬਾਬਾ ਬੰਦਾ ਬਹਾਦਰ ਜਾਂ ਉਸ ਪਿਛੋਂ ਵੀ ਸਿਖੀ ਰਹਿਤ ਮਰਯਾਦਾ ਪ੍ਰਚਲਤ ਰਹੀ। ਨਾਲ ਹੀ ਸਿਖਾਂ ਨੂੰ ਯੁੱਧਾਂ ਜੰਗਾਂ ਵਿਚ ਵੈਰੀ ਨਾਲ ਦੋ ਦੋ ਹੱਥ ਕਰਨੇ ਪੈਂਦੇ ਸਨ। ਕੁਝ ਸਮੇਂ ਬਾਅਦ ਜਦੋਂ ਸ. ਕਪੂਰ ਸਿੰਘ ਨੂੰ ਨਵਾਬੀ ਮਿਲੀ ਤਾਂ ਉਸ ਸਮੇਂ ਅੰਮ੍ਰਿਤ ਤਿਆਰ ਕਰਨ ਅਤੇ ਛਕਾਉਣ ਬਾਰੇ ਜੋ ਮਰਯਾਦਾ ਪ੍ਰਚਲਤ ਹੋਈ ਉਸ ਬਾਰੇ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਇਹ ਲਿਖਿਆ ਹੈ-

ਆਬ-ਹਯਾਤ ਬਨਾਵਤ ਜੈਸੇ। ਸੁਨੋ ਰੀਤਿ ਕਹਿ ਹੌਂ ਮੈਂ ਤੈਸੇ।।50।। ਅੰਮ੍ਰਿਤਸਰ ਕਾ ਜਲ ਅਨੁਵਾ ਕੈ। ਪਾਕ ਸਾਫ ਬਰਤਨ ਮੈਂ ਪਾ ਕੈ। ਜਤੀ ਸਤੀ ਸਿੰਘ ਆਲਮ ਆਮਲ। ਜੇਊ ਇਬਾਦਤ ਮੈਂ ਹੈਂ ਕਾਮਲ।51।। ਸੁਪਨੇ ਜਿਨ ਪਰ-ਤੀਯ ਨ ਹੇਰੀ। ਝੂਠੀ ਬਾਤ ਕਬੀ ਨਹਿੰ ਟੇਰੀ। ਕਾਮ ਕ੍ਰੋਧ ਲੋਭ ਮੋਹ ਮਤਸਰ। ਇਨ ਤੈ ਰਹਿਤ ਹੋਤ ਜੋ ਅਕਸਰ।।52।। ਅਰਿ ਕੋ ਪੀਠ, ਜਵਾਬ ਮੰਗਤੈਂ। ਦਯੋ ਨ ਜਿਨ ਕਬਿ ਹੀ ਕੁਢੰਗ ਤੈਂ। ਐਸੇ ਪਾਂਚ ਸਿੰਘ ਮਿਲਿ ਪੂਰੇ। ਗੁਰੂ ਨਾਨਕ ਕੇ ਗੀਬ ਹਜੂਰੇ।।53।। ਸਾਫ ਪਾਕ ਧਰਿ ਸੇਤ ਪੁਸ਼ਾਕੈਂ।। ਨ੍ਹਾਇ ਸਕੇਸ ਤੇਗ ਗਰਿ ਪਾ ਕੈ। ਉਸ ਬਰਤਨ ਕੈ ਥਿਰਿ ਚਹੁੰ ਪਾਸੇ। ਕਿਤਿਕ ਤਾਂਹਿੰ ਮੈਂ ਡਾਰਿ ਪਤਾਸੇ।।54।। ਖੰਡਾ ਲੇਤ ਆਹਨੀ ਹਾਥੈਂ। ਨਿਜ ਗੁਰੁ ਮੰਤ੍ਰ ਪਢ ਹੈਂ ਸਾਥੈਂ। ਧਾਰਿ ਭਾਰਿ ਖੰਡਾ ਬਰਤਨ ਮੈਂ। ਫੇਰਤ, ਹੇਰਤ ਨਹਿੰ ਕਿਤ ਅਨ ਮੈਂ।55।। ਧਯਾਨ ਅਕਾਲ ਪੁਰਖ ਕਾ ਧਰਿ ਕੈ। ਮਨ ਇੰਦ੍ਰੀਂ ਕੋ ਰੋਕਨ ਕਰਿ ਕੈ। ਬਾਰੀ ਬਾਰੀ ਪਾਂਚੋ ਫੇਰੈਂ। ਬਿਨ ਕਲਾਮ-ਗੁਰੁ ਔਰ ਨ ਟੇਰੈਂ।।56।। ਜਿਨ ਕੋ ਅੰਮ੍ਰਿਤ ਹੋਇ ਪਿਲਾਨੇ। ਤਿਨ ਕੋ ਸੰਮੁਖ ਕਰੈਂ ਥਿਰਾਨੇ। ਸੋ ਭੀ ਨ੍ਹਾਇ ਸਕੇਸ ਥਿਰਾਵੈਂ। ਸੇਤ ਪੁਸ਼ਾਕ ਪਾਕ ਪਹਿਰਾਵੈਂ।।57।। ਗਰ ਮੈਂ ਤੇਗ ਜੋਹਿ ਕਰ ਧਰ ਹੈਂ। ਧਯਾਨ ਖੁਦਾ ਕਾ, ਨਾਮ ਉਚਰ ਹੈਂ। ਜਬਿ ਵਹਿ ਅੰਮ੍ਰਿਤ ਹੋਵਤ ਤਯਾਰੇ। ਸਭਿ ਮੈਂ ਨੇਕ ਸਿੰਘ ਜੋ ਭਾਰੋ।।58।। ਸੋਊ ਪੰਥ ਕੀ ਆਗਯਾ ਲੈ ਕੈ। ਸੁਧਾ ਗਾਹਕੋਂ ਕੇ ਢਿਗ ਜੈ ਕੈ। ਤਿਨ ਤੈ ਦੋਊ ਕਰ ਜੁਰਵੈ ਹੈ। ਮਨ ਤਨ ਧਨ, ਹਿਤ ਹਰਿ ਅਰਪੈ ਹੈ।।59।। ਪਾਂਚ ਚੁਲੇ ਭਰਿ ਇਕ ਕੋ ਪਯਾਵੈ। ਪਾਂਚ ਵੇਰ ਗੁਰੁ ਫਤੇ ਬੁਲਾਵੈ। ਪਾਂਚ ਬੇਰ ਆਂਖਨ ਮੈਂ ਛਿਰਕੈ। ਪਾਂਚ ਬੇਰ ਮਧ ਦੇਵਤ ਸਿਰ ਕੈ।।60।। ਯੌਂ ਹੀ ਸਭਿ ਕੇ ਤਈਂ ਛਕਾਵੈ।[49]

ਉਦੋਂ ਸਿੰਘ ਇੰਨੇ ਬਚਨ ਮੰਨਣ ਵਾਲੇ ਸਨ ਅਤੇ ਸਿਦਕੀ ਸਨ ਕਿ ਉਹਨਾਂ ਨੂੰ-ਦੋ ਦੋ ਕੱਛਾਂ, ਇਕ ਦਸਤਾਰਾ, ਭੂਰਾ, ਚਾਦਰ ਪੁਰਾਣਾ ਹੀ ਮਿਲਦਾ ਸੀ ਅਤੇ ਉਹ ਸਬਰ ਸ਼ੁਕਰ ਕਰਦੇ ਸਨ।

ਗਿਆਨੀ ਜੀ ਦੇ ਲਿਖਣ ਅਨੁਸਾਰ ਬਾਅਦ ਵਿਚ ਸਿਖਾਂ ਵਿਚ ਔਗੁਣ ਆ ਗਏ, ਗੁਣ ਘੱਟ ਗਏ। ਉਹ ਦੁਰਾਚਾਰੀ ਨਰਕ ਦੇ ਅਧਿਕਾਰੀ ਬਣੇ-

ਬੇਮੁਖ ਸੰਤ ਸੇਵ ਤੇ ਹੁਏ।
ਪਰੇ ਮੋਹ ਮਤਸਰ ਕੇ ਕੂਏ।
ਮੁਖ ਤੇ ਕਹਿਤ ਸਿੰਘ ਹਮ ਸਾਚੇ।
ਧਰਮ ਸ਼ਰਮ ਦਰਸਨ ਕੇ ਕਾਚੇ।
ਲੁਚ ਮੰਡਲੀ ਮੁੰਡੇ ਲੰਡੇ।
ਖਾਵੈਂ ਨਿਤ ਤੇ ਘ੍ਰਿਤ ਸੁ ਖੰਡੇ।[50]

ਸ਼ਾਇਦ ਇਹੋ ਜਿਹੇ ਸਿੱਖਾਂ ਵੱਲ ਹੀ ਗੁਰੂ ਤੇਗ ਬਹਾਦਰ ਜੀ ਦਾ ਧਿਆਨ ਗਿਆ ਹੋਵੇਗਾ ਜਦੋਂ ਉਹ ਸ੍ਰੀ ਹਰੀਮੰਦਰ ਸਾਹਿਬ ਮੱਥਾ ਟੇਕਣ ਗਏ ਪਰ ਅੱਗੋਂ ਉਹਨਾਂ ਨੇ ਦਰਵਾਜ਼ੇ ਬੰਦ ਕਰ ਲਏ। ਸਤਿਗੁਰੂ ਜੀ ਸਰੋਵਰ ਵਿਚ ਇਸ਼ਨਾਨ ਕਰਕੇ ਬੇਰ ਥੱਲੇ ਬੈਠ ਕੇ ਤੁਰੇ ਤੇ ਬਚਨ ਕੀਤਾ, ਜਨਕ ਨੇ ਜਿਹੜੇ ਨਰਕ ਖਾਲੀ ਕੀਤੇ ਸਨ ਧਰਮਰਾਜ ਨੇ ਉਸਨੂੰ ਪੁਛਿਆ ਸੀ ਕਿ ਇਹ ਕਦੋਂ ਭਰੇ ਜਾਣਗੇ ਤਾਂ ਉਸਦਾ ਜਵਾਬ ਸੀ-

ਅਬਿ ਕਬਿ ਭਰੈਂ ਫੇਰ ਕਹਯੋ ਤੌਂ ਜਨਕ ਟੇਰਿ
ਕਲੀ ਮਾਂਹਿ ਨਾਨਕ ਅਵਤਾਰ ਹਮ ਧਰ ਹੈਂ।
ਬਿਨਾ ਅਧਿਕਾਰ ਪੂਜਾ ਖਾਹਿਗੇ ਅਪਾਰ ਸਿਖ,
ਤਿਨ ਹੂੰ ਕੋ ਡਾਰ ਕੈ ਨਰਕ ਤੇਰੇ ਭਰ ਹੈਂ।
ਤਾਂਹੀ ਕੇ ਬਚਾਉ ਹੇਤ ਦਸਮੇਂ ਗੁਰੂ ਭੀ ਕਹਯੋ,

Namdhari Elibrary NamdhariElibrary@gmail.com

ਜ਼ਹਰ ਕਹਰ ਪੂਜਾ ਤਪ ਤੇਜ ਹਰ ਹੈ।
ਫੇਰ ਭੀ ਨ ਡਾਰੇ ਗੁਰੂ ਬਚਨ ਨਾ ਧਾਰੇ ਉਰਿ।
ਕਾਰੇ ਸਾਰੇ ਕਲੀ ਕੇ ਵਿਚਾਰੇ ਗਯਾਨ ਹਰਿ ਹੈ।

ਅਸਲ ਵਿਚ ਕਲਜੁਗ ਵਿਚ ਖਾਲੀ ਹੋਏ ਨਰਕਾਂ ਨੂੰ ਦੁਬਾਰਾ ਭਰਨ ਵਾਲੇ ਉਹੀ ਸਿੱਖ ਗਿਆਨੀ ਜੀ ਨੇ ਲਿਖੇ ਹਨ ਜਿਹੜੇ ਗੁਰਮਤ ਤੋਂ ਦੂਰ ਹਨ।

ਸਫੈਦ ਬਸਤਰ ਵੀ ਗਿਆਨੀ ਜੀ ਦੀ ਗੁਰਮਤ ਅਨੁਸਾਰ ਸੋਚ ਦਾ ਹਿੱਸਾ ਹੈ। ਉਹ ਦਸਵੇਂ ਪਾਤਸ਼ਾਹ ਦੇ ਇਤਿਹਾਸ ਵਿਚੋਂ ਇਕ ਹੋਰ ਮਿਸਾਲ ਵੀ ਚਿੱਟੇ ਬਾਣੇ ਦੀ ਪ੍ਰੋੜਤਾ ਲਈ ਦੇਂਦੇ ਹਨ। ਉਹ ਮਿਸਾਲ ਮਾਛੀਵਾੜੇ ਤੋਂ ਸਤਿਗੁਰੂ ਜੀ ਦੇ ਉਚ ਦਾ ਪੀਰ ਬਣ ਕੇ ਜਾਣ ਨਾਲ ਜੁੜੀ ਹੋਈ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦਿਲਵੀਂ ਜਾ ਕੇ ਆਪਣਾ ਨੀਲਾ/ਸੁਰਮਈ ਬਾਣਾ ਲਾਹਿਆ ਅਤੇ ਤਾਰ ਤਾਰ ਕਰਕੇ ਉਸਨੂੰ ਅਗਨ ਭੇਟ ਕਰਦੇ ਗਏ। ਉਸ ਸਮੇਂ-

ਸੇਢੀ ਸ਼ੁਕਲ ਪੁਸ਼ਾਕ ਉਢਾਈ,
ਨੀਲ ਬਸਨ ਗੁਰੂ ਮਧ ਅੰਗੀਠੈ।
ਫਾਰ ਫਾਰ ਕਰ ਜਾਰੈ ਨੀਠੈ।[51]

ਪਰ ਨਾਲ ਹੀ ਕਮਰਕੱਸੇ ਵਿਚ ਜਿਹੜੀ ਇਕ ਲੀਰ ਬੱਚ ਗਈ ਉਸ ਬਾਰੇ ਗਿਆਨੀ ਜੀ ਦਾ ਕਹਿਣਾ ਹੈ-

ਏਕ ਲੀਰ ਕਬਜੇ ਸੰਗ ਬਾਂਧੀ।
ਤਾਂਹਿ ਤੇ ਮਾਨ ਸਿੰਘ ਕੋ ਲਾਧੀ।[52]

ਅਤੇ ਸਤਿਗੁਰਾਂ ਨੇ ਤੁਕ ਪਲਟਾ ਕੇ ਨੀਲ ਬਸਤ੍ਰ ਲੇ ਕਪੜੇ ਪਹਿਰੇ ਦੀ ਥਾਂ ਨੀਲ ਬਸਤ੍ਰ ਲੇ ਕਪੜੇ ਫਾੜੇ ਕੀਤਾ। ਇਸ ਘਟਨਾ ਨੂੰ ਗਿਆਨੀ ਗਿਆਨ ਸਿੰਘ ਹੀ ਨਹੀਂ ਹੋਰ ਸਿੱਖ ਵਿਦਵਾਨਾਂ ਨੇ ਵੀ ਏਸੇ ਭਾਵ ਨਾਲ ਪੇਸ਼ ਕੀਤਾ ਹੈ ਜਿਹਨਾਂ ਵਿਚ ਭਾਈ ਕਾਨ੍ਹ ਸਿੰਘ ਨਾਭਾ, ਗਿਆਨੀ ਕਰਤਾਰ ਸਿੰਘ ਕਲਾਸਵਾਲੀਏ ਆਦਿ ਦੇ ਨਾਮ ਹਨ।

ਬੀਬੀਆਂ ਨੂੰ ਅੰਮ੍ਰਿਤ ਦੀ ਦਾਤ-

ਸਤਿਗੁਰੂ ਜੀ ਨੇ ਕੇਵਲ ਸਿੰਘਾਂ ਨੂੰ ਅੰਮ੍ਰਿਤ ਛਕਾਇਆ। ਬੀਬੀਆਂ ਨੂੰ ਅੰਮ੍ਰਿਤ ਛਕਾਉਣ ਦਾ ਪਰਉਪਕਾਰ ਸਤਿਗੁਰੂ ਰਾਮ ਸਿੰਘ ਜੀ ਨੇ 1863 ਈ. ਵਿਚ ਕੀਤਾ। ਏਸੇ ਕਰਕੇ ਸਿੱਖ ਇਤਿਹਾਸ ਵਿਚ ਕਿਤੇ ਸਣੇ ਗਿਆਨੀ ਜੀ ਕਿਸੇ ਵਿਦਵਾਨ ਵਲੋਂ ਉਹਨਾਂ ਨੂੰ ਅੰਮ੍ਰਿਤ ਛਕਾਉਣ ਦਾ ਜ਼ਿਕਰ ਨਹੀਂ ਆਇਆ।

ਅਨੰਦ ਕਾਰਜਾਂ ਦੀ ਮਰਯਾਦਾ-

ਅਨੰਦ ਕਾਰਜਾਂ ਦੀ ਮਰਯਾਦਾ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਆਰੰਭ ਕੀਤੀ ਸੀ।। ਇਸ ਤੋਂ ਪਹਿਲੇ ਸਾਰੇ ਵਿਆਹ (ਸਤਿਗੁਰੂ ਸਾਹਿਬਾਨ ਦੇ ਵੀ) ਵੈਦਿਕ ਰੀਤੀ ਨਾਲ ਹੀ ਹੁੰਦੇ ਸਨ।। ਗੁਰੂ ਗੋਬਿੰਦ ਸਿੰਘ ਜੀ ਦੇ ਦੋਵੇਂ ਅਨੰਦ ਕਾਰਜ ਮਾਤਾ ਜੀਤੋ ਜੀ ਅਤੇ ਮਾਤਾ ਸੁੰਦਰੀ ਜੀ ਨਾਲ ਵੈਦਿਕ ਰੀਤੀ ਨਾਲ ਹੀ ਹੋਏ। ਮਾਤਾ ਸੁੰਦਰੀ ਜੀ ਦੇ ਵਿਆਹ ਦੀ ਰੀਤ ਬਾਰੇ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ ਕਿ ਸਰੀਨ ਖਤਰੀ ਦੀ ਇਸ ਕੰਨਿਆ ਨਾਲ ਵਿਆਹ ਦਾ ਸਾਹਾ ਸੁਧਵਾ ਕੇ :

ਰੀਤ ਬੇਦ ਕੁਲ ਕਰ ਸਭ ਭਾਏ।
ਸਤਿਗੁਰ ਕੋ ਫੇਰੇ ਫਿਰਵਾਏ।[53]

ਅਤੇ ਮਾਤਾ ਜੀਤੋ ਜੀ, ਜਿਨ੍ਹਾਂ ਨਾਲ 1673 ਈ. ਵਿਚ ਬਾਲ ਗੁਰੂ ਗੋਬਿੰਦ ਸਿੰਘ ਦਾ ਵਿਆਹ ਗੁਰੂ ਤੇਗ ਬਹਾਦਰ ਜੀ ਦੀ ਹਜ਼ੂਰੀ ਵਿਚ ਹੋਇਆ ਸੀ, ਬਾਰੇ ਗਿਆਨੀ ਗਿਆਨ ਸਿੰਘ ਨੇ ਬੜੇ ਵਿਸਥਾਰ ਨਾਲ ਪੂਰਬਾਰਧ ਕੇ ਬਿਸ੍ਰਾਮ 38 ਵਿਚ ਲਿਖਿਆ ਹੈ-

ਲਾਹੌਰ ਦੀ ਥਾਂ ਅਨੰਦਪੁਰ ਹੀ ਨਵਾਂ ਲਾਹੌਰ ਬਸਾਇਆ। ਸ੍ਰੀ ਹਰਜਸ ਮਾਤਾ ਜੀ ਦੇ ਪਿਤਾ ਆਪਣੇ ਕੁਟੰਭ ਸਹਿਤ ਉਥੇ ਹੀ ਪਹੁੰਚੇ ਖੂਬ ਖੁਸ਼ੀਆਂ ਸਨ ਸਗਨ ਵਿਚਾਰੇ ਗਏ ਅਤੇ

ਲਾਵਾਂ ਲਗਨ ਬਿਲੋਕ ਬ੍ਰਿਪ ਵਰ।
ਹਰਜਸ ਪਰਤੀ ਬੁਲਵਾਯੋ।
ਫੇਰੇ ਦੈਨ ਹੇਤ ਕਰਿ ਤਯਾਰੀ ਦੂਲਹੋ ਕੋ ਬੁਲਵਾਯੋ।[54]

ਸੱਚ ਤਾਂ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਅਤੇ ਸਤਿਗੁਰੂ ਹਰੀ ਸਿੰਘ ਦਾ ਵਿਆਹ ਵੀ ਵੈਦਿਕ ਰੀਤ ਨਾਲ ਅਤੇ ਛੋਟੀ ਉਮਰ ਵਿਚ ਹੋਇਆ। ਗਿਆਨੀ ਗਿਆਨ ਸਿੰਘ ਆਨੰਦ ਮਰਯਾਦਾ ਬਾਰੇ ਸਿੱਧਾ ਲਿਖਦੇ ਹਨ-

ਸ੍ਰੀ ਰਾਮ ਸਿੰਘ ਕੂਕੇ ਪਹਿਲੇ।
ਅਨੰਦ ਸੁਛੰਦ ਪੜਾਏ ਗਹਿਲੇ।
ਤਿਨ ਕੋ ਦੇਖ ਔਰ ਸਿਖ ਘਨੇ।
ਲਗੇ ਅਨੰਦ ਪੜਾਵਣ ਤਨੇ। 55 -ਭੁਪਿੰਦ੍ਰਾਨੰਦ

ਸਫੈਦ ਬਸਤਰ ਵੀ ਗਿਆਨੀ ਜੀ ਦੀ ਗੁਰਮਤ ਅਨੁਸਾਰ ਸੋਚ ਦਾ ਹਿੱਸਾ ਹੈ। ਉਹ ਦਸਵੇਂ ਪਾਤਸ਼ਾਹ ਦੇ ਇਤਿਹਾਸ ਵਿਚੋਂ ਇਕ ਹੋਰ ਮਿਸਾਲ ਵੀ ਚਿੱਟੇ ਬਾਣੇ ਦੀ ਪ੍ਰੋੜਤਾ ਲਈ ਦੇਂਦੇ ਹਨ। ਉਹ ਮਿਸਾਲ ਮਾਛੀਵਾੜੇ ਤੋਂ ਸਤਿਗੁਰੂ ਜੀ ਦੇ ਉਚ ਦਾ ਪੀਰ ਬਣ ਕੇ ਜਾਣ ਨਾਲ ਜੁੜੀ ਹੋਈ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਦਿਲਵੀਂ ਜਾ ਕੇ ਆਪਣਾ ਨੀਲਾ ਸੁਰਮਈ ਬਾਣਾ ਲਾਹਿਆ ਅਤੇ ਤਾਰ ਤਾਰ ਕਰਕੇ ਉਸਨੂੰ ਅਗਨ ਭੇਟ ਕਰਦੇ ਗਏ।

Namdhari Elibrary NamdhariElibrary@gmail.com

ਕੁਝ ਥਾਵਾਂ ਤੇ ਨਿਰੰਕਾਰੀ ਲਹਿਰ ਰਾਹੀਂ ਅਨੰਦ ਮਰਯਾਦਾ ਦੀ ਪਹਿਲ ਕਰਨ ਦਾ ਹਵਾਲਾ ਆਉਂਦਾ ਹੈ ਪਰ ਗਿਆਨੀ ਗਿਆਨ ਸਿੰਘ ਨੇ ਨਿਰੰਕਾਰੀਆਂ ਦਾ ਸਿੱਖਾਂ ਦੇ ਰੂਪ ਵਿਚ ਜ਼ਿਕਰ ਨਹੀਂ ਕੀਤਾ ਉਹ ਸਿੱਖਾਂ ਵਿਚ ਹੋਰ ਤਿੰਨ ਪੰਥ ਗਿਣਦੇ ਹਨ-ਨਿਰਮਲੇ, ਨਿਹੰਗ ਤੇ ਕੂਕੇ। ਇਸ ਤੋਂ ਇਲਾਵਾ ਕੁਝ ਸਿੱਖ ਭੇਖਾਂ ਦੀ ਵੀ ਗੱਲ ਕਰਦੇ ਹਨ। ਜਿਹਨਾਂ ਵਿਚ ਉਦਾਸੀ, ਸਤ ਕਰਤਾਰੀਏ, ਗੁਲਾਬ ਦਾਸੀਏ, ਹੀਰਾ ਦਾਸੀਏ, ਗੰਗੂਸ਼ਾਹੀਏ ਆਦਿ ਆਉਂਦੇ ਹਨ। ਨਿਰੰਕਾਰੀ ਸਿੱਖ ਰਹਿਤ ਮਰਯਾਦਾ ਨੂੰ ਪੂਰੀ ਤਰ੍ਹਾਂ ਸਮਰਪਿਤ ਨਹੀਂ ਹਨ। ਇਸ ਦਾ ਜ਼ਿਕਰ ਪ੍ਰੋ. ਜੋਗਿੰਦਰ ਸਿੰਘ ਨੇ 'ਨਾਮਧਾਰੀ ਗੁਰੂ ਰਾਮ ਸਿੰਘ' ਪੁਸਤਕ ਵਿਚ ਵੀ ਕੀਤਾ ਹੈ। ਉਹਨਾਂ ਨੇ Sikhs of the Khalsa W.H.. MCLEOD ਦੇ ਹਵਾਲੇ ਨਾਲ ਕੀਤਾ ਹੈ। ਉਹ ਲਿਖਦੇ ਹਨ :

ਨਿਰੰਕਾਰੀ ਬਾਬਿਆਂ ਵਿਸਵਾਸ਼ਾਂ ਤੇ ਅਮਲਾਂ ਨੂੰ ਪ੍ਰਚਾਰਨ ਜਾਂ ਨਕਾਰਨ ਲਈ ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਟੂਕਾਂ ਦਿੱਤੀਆਂ ਭਾਵੇਂ ਉਹਨਾਂ ਜਨਮ, ਵਿਆਹ ਤੇ ਪ੍ਰਲੋਕ ਗਵਨ ਅਤੇ ਸਮਾਜਿਕ ਜੀਵਨ ਦੀਆਂ ਕਦਰਾਂ ਕੀਮਤਾਂ ਬਾਰੇ ਸਿੱਖ ਪ੍ਰੰਪਰਾਵਾਂ ਨੂੰ ਅਪਨਾਇਆ, ਫਿਰ ਵੀ ਉਹਨਾਂ ਨੇ ਖਾਲਸੇ ਦੇ ਸਿਰ ਗੁੰਮ (ਜਿਹੜੇ ਸਿਰ ਮੁੰਨਣ), ਤੁਰਕਾਂ ਅਤੇ ਹਿੰਦੂਆਂ ਤੇ ਖਾਲਸੇ ਦੇ ਸੁਭਾ, ਉਸ ਦੇ ਸ਼ਸਤਰਾਂ, ਯੁੱਧਾਂ, ਜੰਗਾਂ, ਬਾਣੇ ਅਤੇ ਕੇਸਾਧਾਰੀ ਸਿੱਖ ਦੇ ਸਰੂਪ ਬਾਰੇ ਸਿਖੀ ਪ੍ਰੰਪਰਾਵਾਂ ਨੂੰ ਨਹੀਂ ਅਪਨਾਇਆ। ਉਹਨਾਂ ਸਿਖਾਂ ਦੀ ਬਾਹਰੀ ਦਿਖ ਉਤੇ ਜ਼ੋਰ ਨਹੀਂ ਦਿਤਾ।[56]

ਸ਼ਾਇਦ ਇਸੇ ਕਰਕੇ ਵੀ ਗਿਆਨੀ ਜੀ ਨੇ ਉਹਨਾਂ ਨੂੰ ਸਿੱਖਾਂ ਵਿਚ ਨਹੀਂ ਗਿਣਿਆ। ਇਕ ਗੱਲ ਹੋਰ ਦਸਵੇਂ ਪਾਤਸ਼ਾਹ ਦਾ ਸਿੱਖ ਤਾਂ ਅੰਮ੍ਰਿਤਧਾਰੀ ਹੀ ਸੋਭਦਾ ਹੈ। ਬੀਬੀਆਂ ਨੇ ਅੰਮ੍ਰਿਤਧਾਰੀ ਅੰਮ੍ਰਿਤ ਛਕਣ ਤੋਂ ਬਾਅਦ ਹੀ ਬਣਨਾ ਸੀ। ਗੁਰੂ ਰਾਮ ਸਿੰਘ ਨੇ ਪਹਿਲਾਂ ਉਹਨਾਂ ਨੂੰ ਅੰਮ੍ਰਿਤ ਛਕਾਇਆ ਤੇ ਫੇਰ ਅਨੰਦ ਮਰਯਾਦਾ ਆਰੰਭ ਕੀਤੀ।

ਹਵਨ ਦੀ ਮਰਯਾਦਾ- ਸਿੱਖ ਪੰਥ ਵਿਚ ਹਵਨ ਕਰਵਾਉਣ ਦੀ ਮਰਯਾਦਾ ਪ੍ਰਚਲਤ ਰਹੀ ਹੈ। ਖਾਲਸਾ ਪੰਥ ਦੀ ਸਾਜਨਾ ਤੋਂ ਪਹਿਲਾਂ ਨੈਣਾਂ ਦੇਵੀ ਤੇ ਹਵਨ ਕਰਨ ਦੀ ਗੱਲ ਤਾਂ ਇਤਿਹਾਸਕਾਰਾਂ ਦੇ ਸਾਹਮਣੇ ਆਮ ਹੈ ਪਰ ਗਿਆਨੀ ਜੀ ਇਹ ਵੀ ਸੰਕੇਤ ਦਿੰਦੇ ਹਨ ਕਿ ਇਹ ਰੀਤ ਬਾਅਦ ਵਿਚ ਵੀ ਪ੍ਰਚਲਤ ਰਹੀ। ਇਥੋਂ ਤਕ ਕਿ ਬਾਬਾ ਦੀਪ ਸਿੰਘ ਜਦੋਂ ਸੁਧਾਸਰ ਦੀ ਬੇਅਦਬੀ ਤੋਂ ਦੁਖੀ ਹੋ ਕੇ ਆਪਣੇ ਸ਼ਹੀਦਾਂ ਦੀ ਮਿਸਲ ਦੇ ਸਿੰਘ ਲੈ ਕੇ ਅੰਮ੍ਰਿਤਸਰ ਲਈ ਚੱਲੇ ਤਾਂ ਉਹਨਾਂ ਪਹਿਲਾਂ ਹਵਨ ਕੀਤਾ-

ਹਵਨ ਕਰਯੋ ਕੰਗਨਾ ਬੰਧਵਾਇਓ। [57]

ਤੇ ਨਾਲ ਕਿਹਾ-

ਕਹਯੋ ਸਭਾ ਮੈ ਸਿਰ ਜੋ ਦੈ ਹੈ।
ਸੰਗ ਹਮਾਰੇ ਸੋ ਆਣ ਬੈ ਹੈ। [58]

ਨਾਮਧਾਰੀ ਪੰਥ ਵਿਚ ਹਵਨ ਦੀ ਮਰਯਾਦਾ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਰਹਿਤਨਾਮੇ ਵਿਚ ਲਿਖ ਕੇ ਸੰਗਤ ਨੂੰ ਭੇਜੀ। ਉਸ ਵਿਚ ਲਿਖਿਆ ਹੈ-

"ਜੇਕਰ ਜਗ ਕਰਨਾ ਹੋਵੇ ਤਾ ਚੌਕਾ ਦੇਣਾ। ਭਾਂਡੇ ਕੋਰੇ ਲਿਆਉਣੇ, ਚੌਕੇ ਵਿਚ ਚਰਨ ਧੋਇਕੇ ਬੜਨਾ। ਅਰ ਹੋਮ ਬੀ ਕਰਨਾ। ਪਹਿਲੇ ਚੌਕਾ ਦੇਣਾ ਹੋਮ ਦੀ ਜਗਾ ਲਕੜੀ ਹੋਮ ਵਿਚ ਪਲਾਹ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ, ਫੂਕ ਨਹੀ ਮਾਰਨੀ, ਹੋਮ ਦੀ ਅੱਗ ਨੂੰ ਪਖੀ ਨਾਲ ਝਲਣਾ ਪੰਜ ਆਦਮੀ ਹੋਮ ਵਿਚ ਪੋਥੀਆਂ ਉਤੇ ਬਾਣੀ ਪੜਨ ਚਉਪਈ, ਜਪੁ, ਜਾਪੁ, ਚੰਡੀ ਚਰਿਤ੍ਰ, ਅਕਾਲ ਉਸਤਤ, ਛੇਵਾਂ ਆਦਮੀ ਅਹੂਤੀਆਂ ਪਾਵੇ ਸਤਵਾ ਮਗਰੋ ਨਾਲ ਹੀ ਜਲ ਦਾ ਛਟਾ ਦੇਵੇ ਥੋੜਾ ਥੋੜਾ। [59]

ਚੰਡੀ ਦੀ ਵਾਰ ਅਤੇ ਉਗ੍ਰਦੰਤੀ ਦਾ ਪਾਠ ਕਰਨ ਦਾ ਹੁਕਮ ਸਤਿਗੁਰੂ ਹਰੀ ਸਿੰਘ ਜੀ ਨੇ ਕੀਤਾ ਹੈ।

ਅਨੰਦ ਮਰਯਾਦਾ-ਨਾਮਧਾਰੀ ਪੰਥ ਵਿਚ ਅਨੰਦ ਕਾਰਜ ਸਮੇਂ ਹਵਨ ਕੀਤਾ ਜਾਂਦਾ ਹੈ ਅਤੇ ਵੇਦੀ ਵਿਚ ਹਵਨ ਕੁੰਡ ਦੁਆਲੇ ਸੱਜੇ ਤੋਂ ਖੱਬੇ ਚਾਰ ਫੇਰੇ ਲਾਵਾਂ ਲਏ ਜਾਂਦੇ ਹਨ। ਲਾਵਾਂ ਦਾ ਪਾਠ ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਕੀਤਾ ਜਾਂਦਾ ਹੈ। ਪਹਿਲਾਂ ਅਨੰਦ ਕਾਰਜ ਲਈ ਬੈਠੀ ਜੋੜੀ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ। ਨਾਮਧਾਰੀ ਸਿੰਘਾਂ ਵਿਚ ਅੰਮ੍ਰਿਤ ਛਕਣ ਛਕਾਉਣ ਵਾਲੇ ਕਿਰਪਾਨ, ਗਾਤਰੇ ਨਹੀਂ ਕੇਸਾਂ ਵਿਚ ਕੰਘੇ ਨਾਲ ਰਖਦੇ ਹਨ। ਉਂਜ ਕੇਸਾਂ ਵਿਚ ਕਿਰਪਾਨ ਰਖਣ ਦੀ ਮਰਯਾਦਾ ਵੀ ਪੁਰਾਣੀ ਹੈ। ਜਿਸ ਬਾਰੇ ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਕੈਪਟਨ ਮਰੇ ਦੇ ਹਵਾਲੇ ਨਾਲ ਲਿਖਿਆ ਹੈ-

ਫਿਰ ਕ੍ਰਿਪਾਨ ਕਯੋ ਪੂਜ ਉਚਾਰਾ।
ਰਖਤ ਸਿੰਘ ਸਭਿ ਸੀਸ ਮਝਾਰਾ।[60]

ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਬ੍ਰਿਸਾਮ 62 ਦੇ ਇਕ ਫੁਟ ਨੋਟ ਵਿਚ ਇਸ ਬਾਰੇ ਲਿਖਦੇ ਹਨ- ਸੀਸ ਵਿਚ ਕਿਰਪਾਨ ਰੱਖਣ ਦਾ ਰਿਵਾਜ ਸਿਖ ਰਾਜ ਦੇ ਖਾਤਮੇ ਤੋਂ ਬਾਅਦ ਪਿਆ ਜਦ ਅੰਗਰੇਜ਼ਾਂ ਨੇ ਕਿਰਪਾਨ ਜ਼ਬਤ ਕਰ ਲਈ ਸੀ। ਗਾਤਰੇ ਪਹਿਨਣ ਦੀ ਸਖਤ ਮਨਾਹੀ ਕਰ ਦਿੱਤੀ ਸੀ।[61]

ਉਂਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਕਾਸ਼ਿਤ ਕੀਤੀ ਸਿਖ ਰਹਿਤ ਮਰਯਾਦਾ ਵਿਚ ਪੰਜਾਂ ਕੱਕਿਆਂ ਵਿਚ ਕਿਰਪਾਨ ਬਾਰੇ ਲਿਖਦਿਆਂ ਇਕ ਨੋਟ ਦਿੱਤਾ ਗਿਆ ਹੈ- "ਕ੍ਰਿਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ।"

Namdhari Elibrary NamdhariElibrary@gmail.com

ਲੰਗਰ ਦੀ ਮਰਯਾਦਾ-

ਸਿੱਖ ਪੰਥ ਵਿਚ ਲੰਗਰ ਦੀ ਮਰਯਾਦਾ ਦਾ ਹਵਾਲਾ ਦੂਸਰੇ ਪਾਤਸ਼ਾਹ ਗੁਰੂ ਅੰਗਦ ਦੇਵ ਜੀ ਦੇ ਸਮੇਂ ਤੋਂ ਆਉਂਦਾ ਹੈ। ਉਹਨਾਂ ਨੇ ਲੰਗਰ ਵਿਚ ਘਿਓ ਵਾਲੀ ਖੀਰ ਬਣਨ ਬਾਰੇ ਵੀ ਸੱਤੇ ਬਲਵੰਡੇ ਦੀ ਵਾਰ ਵਿਚ ਸੰਕੇਤ ਆਉਂਦਾ ਹੈ। ਪਰ ਜਦੋਂ ਗੁਰੂ ਗੋਬਿੰਦ ਸਿੰਘ ਜੀ ਨਰ ਨਾਟਕ ਕਰ ਗਏ ਉਹਨਾਂ ਤੋਂ ਬਾਅਦ ਇਕ ਪਾਸੇ ਤਾਂ ਸਿੰਘਾਂ ਦੀ ਜਤ ਸਤ ਵਾਲੀ ਅਤੇ ਸਾਤਵਿਕ ਭੋਜਨ ਵਾਲੀ ਮਰਯਾਦਾ ਰਹੀ ਤੇ ਦੂਜੇ ਪਾਸੇ ਕੁਝ ਸਿੰਘਾਂ ਨੇ ਨਸ਼ੇ ਪੱਤੇ, ਮਾਸ ਮਿੱਟੀ, ਭੱਖ-ਅਭੱਖ ਖਾਣ ਨੂੰ ਵੀ ਆਪਣੇ ਜੀਵਨ ਵਿਚ ਅਪਣਾ ਲਿਆ। ਉਹਨਾਂ ਦੇ ਖਾਣ ਬਾਰੇ ਗਿਆਨੀ ਜੀ ਲਿਖਦੇ ਹਨ-

ਸੁਖਾ , ਫੀਮ, ਸ਼ਰਾਬ, ਕਬਾਬੈਂ।
ਛਕ ਸਭ ਹੋਇ ਤਿਯਾਰ ਸ਼ਤਾਬੈ। [62]

ਇਹ ਕੁਝ ਖਾ ਕੇ ਉਹ ਲੜਾਈ ਝਗੜਿਆਂ ਲਈ ਤਿਆਰ ਰਹਿੰਦੇ ਸਨ, ਤਾਮਸੀ ਸੁਭਾਅ ਹੋ ਗਿਆ ਸੀ। ਗਿਆਨੀ ਜੀ ਇਕ ਥਾਂ ਤੇ ਲਿਖਦੇ ਹਨ-

ਮਰਨ ਕਰਯੋ ਸਿੰਘਨ ਪਰਵਾਨੈ।
ਨਹਿ ਛੋਡੈ ਦੰਗੈ ਕੀ ਬਾਨੈ।
ਜਾਤ ਗੋਤ ਸਿੰਘਨ ਕੀ ਦੰਗਾ।
ਦੰਗਾ ਹੀ ਗੁਰ ਤੈ ਇਨ ਮੰਗਾ।
ਅੰਨ ਨ ਪਚੈ ਕਰੇ ਬਿਨ ਦੰਗਾ।
ਦੰਗੇ ਬਿਨ ਇਨ ਰਹੇ ਨਾ ਅੰਗਾ।
ਕੁਹੀ ਸਿੰਘ ਬਰਿਕ ਬਹਿਰੀ ਬਾਜੈਂ।
ਬਿਨ ਦੰਗੈ ਕਿਉ ਹੋਇ ਇਨ ਕਾਜੈ। [63]

ਦਸਮ ਪਾਤਸ਼ਾਹ ਦਾ ਨਰ ਨਾਟਕ-

ਅਸਲ ਵਿਚ ਉਤੇ ਕੀਤੇ ਸੰਕੇਤ ਅਨੁਸਾਰ ਦਸਮ ਪਾਤਸ਼ਾਹ ਨਰ ਨਾਟਕ ਕਰ ਗਏ ਸਨ, ਜਿਸ ਤੋਂ ਸਿੰਘਾਂ ਨੇ ਇਹ ਸਮਝ ਲਿਆ ਕਿ ਉਹ ਨੰਦੇੜ (ਹਜ਼ੂਰ ਸਾਹਿਬ ਚੜ੍ਹਾਈ ਕਰ ਗਏ ਹਨ ਅਤੇ ਗੱਦੀ ਪੰਜ ਪੈਸੇ ਤੇ ਨਾਰੀਅਲ ਧਰ ਕੇ 'ਗ੍ਰੰਥ ਸਾਹਿਬ' ਨੂੰ ਦੇ ਗਏ ਹਨ ਪਰ ਗਿਆਨੀ ਜੀ ਤਾਂ ਇਸ ਤੋਂ ਪਹਿਲੇ ਵੀ ਪੰਜ ਪੈਸੇ ਤੇ ਨਰੇਲ ਧਰ ਕੇ ਗੱਦੀ ਦੇਣ ਬਾਰੇ ਪੰਥ ਪ੍ਰਕਾਸ਼ ਵਿਚ ਲਿਖ ਦੇਂਦੇ ਹਨ। ਉਹ ਗੱਦੀ ਉਹਨਾਂ ਉਦੋਂ ਦਿਤੀ ਜਦੋਂ ਚਮਕੌਰ ਸਾਹਿਬ ਉਹ ਨੀਤੀ ਅਨੁਸਾਰ ਗੜ੍ਹੀ ਵਿਚੋਂ ਨਿਕਲੇ-

ਸੰਤ ਸਿੰਘ ਇਕ ਸਿੱਖ ਕੋ
ਸਭ ਬਿਧ ਲਾਇਕ ਪੇਖ।
ਗਦੀ ਪਰ ਬੈਠਾਇ ਕੈ
ਦੀਨੋ ਗੁਰ ਅਭਿਖੇਕ। [64]

ਉਂਜ ਬੰਦਾ ਬਹਾਦਰ ਉਤੇ ਵੀ ਇਹੀ ਦੋਸ਼ ਲਾਇਆ ਗਿਆ ਸੀ ਕਿ ਉਹ ਆਪਣੇ ਆਪ ਨੂੰ ਗਿਆਰਵਾਂ ਗੁਰੂ ਅਖਵਾਉਂਦਾ ਹੈ ਅਤੇ ਗੱਦੀ ਲਾ ਕੇ ਬੈਠਦਾ ਹੈ। ਉਧਰ ਮਾਤਾ ਸੁੰਦਰੀ ਜੀ ਵੀ ਦਿਲੀਓਂ ਖਾਲਸੇ ਦੇ ਨਾਂ ਹੁਕਮਨਾਮੇ ਜਾਰੀ ਕਰਦੀ ਰਹੀ। ਗਿਆਨੀ ਜੀ ਭਾਵੇਂ ਕਿਸੇ ਕਾਰਨ ਗੁਰੂ ਗ੍ਰੰਥ ਦੀ ਗੱਦੀ ਬਾਰੇ ਅਤੇ ਆਗਿਆ ਭਈ ਅਕਾਲ ਕੀ ਬਾਰੇ ਆਪਣੇ ਸ੍ਰੀ ਗੁਰੂ ਪੰਥ ਪ੍ਰਕਾਸ਼ ਵਿਚ ਲਿਖ ਦੇਂਦੇ ਹਨ ਪਰ ਨਾਲ ਹੀ ਸਤਿਗੁਰੂ ਜੀ ਦੇ ਚਿਖਾ ਵਿਚ ਬਹਿਣ ਦੇ ਕੌਤਕ ਨੂੰ ਵਿਸਤਾਰ ਨਾਲ ਲਿਖਦੇ ਹਨ। ਸਤਿਗੁਰੂ ਜੀ ਨੇ ਕੁਮੈਤ ਘੋੜੇ ਤੇ ਸਬਜ਼ ਰੰਗ ਦੀ ਕਾਠੀ ਪਾਉਣ ਦਾ ਹੁਕਮ ਕੀਤਾ ਸੀ ਅਤੇ ਚਿਤਾ ਬਾਰੇ ਭਾਈ ਦਇਆ ਸਿੰਘ ਰਾਹੀਂ ਹੁਕਮ ਕੀਤਾ ਸੀ-

ਦੂਰ ਕਨਾਤੋਂ ਸਭ ਸਿਖ ਕਰੀਓ।
ਹਮਰੀ ਤਰਫ ਨਾ ਕੋਈ ਨਹਰੀਓ।
ਫੋਲਿਓ ਹਮਾਰਾ ਨਾਹਿ ਅੰਗੀਠਾ।
ਨਾਹਿ ਸਮਾਧ ਬਨਾਈਓ ਅਨੀਠਾ। [65]

ਅਤੇ ਸਤਿਗੁਰੂ ਜੀ ਨੇ ਜੋਗ ਅਗਨੀ ਕੱਢੀ ਜਿਸ ਨਾਲ ਚਿਤਾ ਜਲ ਗਈ। ਸਿੱਖ ਵੈਰਾਗੀ ਹੋ ਗਏ। ਉਹਨਾਂ ਨੂੰ ਸ਼ੋਕ ਸਾਗਰ ਵਿਚ ਡੁਬਿਆਂ ਨੂੰ ਉਦੋਂ ਕੁਝ ਵੱਖਰੀ ਤਰ੍ਹਾਂ ਨਾਲ ਸੋਚਣਾ ਪਿਆ ਜਦੋਂ ਪੰਜਾਬ ਤੋਂ ਪਹੁੰਚੇ ਹੋਏ ਕੁਝ ਸਾਧੂਆਂ ਨੇ ਕਿਹਾ ਕਿਉਂ ਵਿਆਕੁਲ ਹੁੰਦੇ ਹੋ, ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਪੰਜ ਭੂਤਕ ਸਰੀਰ ਵਿਚ ਮਾਤਲੋਕ ਵਿਚ ਹਨ-

ਤਬ ਲਉ ਪਹੁੰਚੇ ਸਾਧ ਤਾਹਿ ਠਾਂ।
ਚਲ ਪੰਜਾਬੋਂ ਚਾਰ ਹੈਂ।
ਤਿਨ ਤਈ ਪਾਂਚ ਕੁ ਕੋਸ ਪੈ
ਗੁਰ ਮਿਲੈ ਕਰਤ ਸ਼ਿਕਾਰ ਹੈਂ। [66]
ਪਰ ਸਿੰਘਾਂ ਨੇ ਇਤਬਾਰ ਨਾ ਕੀਤਾ ਅਤੇ-
ਫਿਰ ਕਹਿਓ ਸੰਤਹਿ ਕੂਰ ਕਹਿਹੋ
ਮਿਲੇ ਹਮ ਕੋ ਸੋ ਅਬੈ।
ਅਸਵਾਰ ਬਾਜ ਕੁਮੈਤ ਪੈ ਸਿਤ
ਬਾਜ ਕਰ ਪਰ ਥਾ ਸਭੈ....
ਸੁਨ ਸਿੰਘਨ ਅਚਰਜ ਮਾਨਿ ਹੇਰਿਯੋ
ਜਉ ਤਬੇਲਾ ਜਾਇ ਹੈ।
ਨਹਿ ਅਸੁ ਕਾਠੀ ਬਗੁਲਾ
ਬਾਜ ਸਿਤ ਤਿਸ ਥਾਇ ਹੈ।
ਤਬ ਧਾਰ ਨਿਸਹੈ ਕਹਿਓ ਸਿੰਘੈ
ਚਰਤ ਗੁਰ ਇਹ ਕਿਆ ਕੀਯੋ
ਹਮ ਤਈਂ ਏਕਲ ਛੋਰ ਧੋਖਾ ਦੈ
ਸੋ ਪੰਥਾ ਅਨ ਲੀਓ। [67]

ਉਹਨਾਂ ਨੇ ਅੰਗੀਠਾ ਵੀ ਫੋਲਿਆ ਪਰ ਗਿਆਨੀ ਜੀ ਅਨੁਸਾਰ ਜੋ ਸ਼ਸਤਰ ਸਤਿਗੁਰੂ ਜੀ ਲਾ ਕੇ ਅੰਗੀਠੇ ਵਿਚ ਬੈਠੇ ਸਨ ਉਹਨਾਂ ਵਿਚੋਂ ਕੋਈ ਨਹੀਂ ਮਿਲਿਆ, ਨਾ ਹੀ ਗੁਰੂ ਜੀ ਦੀ ਕੋਈ ਅਸਥੀ ਮਿਲੀ, ਹਾਂ ਇਕ ਲਘੂ

Namdhari Elibrary NamdhariElibrary@gmail.com

ਕਰਦ ਮਿਲੀ। ਕੁਝ ਵੀ ਕਿਵੇਂ ਮਿਲਦਾ ਕਿਉਂਕਿ ਸਤਿਗੁਰੂ ਜੀ ਨੇ ਆਪਣੇ ਪ੍ਰੋਗਰਾਮ ਅਨੁਸਾਰ ਸੰਸਾਰ ਵਿਚ ਅਜੇ ਵਿਚਰਨਾ ਸੀ। ਉਸ ਪ੍ਰੋਗਰਾਮ ਦਾ ਗਿਆਨੀ ਗਿਆਨ ਸਿੰਘ ਅਨੁਸਾਰ ਆਖਰੀ ਪੜਾਅ ਉਹੀ ਸੀ ਜਿਸ ਬਾਰੇ ਉਹਨਾਂ ਲਿਖਿਆ ਕਿ ਉਹਨਾਂ ਨੇ ਗੁਰੂ ਬਾਲਕ ਸਿੰਘ ਨੂੰ ਦਰਸ਼ਨ ਦੇ ਕੇ ਆਖਿਆ ਕਿ ਮੇਰਾ ਅੰਸ਼ਾ ਅਵਤਾਰ ਗੁਰੂ ਰਾਮ ਸਿੰਘ ਹੋਏਗਾ।

ਸਿੱਖ ਪੰਥ ਦੀ ਗਿਰਾਵਟ-

ਗਿਆਨੀ ਗਿਆਨ ਸਿੰਘ ਸਿੱਖਾਂ ਵਿਚ ਆਈ ਗਿਰਾਵਟ ਨੂੰ ਬੜੀ ਸ਼ਿਦਤ ਨਾਲ ਮਹਿਸੂਸ ਕਰਦੇ ਸਨ। ਉਹ ਰਾਜਿਆਂ ਮਹਾਰਾਜਿਆਂ ਸਿੱਖ ਸਰਦਾਰਾਂ ਦੇ ਢਹਿੰਦੀ ਕਲਾ ਵੱਲ ਜਾਣ ਬਾਰੇ ਸ੍ਰੀ ਗੁਰੂ ਪੰਥ ਪ੍ਰਕਾਸ਼ ਉਤਰਾਰਧ ਦੇ 60ਵੇਂ ਬਿਸਰਾਮ ਵਿਚ ਵੇਰਵੇ ਨਾਲ ਜ਼ਿਕਰ ਕਰਦੇ ਹਨ ਅਤੇ ਦੁਖੀ ਮਨ ਨਾਲ ਵੀ। ਉਹ ਲਿਖਦੇ ਹਨ-

ਜਾਗ ਜਿਨ ਕੇ ਬਡੇਰੇ ਬਾਨੀ ਪੜਤੇ ਸਵੇਰੇ।
